Start CDL TRAINING

Become Professional Truck Driver

www.cdlstart.com

startcdl@gmail.com

(844) 227-2162

We speak Hindi and English

START CDL TRAINING

Singh Auto Group

3983 ST RD 38E
Lafayette, IN 47905
Ph: 765-607-1300
www.singhautosgroup.com



University Motors

3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ

Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਫਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com



ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 47, November 19, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪਾਣੀਆਂ ਬਾਰੇ ਮਾਹੌਲ ਫਿਰ ਭਖਣ ਲੱਗਾ

**ਚੰਡੀਗੜ੍ਹ:** ਪੰਜਾਬ ਵਿਚ ਪਾਣੀਆਂ ਦੇ ਮਸਲੇ ਨੂੰ ਲੈ ਕੇ ਮਾਹੌਲ ਮੁੜ ਭਖਣ ਲੱਗਾ ਹੈ। ਪੰਜ ਕਿਸਾਨ ਧਿਰਾਂ ਨੇ ਪਾਣੀਆਂ ਦੇ ਮਾਮਲੇ ਉਤੇ 30 ਦਸੰਬਰ ਤੋਂ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਪੱਕਾ ਮੋਰਚਾ ਲਾਉਣ ਤੋਂ ਪਹਿਲਾਂ ਇਕ ਲੱਖ ਪੋਸਟਰ ਪ੍ਰਕਾਸ਼ਿਤ ਕੀਤੇ ਜਾਣਗੇ ਤੇ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ 2 ਤੋਂ 15 ਦਸੰਬਰ ਤੱਕ ਸਾਰੇ ਜ਼ਿਲ੍ਹਿਆਂ ਵਿਚ ਸਾਂਝਾ ਫਲੈਗ ਮਾਰਚ ਕੱਢਿਆ ਜਾਵੇਗਾ। ਇਸੇ ਤਰ੍ਹਾਂ ਮਾਲਵਾ, ਦੁਆਬਾ ਤੇ ਮਾਝਾ ਜ਼ੋਨ ਵਿਚ ਸ਼ਹਿਰੀਆਂ, ਬੁੱਧੀਜੀਵੀਆਂ ਤੇ ਸਮਾਜ ਦੇ ਹੋਰ ਵਰਗਾਂ ਨੂੰ ਸ਼ਾਮਲ ਕਰਵਾ ਕੇ ਸੈਮੀਨਾਰ ਕਰਾਏ ਜਾਣਗੇ। ਇਸ ਲੜੀ ਤਹਿਤ 24 ਨਵੰਬਰ ਨੂੰ ਚੰਡੀਗੜ੍ਹ, 28 ਨਵੰਬਰ ਨੂੰ ਜਲੰਧਰ ਤੇ 30 ਨਵੰਬਰ ਨੂੰ ਬਠਿੰਡਾ ਵਿਚ ਸੈਮੀਨਾਰ ਕਰਾਏ ਜਾਣਗੇ।



ਪੰਜਾਬ ਵਿਚ ਇਹ ਮਸਲਾ ਉਸ ਸਮੇਂ ਮੁੜ ਉਠਿਆ ਹੈ ਜਦੋਂ ਕੇਂਦਰ ਸਰਕਾਰ ਖੁੱਲ੍ਹ ਕੇ ਹਰਿਆਣੇ ਦੇ ਹੱਕ ਵਿਚ ਭੁਗਤੀ ਹੈ ਤੇ ਪਾਣੀ ਘੱਟ ਉਪਲਬਧ ਹੋਣ ਬਾਰੇ ਪੰਜਾਬ ਦੇ ਪੱਖ ਨੂੰ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ 'ਚ ਭੋਰਾ ਵੀ ਤਵੱਜੋ ਨਾ ਦਿੱਤੀ ਗਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪਾਣੀਆਂ ਦੀ ਵੰਡ ਦੇ ਮਾਮਲੇ 'ਤੇ ਪੰਜਾਬ ਸਰਕਾਰ ਦੇ ਪੱਖ ਨੂੰ ਕੋਈ ਵਜ਼ਨ ਹੀ ਨਹੀਂ ਦਿੱਤਾ ਗਿਆ। ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਹਮੇਸ਼ਾ ਸੂਬੇ ਵਿਚ ਪਾਣੀ ਦੀ ਉਪਲਬਧਤਾ ਘੱਟ ਹੋਣ ਦੀ ਦਲੀਲ ਰੱਖੀ ਹੈ। ਉੱਤਰੀ ਜ਼ੋਨਲ ਕੌਂਸਲ ਦੇ ਬਤੌਰ ਚੇਅਰਮੈਨ ਅਮਿਤ ਸ਼ਾਹ ਨੇ ਆਖਿਆ ਕਿ ਪੰਜਾਬ ਤੇ ਹਰਿਆਣਾ 'ਚ ਪਾਣੀਆਂ ਦੀ ਹਿੱਸੇਦਾਰੀ ਦੀ ਫੀਸਦੀ ਪਹਿਲਾਂ ਹੀ ਨਿਰਧਾਰਿਤ ਕੀਤੀ ਹੋਈ ਹੈ। ਹੁਣ ਵੀ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ। ਜੇਕਰ ਪਾਣੀ ਘੱਟ ਉਪਲਬਧ ਹੈ ਤਾਂ ਪਹਿਲਾਂ ਵਾਂਗ ਹੁਣ ਵੀ ਮੌਜੂਦਾ ਉਪਲਬਧ ਜਲ ਸਰੋਤਾਂ 'ਚੋਂ ਪਾਣੀ ਸਾਂਝਾ ਕੀਤਾ ਜਾ ਸਕਦਾ ਹੈ।

ਇਸ ਦਾ ਮਤਲਬ ਹੈ ਕਿ ਪੰਜਾਬ ਘੱਟ ਪਾਣੀ ਹੋਣ ਦੇ ਬਾਵਜੂਦ ਹਰਿਆਣਾ ਨੂੰ ਹਿੱਸੇਦਾਰੀ ਦੇ ਅਨੁਪਾਤ ਦੇ ਲਿਹਾਜ਼ ਨਾਲ ਪਾਣੀ ਦੇ ਸਕਦਾ ਹੈ। ਬੇਸ਼ੱਕ ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਵਿਚ ਹੈ ਪਰ ਕੇਂਦਰ ਸਰਕਾਰ ਦੇ ਇਸ ਰੌਂਅ ਤੋਂ ਪੰਜਾਬ ਨੂੰ ਇਸ਼ਾਰਾ ਸਮਝ ਲੈਣਾ ਚਾਹੀਦਾ ਹੈ। ਜੈਪੁਰ ਵਿਚ 9 ਜੁਲਾਈ 2022 ਨੂੰ ਹੋਈ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਦਾਅਵਾ ਕੀਤਾ ਸੀ ਜਿਸ ਦੀ ਕਾਰਵਾਈ ਰਿਪੋਰਟ ਹੁਣ 'ਅੰਤਰ-ਰਾਜੀ ਕੌਂਸਲ ਸਕੱਤਰੇਤ' ਵੱਲੋਂ ਜਾਰੀ ਕੀਤੀ ਗਈ ਹੈ। ਕੌਂਸਲ ਦੀ ਇਸ ਮੀਟਿੰਗ ਦੀ ਪ੍ਰਧਾਨਗੀ ਚੇਅਰਮੈਨ ਅਮਿਤ ਸ਼ਾਹ ਨੇ ਕੀਤੀ ਸੀ ਤੇ ਪੰਜਾਬ ਤਰਫੋਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਹਰਜੋਤ ਸਿੰਘ ਬੈਂਸ ਨੇ ਸ਼ਮੂਲੀਅਤ ਕੀਤੀ ਸੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਸ ਮੀਟਿੰਗ

*(ਬਾਕੀ ਸਫਾ 6 'ਤੇ)*



*ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਗੁਰਪੁਰਬ ਮੌਕੇ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ, ਸਿਨਸਿਨੈਟੀ ਵਲੋਂ ਸਜਾਏ ਗਏ ਨਗਰ ਕੀਰਤਨ ਦਾ ਅਲੌਕਿਕ ਦ੍ਰਿਸ਼।*

*(ਬਾਕੀ ਵੇਰਵਾ ਅਤੇ ਤਸਵੀਰਾਂ ਸਫ਼ਾ ਨੌਂ 'ਤੇ।)*

## ਪੰਜਾਬ ਸਰਕਾਰ ਵੱਲੋਂ ਹਥਿਆਰਾਂ ਨੂੰ ਠੱਲ੍ਹ ਪਾਉਣ ਦੀ ਤਿਆਰੀ !

**ਚੰਡੀਗੜ੍ਹ:** ਪੰਜਾਬ ਵਿਚ ਲਾਕਾਨੂੰਨੀ ਦਾ ਮੁੱਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਲੇ ਦੀ ਹੱਡੀ ਬਣਦਾ ਜਾਪ ਰਿਹਾ ਹੈ। ਨਿੱਤ ਦਿਨ ਕਤਲ ਅਤੇ ਲੁੱਟ ਖੋਹ ਦੀ ਵਾਪਰ ਰਹੀਆਂ ਘਟਨਾਵਾਂ ਨੇ ਸੂਬਾ ਸਰਕਾਰ ਨੂੰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਲਿਆ ਖੜ੍ਹਾ ਕੀਤਾ ਹੈ। ਇਸ ਵਿਰੋਧ ਤੇ ਲੋਕ ਰੋਹ ਤੋਂ ਬਚਣ ਲਈ ਹੁਣ ਸੂਬਾ ਸਰਕਾਰ ਵੀ ਹੱਥ-ਪੈਰ ਮਾਰਨ ਲੱਗੀ ਹੈ। ਪੰਜਾਬ ਸਰਕਾਰ ਨੇ ਸੂਬੇ ਵਿਚ 'ਗੰਨ ਸਭਿਆਚਾਰ' ਨੂੰ ਠੱਲ੍ਹਣ ਦੀ ਤਿਆਰੀ ਕਰ ਲਈ ਹੈ।

ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਪੰਜਾਬ ਵਿਚ ਅਗਲੇ ਤਿੰਨ ਮਹੀਨੇ ਲਈ ਨਵਾਂ ਅਸਲਾ ਲਾਇਸੈਂਸ ਜਾਰੀ ਕਰਨ 'ਤੇ ਪਾਬੰਦੀ ਰਹੇਗੀ ਤੇ ਹੁਣ ਤੱਕ ਜਾਰੀ ਅਸਲਾ ਲਾਇਸੈਂਸਾਂ ਦੀ ਇਸ ਅਰਸੇ ਦੌਰਾਨ ਸਮੀਖਿਆ ਕੀਤੀ ਜਾਵੇਗੀ। ਜ਼ਿਲ੍ਹਿਆਂ ਦੇ ਸਟਾਫ ਨੂੰ ਅਸਲਾ ਲਾਇਸੈਂਸਾਂ ਦੀ ਪੜਤਾਲ ਵਿੱਢਣ ਲਈ ਆਖ ਦਿੱਤਾ ਗਿਆ ਹੈ। 'ਆਪ' ਸਰਕਾਰ ਨੇ ਸੁਰੱਖਿਆ ਸਮੀਖਿਆ ਲਈ ਕਰੀਬ ਅੱਠ ਮਹੀਨੇ ਮਗਰੋਂ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਪੇਸ਼ਕਦਮੀ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਪੁਲਿਸ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਕੀਤੀ ਸੀ। ਗਾਇਕ ਸਿੱਧੂ ਮੂਸੇਵਾਲਾ ਤੋਂ ਲੈ ਕੇ ਕੋਟਕਪੂਰਾ ਦੇ ਡੇਰਾ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲ ਤੱਕ, ਨਵੀਂ ਸਰਕਾਰ ਨੂੰ ਅਮਨ ਕਾਨੂੰਨ ਦੀ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਆਪ' ਆਗੂ ਇਨ੍ਹਾਂ ਕਦਮਾਂ ਦੀ ਸ਼ਲਾਘਾ ਕਰ ਰਹੇ ਹਨ ਜਦੋਂ ਕਿ ਵਿਰੋਧੀ ਧਿਰਾਂ ਇਸ ਨੂੰ ਨਵਾਂ ਸ਼ਗੂਫ਼ਾ

*(ਬਾਕੀ ਸਫਾ 6 'ਤੇ)*


*Ad Space Available*

*Call at:* **847-359-0746**



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ‘ਆਪ’ ਹਾਈਕਮਾਨ ਨੇ ਪੰਜਾਬ ਸਰਕਾਰ ਦੀ ਸਾਰੀ ਤਾਕਤ ਗੁਜਰਾਤ ’ਚ ਲਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਵੀ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵਿਚ ਜਾ ਡਟੇ ਹਨ। ‘ਆਪ’ ਹਾਈਕਮਾਨ ਨੇ ਪੰਜਾਬ ਸਰਕਾਰ ਦੀ ਸਾਰੀ ਤਾਕਤ ਗੁਜਰਾਤ ਵਿਚ ਲਾ ਦਿੱਤੀ ਹੈ। ਪੰਜਾਬ ਦੇ ਤਕਰੀਬਨ ਅੱਧੀ ਦਰਜਨ ਮੰਤਰੀ ਗੁਜਰਾਤ ਚੋਣਾਂ ਲਈ ਪੁੱਜ ਗਏ ਹਨ, ਜਦਕਿ ਵੱਡੀ ਗਿਣਤੀ ‘ਆਪ’ ਵਿਧਾਇਕ ਪਹਿਲਾਂ ਹੀ ਉਥੇ ਚੋਣ ਪ੍ਰਚਾਰ ਵਿਚ ਜੁਟੇ ਹੋਏ ਹਨ। ਇਸ ਹਿਸਾਬ ਨਾਲ ਗੁਜਰਾਤ ਚੋਣਾਂ ਦਾ ਪ੍ਰਚਾਰ ਖਤਮ ਹੋਣ ਤੱਕ ਪੰਜਾਬ ਵਿਚ ‘ਆਪ’ ਵਿਧਾਇਕਾਂ ਨੂੰ ਲੱਭਣਾ ਹੋਰ ਮੁਸ਼ਕਲ ਹੋ ਜਾਵੇਗਾ। ਗੁਜਰਾਤ ਜਾਣ ਲਈ ਵਜ਼ੀਰਾਂ ਵੱਲੋਂ ਪੰਜਾਬ ਵਿਚ ਆਪਣੇ ਜਨਤਕ ਸਮਾਗਮ ਰੱਦ ਕਰ ਦਿੱਤੇ ਗਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਵੇਲੇ ਗੁਜਰਾਤ ਚੋਣਾਂ ਦੇ ਪ੍ਰਚਾਰ ਵਿਚ ਰੁੱਝੇ ਹੋਏ ਹਨ ਤੇ ਮਗਰੋਂ ਸੂਬੇ ਵਿਚ ਹੋਣ ਵਾਲੇ ਜਨਤਕ ਸਮਾਗਮਾਂ ਵਿਚ ਉਨ੍ਹਾਂ ਦੀ ਥਾਂ ਹੋਰ ਆਗੂ ਹਾਜ਼ਰੀਆਂ ਲਗਾ ਰਹੇ ਹਨ। ਹੁਣ ਸਾਰੇ ਵਜ਼ੀਰ ਇਕ-ਇਕ ਹਫਤਾ ਗੁਜਰਾਤ ਵਿਚ ਰਹਿਣਗੇ।



ਪੰਜਾਬ ਇਸ ਵੇਲੇ ਕਾਫੀ ਨਾਜ਼ੁਕ ਪੜਾਅ ‘ਚੋਂ ਲੰਘ ਰਿਹਾ ਹੈ। ਅਮਨ-ਕਾਨੂੰਨ ਦੀ ਵਿਵਸਥਾ ਨੂੰ ਲੈ ਕੇ ‘ਆਪ‘ ਸਰਕਾਰ ਪਹਿਲਾਂ ਹੀ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਹੈ। ‘ਆਪ‘ ਵਿਧਾਇਕਾਂ ਦੀਆਂ 15-15 ਮੈਂਬਰੀ ਟੀਮਾਂ ਗੁਜਰਾਤ ਵਿਚ ਪ੍ਰਚਾਰ ਕਰ ਰਹੀਆਂ ਹਨ। ਸਰਕਾਰ ਵੱਲੋਂ ਨਵੇਂ ਬਣਾਏ ਚੇਅਰਮੈਨ ਵੀ ਗੁਜਰਾਤ ਵਿਚ ਹੀ ਡੇਰੇ ਲਾਈ ਬੈਠੇ ਹਨ, ਜਿਸ ਕਾਰਨ ਚੋਣ ਪ੍ਰਚਾਰ ਦੀ ਸਮਾਪਤੀ ਤੱਕ ਪੰਜਾਬ ਵਿਚ ਸਰਕਾਰੀ ਕੰਮਕਾਜ ਮੱਠੀ ਚਾਲ ਵਿਚ ਹੀ ਰਹਿਣ ਦੀ ਸੰਭਾਵਨਾ ਹੈ। ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਡੇਂਗੂ ਤੋਂ ਪੀੜਤ ਹਨ, ਜਿਸ ਕਰਕੇ ਉਹ ਗੁਜਰਾਤ ਨਹੀਂ ਗਏ।

### ਮਾਨ, ਬੈਂਸ, ਚੀਮਾ ਤੇ ਹਰਭਜਨ ਸਟਾਰ ਚੋਣ ਪ੍ਰਚਾਰਕ

**ਨਵੀਂ ਦਿੱਲੀ:** ‘ਆਪ’ ਵੱਲੋਂ ਦਿੱਲੀ ਨਗਰ ਨਿਗਮ ਚੋਣਾਂ ਲਈ ਜਾਰੀ ਸਟਾਰ ਚੋਣ ਪ੍ਰਚਾਰਕਾਂ ਦੀ ਸੂਚੀ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਰਪਾਲ ਸਿੰਘ ਚੀਮਾ, ਹਰਜੋਤ ਸਿੰਘ ਬੈਂਸ, ਵਿਧਾਇਕ ਅਮਨ ਅਰੋੜਾ ਤੋਂ ਇਲਾਵਾ ਹਰਭਜਨ ਸਿੰਘ, ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਸੰਜੇ ਸਿੰਘ, ਸੁਸ਼ੀਲ ਗੁਪਤਾ ਤੇ ਐਨ.ਡੀ. ਗੁਪਤਾ ਨੂੰ ਸ਼ਾਮਲ ਕੀਤਾ ਹੈ। ਦਿੱਲੀ ਤੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ, ਵਿਧਾਇਕਾਂ ਵਿਚ ਪੰਕਜ ਗੁਪਤਾ, ਦੁਰਗੇਸ਼ ਪਾਠਕ, ਦਲੀਪ ਪਾਂਡੇ, ਆਤਿਸ਼ੀ, ਸੌਰਭ ਭਾਰਦਵਾਜ, ਸੋਮ ਨਾਥ ਭਾਰਤੀ, ਵਿਧਾਇਕ ਜਰਨੈਲ ਸਿੰਘ, ਸਾਬਕਾ ਮੰਤਰੀ ਰਾਜਿੰਦਰ ਪਾਲ ਗੌਤਮ, ਰਾਖੀ ਬਿਰਲਾ ਸਮੇਤ ਕੁੱਲ 30 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਦਿੱਲੀ ਦੇ ਸਾਰੇ ਮੰਤਰੀ ਵੀ ਸੂਚੀ ਦਾ ਹਿੱਸਾ ਹਨ।

## ਕੋਲਕਾਤਾ ਵਿਚ ਸਿੱਖ ਪੱਤਰਕਾਰ ’ਤੇ ਹਮਲੇ ਦੀ ਨਿਖੇਧੀ

**ਅੰਮ੍ਰਿਤਸਰ:** ਕੋਲਕਾਤਾ ਦੇ ਚਾਂਦਨੀ ਚੌਕ ਵਿਚ ਸਿੱਖ ਪੱਤਰਕਾਰ ਦੀ ਦਸਤਾਰ ਦੀ ਬੇਅਦਬੀ ਕੀਤੇ ਜਾਣ ਦੀ ਘਟਨਾ ਦੀ ਨਿਹੰਗ ਜਥੇਬੰਦੀ ਬੁੱਢਾ ਦਲ ਵੱਲੋਂ ਸਖਤ ਨਿਖੇਧੀ ਕੀਤੀ ਗਈ ਹੈ। ਇਸ ਦੇ ਨਾਲ ਹੀ ਦਲ ਦੇ ਆਗੂਆਂ ਵੱਲੋਂ ਸਥਾਨਕ ਸਰਕਾਰ ਤੋਂ ਇਸ ਘਟਨਾ ਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦਿਵਾਉਣ ਦੀ ਮੰਗ ਵੀ ਕੀਤੀ ਗਈ ਹੈ।

ਦਲ ਵੱਲੋਂ ਹੋਰਨਾਂ ਸਿੱਖ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਇਸ ਘਟਨਾ ਦੀ ਪੜਤਾਲ ਕਰਵਾਉਣ ਤੇ ਦੋਸ਼ੀਆਂ ਨੂੰ ਬਣਦੀ ਸਜਾ ਦਿਵਾਉਣ ਲਈ ਰਲ ਕੇ ਯਤਨ ਕੀਤੇ ਜਾਣ। ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਬਿਆਨ ਵਿਚ ਜਥੇਬੰਦੀ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੱਤਰਕਾਰ ਕਿਰਨਜੀਤ ਸਿੰਘ ਉਤੇ ਕੀਤੇ ਗਏ ਜਾਨਲੇਵਾ ਹਮਲੇ ਸਬੰਧੀ ਸਥਾਨਕ ਸਰਕਾਰ ਸਖਤ ਕਾਰਵਾਈ ਅਮਲ ਵਿਚ ਲਿਆਵੇ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ‘ਤੇ ਹੋਣ ਵਾਲੇ ਅਜਿਹੇ ਹਮਲੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਹਨ।

ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰਨੀ ਚਾਹੀਦੀ ਹੈ ਤਾਂ ਕਿ ਕਿਸੇ ਹੋਰ ਸਿੱਖ ਨਾਲ ਇਸ ਤਰ੍ਹਾਂ ਦਾ ਵਰਤਾਰਾ ਨਾ ਹੋਵੇ। ਉਨ੍ਹਾਂ ਕਿਹਾ ਕਿ ਇਕ ਫਿਰਕੇ ਦੇ ਲੋਕਾਂ ਵੱਲੋਂ ਸਿੱਖ ਵਿਅਕਤੀ ਦੀ ਦਸਤਾਰ ਨੂੰ ਪੈਰਾਂ ਹੇਠ ਰੋਲਣ ਤੇ ਉਸ ਦੀ ਬੇਅਦਬੀ ਕਰਨ ਦਾ ਸਖਤ ਨੋਟਿਸ ਲਿਆ ਜਾਣਾ ਚਾਹੀਦਾ ਹੈ।

## ਕੈਨੇਡਾ ’ਚ ਸਥਾਈ ਨਿਵਾਸੀ ਹੁਣ ਫੌਜ ਵਿਚ ਹੋ ਸਕਣਗੇ ਭਰਤੀ



**ਟੋਰਾਂਟੋ:** ਕੈਨੇਡਾ ਵਿਚ ਕੇਂਦਰੀ ਹਥਿਆਰਬੰਦ ਬਲਾਂ (ਸੀ.ਏ.ਐਫ.) ਨੇ ਐਲਾਨ ਕੀਤਾ ਕਿ ਸਥਾਈ ਨਿਵਾਸੀਆਂ ਨੂੰ ਹੁਣ ਸੇਵਾਵਾਂ ਵਿਚ ਭਰਤੀ ਦੀ ਇਜਾਜ਼ਤ ਦਿੱਤੀ ਜਾਵੇਗੀ, ਕਿਉਂਕਿ ਫੌਜ ਜਵਾਨਾਂ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ। ਮੀਡੀਆ ਦੀ ਇਕ ਖਬਰ ਵਿਚ ਇਹ ਜਾਣਕਾਰੀ ਦਿੱਤੀ ਗਈ। ਕੈਨੇਡਾ ਵਿਚ ਸਥਾਈ ਨਿਵਾਸੀਆਂ ‘ਚ ਵੱਡੀ ਗਿਣਤੀ ਭਾਰਤੀ ਹਨ ਅਤੇ ਸੀ.ਏ.ਐਫ. ਦੇ ਫੈਸਲੇ ਨਾਲ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਇਕ ਖਬਰ ਅਨੁਸਾਰ ‘ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ‘ਪੁਰਾਣੀ ਭਰਤੀ ਪ੍ਰਕਿਰਿਆ‘ ਵਿਚ ਬਦਲਾਅ ਦੇ ਐਲਾਨ ਦੇ ਪੰਜ ਵਰ੍ਹਿਆਂ ਬਾਅਦ ਇਹ ਐਲਾਨ ਕੀਤਾ ਗਿਆ ਹੈ। ਇਸ ਨਾਲ ਕੈਨੇਡਾ ਵਿਚ 10 ਵਰ੍ਹਿਆਂ ਤੋਂ ਰਹਿ ਰਹੇ ਸਥਾਈ ਨਿਵਾਸੀਆਂ ਨੂੰ ਬਿਨੈ ਕਰਨ ਦੀ ਇਜਾਜ਼ਤ ਮਿਲੇਗੀ।

## ਅਧਿਆਪਕਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ

**ਸੰਗਰੂਰ:** ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਅਗਵਾਈ ਹੇਠ ਅਧਿਆਪਕ ਮਸਲਿਆਂ ਬਾਰੇ ਇਕ ਵਫਦ ਦੀ ਪੈਨਲ ਮੀਟਿੰਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਚੰਡੀਗੜ੍ਹ ਸਥਿਤ ਪੰਜਾਬ ਭਵਨ ਵਿਚ ਹੋਈ।

ਮੀਟਿੰਗ ਵਿਚ ਵਫਦ ਨੇ ਸਿੱਖਿਆ ਵਿਭਾਗ ਵੱਲੋਂ ਲਗਾਤਾਰ ਲਈਆਂ ਜਾ ਰਹੀਆਂ ਪ੍ਰੀਖਿਆਵਾਂ, ਸੈਮੀਨਾਰ, ਬਾਲ ਦਿਵਸ ਮਨਾਉਣ ਲਈ ਮੌਕੇ ‘ਤੇ ਪੱਤਰ ਜਾਰੀ ਕਰਨ ਜਿਹੇ ਕਾਰਜਾਂ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਵਿਘਨ ਪਾਉਣ ਦਾ ਜ਼ੋਰਦਾਰ ਵਿਰੋਧ ਕੀਤਾ। ਮੀਟਿੰਗ ਬਾਰੇ ਅਧਿਆਪਕ ਦਲ ਪੰਜਾਬ ਦੇ ਪ੍ਰਧਾਨ ਤੇ ਸਾਂਝਾ ਅਧਿਆਪਕ ਮੋਰਚਾ ਦੇ ਕਨਵੀਨਰ ਗੁਰਜੰਟ ਸਿੰਘ ਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਧਿਆਪਕ ਮਸਲੇ ਹੱਲ ਨਾ ਕਰਨ ਦੇ ਰੋਸ ਵਜੋਂ ਸਾਂਝੇ ਅਧਿਆਪਕ ਮੋਰਚੇ ਨੇ 13 ਨਵੰਬਰ ਨੂੰ ਆਨੰਦਪੁਰ ਸਾਹਿਬ ਤੋਂ ਸਿੱਖਿਆ ਮੰਤਰੀ ਦੇ ਘਰ ਤੱਕ ਚਿਤਾਵਨੀ ਮਾਰਚ ਦਾ ਐਲਾਨ ਕੀਤਾ ਸੀ ਪਰ ਉਸ ਤੋਂ ਪਹਿਲਾਂ ਹੀ ਪੈਨਲ ਮੀਟਿੰਗ ਦਾ ਸਮਾਂ ਮਿਲ ਗਿਆ। ਉਨ੍ਹਾਂ ਦੱਸਿਆ ਕਿ ਮਿਲੇ ਸਮੇਂ ਤਹਿਤ ਹੋਈ ਮੀਟਿੰਗ ਵਿਚ ਮੰਗ ਪੱਤਰ ਸਮੇਤ ਪੁਰਾਣੀ ਪੈਨਸ਼ਨ ਦੀ ਬਹਾਲੀ, ਸਾਰੇ ਵਰਗਾਂ ਦੇ ਕੱਚੇ ਅਧਿਆਪਕ ਪੱਕੇ ਕਰਨ, ਕੰਪਿਊਟਰ ਅਧਿਆਪਕਾਂ ਦਾ ਸਿੱਖਿਆ ਵਿਭਾਗ ਵਿਚ ਰਲੇਵਾਂ ਕਰਨ, ਮੈਰੀਟੋਰੀਅਸ ਅਤੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਨੂੰ ਪੱਕੇ ਕਰਨ, ਲੈਕਚਰਾਰਾਂ ਦੀ ਪਦਉੱਨਤੀ ‘ਤੇ ਸਟੇਅ ਦੀ ਸ਼ਰਤ ਖਤਮ, ਅਧਿਆਪਕ ਤਬਾਦਲਾ ਨੀਤੀ ਵਿਚ ਕਰੋਨਿਕ ਬਿਮਾਰੀਆਂ ਨਾਲ ਪੀੜਤ ਅਧਿਆਪਕਾਂ ਲਈ ਹਰ ਮਹੀਨੇ ਦੇ ਆਖਰੀ ਹਫਤੇ ਪੋਰਟਲ ਖੋਲ੍ਹਣ ਦਾ ਭਰੋਸਾ ਦਿੱਤਾ ਗਿਆ।




ਉਨ੍ਹਾਂ ਦੱਸਿਆ ਕਿ ਸਿੱਖਿਆ ਮੰਤਰੀ ਨੇ ਵਿਕਟੇਮਾਈਜੇਸ਼ਨਾਂ ਦਾ ਹਫਤੇ ਵਿਚ ਹੱਲ ਅਤੇ ਵਿਭਾਗੀ ਪ੍ਰੀਖਿਆ ਲੈਣ ਵਾਲੇ ਨਿਯਮ ਰੱਦ ਕਰਨ ਤੱਕ ਕਿਸੇ ਵੀ ਅਧਿਆਪਕ ਦੀ ਸਾਲਾਨਾ ਤਰੱਕੀ ਨਾ ਰੋਕਣ, ਡੀ.ਈ.ਓ ਅਤੇ ਡਿਪਟੀ ਡੀ.ਈ.ਓ. ਕੁਝ ਦਿਨਾਂ ਵਿਚ ਨਿਯੁਕਤ ਕਰਨ, ਵਿਦੇਸ਼ ਛੁੱਟੀ ਬਾਰੇ ਫੈਸਲਾ ਲੈਣ ਦਾ ਅਧਿਕਾਰ ਡੀ.ਡੀ.ਓ. ਪੱਧਰ ‘ਤੇ ਦੇਣ ਦਾ ਭਰੋਸਾ ਦਿੱਤਾ ਹੈ।

## ਗੁਜਰਾਤ ਵਿਧਾਨ ਸਭਾ ਚੋਣਾਂ: ਕਾਂਗਰਸ ਨੇ ਵਾਅਦਿਆਂ ਦੀ ਝੜੀ ਲਾਈ

**ਅਹਿਮਦਾਬਾਦ:** ਕਾਂਗਰਸ ਨੇ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਮੈਨੀਫੈਸਟੋ ਜਾਰੀ ਕਰਦਿਆਂ ਸਰਕਾਰੀ ਤੇ ਅਰਧ-ਸਰਕਾਰੀ ਵਿਭਾਗਾਂ ‘ਚ ਦਸ ਲੱਖ ਨੌਕਰੀਆਂ, ਦਸ ਲੱਖ ਰੁਪਏ ਤੱਕ ਦਾ ਮੁਫਤ ਇਲਾਜ, ਸਬਸਿਡੀ ‘ਤੇ 500 ਰੁਪਏ ‘ਚ ਰਸੋਈ ਗੈਸ ਸਿਲੰਡਰ, ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਸਣੇ ਹੋਰ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਹੈ।

ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ, ਜਿਹੜੀ ਸੂਬੇ ਵਿਚ ਦੋ ਦਹਾਕਿਆਂ ਤੋਂ ਸੱਤਾ ‘ਚੋਂ ਬਾਹਰ ਹੈ, ਨੇ ਜਾਰੀ ਚੋਣ ਮਨੋਰਥ ਪੱਤਰ ਵਿਚ ਬੇਰੁਜ਼ਗਾਰਾਂ ਨੂੰ 3000 ਰੁਪਏ ਭੱਤਾ ਪ੍ਰਤੀ ਮਹੀਨਾ ਭੱਤਾ, ਦਿਵਿਆਗਾਂ, ਵਿਧਵਾਵਾਂ, ਸੀਨੀਅਰ ਸਿਟੀਜਨਾਂ ਅਤੇ ਲੋੜਵੰਦ ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਤੇ ਮਛੇਰਿਆਂ ਦੇ 3 ਲੱਖ ਰੁਪਏ ਤੱਕ ਦੇ ਕਰਜ਼ ਮੁਆਫ ਕਰਨ, ਕਿੰਡਰਗਾਰਟਨ ਤੋਂ ਪੋਸਟ-ਗਰੈਜੂਏਸ਼ਨ ਤੱਕ ਮੁਫਤ ਪੜ੍ਹਾਈ ਅਤੇ ਹਰ ਫਸਲ ‘ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੈਅ ਕਰਨ ਵਾਸਤੇ ਕਮੇਟੀ ਕਾਇਮ ਕਰਨ ਦਾ ਵਾਅਦਾ ਵੀ ਕੀਤਾ ਹੈ।

ਇਥੇ ਪਾਰਟੀ ਹੈੱਡਕੁਆਰਟਰ ਵਿਚ ਰਾਜਸਥਾਨ ਦੇ ਮੁੱਖ ਮੰਤਰੀ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਸੀਨੀਅਰ ਨਿਗਰਾਨ ਅਸ਼ੋਕ ਗਹਿਲੋਤ ਨੇ ਹੋਰ ਨੇਤਾਵਾਂ ਦੀ ਹਾਜਰੀ ਵਿਚ ਚੋਣ ਮਨੋਰਥ ਪੱਤਰ ਜਾਰੀ ਕੀਤਾ।



ਸ੍ਰੀ ਗਹਿਲੋਤ ਨੇ ਕਿਹਾ, ‘‘ਕਾਂਗਰਸ ਨੇ ਚੋਣ ਮਨੋਰਥ ਪੱਤਰ ਤਿਆਰ ਕਰਨ ਲਈ ਸੂਬੇ ਦੇ ਸੈਂਕੜੇ ਲੋਕਾਂ ਤੋਂ ਵਿਚਾਰ ਲਏ ਸਨ।’’ ਕਾਂਗਰਸ ਦੇ ਮੈਨੀਫੈਸਟੋ ਕਮੇਟੀ ਚੇਅਰਮੈਨ ਦੀਪਕ ਬਾਬਰੀਆ ਨੇ ਕਿਹਾ ਕਿ ਪਾਰਟੀ ਵੱਲੋਂ ਚੋਣ ਦਸਤਾਵੇਜ਼ ਤਿਆਰ ਕਰਨ ਤੋਂ ਪਹਿਲਾਂ ਲਗਭਗ 65 ਲੱਖ ਲੋਕਾਂ ਨਾਲ ਰਾਬਤਾ ਕੀਤਾ ਗਿਆ। ਚੋਣ ਮਨੋਰਥ ਪੱਤਰ ਵਿਚ ਕਾਂਗਰਸ ਨੇ ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਅਤੇ ਸਰਕਾਰੀ ਮੁਲਾਜ਼ਮਾਂ ਲਈ ਠੇਕਾ ਅਤੇ ਆਊਟਸੋਰਸਿੰਗ ਪ੍ਰਣਾਲੀ ਖਤਮ ਕਰਨ ਦਾ ਐਲਾਨ ਵੀ ਕੀਤਾ ਹੈ।

## ਪੰਜਾਬ ਸਰਕਾਰ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਭੁੱਲੀ

**ਸੰਗਰੂਰ:** ਪੰਜਾਬ ਸਰਕਾਰ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਮੌਕੇ ਜਨਮ ਸਥਾਨ ਪਿੰਡ ਬਡਰੁੱਖਾਂ ਵਿਚ ਨਾ ਤਾਂ ਕੋਈ ਸਰਕਾਰੀ ਸਮਾਗਮ ਕੀਤਾ ਗਿਆ ਅਤੇ ਨਾ ਹੀ ਕਰੀਬ ਸਵਾ ਦੋ ਮਹੀਨਾ ਪਹਿਲਾਂ ਸਥਾਪਤ ਹੋਏ ਸ਼ੇਰ-ਏ-ਪੰਜਾਬ ਦੇ ਬੁੱਤ ਦਾ ਰਸਮੀ ਉਦਘਾਟਨ ਕੀਤਾ ਗਿਆ।

ਕਿਸੇ ਵੀ ਸਰਕਾਰੀ ਮੰਤਰੀ, ਵਿਧਾਇਕ ਜਾਂ ਪ੍ਰਸ਼ਾਸਨਿਕ ਅਧਿਕਾਰੀ ਨੇ ਬਡਰੁੱਖਾਂ ਆਉਣ ਦੀ ਲੋੜ ਨਾ ਸਮਝੀ। ਭਾਵੇਂ ਸਰਕਾਰ ਨੇ ਕਾਗਜ਼ੀ ਵਧਾਈਆਂ ਦੇ ਕੇ ਸਾਰ ਦਿੱਤਾ ਹੈ ਪਰ ਬਡਰੁੱਖਾਂ ਵਾਸੀ ਆਪਣੇ ਪੱਧਰ ‘ਤੇ ਪਿੰਡ ਦੀ ਧੀ ਮਾਤਾ ਰਾਜ ਕੌਰ ਦੀ ਕੁੱਖੋਂ ਪੈਦਾ ਹੋਏ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਨ ਮਨਾਉਣ ਤੋਂ ਨਾ ਖੁੰਝੇ। ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਉਸਾਰੇ ਗਏ ਗੁਰਦੁਆਰਾ ਸਾਹਿਬ ਵਿਖੇ ਮੁੱਖ ਸੇਵਾਦਾਰ ਬਾਬਾ ਬਾਬੂ ਸਿੰਘ ਦੀ ਅਗਵਾਈ ਹੇਠ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮਗਰੋਂ ਪੰਚਾਇਤ ਸਣੇ ਪਿੰਡ ਵਾਸੀ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪਾਰਕ ਵਿਚ ਪੁੱਜੇ, ਜਿੱਥੇ ਸ਼ੇਰ-ਏ-ਪੰਜਾਬ ਦੇ ਬੁੱਤ ‘ਤੇ ਫੁੱਲਾਂ ਦੇ ਹਾਰ ਪਾ ਕੇ ਮਹਾਨ ਯੋਧੇ ਨੂੰ ਯਾਦ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਕਮੇਟੀ ਅਤੇ ਪਿੰਡ ਵਾਸੀਆਂ ਨੇ ਲੱਡੂ ਵੀ ਵੰਡੇ। ਪਿੰਡ ਵਾਸੀਆਂ ਨੇ ਕਿਹਾ ਕਿ ਅੱਜ ਜਨਮ ਦਿਹਾੜੇ ਮੌਕੇ ਸ਼ੇਰ-ਏ-ਪੰਜਾਬ ਦੇ ਬੁੱਤ ਦਾ ਅਧੂਰਾ ਕੰਮ ਮੁਕੰਮਲ ਕਰਕੇ ਰਸਮੀ ਉਦਘਾਟਨ ਕਰਨਾ ਬਣਦਾ ਸੀ ਪਰ ਪੰਜਾਬ ਸਰਕਾਰ ਨੇ ਸਿਰਫ਼ ਕਾਗਜ਼ਾਂ ਵਿਚ ਹੀ ਵਧਾਈਆਂ ਦੇ ਕੇ ਡੰਗ ਸਾਰ ਦਿੱਤਾ ਹੈ।



ਉਨ੍ਹਾਂ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਕਰੀਬ 25 ਵਰ੍ਹਿਆਂ ਮਗਰੋਂ ਜਨਮ ਸਥਾਨ ਨੂੰ ਨਸੀਬ ਹੋਏ ਸ਼ੇਰ-ਏ-ਪੰਜਾਬ ਦੇ ਬੁੱਤ ਦਾ ਸਮੇਂ ਸਿਰ ਉਦਘਾਟਨ ਤਾਂ ਕੀ ਹੋਣਾ ਸੀ, ਸਗੋਂ ਕਿਸੇ ਮੰਤਰੀ ਜਾਂ ਅਧਿਕਾਰੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਯਾਦ ਕਰਨਾ ਵੀ ਮੁਨਾਸਬ ਨਹੀਂ ਸਮਝਿਆ। ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੋਂ ਮੰਗ ਕੀਤੀ ਕਿ ਸ਼ੇਰ-ਏ-ਪੰਜਾਬ ਦੇ ਬੁੱਤ ਦਾ ਕੰਮ ਜਲਦੀ ਮੁਕੰਮਲ ਕਰਵਾ ਕੇ ਰਸਮੀ ਉਦਘਾਟਨ ਕੀਤਾ ਜਾਵੇ ਅਤੇ ਹਰ ਸਾਲ ਜਨਮ ਦਿਹਾੜਾ ਸਰਕਾਰੀ ਪੱਧਰ ‘ਤੇ ਮਨਾਇਆ ਜਾਵੇ।

### ਖੱਟਰ ਬੰਦਾ ਸਿੰਘ ਬਹਾਦਰ ਦੇ ਯਾਦ-ਦੀਵਾਨ ’ਚ ਸ਼ਾਮਿਲ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਜਿਲ੍ਹਾ ਹਿਸਾਰ ਦੇ ਹਾਂਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ 76ਵੇਂ ਸਾਲਾਨਾ ਦੀਵਾਨ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ, ਜਿਸ ਨਾਲ ਨਾ ਸਿਰਫ ਆਉਣ ਵਾਲੀ ਪੀੜ੍ਹੀ ਨੂੰ ਮਹਾਪੁਰਖਾਂ ਦੀ ਜੀਵਨੀ ਤੋਂ ਪ੍ਰੇਰਣਾ ਮਿਲਦੀ ਹੈ, ਸਗੋਂ ਇਸ ਨਾਲ ਸਮਾਜ ਵਿਚ ਇਕ ਨਵੀਂ ਊਰਜਾ, ਤਾਕਤ ਤੇ ਸਮਾਜਿਕ ਸੁਰੱਖਿਆ ਦੀ ਭਾਵਨਾ ਦਾ ਸੰਚਾਰ ਵੀ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਭਿਆਚਾਰ ਨੂੰ ਅੱਗੇ ਵਧਾਉਣ ਲਈ ਮੁਗਲਾਂ ਖਿਲਾਫ ਲੜਾਈ ਲੜ ਕੇ ਦੇਸ ਵਿਚੋਂ ਗੁਲਾਮੀ ਨੂੰ ਖਤਮ ਕਰਕੇ ਆਜ਼ਾਦੀ ਦਾ ਝੰਡਾ ਲਹਿਰਾਉਣ ਵਿਚ ਯੋਗਦਾਨ ਪਾਇਆ।

# ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ ਪਿੱਛੋਂ ਬੰਦੀ ਸਿੰਘਾਂ ਦੀ ਆਸ ਬੱਝੀ

## ਸ਼੍ਰੋਮਣੀ ਕਮੇਟੀ ਨੇ ਕੇਂਦਰ ਕੋਲ ਮੁੜ ਉਭਾਰਿਆ ਮੁੱਦਾ

**ਅੰਮ੍ਰਿਤਸਰ:** ਸੁਪਰੀਮ ਕੋਰਟ ਵੱਲੋਂ ਰਾਜੀਵ ਗਾਂਧੀ ਕਤਲ ਮਾਮਲੇ ਵਿਚ ਦੋਸ਼ੀਆਂ ਨੂੰ ਰਿਹਾਅ ਕਰਨ ਦੇ ਫੈਸਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਅਜਿਹਾ ਫੈਸਲਾ ਬੰਦੀ ਸਿੰਘਾਂ 'ਤੇ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਦੇਸ਼ ਦੀਆਂ ਜੇਲ੍ਹਾਂ ਵਿਚ ਤਿੰਨ-ਤਿੰਨ ਦਹਾਕਿਆਂ ਤੋਂ ਬੰਦ ਸਿੰਘਾਂ ਦੀ ਰਿਹਾਈ ਬਾਰੇ ਕੌਮ ਵੱਲੋਂ ਲੰਮੇ ਅਰਸੇ ਤੋਂ ਆਵਾਜ਼ ਉਠਾਈ ਜਾ ਰਹੀ ਹੈ, ਪਰ ਸਰਕਾਰਾਂ ਕੰਨ ਬੰਦ ਕਰ ਕੇ ਬੈਠੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਿੱਲੀ ਸਰਕਾਰ ਵੱਲੋਂ ਇਕ ਸਹਿਮਤੀ ਦੇਣ ਨਾਲ ਸੰਭਵ ਹੋ ਸਕਦੀ ਹੈ, ਪਰ ਉਥੋਂ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਿੱਖ ਵਿਰੋਧੀ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੇ ਹਨ।

ਗੁਰਦੀਪ ਸਿੰਘ ਖੇੜਾ ਦੀ ਰਿਹਾਈ ਦਾ ਮਾਮਲਾ ਕਰਨਾਟਕ ਸਰਕਾਰ ਕੋਲ ਲੰਬਿਤ ਹੈ।




ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਸਪੱਸ਼ਟ ਹਦਾਇਤ ਦੇ ਬਾਵਜੂਦ ਸਰਕਾਰਾਂ ਟਾਲ-ਮਟੋਲ ਤੇ ਵਿਰੋਧ ਵਾਲੀ ਨੀਤੀ ਤਹਿਤ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਜੀਵ ਗਾਂਧੀ ਕਤਲ ਕੇਸ ਵਿਚ ਸ਼ਾਮਲ ਦੋਸ਼ੀਆਂ ਦੀ ਰਿਹਾਈ ਲਈ ਤਾਮਿਲਨਾਡੂ ਸਰਕਾਰ ਸਿਫਾਰਸ਼ ਕਰ ਸਕਦੀ ਹੈ ਤਾਂ ਸਿੱਖ ਬੰਦੀਆਂ ਦੀ ਰਿਹਾਈ ਮਾਮਲੇ ਵਿਚ ਕੇਂਦਰ ਤੇ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੀ ਸਰਕਾਰਾਂ ਕਿਉਂ ਨਹੀਂ ਸਿਫਾਰਸ਼ ਕਰ ਸਕਦੀਆਂ।

ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤਾਂ ਸਜ਼ਾਵਾਂ ਪੂਰੀਆਂ ਹੋਣ ਨਾਲ ਵੀ ਜੁੜੀ ਹੋਈ ਹੈ, ਜਦਕਿ ਰਾਜੀਵ ਗਾਂਧੀ ਕਤਲ ਦੇ ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦਿੱਤੀ ਗਈ ਹੈ। ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਜਗਦੀਸ਼ ਟਾਈਟਲਰ ਨੂੰ ਦਿੱਲੀ ਦੀਆਂ ਨਗਰ ਨਿਗਮ ਚੋਣਾਂ ਲਈ ਕਾਂਗਰਸ ਵੱਲੋਂ ਸੂਬਾ ਚੋਣ ਕਮੇਟੀ ਵਿਚ ਸ਼ਾਮਲ ਕਰਨ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਕਾਂਗਰਸ ਆਗੂ ਕਮਲ ਨਾਥ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਇਕ ਸਮਾਗਮ ਦੌਰਾਨ ਸਨਮਾਨੇ ਜਾਣ ਦੀ ਨਿਖੇਧੀ ਕੀਤੀ ਹੈ।

ਇਸ ਦੌਰਾਨ ਸੁਪਰੀਮ ਕੋਰਟ ਵੱਲੋਂ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਰਿਹਾਅ ਕਰਨ ਦੇ ਫੈਸਲੇ 'ਤੇ ਖੁਸ਼ੀ ਜ਼ਾਹਰ ਕਰਦਿਆਂ ਦਲ ਖਾਲਸਾ ਨੇ ਇਸ ਫੈਸਲੇ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਉਮੀਦ ਦੀ ਰੌਸ਼ਨੀ ਆਖਿਆ।

### 'ਰਿਹਾਈ ਵਿਚ ਹੁਣ ਕੋਈ ਸੰਵਿਧਾਨਕ ਅੜਿੱਕਾ ਨਹੀਂ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਰਾਹ ਵਿਚ ਆਖਰੀ ਅੜਿੱਕੇ ਨੂੰ ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਦੇ ਹਤਿਆਰਿਆਂ ਦੀ ਰਿਹਾਈ ਦੇ ਹੁਕਮ ਦੇ ਕੇ ਦੂਰ ਕਰ ਦਿੱਤਾ ਹੈ, ਇਸ ਲਈ ਹੁਣ ਬੰਦੀ ਸਿੰਘਾਂ ਦੀ ਰਿਹਾਈ ਤੋਂ ਇਨਕਾਰ ਕਰਨ ਦਾ ਕੋਈ ਸੰਵਿਧਾਨਕ ਆਧਾਰ ਨਹੀਂ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਜ਼ਾਵਾਂ ਪੂਰੀਆਂ ਕਰਨ ਮਗਰੋਂ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ।

# ਬਰਤਾਨੀਆ ਵਿਚ ਫੌਜੀਆਂ ਨੂੰ ਪਹਿਲੀ ਵਾਰ 'ਨਿੱਤਨੇਮ ਗੁਟਕਾ' ਜਾਰੀ

**ਲੰਡਨ:** ਬਰਤਾਨੀਆ 'ਚ ਫੌਜੀਆਂ ਲਈ 100 ਸਾਲ ਤੋਂ ਵੀ ਵੱਧ ਸਮੇਂ ਬਾਅਦ ਪਹਿਲੀ ਵਾਰ ਸਿੱਖਾਂ ਦਾ 'ਨਿੱਤਨੇਮ ਗੁਟਕਾ' ਜਾਰੀ ਕੀਤਾ ਗਿਆ ਹੈ। ਰੱਖਿਆ ਮੰਤਰਾਲੇ ਨੇ ਇਸ ਕਦਮ ਨੂੰ ਸਿੱਖਾਂ ਦੀ ਆਸਥਾ ਤੇ ਵਿਸ਼ਵਾਸ ਨੂੰ ਸਿੱਧੀ ਹਮਾਇਤ ਕਰਾਰ ਦਿੱਤਾ ਹੈ।

ਬੀ.ਬੀ.ਸੀ. ਦੀ ਖਬਰ ਅਨੁਸਾਰ ਲੰਡਨ 'ਚ ਇਕ ਸਮਾਗਮ ਦੌਰਾਨ 'ਯੂਕੇ ਡਿਫੈਂਸ ਸਿੱਖ ਨੈੱਟਵਰਕ' ਵੱਲੋਂ 'ਨਿੱਤਨੇਮ ਗੁਟਕੇ' ਜਾਰੀ ਕੀਤੇ ਗਏ ਹਨ। ਮੇਜਰ ਦਲਜਿੰਦਰ ਸਿੰਘ ਵਿਰਦੀ ਬਰਤਾਨਵੀ ਸੈਨਾ 'ਚ ਹਨ ਤੇ ਉਹ 'ਨਿੱਤਨੇਮ ਗੁਟਕੇ' ਜਾਰੀ ਕਰਵਾਉਣ ਲਈ ਦੋ ਸਾਲ ਤੱਕ ਪ੍ਰਚਾਰ ਕਰ ਚੁੱਕੇ ਹਨ। ਬੀ.ਬੀ.ਸੀ. ਨੇ ਵਿਰਦੀ ਦੇ ਹਵਾਲੇ ਨਾਲ ਕਿਹਾ, 'ਸੈਨਾ ਕਈ ਸਾਲਾਂ ਤੋਂ ਈਸਾਈ ਧਾਰਮਿਕ ਗ੍ਰੰਥ ਮੁਹੱਈਆ ਕਰਵਾ ਰਹੀ ਹੈ ਤੇ ਮੈਂ ਉਥੇ ਸਿੱਖ ਗ੍ਰੰਥ ਮੁਹੱਈਆ ਕਰਨ ਲਈ ਇਕ ਮੌਕਾ ਦੇਖਿਆ।' 'ਨਿੱਤਨੇਮ ਗੁਟਕਾ' ਵਿਲਟਸ਼ਾਇਰ 'ਚ ਛਾਪਿਆ ਗਿਆ ਹੈ ਅਤੇ ਸਿੱਖ ਧਰਮ ਦੇ ਗ੍ਰੰਥਾਂ ਲਈ ਬਣੇ ਵਾਹਨ 'ਚ ਆਸਨ 'ਤੇ ਰੱਖਿਆ ਗਿਆ ਸੀ। ਖਬਰ ਅਨੁਸਾਰ ਇਹ 'ਨਿੱਤਨੇਮ ਗੁਟਕੇ' ਲੰਡਨ 'ਚ ਕੇਂਦਰੀ ਗੁਰਦੁਆਰਾ ਮੰਦਰ ਦੀ ਲਾਇਬ੍ਰੇਰੀ ਲਿਜਾਏ ਗਏ ਜਿੱਥੇ ਅਧਿਕਾਰਤ ਤੌਰ 'ਤੇ 28 ਅਕਤੂਬਰ ਨੂੰ ਫੌਜੀ ਜਵਾਨਾਂ ਨੂੰ ਵੰਡੇ ਗਏ। ਇਹ ਗੁਟਕੇ ਤਿੰਨ ਭਾਸ਼ਾਵਾਂ 'ਚ ਛਾਪੇ ਗਏ ਹਨ। ਵਿਰਦੀ ਦੇ ਹਵਾਲੇ ਨਾਲ ਖਬਰ 'ਚ ਕਿਹਾ ਗਿਆ ਹੈ, 'ਸਿੱਖਾਂ ਲਈ ਧਰਮ ਗ੍ਰੰਥ ਸਿਰਫ ਸ਼ਬਦ ਨਹੀਂ ਹਨ, ਉਹ ਸਾਡੇ ਗੁਰੂ ਦੇ ਜਿਉਂਦੇ ਜਾਗਦੇ ਅਵਤਾਰ ਹਨ। ਅਸੀਂ ਰੋਜ਼ਾਨਾ ਧਰਮ ਗ੍ਰੰਥ ਪੜ੍ਹਨ ਨਾਲ ਨੈਤਿਕ ਤੇ ਸਰੀਰਕ ਤਾਕਤ ਹਾਸਲ ਕਰਦੇ ਹਾਂ ਅਤੇ ਇਹ ਸਾਨੂੰ ਅਧਿਆਤਮਕ ਤੌਰ 'ਤੇ ਵਿਕਸਿਤ ਕਰਦੇ ਹਨ।'

# ਅਮਰੀਕਾ ਹੁਣ ਦਿਲ ਖੋਲ੍ਹ ਕੇ ਵੀਜ਼ੇ ਜਾਰੀ ਕਰੇਗਾ

**ਨਵੀਂ ਦਿੱਲੀ:** ਅਮਰੀਕਾ ਲਈ ਵੀਜ਼ਾ ਜਾਰੀ ਕਰਨ ਦੀ ਉਡੀਕ ਦੀ ਮਿਆਦ 'ਚ 2023 ਦੀਆਂ ਗਰਮੀਆਂ ਤੱਕ ਵੱਡੀ ਕਮੀ ਆਉਣ ਦੀ ਉਮੀਦ ਹੈ ਤੇ ਇਨ੍ਹਾਂ ਵੀਜ਼ਿਆਂ ਦੀ ਗਿਣਤੀ 12 ਲੱਖ ਤੱਕ ਪਹੁੰਚ ਸਕਦੀ ਹੈ। ਇਹ ਜਾਣਕਾਰੀ ਇਥੇ ਅਮਰੀਕੀ ਅੰਬੈਸੀ ਦੇ ਸੀਨੀਅਰ ਅਧਿਕਾਰੀ ਨੇ ਦਿੱਤੀ।

ਅਧਿਕਾਰੀਆਂ ਨੇ ਦੱਸਿਆ, 'ਵਾਸ਼ਿੰਗਟਨ ਲਈ ਭਾਰਤ ਪਹਿਲੀ ਤਰਜੀਹ ਹੈ ਤੇ ਸਾਡਾ ਟੀਚਾ ਹਾਲਾਤ ਨੂੰ ਅਗਲੇ ਸਾਲ ਦੇ ਮੱਧ ਤੱਕ ਕੋਵਿਡ-19 ਤੋਂ ਪਹਿਲਾਂ ਵਾਲੀ ਸਥਿਤੀ 'ਚ ਲਿਆਉਣ ਦਾ ਹੈ।' ਜ਼ਿਕਰਯੋਗ ਹੈ ਕਿ ਭਾਰਤ ਉਨ੍ਹਾਂ ਕੁਝ ਮੁਲਕਾਂ 'ਚੋਂ ਇਕ ਹੈ ਜਿੱਥੇ ਕਰੋਨਾ ਪਾਬੰਦੀਆਂ ਹਟਣ ਤੋਂ ਬਾਅਦ ਅਮਰੀਕਾ ਲਈ ਵੀਜ਼ਿਆਂ ਦੀਆਂ ਅਰਜ਼ੀਆਂ 'ਚ ਵੱਡਾ ਵਾਧਾ ਦੇਖਣ ਨੂੰ ਮਿਲਿਆ ਹੈ।




ਅਧਿਕਾਰੀਆਂ ਨੇ ਦੱਸਿਆ, 'ਵੀਜ਼ਾ ਦੇਣ ਲਈ ਲੰਮੇ ਸਮੇਂ ਦੀ ਉਡੀਕ ਨੂੰ ਧਿਆਨ 'ਚ ਰੱਖਦਿਆਂ ਅਮਰੀਕਾ ਹੋਰ ਵਧੇਰੇ ਮੁਲਾਜ਼ਮਾਂ ਨੂੰ ਕੰਮ 'ਤੇ ਰੱਖਣ ਅਤੇ 'ਡਰੌਪ ਬਾਕਸ' ਸਹੂਲਤ ਨੂੰ ਵਧਾਉਣ ਸਮੇਤ ਕਈ ਕਦਮ ਉਠਾ ਰਿਹਾ ਹੈ।' ਉਨ੍ਹਾਂ ਦੀ ਯੋਜਨਾ ਹਰ ਮਹੀਨੇ ਇਕ ਲੱਖ ਵੀਜ਼ੇ ਜਾਰੀ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਪਹਿਲਾਂ ਹੀ ਭਾਰਤੀਆਂ ਲਈ ਐੱਚ (ਐਚ।ਬੀ) ਅਤੇ ਐੱਨ ਸ਼੍ਰੇਣੀ ਦੇ ਵੀਜ਼ਿਆਂ ਦੀ ਤਰਜੀਹ ਦੇ ਆਧਾਰ 'ਤੇ ਪਛਾਣ ਕੀਤੀ ਹੈ ਅਤੇ ਵੀਜ਼ੇ ਨਵਿਆਉਣ ਦੇ ਇੱਛੁਕ ਲੋਕਾਂ ਲਈ ਹਾਲ ਹੀ 'ਚ ਤਕਰੀਬਨ ਇਕ ਲੱਖ ਸਲਾਟ ਜਾਰੀ ਕੀਤੇ ਸਨ।

ਕੁਝ ਸ਼੍ਰੇਣੀਆਂ ਲਈ ਉਡੀਕ ਦਾ ਸਮਾਂ ਪਹਿਲਾਂ ਦੇ 450 ਦਿਨ ਤੋਂ ਘਟਾ ਕੇ ਨੌਂ ਮਹੀਨੇ ਕਰ ਦਿੱਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਬੀ1, ਬੀ2 (ਬਿਜਨਸ ਤੇ ਟੂਰਿਜਮ) ਵੀਜ਼ਿਆਂ ਲਈ ਉਡੀਕ ਦਾ ਸਮਾਂ ਵੀ ਤਕਰੀਬਨ ਨੌਂ ਮਹੀਨੇ ਤੋਂ ਘੱਟ ਕੀਤਾ ਜਾ ਰਿਹਾ ਹੈ। ਅਧਿਕਾਰੀ ਨੇ ਕਿਹਾ ਕਿ ਅਮਰੀਕਾ ਵੱਲੋਂ ਜਾਰੀ ਕੀਤੇ ਜਾ ਰਹੇ ਵੀਜ਼ਿਆਂ ਦੀ ਗਿਣਤੀ ਦੇ ਮਾਮਲੇ 'ਚ ਭਾਰਤ ਦੇ ਦੂਜੇ ਸਥਾਨ 'ਤੇ ਜਾਣ ਦੀ ਉਮੀਦ ਹੈ।

# ਅੰਮ੍ਰਿਤਸਰ-ਨਨਕਾਣਾ ਸਾਹਿਬ ਬੱਸ ਸੇਵਾ ਬਹਾਲ ਕਰਨ ਦੀ ਮੰਗ ਉਠੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਅੰਮ੍ਰਿਤਸਰ-ਨਨਕਾਣਾ ਸਾਹਿਬ ਬੱਸ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਇਹ ਬੱਸ ਸੇਵਾ ਅਗਸਤ 2019 ਤੋਂ ਬੰਦ ਕੀਤੀ ਹੋਈ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਕ ਮਤਾ ਪਾਸ ਕੀਤਾ ਗਿਆ ਹੈ, ਜਿਸ ਨੂੰ ਕੇਂਦਰ ਸਰਕਾਰ ਕੋਲ ਭੇਜਿਆ ਜਾਵੇਗਾ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੋਵਾਂ ਦੇਸ਼ਾਂ ਵਿਚਾਲੇ ਚਲਦੀ ਸਮਝੌਤਾ ਐਕਸਪ੍ਰੈੱਸ ਰੇਲ ਗੱਡੀ ਬੰਦ ਹੋਣ ਕਾਰਨ ਸ਼ਰਧਾਲੂਆਂ 'ਤੇ ਪਏ ਅਸਰ ਦਾ ਜ਼ਿਕਰ ਕਰ ਚੁੱਕੇ ਹਨ। ਉਨ੍ਹਾਂ ਕਿਹਾ ਸੀ ਕਿ ਪਹਿਲਾਂ ਗਰੀਬ ਸ਼ਰਧਾਲੂ ਇਸ ਰੇਲ ਗੱਡੀ ਰਾਹੀਂ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਜਾਂਦੇ ਸਨ। ਉਨ੍ਹਾਂ ਨੇ ਦੋਵੇਂ ਦੇਸ਼ਾਂ ਵਿਚਾਲੇ ਚੱਲਦੀ ਰੇਲ ਗੱਡੀ ਨੂੰ ਮੁੜ ਸ਼ੁਰੂ ਕਰਨ ਲਈ ਵੀ ਆਖਿਆ ਸੀ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਮੈਂਬਰਾਂ ਵੱਲੋਂ ਇਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਦੋਵਾਂ ਦੇਸ਼ਾਂ ਵਿਚਾਲੇ ਚੱਲਦੀ ਰੇਲ ਸੇਵਾ ਤੇ ਬੱਸ ਸੇਵਾ ਨੂੰ ਮੁੜ ਸ਼ੁਰੂ ਕੀਤਾ ਜਾਵੇ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਵੀਜ਼ਾ ਕੇਂਦਰ ਸਥਾਪਤ ਕਰਨ, ਅਟਾਰੀ ਸਰਹੱਦ ਵਿਖੇ ਮੌਕੇ 'ਤੇ ਹੀ ਵੀਜ਼ੇ ਦੇਣ, ਸਾਲ ਵਿਚ ਸਿੱਖ ਸ਼ਰਧਾਲੂਆਂ ਦੇ ਚਾਰ ਜਥਿਆਂ ਦੀ ਥਾਂ ਸੱਤ ਜਥੇ ਭੇਜਣ ਦੀ ਪ੍ਰਵਾਨਗੀ ਦੇਣ, ਕਰਤਾਰਪੁਰ ਲਾਂਘੇ ਵਿਚ ਪਾਸਪੋਰਟ ਦੀ ਸ਼ਰਤ ਖਤਮ ਕਰਨ ਆਦਿ ਦੀ ਮੰਗ ਕੀਤੀ ਸੀ। ਜਨਰਲ ਹਾਊਸ ਵੱਲੋਂ ਪਾਸ ਕੀਤੇ ਗਏ ਇਹ ਮਤਾ ਕੇਂਦਰ ਸਰਕਾਰ ਨੂੰ ਭੇਜ ਦਿੱਤੇ ਗਏ ਹਨ। ਦੱਸਣਯੋਗ ਹੈ ਕਿ 2006 ਵਿਚ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਮਜ਼ਬੂਤ ਕਰਨ ਵਾਸਤੇ ਲੋਕਾਂ ਦੀ ਆਵਾਜਾਈ ਲਈ ਅੰਮ੍ਰਿਤਸਰ-ਲਾਹੌਰ ਤੇ ਅੰਮ੍ਰਿਤਸਰ- ਨਨਕਾਣਾ ਸਾਹਿਬ ਵਾਸਤੇ ਬੱਸ ਸੇਵਾ ਸ਼ੁਰੂ ਕੀਤੀ ਸੀ। ਭਾਰਤ ਵੱਲੋਂ ਇਸ ਬੱਸ ਸੇਵਾ ਨੂੰ 'ਪੰਜ-ਆਬ' ਅ ਪਾਕਿਸਤਾਨ ਵੱਲੋਂ 'ਦੋਸਤੀ' ਨਾਂ ਦਿੱਤਾ ਗਿਆ ਸੀ। 2019 'ਚ ਜੰਮੂ ਕਸ਼ਮੀਰ 'ਚੋਂ ਧਾਰਾ 370 ਹਟਾਇਆ ਵੇਲੇ ਪਾਕਿਸਤਾਨ ਵੱਲੋਂ ਰੋਸ ਵਜੋਂ ਰੇਲ ਤੇ ਬੱਸ ਸੇਵਾ ਬੰਦ ਕਰ ਦਿੱਤੀ ਗਈ ਸੀ।





## ਸਤਿਸੰਗ ਘਰ ਦੀ ਕੰਧ 'ਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖੇ

**ਫ਼ਿਰੋਜ਼ਪੁਰ:** ਕਸਬਾ ਤਲਵੰਡੀ ਭਾਈ ਦੇ ਪਿੰਡ ਲੱਲੇ ਵਿਚ ਸਥਿਤ ਰਾਧਾ ਸੁਆਮੀ ਸਤਿਸੰਗ ਘਰ ਦੀ ਕੰਧ 'ਤੇ ਸ਼ਰਾਰਤੀ ਅਨਸਰਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖ ਦਿੱਤੇ ਹਨ। ਸਵੇਰੇ ਸਤਿਸੰਗ ਦੇ ਸਮੇਂ ਤੋਂ ਕੁਝ ਚਿਰ ਪਹਿਲਾਂ ਜਦੋਂ ਡੇਰੇ ਦੇ ਸੇਵਾਦਾਰ ਉਥੇ ਪਹੁੰਚੇ ਤਾਂ ਉਨ੍ਹਾਂ ਪੁਲਿਸ ਨੂੰ ਸੂਚਨਾ ਦਿੱਤੀ। ਨਾਅਰਿਆਂ ਦੇ ਨਾਲ ਐਸ.ਐਫ.ਜੇ. ਵੀ ਲਿਖਿਆ ਹੋਇਆ ਸੀ। ਕਾਗਜ਼ੀ ਕਾਰਵਾਈ ਤੋਂ ਬਾਅਦ ਪੁਲਿਸ ਨੇ ਨਾਅਰੇ ਮਿਟਾ ਦਿੱਤੇ। ਪੁਲਿਸ ਵੱਲੋਂ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਜਿਹੀਆਂ ਘਟਨਾਵਾਂ ਇਸ ਜ਼ਿਲ੍ਹੇ ਵਿਚ ਪਹਿਲਾਂ ਵੀ ਕਈ ਵਾਰ ਹੋ ਚੁੱਕੀਆਂ ਹਨ।

# ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਸੰਪਰਕ ਨੂੰ ਹੋਰ ਹੁਲਾਰਾ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਆਉਣ ਵਾਲੀਆਂ ਸਰਦੀਆਂ ਲਈ 6 ਮੁਲਕਾਂ ਦੇ 9 ਕੌਮਾਂਤਰੀ ਤੇ ਭਾਰਤ ਦੇ 11 ਘਰੇਲੂ ਹਵਾਈ ਅੱਡਿਆਂ ਨਾਲ ਸਿੱਧੀਆਂ ਉਡਾਣਾਂ ਰਾਹੀਂ ਜੁੜ ਗਿਆ ਹੈ। ਹਵਾਈ ਸਰਦੀਆਂ ਨਵੰਬਰ ਤੋਂ ਸ਼ੁਰੂ ਹੋ ਕੇ ਮਾਰਚ ਵਿਚ ਖਤਮ ਹੁੰਦੀਆਂ ਹਨ।



ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਰਤੀ ਏਅਰਲਾਈਨ ਸਪਾਈਸਜੈੱਟ ਵੱਲੋਂ ਨਵੰਬਰ ਦੇ ਪਹਿਲੇ ਹਫਤੇ ਤੋਂ ਇਟਲੀ ਦੇ ਰੋਮ ਤੇ ਮਿਲਾਨ ਬਰਗਮੋ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਨਾਲ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਹੋਰ ਹੁਲਾਰਾ ਮਿਲਿਆ ਹੈ।

ਯੂਰਪ, ਯੂਕੇ ਤੇ ਉੱਤਰੀ ਅਮਰੀਕਾ ਨਾਲ ਅੰਮ੍ਰਿਤਸਰ ਦੇ ਵਿਸਤ੍ਰਿਤ ਹਵਾਈ ਸੰਪਰਕ ਬਾਰੇ ਉਨ੍ਹਾਂ ਦੱਸਿਆ ਕਿ ਏਅਰ ਇੰਡੀਆ 16 ਨਵੰਬਰ ਤੋਂ ਬਰਮਿੰਘਮ-ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਦੀ ਮੌਜੂਦਾ ਗਿਣਤੀ ਨੂੰ ਹਫਤੇ ਵਿਚ 2 ਤੋਂ ਵਧਾ ਕੇ 3 ਕਰ ਦਿੱਤਾ ਹੈ। ਇਸੇ ਤਰ੍ਹਾਂ ਲੰਡਨ-ਹੀਥਰੋ ਲਈ ਵੀ ਹਫਤੇ ਵਿਚ 3 ਸਿੱਧੀਆਂ ਉਡਾਣਾਂ ਦਾ ਸੰਚਾਲਨ ਕੀਤਾ ਜਾਵੇਗਾ। ਕਤਰ ਏਅਰਵੇਜ਼ ਦੋਹਾ ਰਾਹੀਂ ਅਮਰੀਕਾ, ਕੈਨੇਡਾ, ਯੂਰਪ, ਅਤੇ ਹੋਰਨਾਂ ਮੁਲਕਾਂ ਤੋਂ ਛੁੱਟੀਆਂ ਮਨਾਉਣ ਲਈ ਪੰਜਾਬ ਆਉਣ ਵਾਲੇ ਪਰਵਾਸੀ ਪੰਜਾਬੀਆਂ ਲਈ ਰੋਜ਼ਾਨਾ ਸਿੱਧੀ ਉਡਾਣ ਨਾਲ ਸੁਵਿਧਾਜਨਕ ਸੰਪਰਕ ਦੇ ਬਦਲ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਏਅਰ ਇੰਡੀਆ ਵੱਲੋਂ ਦਿੱਲੀ-ਅੰਮ੍ਰਿਤਸਰ ਦਰਮਿਆਨ ਉਡਾਣਾਂ ਦੀ ਗਿਣਤੀ ਵਧਾਈ ਗਈ ਹੈ।

# ਕੈਲੀਫੋਰਨੀਆ ਅਸੈਂਬਲੀ ਵਿਚ ਪਹਿਲੀ ਸਿੱਖ ਮਹਿਲਾ ਬਣੀ ਜਸਮੀਤ ਕੌਰ ਬੈਂਸ

**ਨਿਊ ਯਾਰਕ:** ਬੇਕਰਜ਼ਫੀਲਡ ਦੀ ਡਾਕਟਰ ਜਸਮੀਤ ਕੌਰ ਬੈਂਸ ਕੈਲੀਫੋਰਨੀਆ ਅਸੈਂਬਲੀ ਲਈ ਚੁਣੀ ਜਾਣ ਵਾਲੀ ਭਾਰਤੀ ਮੂਲ ਦੀ ਪਹਿਲੀ ਸਿੱਖ ਔਰਤ ਬਣ ਗਈ ਹੈ। ਕੇਰਨ ਕਾਊਂਟੀ ਵਿਚ 35ਵੇਂ ਅਸੈਂਬਲੀ ਜ਼ਿਲ੍ਹੇ ਲਈ ਡੈਮੋਕਰੇਟ ਬਨਾਮ ਡੈਮੋਕਰੇਟ ਦੀ ਦੌੜ ਵਿਚ ਬੈਂਸ ਨੇ ਆਪਣੀ ਵਿਰੋਧੀ ਲੈਟੀਸੀਆ ਪੇਰੇਜ਼ ਨੂੰ ਹਰਾਇਆ।

ਚੋਣ ਨਤੀਜਿਆਂ ਅਨੁਸਾਰ ਬੈਂਸ ਨੇ 10,827 (58.9 ਫੀਸਦੀ) ਅਤੇ ਪੇਰੇਜ਼ ਨੇ 7,555 (41.1 ਫੀਸਦੀ) ਵੋਟਾਂ ਹਾਸਲ ਕੀਤੀਆਂ। ਜ਼ਿਕਰਯੋਗ ਹੈ ਕਿ ਬੈਂਸ ਬੇਕਰਜ਼ਫੀਲਡ ਰਿਕਵਰੀ ਸਰਵਿਸਿਜ਼ ਵਿਚ ਮੈਡੀਕਲ ਡਾਇਰੈਕਟਰ ਹੈ। ਆਪਣੇ ਚੋਣ ਪ੍ਰਚਾਰ ਦੌਰਾਨ ਉਸ ਨੇ ਸਿਹਤ ਸੰਭਾਲ, ਬੇਘਰਾਂ ਨੂੰ ਘਰ ਦੇਣ, ਪਾਣੀ ਨਾਲ ਸਬੰਧਤ ਬੁਨਿਆਦੀ ਢਾਂਚਿਆਂ ਤੇ ਹਵਾ ਦੀ ਗੁਣਵੱਤਾ ਸੁਧਾਰਨ ਵਰਗੇ ਮੁੱਦੇ ਚੁੱਕੇ ਸਨ।

ਇਸ ਦੌਰਾਨ ਉਸ ਨੇ ਕਿਹਾ ਕਿ ਉਹ ਜਿੱਤ ਤੋਂ ਉਤਸ਼ਾਹਿਤ ਹੈ। ਉਸ ਨੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਚਾਹੁੰਦੀ ਹੈ ਕਿ ਦੇਸ਼ ਵਿਚ ਸਹੀ ਕਾਨੂੰਨ ਬਣਨ ਅਤੇ ਇਸੇ ਕਰਕੇ ਉਹ ਡਾਕਟਰੀ ਪੇਸ਼ੇ ਦੇ ਨਾਲ ਸਿਆਸਤ ਵਿਚ ਆਈ ਹੈ। ਡਾਕਟਰ ਬਣਨ ਤੋਂ ਪਹਿਲਾਂ ਉਹ ਆਪਣੇ ਪਿਤਾ ਨਾਲ ਆਟੋ ਮਕੈਨਿਕ ਤੇ ਕਾਰ ਡੀਲਰਸ਼ਿਪ ਦੇ ਕੰਮ ਵਿਚ ਵੀ ਹੱਥ ਵਟਾਉਂਦੀ ਰਹੀ ਹੈ। ਉਹ ਕੈਲੀਫੋਰਨੀਆ ਅਕੈਡਮੀ ਆਫ ਫੈਮਿਲੀ ਫਿਜ਼ੀਸ਼ੀਅਨਜ਼ ਵੱਲੋਂ 2010 ਦੇ ਹੀਰੋ ਆਫ ਫੈਮਿਲੀ ਮੈਡੀਸਨ ਅਤੇ ਗ੍ਰੇਟਰ ਬੇਕਰਜ਼ਫੀਲਡ ਚੈਂਬਰ ਆਫ ਕਾਮਰਸ ਵੱਲੋਂ 2021 ਬਿਊਟੀਫੁੱਲ ਬੇਕਰਜ਼ਫੀਲਡ ਐਵਾਰਡ ਨਾਲ ਸਨਮਾਨੀ ਜਾ ਚੁੱਕੀ ਹੈ।

# Matrimonials

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com 46-49

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.) 40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456 37-40

## ਲੜਕੀ ਦੀ ਲੋੜ ਹੈ

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614. 46-49

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178 44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com. 42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ। 43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715 41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com 41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com 41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 35----


AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141

(Consular Expert with more than 10 years of experience)

E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA. Located in INDIANAPOLIS (IN)*

ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰਨ:
608-886-2500

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:
847-359-0746

Visit us on the web:**wwwpunjabtimesusa.com**

# ਸਰਕਾਰੀ ਨੀਤੀਆਂ ਦੇ ਪੈਰ ਨਹੀਂ ਲੱਗਣ ਦੇ ਰਹੀ ਪੰਜਾਬ ਦੀ ਅਫਸਰਸ਼ਾਹੀ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਨੇ ਇਸ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਹਰਾ ਕੇ ਸੱਤਾ ਆਮ ਆਦਮੀ ਪਾਰਟੀ ਦੇ ਹੱਥਾਂ ਵਿਚ ਸੌਂਪੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਚੁੱਕ ਸਮਾਗਮ ਤੋਂ ਲੈ ਕੇ ਕਈ ਵਾਰ ਦੁਹਰਾਇਆ ਹੈ ਕਿ ਸੂਬਾ ਸਰਕਾਰ ਪਿੰਡਾਂ ਤੇ ਵਾਰਡਾਂ ਵਿਚੋਂ ਚੱਲੇਗੀ ਤੇ ਚੰਡੀਗੜ੍ਹ ਜਾਂ ਵੱਡੇ ਦਫਤਰਾਂ ਵਿਚ ਬੈਠਣ ਵਾਲੇ ਅਧਿਕਾਰੀ ਪਿੰਡਾਂ ਵਿਚ ਜਾ ਕੇ ਵਿਕਾਸ ਕੰਮਾਂ ਅਤੇ ਯੋਜਨਾਵਾਂ ਦੀ ਸਾਰ ਲੈਣਗੇ।

ਇਸੇ ਮਕਸਦ ਨਾਲ ਸੂਬਾ ਸਰਕਾਰ ਨੇ ਸਭ ਤੋਂ ਸੀਨੀਅਰ 17 ਆਈ.ਏ.ਐਸ. ਅਫਸਰਾਂ ਨੂੰ ਪਿੰਡਾਂ ਵਿਚ ਜਾ ਕੇ ਜਾਇਜ਼ਾ ਲੈਣ ਦੀ ਹਦਾਇਤ ਕੀਤੀ ਸੀ। ਅਧਿਕਾਰੀਆਂ ਨੂੰ 21 ਅਕਤੂਬਰ, 27 ਅਕਤੂਬਰ ਤੇ ਹੁਣ 9 ਨਵੰਬਰ ਨੂੰ ਤਿੰਨ ਵਾਰ ਯਾਦਪੱਤਰ ਨੁਮਾ ਚਿੱਠੀਆਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਸ਼ਾਸਨਿਕ ਜਮਾਤ ਦੀ ਲੋਕਾਂ ਪ੍ਰਤੀ ਪ੍ਰਤੀਬੱਧਤਾ ਬਹੁਤ ਘੱਟ ਹੈ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਾਰ-ਵਾਰ ਪੁੱਛਿਆ ਗਿਆ ਹੈ ਕਿ ਕਿਹੜੇ-ਕਿਹੜੇ ਉਚ ਅਧਿਕਾਰੀ ਜ਼ਿਲ੍ਹਿਆਂ ਦੇ ਕਦੋਂ-ਕਦੋਂ ਦੌਰਿਆਂ 'ਤੇ ਗਏ ਤੇ ਇਨ੍ਹਾਂ ਦੌਰਿਆਂ ਦੌਰਾਨ ਕੀ ਕਾਰਗੁਜ਼ਾਰੀ ਕੀਤੀ। ਮੁੱਖ ਮੰਤਰੀ ਦੇ ਹੁਕਮਾਂ ਦੇ ਹਵਾਲੇ ਨਾਲ ਉਚ ਅਫਸਰਾਂ ਨੂੰ ਅਲਾਟ ਜ਼ਿਲ੍ਹਿਆਂ ਦੇ ਕੀਤੇ ਦੌਰਿਆਂ ਦੀ ਰਿਪੋਰਟ ਦੇਣ ਲਈ ਹੁਣ ਤੀਜੀ ਵਾਰ ਪੱਤਰ ਜਾਰੀ ਕੀਤਾ ਗਿਆ ਹੈ। ਬੇਸ਼ੱਕ ਕੁਝ ਉਚ ਅਧਿਕਾਰੀ ਇਕ-ਇਕ ਦਿਨ ਜ਼ਿਲ੍ਹਿਆਂ ਦਾ ਗੇੜਾ ਵੀ ਮਾਰ ਆਏ ਹਨ, ਪਰ ਬਹੁਗਿਣਤੀ ਉੱਚ ਅਫਸਰਾਂ ਵੱਲੋਂ ਹਾਲੇ ਤੱਕ ਇਹ ਰਿਪੋਰਟ ਮੁੱਖ ਮੰਤਰੀ ਕੋਲ ਪੇਸ਼ ਨਹੀਂ ਕੀਤੀ ਗਈ। ਪ੍ਰਸ਼ਾਸਕੀ ਮਾਹਰ ਆਖਦੇ ਹਨ ਕਿ ਅਸਲ ਵਿਚ ਪੰਜਾਬ ਦੀ ਨੌਕਰਸ਼ਾਹੀ ਨੂੰ ਰਾਜਧਾਨੀ ਦੇ ਸੁੱਖ ਦੀ ਆਦਤ ਪੈ ਗਈ ਹੈ ਤੇ ਬਹੁਤੇ ਅਧਿਕਾਰੀ ਪੰਜਾਬ ਦਾ ਗੇੜਾ ਮਾਰਨ ਨੂੰ ਬੋਝ ਮੰਨਦੇ ਹਨ। ਅਕਾਲੀ ਭਾਜਪਾ ਹਕੂਮਤ ਸਮੇਂ ਵੀ ਇਕ ਵਾਰੀ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਚ ਅਫਸਰਾਂ ਨੂੰ ਹਫਤੇ ਤੋਂ ਦੋ ਤਿੰਨ ਦਿਨ ਸੂਬੇ ਵਿਚ ਜਾਣ ਦੀ ਹਦਾਇਤ ਕੀਤੀ ਸੀ।



ਆਮ ਰਾਜ ਪ੍ਰਬੰਧ ਵਿਭਾਗ ਨੇ 9 ਨਵੰਬਰ ਨੂੰ 17 ਉੱਚ ਅਧਿਕਾਰੀਆਂ ਨੂੰ ਪੱਤਰ ਜਾਰੀ ਕਰਕੇ ਦੌਰਿਆਂ ਦੀ ਰਿਪੋਰਟ ਦੇਣ ਲਈ ਕਿਹਾ ਹੈ। ਵਿਭਾਗ ਨੇ ਅੱਠ ਨੁਕਤਿਆਂ ਬਾਰੇ ਰਿਪੋਰਟ ਮੰਗੀ ਹੈ, ਜਿਨ੍ਹਾਂ ਵਿਚ ਖਰੀਦ ਪ੍ਰਬੰਧਾਂ, ਪਰਾਲੀ ਪ੍ਰਬੰਧਨ, ਆਮ ਆਦਮੀ ਕਲੀਨਿਕਾਂ, ਸੇਵਾ ਕੇਂਦਰਾਂ, ਵਿਕਾਸ ਕੰਮਾਂ, ਜ਼ਿਲ੍ਹਿਆਂ ਦੇ ਟੀਚਿਆਂ, ਕੌਮੀ ਸੜਕ ਮਾਰਗਾਂ ਲਈ ਜ਼ਮੀਨ ਐਕੁਆਇਰ ਕਰਨ ਦੇ ਮੁੱਦੇ ਤੇ ਸਰਕਾਰ ਦੇ ਧਿਆਨ ਵਿਚ ਫੌਰੀ ਲਿਆਉਣ ਵਾਲੇ ਮੁੱਦੇ ਸ਼ਾਮਲ ਹਨ।

ਮੁੱਖ ਮੰਤਰੀ ਵੱਲੋਂ 5 ਅਪਰੈਲ ਨੂੰ ਹੀ ਉੱਚ ਅਧਿਕਾਰੀਆਂ ਦੀਆਂ ਜ਼ਿਲ੍ਹਿਆਂ ਵਿਚ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਨ, ਪਰ ਸਰਕਾਰੀ ਤੰਤਰ ਨੇ ਕਈ ਮਹੀਨੇ ਉਚ ਅਫਸਰਾਂ ਨੂੰ ਜ਼ਿਲ੍ਹੇ ਅਲਾਟ ਕਰਨ ਵਿਚ ਹੀ ਕੱਢ ਦਿੱਤੇ। ਆਮ ਰਾਜ ਪ੍ਰਬੰਧ ਵਿਭਾਗ ਨੇ ਪਹਿਲਾਂ 21 ਅਕਤੂਬਰ ਤੇ ਫਿਰ 27 ਅਕਤੂਬਰ ਨੂੰ ਦੌਰਿਆਂ ਦੀ ਰਿਪੋਰਟ ਮੰਗੀ ਸੀ। ਪੰਜਾਬ ਇਸ ਵੇਲੇ ਸੰਕਟਾਂ 'ਚੋਂ ਗੁਜ਼ਰ ਰਿਹਾ ਹੈ ਅਤੇ ਪਰਾਲੀ ਪ੍ਰਦੂਸ਼ਣ ਦਾ ਮੁੱਦਾ ਇਸ ਵੇਲੇ ਸਭ ਤੋਂ ਗੰਭੀਰ ਬਣਿਆ ਹੋਇਆ ਹੈ। ਕਿਸੇ ਵੇਲੇ ਪ੍ਰਕਾਸ਼ ਸਿੰਘ ਬਾਦਲ ਸੰਗਤ ਦਰਸ਼ਨ ਪ੍ਰੋਗਰਾਮ ਕਰਦੇ ਹੁੰਦੇ ਸਨ ਤਾਂ ਉਦੋਂ ਚੰਡੀਗੜ੍ਹ ਤੋਂ ਕੁਝ ਕੁ ਉਚ ਅਫਸਰਾਂ ਨੂੰ ਪਿੰਡਾਂ ਵਿਚ ਜਾਣਾ ਪੈਂਦਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਹਕੂਮਤ ਦੌਰਾਨ ਨੌਕਰਸ਼ਾਹੀ ਦਾ ਦਾਬਾ ਬਣਿਆ ਰਿਹਾ ਹੈ ਅਤੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਵੀ ਇਸ ਬਾਰੇ ਗਿਲਾ ਰਹਿੰਦਾ ਸੀ।

## ਜੈਵਿਕ ਖੇਤੀ ਨੂੰ ਹੱਲਾਸ਼ੇਰੀ ਦੇਵੇਗੀ ਪੰਜਾਬ ਸਰਕਾਰ

**ਖਮਾਣੋਂ:** ਪੇਂਡੂ ਵਿਕਾਸ, ਪੰਚਾਇਤ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਜ ਪੰਜਾਬ ਵਿਚ ਜੈਵਿਕ ਖੇਤੀ ਬਹੁਤ ਜਰੂਰੀ ਅਤੇ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਜਿਸ ਤੇਜੀ ਨਾਲ ਖੇਤੀ 'ਚ ਕੀਟਨਾਸ਼ਕਾਂ ਤੇ ਰਸਾਇਣਾਂ ਦੀ ਵਰਤੋਂ ਹੋ ਰਹੀ ਹੈ, ਉਸ ਨਾਲ ਮਨੁੱਖੀ ਸਿਹਤ ਨੂੰ ਕਈ ਤਰ੍ਹਾਂ ਦੀਆਂ ਖਤਰਨਾਕ ਬਿਮਾਰੀਆਂ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਜੈਵਿਕ ਖੇਤੀ ਕਰਕੇ ਹੀ ਮਨੁੱਖੀ ਤੰਦਰੁਸਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਉਹ ਸਬ-ਡਿਵੀਜ਼ਨ ਖਮਾਣੋਂ ਦੇ ਸੰਘੋਲ ਵਿਚ ਸਿਆਮਾ ਪ੍ਰਸ਼ਾਦ ਮੁਖਰਜੀ ਰੂਰਲ-ਅਰਬਨ ਮਿਸ਼ਨ ਤਹਿਤ 4.37 ਕਰੋੜ ਦੀ ਲਾਗਤ ਨਾਲ ਬਣੇ ਦੇਸ਼ ਦੇ ਦੂਜੇ ਪੰਜਾਬ ਐਗਰੋ ਪ੍ਰੋਸੈਸਿੰਗ ਮਿਲ ਆਰਗੈਨਿਕ ਰਾਈਸ ਫਲੋਰ ਦੇ ਉਦਘਾਟਨ ਮੌਕੇ ਸੰਬੋਧਨ ਕਰ ਰਹੇ ਸਨ।



ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਕੇਂਦਰ ਨਾਲ ਗੱਲ ਕਰ ਕੇ ਪੰਜਾਬ ਅੰਦਰ ਅਜਿਹੇ ਯੂਨਿਟ ਹੋਰ ਲਗਾਉਣ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪਿੰਡਾਂ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਅਜਿਹੇ ਪ੍ਰੋਜੈਕਟ ਲਗਾਉਣੇ ਬਹੁਤ ਜਰੂਰੀ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਸੂਬੇ ਦੇ ਸਭ ਤੋਂ ਵੱਧ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਹਨ। ਫਸਲ ਦਾ ਸਹੀ ਭਾਅ ਮਿਲਣ ਨਾਲ ਜੈਵਿਕ ਖੇਤੀ ਨੂੰ ਹੁਲਾਰਾ ਮਿਲੇਗਾ ਤੇ ਸੂਬਾ ਸਰਕਾਰ ਇਸ ਵੱਲ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ।

## ਪੀ.ਜੀ.ਆਈ. 'ਚ ਹੁਣ ਕੰਮਕਾਰ ਹਿੰਦੀ ਵਿਚ ਹੋਵੇਗਾ

**ਚੰਡੀਗੜ੍ਹ:** ਪੰਜਾਬੀ ਬੋਲਦੇ ਦੋ ਦਰਜਨ ਤੋਂ ਵੱਧ ਪਿੰਡਾਂ ਨੂੰ ਉਜਾੜ ਕੇ ਵਸਾਏ ਗਏ ਸ਼ਹਿਰ ਚੰਡੀਗੜ੍ਹ ਦੀ ਪ੍ਰਮੁੱਖ ਮੈਡੀਕਲ ਸੰਸਥਾ ਪੀ.ਜੀ.ਆਈ. ਐਮ.ਈ.ਆਰ. ਵਿਚ ਸਮੁੱਚਾ ਕੰਮ-ਕਾਰ ਹਿੰਦੀ ਭਾਸ਼ਾ ਵਿਚ ਕਰਨ ਦਾ ਤਹੱਈਆ ਕੀਤਾ ਗਿਆ ਹੈ। ਇਸ ਸਬੰਧੀ ਪੀ.ਜੀ.ਆਈ. ਚੰਡੀਗੜ੍ਹ ਵਿਚ 'ਹਿੰਦੀ ਰਾਜ ਭਾਸ਼ਾ' ਵਿਸ਼ੇ 'ਤੇ ਇਕ ਸਮਾਗਮ ਕਰਵਾਇਆ ਗਿਆ।

ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਦੀ ਪ੍ਰਧਾਨਗੀ ਹੇਠ ਕਰਵਾਏ ਇਸ ਸਮਾਗਮ ਵਿਚ ਹਾਜ਼ਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਭਾਰਤ ਸਰਕਾਰ ਦੀ ਰਾਜ ਭਾਸ਼ਾ ਨੀਤੀ ਬਾਰੇ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਰਾਜ ਭਾਸ਼ਾ ਹਿੰਦੀ ਦੇਸ਼ ਦੇ ਲੋਕਾਂ ਨੂੰ ਇਕ ਮਾਲਾ ਵਿਚ ਪਰੋਣ ਵਿਚ ਮਹੱਤਵਪੂਰਨ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਸਥਾ ਵਿਚ ਕੰਮ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਕੰਮ-ਕਾਜ ਹਿੰਦੀ ਭਾਸ਼ਾ ਵਿਚ ਕਰਨ। ਪ੍ਰੋ. ਵਿਵੇਕ ਲਾਲ ਨੇ ਪ੍ਰੋ. ਬਬੀਤਾ ਘਈ, ਡਾ. ਵਰੁਣ ਸਿੰਗਲਾ, ਡਾ. ਦੀਪਿਕਾ ਬੰਸਲ ਅਤੇ ਡਾ. ਰਜਨੀ ਸ਼ਰਮਾ ਵੱਲੋਂ ਹਿੰਦੀ ਵਿਚ ਤਿਆਰ ਪੁਸਤਕ 'ਪੀਠ ਦਰਦ: ਕਾਰਨ ਔਰ ਨਿਵਾਰਨ' ਅਤੇ ਸੀਨੀਅਰ ਤਕਨੀਸ਼ੀਅਨ ਆਦਿੱਤਯ ਨਾਗਰਥ ਵੱਲੋਂ ਲਿਖੀ ਪੁਸਤਕ 'ਚੰਡੀਗੜ੍ਹ ਸਪਨੋਂ ਕਾ ਸ਼ਹਿਰ' ਲੋਕ ਅਰਪਣ ਕੀਤੀ ਗਈ।




ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਕੁਮਾਰ ਗੌਰਵ ਧਵਨ ਨੇ ਕਿਹਾ ਕਿ ਸੰਸਥਾ ਵਿਚ ਹਿੰਦੀ ਭਾਸ਼ਾ 'ਚ ਕੰਮ ਕਰਨ ਲਈ ਲੋੜੀਂਦੀ ਸਮੱਗਰੀ ਉਪਲਬਧ ਹੈ। ਕੁਮਾਰ ਗੌਰਵ ਧਵਨ ਨੇ ਪੀ.ਜੀ.ਆਈ. ਦੇ ਸਾਰੇ ਡਾਕਟਰਾਂ, ਅਧਿਕਾਰੀਆਂ, ਕਰਮਚਾਰੀਆਂ ਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਾਰਾ ਕੰਮ-ਕਾਜ ਹਿੰਦੀ ਭਾਸ਼ਾ ਵਿਚ ਕਰਨ ਨੂੰ ਤਰਜੀਹ ਦੇਣ।

## ਕੈਦੀਆਂ ਨੂੰ ਨਸ਼ਾ ਦੇਣ ਦੇ ਦੋਸ਼ ਹੇਠ ਡੀ.ਐਸ.ਪੀ. ਗ੍ਰਿਫਤਾਰ

**ਫ਼ਿਰੋਜ਼ਪੁਰ:** ਫ਼ਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਕੈਦੀਆਂ ਤੇ ਹਵਾਲਾਤੀਆਂ ਨੂੰ ਨਸ਼ਾ ਤੇ ਮੋਬਾਈਲ ਫੋਨ ਸਪਲਾਈ ਕਰਨ ਦੇ ਦੋਸ਼ ਹੇਠ ਪੁਲਿਸ ਨੇ ਡਿਪਟੀ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਨੂੰ ਗ੍ਰਿਫਤਾਰ ਕੀਤਾ ਹੈ। ਡੀ.ਐਸ.ਪੀ. ਧਾਲੀਵਾਲ ਖ਼ਿਲਾਫ਼ ਥਾਣਾ ਸਿਟੀ ਵਿਚ ਕੇਸ ਦਰਜ ਕੀਤਾ ਗਿਆ ਹੈ।

ਪੁਲਿਸ ਨੂੰ ਇਸ ਡੀ.ਐਸ.ਪੀ. ਦੇ ਪਾਕਿਸਤਾਨ ਵਿਚ ਬੈਠੇ ਨਸ਼ਾ ਤਸਕਰਾਂ ਨਾਲ ਸਬੰਧ ਹੋਣ ਦਾ ਸ਼ੱਕ ਵੀ ਹੈ। ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਮੋਹਿਤ ਧਵਨ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਥੋਂ ਦੀ ਕੇਂਦਰੀ ਜੇਲ੍ਹ ਅੰਦਰ ਤਾਇਨਾਤ ਡਿਪਟੀ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਆਪਣੇ ਜੇਲ੍ਹ ਸਟਾਫ ਨਾਲ ਮਿਲ ਕੇ ਕੈਦੀਆਂ ਤੇ ਹਵਾਲਾਤੀਆਂ ਨੂੰ ਵੱਡੇ ਪੱਧਰ 'ਤੇ ਨਸ਼ਾ ਅਤੇ ਮੋਬਾਈਲ ਫੋਨ ਮੁਹੱਈਆ ਕਰਵਾਉਂਦਾ ਹੈ।



ਇਹ ਡੀ.ਐਸ.ਪੀ. ਬਾਹਰੋਂ ਨਸ਼ਾ ਤਸਕਰਾਂ ਤੋਂ ਨਸ਼ਾ ਲੈ ਕੇ ਖੁਦ ਜੇਲ੍ਹ ਅੰਦਰ ਸਪਲਾਈ ਕਰਦਾ ਹੈ। ਮੁਖ਼ਬਰ ਨੇ ਪੁਲਿਸ ਨੂੰ ਦੋ ਮੋਬਾਈਲ ਨੰਬਰ ਵੀ ਦੱਸੇ ਜੋ ਜੇਲ੍ਹ ਅੰਦਰ ਐਕਟਿਵ ਸਨ। ਪੁਲਿਸ ਮੁਤਾਬਕ ਮੁਖ਼ਬਰ ਨੇ ਦੱਸਿਆ ਕਿ ਇਹ ਜੇਲ੍ਹ ਅਧਿਕਾਰੀ ਅਤਿਵਾਦੀਆਂ ਤੇ ਨਸ਼ਾ ਤਸਕਰਾਂ ਨਾਲ ਮਿਲ ਕੇ ਡਰੋਨ ਰਾਹੀਂ ਜੇਲ੍ਹ ਅੰਦਰ ਨਸ਼ਾ, ਮੋਬਾਈਲ ਫੋਨ ਤੇ ਹੋਰ ਚੀਜ਼ਾਂ ਭੇਜਣ ਦੀ ਯੋਜਨਾ ਬਣਾ ਰਿਹਾ ਸੀ। ਇਹ ਵੀ ਪਤਾ ਲੱਗਾ ਹੈ ਕਿ ਡੀ.ਐਸ.ਪੀ. ਧਾਲੀਵਾਲ ਨੇ ਕੁਝ ਦਿਨ ਪਹਿਲਾਂ ਮੋਟੀ ਰਕਮ ਲੈ ਕੇ ਪੰਜ ਮੋਬਾਈਲ ਫੋਨ ਇਸ ਜੇਲ੍ਹ ਅੰਦਰ ਬੰਦ ਗੈਂਗਸਟਰਾਂ ਤੇ ਅਤਿਵਾਦੀਆਂ ਨੂੰ ਮੁਹੱਈਆ ਕਰਵਾਏ ਸਨ।

ਪੁਲਿਸ ਵੱਲੋਂ ਹਾਲਾਂਕਿ ਅਜੇ ਤੱਕ ਸਿੱਧੇ ਤੌਰ 'ਤੇ ਇਸ ਡਿਪਟੀ ਸੁਪਰਡੈਂਟ ਕੋਲੋਂ ਕੋਈ ਇਤਰਾਜ਼ਯੋਗ ਸਮੱਗਰੀ ਬਰਾਮਦ ਹੋਣ ਦਾ ਖੁਲਾਸਾ ਨਹੀਂ ਕੀਤਾ ਹੈ। ਫਿਲਹਾਲ ਜਾਣਕਾਰੀ ਦੇ ਅਧਾਰ 'ਤੇ ਪੁਲਿਸ ਨੇ ਇਸ ਜੇਲ੍ਹ ਅਧਿਕਾਰੀ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਹੈ।

## ਸਰਕਾਰੀ ਅਧਿਆਪਕਾਂ ਨੂੰ ਵਿਦੇਸ਼ੋਂ ਸਿਖਲਾਈ ਦਿਵਾਉਣ ਲਈ ਮੁਹਿੰਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਅਧਿਆਪਕਾਂ ਨੂੰ ਵਿਦੇਸ਼ਾਂ ਵਿਚੋਂ ਸਿਖਲਾਈ ਦਿਵਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੁਧਿਆਣਾ ਵਿਚ ਐਲਾਨ ਕੀਤਾ ਗਿਆ ਸੀ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ 'ਚੋਂ ਵਿਸ਼ੇਸ਼ ਸਿਖਲਾਈ ਦਿਵਾਈ ਜਾਵੇਗੀ, ਜਿਸ ਦੇ ਆਧਾਰ 'ਤੇ ਹੀ ਇਹ ਕਾਰਵਾਈ ਸਕੂਲ ਸਿੱਖਿਆ ਵਿਭਾਗ ਵੱਲੋਂ ਆਰੰਭੀ ਗਈ ਹੈ।



ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਸਿਖਲਾਈ ਵਾਸਤੇ ਦਫਤਰ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪਰਿਸ਼ਦ ਤਹਿਤ 'ਅੰਤਰਰਾਸ਼ਟਰੀ ਵਿੱਦਿਅਕ ਮਾਮਲਿਆਂ ਦਾ ਸੈੱਲ' ਬਣਾਇਆ ਗਿਆ ਹੈ ਤਾਂ ਜੋ ਸਿੱਖਿਆ ਪ੍ਰਸ਼ਾਸਕਾਂ, ਸਕੂਲ ਮੁਖੀਆਂ ਤੇ ਵੱਖ-ਵੱਖ ਕਾਡਰਾਂ ਤਹਿਤ ਕੰਮ ਕਰ ਰਹੇ ਅਧਿਆਪਕਾਂ ਨੂੰ ਸਿੱਖਿਆ ਦੇ ਖੇਤਰ ਵਿਚ ਬਿਹਤਰ ਕਾਰਗੁਜ਼ਾਰੀ ਲਈ ਦੇਸ਼ ਦੇ ਅੰਦਰ ਤੇ ਵਿਦੇਸ਼ਾਂ ਵਿਚ ਕਾਰਜ ਕਰ ਰਹੀਆਂ ਸੰਸਥਾਵਾਂ ਕੋਲੋਂ ਓਰੀਐਂਟੇਸ਼ਨ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਇਸ ਸੈੱਲ ਦੀ ਸਥਾਪਨਾ ਦਾ ਮੁੱਖ ਉਦੇਸ਼ ਸਿੱਖਿਆ ਵਿਭਾਗ ਵਿਚੋਂ ਉਨ੍ਹਾਂ ਅਧਿਕਾਰੀਆਂ ਤੇ ਅਧਿਆਪਕਾਂ ਦੀ ਪਾਰਦਰਸ਼ੀ ਢੰਗ ਨਾਲ ਚੋਣ ਕਰਨਾ ਹੈ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਸੰਸਥਾਵਾਂ 'ਚੋਂ ਪੰਜਾਬ ਦੀ ਸਕੂਲੀ ਸਿੱਖਿਆ ਦੇ ਵਿਕਾਸ ਲਈ ਸਿਖਲਾਈ ਪ੍ਰਾਪਤ ਕਰਨ ਲਈ ਭੇਜਿਆ ਜਾਣਾ ਹੈ ਤਾਂ ਜੋ ਭਵਿੱਖ ਵਿਚ ਵਧੀਆ ਕਾਰਗੁਜ਼ਾਰੀ ਰਾਹੀਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

## ਵੰਡ ਦੇ 75 ਵਰ੍ਹਿਆਂ ਬਾਅਦ ਵਿਛੜੇ ਸਕੇ ਭੈਣ-ਭਰਾ ਦਾ ਹੋਇਆ ਮੇਲ

**ਅੰਮ੍ਰਿਤਸਰ:** ਦੇਸ਼ ਦੀ ਵੰਡ ਵੇਲੇ ਵਿੱਛੜੇ ਸਕੇ ਭੈਣ ਭਰਾ ਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਦੀ ਮੁਲਾਕਾਤ 75 ਵਰ੍ਹਿਆਂ ਬਾਅਦ ਸੰਭਵ ਹੋ ਸਕੀ ਹੈ। 1947 ਦੇ ਫਿਰਕੂ ਦੰਗਿਆਂ ਵੇਲੇ ਜ਼ਿਲ੍ਹਾ ਮਾਂਟਗੁਮਰੀ (ਮੌਜੂਦਾ ਨਾਂ ਸਾਹੀਵਾਲ) ਦੇ ਸ਼ਹਿਰ ਚੀਚਾਵਤਨੀ ਵਿਚ ਜਦੋਂ ਨਿੱਜਰ ਪਰਿਵਾਰ ਦੇ 11 ਮੈਂਬਰ ਦੰਗਾਕਾਰੀਆਂ ਹੱਥੋਂ ਮਾਰੇ ਗਏ ਤਾਂ ਉਕਤ ਪਰਿਵਾਰ ਦੇ ਬਚੇ ਮੈਂਬਰ ਉਥੋਂ ਜਾਨਾਂ ਬਚਾਅ ਕੇ ਪਹਿਲਾਂ ਭਾਰਤੀ ਪਿੰਡ ਪੰਡੋਰੀ ਅਤੇ ਫਿਰ ਜ਼ਿਲ੍ਹਾ ਜਲੰਧਰ ਦੇ ਨਜ਼ਦੀਕ ਆਦਮਪੁਰ ਵਿਖੇ ਆਬਾਦ ਹੋ ਗਏ।

ਹਾਲਾਂਕਿ, ਇਸ ਭੱਜ-ਦੌੜ ਵਿਚ ਉਕਤ ਪਰਿਵਾਰ ਦਾ ਵੱਡਾ ਪੁੱਤਰ ਮੋਹਨ ਸਿੰਘ ਨਿੱਜਰ ਪਾਕਿਸਤਾਨ ਵਿਚ ਹੀ ਰਹਿ ਗਿਆ। ਮੋਹਨ ਸਿੰਘ ਨਿੱਜਰ ਤੋਂ ਅਬਦੁਲ ਖਾਲਕ (82 ਸਾਲ) ਬਣ ਚੁੱਕੇ ਉਕਤ ਬਜ਼ੁਰਗ ਦੀ ਵੰਡ ਵੇਲੇ ਹੱਡਬੀਤੀਆਂ ਘਟਨਾਵਾਂ ਉਤੇ ਆਧਾਰਿਤ ਇਕ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ 'ਤੇ ਉਨ੍ਹਾਂ ਦੇ 75 ਵਰ੍ਹੇ ਪਹਿਲਾਂ ਵਿੱਛੜੇ ਅਤੇ ਮੌਜੂਦਾ ਸਮੇਂ ਕੈਨੇਡਾ, ਆਸਟ੍ਰੇਲੀਆ ਆਦਿ ਵਿਖੇ ਰਹਿ ਰਹੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਪਛਾਣ ਲਿਆ। ਪਰਿਵਾਰ ਦੇ ਹੋਰਨਾਂ ਮੈਂਬਰਾਂ ਨਾਲ ਕੈਨੇਡਾ ਤੋਂ ਪਹੁੰਚੀ ਅਬਦੁਲ ਖਾਲਕ ਦੀ ਵਿੱਛੜੀ ਭੈਣ ਨਿਰਮਲ ਕੌਰ ਬਸਰਾ ਨੇ ਭਰਾ ਨੂੰ ਗਲਵੱਕੜੀ ਵਿਚ ਲੈ ਕੇ ਅਤਿ ਭਾਵੁਕ ਹੁੰਦਿਆਂ ਦੱਸਿਆ ਕਿ ਸੋਸ਼ਲ ਮੀਡੀਆ ਉਤੇ ਮੋਹਨ ਸਿੰਘ ਨਿੱਜਰ ਬਨਾਮ ਅਬਦੁਲ ਖਾਲਕ ਦੀ ਵਾਇਰਲ ਹੋਈ ਵੀਡੀਓ ਵਿਚ ਉਸ ਦੇ ਤਿੰਨ ਅੰਗੂਠਿਆਂ ਤੋਂ ਉਸ ਨੂੰ ਪਛਾਣਿਆ ਸੀ। ਮੋਹਨ ਸਿੰਘ ਨੇ ਦੱਸਿਆ ਕਿ ਦੰਗਿਆਂ ਵੇਲੇ ਪਿੰਡ ਦੇ ਨੰਬਰਦਾਰ ਨੇ ਉਸ ਨੂੰ ਦੰਗਾਕਾਰੀਆਂ ਕੋਲੋਂ ਬਚਾਅ ਕੇ ਆਪਣੇ ਘਰ ਰੱਖ ਲਿਆ ਅਤੇ ਆਪਣਾ ਪੁੱਤਰ ਬਣਾ ਲਿਆ। ਪਹਿਲਾਂ ਉਨ੍ਹਾਂ ਚੀਚਾਵਤਨੀ ਵਿਚ ਰਹਿਣਾ ਸ਼ੁਰੂ ਕੀਤਾ ਅਤੇ ਹੁਣ ਉਹ ਆਪਣੇ 118 ਮੈਂਬਰਾਂ ਦੇ ਵਿਸ਼ਾਲ ਪਰਿਵਾਰ ਨਾਲ ਜ਼ਿਲ੍ਹਾ ਵਿਹਾੜੀ ਦੇ ਸ਼ਹਿਰ ਬੂਰੇਵਾਲਾ ਦੇ ਪਿੰਡ 371 ਈ. ਬੀ. ਵਿਚ ਰਹਿ ਰਹੇ ਹਨ।

## ਸੁਧੀਰ ਸੂਰੀ ਨੂੰ ਮਾਰਨ ਵਾਲੇ ਸੰਦੀਪ ਦੇ ਪਰਿਵਾਰ ਨੇ ਸੁਰੱਖਿਆ ਮੰਗੀ

**ਅੰਮ੍ਰਿਤਸਰ:** ਸ਼ਿਵ ਸੈਨਾ ਆਗੂ ਸੁਧੀਰ ਸੂਰੀ ਨੂੰ ਕਤਲ ਕਰਨ ਵਾਲੇ ਸੰਦੀਪ ਸਿੰਘ ਸੰਨੀ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ ਅਤੇ ਉਨ੍ਹਾਂ ਦੀ ਦੁਕਾਨ ਦੀ ਭੰਨ-ਤੋੜ ਕਰਕੇ ਅੱਗ ਲਾਉਣ ਅਤੇ ਦੁਕਾਨ ਦੇ ਮੁਲਾਜ਼ਮਾਂ ਦੀ ਕੁੱਟਮਾਰ ਕਰਨ ਵਾਲਿਆਂ ਖਿਲਾਫ ਕੇਸ ਦਰਜ ਕਰਕੇ ਸਖਤ ਕਾਰਵਾਈ ਕੀਤੀ ਜਾਵੇ।

ਇਸ ਸਬੰਧੀ ਸੰਨੀ ਦੇ ਦੋ ਭਰਾ ਮਨਦੀਪ ਸਿੰਘ ਤੇ ਹਰਦੀਪ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਪੁਲਿਸ ਕਮਿਸ਼ਨਰ ਅਰੁਣ ਪਾਲ ਸਿੰਘ ਨੂੰ ਦੋ ਵੱਖ-ਵੱਖ ਮੰਗ ਪੱਤਰ ਦਿੱਤੇ ਹਨ। ਇਨ੍ਹਾਂ ਮੰਗ ਪੱਤਰਾਂ ਵਿਚ ਦੋਸ਼ ਲਾਇਆ ਗਿਆ ਹੈ ਕਿ 4 ਨਵੰਬਰ ਨੂੰ ਸ਼ਾਮ ਲਗਭਗ ਚਾਰ ਵਜੇ 40-50 ਸ਼ਿਵ ਸੈਨਾ ਕਾਰਕੁਨਾਂ ਨੇ ਉਨ੍ਹਾਂ ਦੀਆਂ ਦੋ ਦੁਕਾਨਾਂ ਦੀ ਭੰਨ-ਤੋੜ ਕੀਤੀ ਤੇ ਇਕ ਦੁਕਾਨ ਨੂੰ ਅੱਗ ਲਾ ਦਿੱਤੀ। ਹਮਲਾਵਰਾਂ ਵੱਲੋਂ ਦੁਕਾਨਾਂ 'ਤੇ ਕੰਮ ਕਰਦੇ ਕਰਿੰਦਿਆਂ ਦੀ ਕੁੱਟਮਾਰ ਵੀ ਕੀਤੀ ਗਈ। ਇਹ ਸਾਰੀ ਘਟਨਾ ਦੁਕਾਨ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋਈ ਹੈ।



ਉਨ੍ਹਾਂ ਕਿਹਾ ਕਿ ਇਸ ਮਗਰੋਂ ਉਨ੍ਹਾਂ ਦੇ ਘਰ ਦੇ ਬਾਹਰ ਆ ਕੇ ਹਮਲਾਵਰਾਂ ਨੇ ਪਰਿਵਾਰ ਦੀਆਂ ਔਰਤਾਂ ਦੀ ਬੇਇੱਜ਼ਤੀ ਕਰਨ ਤੇ ਸਾਰਿਆਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਪੁੱਤਰ ਮਾਣਕ ਸੂਰੀ ਤੇ ਰਾਹੁਲ ਨਾਂ ਦਾ ਇਕ ਵਿਅਕਤੀ ਇਸ ਭੀੜ ਦੀ ਅਗਵਾਈ ਕਰ ਰਹੇ ਸਨ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਵਾਲੰਟੀਅਰ ਨੂੰ 'ਆਸਟਰੇਲੀਅਨ ਆਫ ਦਿ ਯੀਅਰ' ਐਵਾਰਡ

**ਮੈਲਬਰਨ:** ਆਸਟਰੇਲੀਆ ਵਿਚ ਦਸਤਾਰ ਬੰਨ੍ਹਣ ਅਤੇ ਦਾੜ੍ਹੀ ਰੱਖਣ ਕਾਰਨ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨ ਵਾਲੇ ਭਾਰਤੀ ਮੂਲ ਦੇ ਸਿੱਖ ਵਾਲੰਟੀਅਰ ਅਮਰ ਸਿੰਘ (41) ਦਾ ਕੁਦਰਤੀ ਆਫਤਾਂ ਅਤੇ ਵਿਸ਼ਵ ਮਹਾਮਾਰੀ ਦੌਰਾਨ ਭਾਈਚਾਰੇ ਦੀ ਮਦਦ ਲਈ '2023 ਨਿਊ ਸਾਊਥ ਵੇਲਜ ਆਸਟਰੇਲੀਅਨ ਆਫ ਦਿ ਯੀਅਰ ਐਵਾਰਡ' ਨਾਲ ਸਨਮਾਨ ਕੀਤਾ ਗਿਆ।

ਨਿਊ ਸਾਊਥ ਵੇਲਜ ਸਰਕਾਰ ਨੇ ਉਨ੍ਹਾਂ ਨੂੰ 'ਸਥਾਨਕ ਨਾਇਕ' ਦੀ ਸ਼੍ਰੇਣੀ ਵਿਚ ਇਹ ਪੁਰਸਕਾਰ ਦਿੱਤਾ ਹੈ। ਭਾਰਤੀ ਮੂਲ ਦੇ ਸਿੱਖ ਅਮਰ ਸਿੰਘ ਨੇ ਸੱਤ ਸਾਲ ਪਹਿਲਾਂ 'ਟਰਬਨਜ 4 ਆਸਟਰੇਲੀਆ' ਦੀ ਸਥਾਪਨਾ ਕੀਤੀ ਸੀ। ਇਹ ਸੰਸਥਾ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ, ਉੱਜੜੇ ਅਤੇ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਕਰਦੀ ਹੈ। ਨਿਊ ਸਾਊਥ ਵੇਲਜ ਸਰਕਾਰ ਵੱਲੋਂ ਜਾਰੀ ਬਿਆਨ ਮੁਤਾਬਕ ਵੰਨ-ਸਵੰਨਤਾ ਵਾਲੇ ਸਭਿਆਚਾਰ ਅਤੇ ਸਮਾਜਿਕ ਏਕਤਾ ਦੀ ਵਕਾਲਤ ਕਰਨ ਵਾਲੇ ਅਮਰ ਸਿੰਘ ਨੂੰ ਦਸਤਾਰ ਬੰਨ੍ਹਣ ਅਤੇ ਦਾੜ੍ਹੀ ਰੱਖਣ ਕਾਰਨ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਸੀ।

# ਟੈਕਸਸ ਵਿਚ 84 ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ

**ਅੰਮ੍ਰਿਤਸਰ:** ਅਮਰੀਕਾ ਦੇ ਹੋਰ ਕਈ ਸੂਬਿਆਂ ਵਾਂਗ ਟੈਕਸਸ ਵਿਧਾਨ ਸਭਾ ਦੇ ਨੁਮਾਇੰਦਿਆਂ ਨੇ ਵੀ ਨਵੰਬਰ 1984 ਵਿਚ ਭਾਰਤ ਦੇ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਵਿਚ ਵਾਪਰੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਸੂਬੇ ਨਿਊਜਰਸੀ, ਪੈਨਸਿਲਵੇਨੀਆ, ਕਨੈਕਟੀਕਟ ਵਿਚ '84 ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ।

ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਟੈਕਸਸ ਦੇ ਵਿਧਾਨਕਾਰਾਂ ਨੇ 1984 ਵਿਚ ਵਾਪਰੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਹੈ। ਇਸ ਸਬੰਧੀ ਟੈਕਸਸ ਦੇ ਵਿਧਾਨਕਾਰ ਟੈਰੀ ਮੇਜਾ ਨੇ ਇਕ ਮਤਾ ਜਾਰੀ ਕੀਤਾ, ਜਿਸ ਨੂੰ ਵਿਧਾਨ ਸਭਾ ਦੇ ਨੁਮਾਇੰਦੇ ਤੇ ਕਾਂਗਰਸ ਮਹਿਲਾ ਆਗੂ ਜੈਸਮੀਨ ਕ੍ਰੋਕੇਟ ਨੇ ਸਮਰਥਨ ਦਿੱਤਾ ਹੈ। ਮਤੇ ਵਿਚ ਆਖਿਆ ਗਿਆ ਕਿ ਨਵੰਬਰ, 1984 ਵਿਚ ਭਾਰਤ 'ਚ ਸਿੱਖ ਭਾਈਚਾਰੇ 'ਤੇ ਯੋਜਨਾਬੱਧ ਢੰਗ ਨਾਲ ਹਮਲਾ ਕੀਤਾ ਗਿਆ ਸੀ, ਜਿਸ ਦੌਰਾਨ ਤਿੰਨ ਦਿਨਾਂ ਵਿਚ 30 ਹਜ਼ਾਰ ਤੋਂ ਵੱਧ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਹਿੰਸਾਕਾਰੀਆਂ ਨੂੰ ਪੁਲਿਸ ਅਤੇ ਸਰਕਾਰ ਦੀ ਸ਼ਹਿ ਪ੍ਰਾਪਤ ਸੀ। ਮਤੇ ਅਨੁਸਾਰ ਸੰਯੁਕਤ ਰਾਸ਼ਟਰ ਦੀ ਨਸਲਕੁਸ਼ੀ ਸਬੰਧੀ ਨਿਯਮ ਦੀ ਧਾਰਾ ਦੋ ਤਹਿਤ ਇਹ ਘਟਨਾਵਾਂ ਸਿੱਖ ਨਸਲਕੁਸ਼ੀ ਹਨ।

## ਸਿਮਰਨਜੀਤ ਵੱਲੋਂ ਸ੍ਰੀਨਗਰ ਤੋਂ ਚੋਣ ਲੜਨ ਦਾ ਐਲਾਨ

**ਜੰਮੂ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਸਰਕਾਰ ਉਤੇ ਕਸ਼ਮੀਰ ਵਿਚ ਦਾਖਲੇ ਤੋਂ ਇਨਕਾਰ ਕੀਤੇ ਜਾਣ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ 2024 ਦੀਆਂ ਲੋਕ ਸਭਾ ਚੋਣਾਂ ਸ੍ਰੀਨਗਰ ਤੋਂ ਲੜਨ ਜਾ ਰਹੇ ਹਨ। ਪੰਜਾਬ ਦੇ ਸੰਗਰੂਰ ਤੋਂ ਸੰਸਦ ਮੈਂਬਰ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਣ ਲਈ ਕਠੂਆ ਪੁੱਜੇ ਸਨ, ਪਰ ਉਨ੍ਹਾਂ ਨੂੰ ਹੋਟਲ ਤੋਂ ਬਾਹਰ ਨਹੀਂ ਜਾਣ ਦਿੱਤਾ ਗਿਆ, ਹਾਲਾਂਕਿ ਉਨ੍ਹਾਂ ਦੇ ਨੁਮਾਇੰਦੇ ਅਦਾਲਤ ਵਿਚ ਪੇਸ਼ ਹੋਏ, ਜਿਨ੍ਹਾਂ 29 ਨਵੰਬਰ ਨੂੰ ਕੇਸ ਦੀ ਸੁਣਵਾਈ ਕਰਨ ਦਾ ਫੈਸਲਾ ਕੀਤਾ।

# ਗੈਰਕਾਨੂੰਨੀ ਪਰਵਾਸ ਰੋਕਣ ਲਈ ਬਰਤਾਨੀਆ ਤੇ ਫਰਾਂਸ ਸਮਝੌਤਾ

**ਪੈਰਿਸ:** ਬਰਤਾਨੀਆ ਤੇ ਫਰਾਂਸ ਦੇ ਗ੍ਰਹਿ ਮੰਤਰੀਆਂ ਨੇ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ, ਜਿਸ ਤਹਿਤ ਉੱਤਰੀ ਫਰਾਂਸ ਦੇ ਤੱਟਾਂ 'ਤੇ ਪੁਲਿਸ ਦੀ ਗਸ਼ਤ ਵਧਾਈ ਜਾਵੇਗੀ ਤੇ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਵਿਅਕਤੀਆਂ ਨੂੰ ਰੋਕਣ ਦਾ ਯਤਨ ਕੀਤਾ ਜਾਵੇਗਾ। ਸਮਝੌਤੇ ਤਹਿਤ ਫਰਾਂਸ ਵੱਲੋਂ ਤੱਟ 'ਤੇ ਸਮੁੰਦਰੀ ਸੁਰੱਖਿਆ ਵਿਚ 40 ਫੀਸਦ ਵਾਧਾ ਕੀਤਾ ਜਾਵੇਗਾ, ਜਿਸ ਬਦਲੇ ਬਰਤਾਨਵੀ ਸਰਕਾਰ ਫਰਾਂਸ ਨੂੰ 2022-23 ਵਿਚ 7.22 ਕਰੋੜ ਯੂਰੋ ਦੇਵੇਗੀ। ਇਸ ਵਿਚ ਕਾਲੈਸ ਅਤੇ ਡੰਕਿਰਕ ਵਿਚ ਤੱਟਾਂ ਦੀ ਰਾਖੀ ਲਈ 350 ਹੋਰ ਫਰਾਂਸੀਸੀ ਸੈਨਿਕਾਂ ਅਤੇ ਪੁਲਿਸ ਮੁਲਾਜ਼ਮਾਂ ਸਮੇਤ ਡਰੋਨ ਅਤੇ ਨਾਈਟ ਵਿਜਨ ਉਪਕਰਨਾਂ ਦੀ ਤਾਇਨਾਤੀ ਸ਼ਾਮਲ ਹੈ। ਫਰਾਂਸ ਦੇ ਗ੍ਰਹਿ ਮੰਤਰੀ ਗੈਰਾਲਡ ਡਰਮੈਨਿਨ ਤੇ ਬਰਤਾਨੀਆ ਦੇ ਗ੍ਰਹਿ ਸਕੱਤਰ ਸੁਏਲਾ ਬ੍ਰੇਵਰਮੈਨ ਨੇ ਪੈਰਿਸ ਵਿਚ ਸਮਝੌਤੇ 'ਤੇ ਦਸਤਖ਼ਤ ਕੀਤੇ।

## ਦੁਨੀਆ ਦੀ ਆਬਾਦੀ 8 ਅਰਬ ਨੂੰ ਟੱਪੀ

**ਸੰਯੁਕਤ ਰਾਸ਼ਟਰ:** ਵਿਸ਼ਵ ਦੀ ਆਬਾਦੀ ਅੱਠ ਅਰਬ ਤੱਕ ਪਹੁੰਚ ਗਈ। ਇਸ ਦੇ ਨਾਲ ਹੀ ਭਾਰਤ ਅਗਲੇ ਸਾਲ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਛਾੜਨ ਦੇ ਕੰਢੇ ਪੁੱਜ ਗਿਆ ਹੈ।

# ਪਾਣੀਆਂ ਬਾਰੇ ਮਾਹੌਲ ਫਿਰ ਭਖਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਵਿਚ ਸਪੱਸ਼ਟ ਕੀਤਾ ਸੀ ਕਿ ਹਰਿਆਣਾ ਨੂੰ ਸਿਰਫ ਨੰਗਲ ਹਾਈਡਲ ਚੈਨਲ ਤੋਂ ਪਾਣੀ ਮਿਲ ਰਿਹਾ ਹੈ ਤੇ ਇਹ ਚੈਨਲ 66 ਸਾਲ ਪੁਰਾਣਾ ਹੈ। ਉਨ੍ਹਾਂ ਕਿਹਾ ਕਿ ਜੇ ਇਹ ਚੈਨਲ ਖਰਾਬ ਹੋ ਜਾਂਦਾ ਹੈ ਤਾਂ ਹਰਿਆਣਾ ਨੂੰ ਪਾਣੀ ਨਹੀਂ ਮਿਲੇਗਾ ਅਤੇ ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਬਣ ਸਕਦੀ ਹੈ।

ਪੰਜਾਬ ਨੇ ਪੱਖ ਰੱਖਿਆ ਸੀ ਕਿ 150 ਬਲਾਕਾਂ 'ਚੋਂ 117 ਬਲਾਕ ਡਾਰਕ ਜ਼ੋਨ ਵਿਚ ਆ ਗਏ ਹਨ। ਪੰਜਾਬ ਨੇ ਹਰਿਆਣਾ ਦੀ ਤਰਜ਼ 'ਤੇ ਹੀ ਯਮੁਨਾ ਦੇ ਪਾਣੀਆਂ 'ਚੋਂ ਹਿੱਸੇਦਾਰੀ ਦੀ ਮੰਗ ਰੱਖੀ। ਪੰਜਾਬ ਨੇ ਉਪਲਬਧ ਪਾਣੀਆਂ ਦੇ ਮੁਲਾਂਕਣ ਲਈ ਨਵਾਂ ਜਲ ਟ੍ਰਿਬਿਊਨਲ ਬਣਾਏ ਜਾਣ ਦੀ ਮੰਗ ਵੀ ਰੱਖੀ। ਚੇਅਰਮੈਨ ਅਮਿਤ ਸ਼ਾਹ ਨੇ ਮਸ਼ਵਰਾ ਦਿੱਤਾ ਕਿ ਪੰਜਾਬ ਨੂੰ ਪਾਣੀ ਦੀ ਖਪਤ 'ਚ ਕਮੀ ਲਈ ਸਿੰਜਾਈ ਅਤੇ ਹੋਰ ਤਰੀਕਿਆਂ 'ਤੇ ਕੰਮ ਕਰਨਾ ਚਾਹੀਦਾ ਹੈ। ਦੱਸ ਦਈਏ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 14 ਅਕਤੂਬਰ ਨੂੰ ਚੰਡੀਗੜ੍ਹ ਵਿਚ ਪਾਣੀਆਂ ਦੇ ਮੁੱਦੇ 'ਤੇ ਸਾਂਝੀ ਮੀਟਿੰਗ ਕੀਤੀ ਸੀ ਜਿਸ 'ਚ ਪੰਜਾਬ ਨੇ ਐਸ.ਵਾਈ.ਐਲ. ਦੀ ਉਸਾਰੀ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ 6 ਸਤੰਬਰ 2022 ਨੂੰ ਇਸ ਮੁੱਦੇ 'ਤੇ ਸਹਿਮਤੀ ਬਣਾਉਣ ਲਈ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਨਿਰਦੇਸ਼ ਦਿੱਤੇ ਸਨ।

ਉਧਰ, ਵਿਰੋਧੀ ਧਿਰਾਂ ਵੱਲੋਂ ਆਮ ਆਦਮੀ ਪਾਰਟੀ ਉਤੇ ਵੀ ਦੋਸ਼ ਲਾਏ ਜਾ ਰਹੇ ਹਨ ਕਿ ਉਹ ਦਿੱਲੀ ਤੇ ਹਰਿਆਣੇ ਨੂੰ ਪੰਜਾਬ ਦਾ ਪਾਣੀ ਦੇਣ ਦੀ ਤਿਆਰੀ ਕਰ ਰਹੀ ਹੈ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਆਪ ਪੰਜਾਬ ਦੇ ਪਾਣੀਆਂ ਉਤੇ ਡਾਕਾ ਮਾਰਨ ਦੀ ਤਿਆਰੀ ਕਰ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਮਨੋਹਰ ਲਾਲ ਖੱਟਰ ਵਿਚਾਲੇ 14 ਅਕਤੂਬਰ ਨੂੰ ਚੰਡੀਗੜ੍ਹ ਵਿਚ ਹੋਈ ਮੀਟਿੰਗ ਨੂੰ ਸ਼ੱਕੀ ਨਿਗ੍ਹਾ ਨਾਲ ਵੇਖਿਆ ਗਿਆ ਸੀ। ਉਸ ਸਮੇਂ ਕੁਝ ਕਿਸਾਨ ਜਥੇਬੰਦੀਆਂ ਨੇ ਇਸ ਨੂੰ ਪੰਜਾਬ ਖਿਲਾਫ ਸਾਜ਼ਿਸ਼ ਦੱਸਦੇ ਹੋਏ ਮੋਰਚਾ ਲਾਉਣ ਦਾ ਐਲਾਨ ਕੀਤਾ ਸੀ।

ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ ਪੰਜ ਕਿਸਾਨ ਜਥੇਬੰਦੀਆਂ ਦੀ ਮੀਟਿੰਗ 'ਚ ਪਾਣੀ ਦੇ ਗੰਭੀਰ ਸੰਕਟ, ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਤੇ ਸੂਬੇ ਦੇ ਸੰਘੀ ਢਾਂਚੇ 'ਤੇ ਹਮਲਿਆਂ ਖ਼ਿਲਾਫ਼ ਮੋਰਚਾ ਲਾਉਣ ਲਈ ਕਿਸਾਨਾਂ ਦੀ ਤਿਆਰੀ ਅਤੇ ਲਾਮਬੰਦੀ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਦਾ ਕਹਿਣਾ ਸੀ ਕਿ ਪਿਛਲੇ ਮਹੀਨੇ ਯੂਨੀਅਨਾਂ ਵੱਲੋਂ ਕਰਾਈਆਂ ਗਈਆਂ ਕਾਨਫਰੰਸਾਂ ਵਿਚ ਪਾਣੀ ਤੇ ਵਾਤਾਵਰਨ ਕੇਂਦਰੀ ਬਿੰਦੂ ਬਣ ਕੇ ਉਭਰੇ ਹਨ ਜਿਨ੍ਹਾਂ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਲੋਕ ਸੰਘਰਸ਼ ਕਰਨ ਦੇ ਰੌਂਅ ਵਿਚ ਹਨ। ਆਗੂਆਂ ਨੇ ਕਿਹਾ ਕਿ ਪੰਜ ਦਰਿਆਵਾਂ ਦੀ ਧਰਤੀ ਦੀ ਵਾਹੀਯੋਗ ਜ਼ਮੀਨ ਪਾਣੀ ਨੂੰ ਤਰਸ ਰਹੀ ਹੈ ਅਤੇ ਸਿਰਫ 27 ਫੀਸਦੀ ਜ਼ਮੀਨ ਨੂੰ ਹੀ ਨਹਿਰੀ ਪਾਣੀ ਮਿਲ ਰਿਹਾ ਹੈ। ਸਿਆਸੀ ਧਿਰਾਂ ਨੇ ਰਿਪੇਰੀਅਨ ਸਿਧਾਂਤ ਤੇ ਪਾਣੀਆਂ ਦਾ ਸਥਾਈ ਹੱਲ ਕਰਨ ਦੀ ਥਾਂ ਸਿਰਫ ਇਸ ਮੁੱਦੇ ਦਾ ਸਿਆਸੀਕਰਨ ਹੀ ਕੀਤਾ ਹੈ।

## ਏਅਰ ਇੰਡੀਆ ਨੂੰ 14 ਲੱਖ ਡਾਲਰ ਜੁਰਮਾਨਾ

**ਵਾਸ਼ਿੰਗਟਨ:** ਅਮਰੀਕੀ ਸਰਕਾਰ ਨੇ ਕੋਵਿਡ-19 ਮਹਾਮਾਰੀ ਦੌਰਾਨ ਉਡਾਣਾਂ ਰੱਦ ਹੋਣ ਜਾਂ ਉਨ੍ਹਾਂ ਦੇ ਸਮੇਂ ਵਿਚ ਤਬਦੀਲੀ ਕਾਰਨ ਪ੍ਰਭਾਵਿਤ ਯਾਤਰੀਆਂ ਨੂੰ ਟਿਕਟਾਂ ਦੇ ਪੈਸੇ ਵਾਪਸ ਕਰਨ ਵਿਚ ਦੇਰੀ ਲਈ ਏਅਰ ਇੰਡੀਆ ਉਤੇ 14 ਲੱਖ ਡਾਲਰ ਦਾ ਜੁਰਮਾਨਾ ਕੀਤਾ ਹੈ। ਯੂ.ਐਸ. ਡਿਪਾਰਟਮੈਂਟ ਆਫ ਟ੍ਰਾਂਸਪੋਰਟੇਸ਼ਨ ਨੇ ਕਿਹਾ ਕਿ ਏਅਰ ਇੰਡੀਆ ਉਨ੍ਹਾਂ ਛੇ ਏਅਰਲਾਈਨਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਯਾਤਰੀਆਂ ਦੇ ਕੁੱਲ 60 ਕਰੋੜ ਡਾਲਰ ਵਾਪਸ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਪੰਜਾਬ ਸਰਕਾਰ ਵੱਲੋਂ ਹਥਿਆਰਾਂ ਨੂੰ ਠੱਲ੍ਹ ਪਾਉਣ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਦੱਸ ਰਹੀਆਂ ਹਨ। ਕੈਪਟਨ ਸਰਕਾਰ ਨੇ ਵੀ ਸਾਲ 2018 ਵਿਚ ਪਿਛਲੀ ਸਰਕਾਰ ਸਮੇਂ (2012-17) ਦੌਰਾਨ ਬਣੇ ਅਸਲਾ ਲਾਇਸੈਂਸਾਂ ਦੀ ਤਸਦੀਕ ਕਰਵਾਉਂਦਿਆਂ ਅਕਤੂਬਰ 2018 ਵਿਚ ਵਿਆਹ ਸਮਾਗਮਾਂ ਤੇ ਜਨਤਕ ਪ੍ਰੋਗਰਾਮਾਂ ਵਿਚ ਹਥਿਆਰ ਲਿਜਾਣ 'ਤੇ ਪਾਬੰਦੀ ਲਗਾਈ ਸੀ। ਨਵੀਂ ਸਰਕਾਰ ਵੱਲੋਂ ਹੁਣ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਛੇ ਕਦਮ ਉਠਾਏ ਜਾਣੇ ਹਨ, ਜਿਨ੍ਹਾਂ 'ਚ ਪਿਛਲੇ ਸਮੇਂ ਦੌਰਾਨ ਗਲਤ ਜਾਰੀ ਹੋਏ ਅਸਲਾ ਲਾਇਸੈਂਸਾਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਅਗਲੇ ਤਿੰਨ ਮਹੀਨਿਆਂ ਦੌਰਾਨ ਵਿਸ਼ੇਸ਼ ਹਾਲਾਤ ਵਿਚ ਹੀ ਅਸਲਾ ਲਾਇਸੈਂਸ ਜਾਰੀ ਹੋਵੇਗਾ। ਜ਼ਮੀਨੀ ਪੱਧਰ 'ਤੇ ਇਹ ਨੁਕਤੇ ਲਾਗੂ ਹੋਏ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਵੰਡੇ ਅਸਲਾ ਲਾਇਸੈਂਸਾਂ ਦੀ ਕਹਾਣੀ ਬੇਪਰਦ ਹੋਵੇਗੀ।

ਚੇਤੇ ਰਹੇ ਕਿ ਅੰਮ੍ਰਿਤਸਰ 'ਚ ਸੁਧੀਰ ਸੂਰੀ ਦੇ ਕਤਲ ਲਈ ਲਾਇਸੈਂਸੀ ਹਥਿਆਰ ਵਰਤਿਆ ਗਿਆ ਜਿਸ ਪਿੱਛੋਂ ਸਰਕਾਰ ਨੂੰ ਇਹ ਕਦਮ ਚੁੱਕਣਾ ਪਿਆ ਹੈ। ਇਸੇ ਤਰ੍ਹਾਂ ਸਰਕਾਰ ਨੇ ਸੋਸ਼ਲ ਮੀਡੀਆ ਸਮੇਤ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਪੁਲਿਸ ਦਾ ਸਾਈਬਰ ਸੈੱਲ ਸੋਸ਼ਲ ਮੀਡੀਆ 'ਤੇ ਨਜ਼ਰ ਰੱਖੇਗਾ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਅਤੇ ਹੋਰ ਸਮਾਗਮਾਂ ਵਿਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਮੁਕੰਮਲ ਪਾਬੰਦੀ ਰਹੇਗੀ। ਪੁਲਿਸ ਵੱਲੋਂ ਆਉਂਦੇ ਦਿਨਾਂ ਵਿਚ ਅਚਨਚੇਤ ਚੈਕਿੰਗ ਕੀਤੀ ਜਾਵੇਗੀ। ਕਿਸੇ ਵੀ ਭਾਈਚਾਰੇ ਖ਼ਿਲਾਫ਼ ਨਫਰਤੀ ਭਾਸ਼ਣ ਦੇਣ ਵਾਲੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇਗਾ।

ਯਾਦ ਰਹੇ ਕਿ ਪੰਜਾਬ ਵਿਚ ਪੰਦਰਾਂ ਘਰਾਂ ਪਿੱਛੇ ਇਕ ਲਾਇਸੈਂਸੀ ਹਥਿਆਰ ਹੈ। ਮੋਟੇ ਅੰਦਾਜ਼ੇ ਅਨੁਸਾਰ ਸੂਬੇ ਵਿਚ 3.75 ਲੱਖ ਲਾਇਸੈਂਸੀ ਹਥਿਆਰ ਹਨ। ਇਕੱਲੇ ਜ਼ਿਲ੍ਹਾ ਲੁਧਿਆਣਾ ਵਿਚ ਲਾਇਸੈਂਸਾਂ ਦਾ ਅੰਕੜਾ 30 ਹਜ਼ਾਰ ਦੇ ਨੇੜੇ ਹੈ ਜਦੋਂ ਕਿ ਪਟਿਆਲਾ ਜ਼ਿਲ੍ਹੇ ਵਿਚ 27 ਹਜ਼ਾਰ ਦੇ ਕਰੀਬ ਅਸਲ੍ਹਾ ਲਾਇਸੈਂਸ ਮੌਜੂਦ ਹਨ।

# ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੀਆਂ ਮੁਸ਼ਕਿਲਾਂ ਵਧੀਆਂ

**ਲੁਧਿਆਣਾ:** ਦਾਣਾ ਮੰਡੀ ਟਰਾਂਸਪੋਰਟੇਸ਼ਨ ਟੈਂਡਰ ਘੁਟਾਲੇ ਵਿਚ ਨਾਮਜ਼ਦ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਵਿਜੀਲੈਂਸ ਨੇ ਕਾਰਵਾਈ ਅੱਗੇ ਵਧਾਉਂਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਡਾ. ਅਜੀਤ ਅਤਰੀ ਦੀ ਅਦਾਲਤ ਵਿਚ 1556 ਪੇਜਾਂ ਦਾ ਚਲਾਨ ਬਣਾ ਕੇ ਪੂਰੀ ਫਾਈਲ ਪੇਸ਼ ਕੀਤੀ ਹੈ। ਐਸ.ਐਸ.ਪੀ. ਵਿਜੀਲੈਂਸ ਰਾਵਿੰਦਰਪਾਲ ਸਿੰਘ ਸੰਧੂ ਨੇ ਚਲਾਨ ਪੇਸ਼ ਕਰਨ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ ਵਿਜੀਲੈਂਸ ਨੇ ਤਿੰਨ ਮਹੀਨੇ ਦੇ ਅੰਦਰ ਚਲਾਨ ਪੇਸ਼ ਕਰਨਾ ਸੀ। ਵਿਜੀਲੈਂਸ ਟੀਮ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 22 ਅਗਸਤ ਨੂੰ ਗ੍ਰਿਫਤਾਰ ਕੀਤਾ ਸੀ।

ਵਿਜੀਲੈਂਸ ਨੇ ਤੇਲੂ ਰਾਮ ਠੇਕੇਦਾਰ, ਗੁਰਦਾਸ ਐਂਡ ਕੰਪਨੀ ਖਿਲਾਫ ਵੀ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਸ ਮਾਮਲੇ 'ਚ ਆਰ ਕੇ ਸਿੰਗਲਾ, ਸਾਬਕਾ ਮੰਤਰੀ ਦਾ ਪੀਏ ਮੀਨੂੰ ਪੰਕਜ ਮਲਹੋਤਰਾ, ਇੰਦਰਜੀਤ ਇੰਦੀ ਸਣੇ ਕਈ ਮੁਲਜ਼ਮ ਹਾਲੇ ਫ਼ਰਾਰ ਹਨ, ਜਿਨ੍ਹਾਂ ਦੀ ਭਾਲ ਲਈ ਟੀਮਾਂ ਲਗਾਤਾਰ ਛਾਪੇ ਮਾਰ ਰਹੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਿਸਾਨਾਂ ਵੱਲੋਂ ਵਿਧਾਇਕਾਂ ਦੀ ਘੇਰਾਬੰਦੀ ਪਿੱਛੋਂ ਝੁਕੀ ਸਰਕਾਰ

## ਗੰਨੇ ਦਾ ਭਾਅ 380 ਰੁਪਏ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ

**ਚੰਡੀਗੜ੍ਹ:** ਕਿਸਾਨ ਧਿਰਾਂ ਦੇ ਰੋਹ ਅੱਗੇ ਝੁਕਦੇ ਹੋਏ ਪੰਜਾਬ ਸਰਕਾਰ ਨੇ ਗੰਨੇ ਦਾ ਭਾਅ 380 ਰੁਪਏ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਰਕਾਰ ਨੇ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਛੇਤੀ ਕੀਮਤਾਂ ਵਿਚ ਵਾਧੇ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ ਪਰ ਉਸ ਮਗਰੋਂ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਨਾ ਹੀ ਭੁੱਲ ਗਈ। ਦੁਆਬਾ ਕਿਸਾਨ ਕਮੇਟੀ ਨੇ ਜਦੋਂ ਟਾਂਡਾ ਦੇ 'ਆਪ' ਵਿਧਾਇਕ ਜਸਵੀਰ ਸਿੰਘ ਅਤੇ ਦਸੂਹਾ ਦੇ 'ਆਪ' ਵਿਧਾਇਕ ਦੇ ਘਰ ਅੱਗੇ ਟਰੈਕਟਰ ਟਰਾਲੀਆਂ ਖੜ੍ਹੀਆਂ ਕਰ ਦਿੱਤੀਆਂ ਤਾਂ ਉਸ ਮਗਰੋਂ ਸਰਕਾਰ ਕਿਸਾਨਾਂ ਦੇ ਸੰਘਰਸ਼ ਅੱਗੇ ਝੁਕ ਗਈ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਿੜਾਈ ਸਾਲ 2022-23 ਦੌਰਾਨ ਫੇਅਰ ਐਂਡ ਰੈਮੋਨਿਊਰੇਟਿਵ ਪ੍ਰਾਈਸ ਤੇ ਸਟੇਟ ਐਗਰੀਡ ਪ੍ਰਾਈਸ ਦੇ ਮੁੱਲ ਦਾ ਅੰਤਰ ਪੰਜਾਬ ਸਰਕਾਰ ਤੇ



ਪ੍ਰਾਈਵੇਟ ਖੰਡ ਮਿੱਲਾਂ 2:1 ਅਨੁਪਾਤ ਅਨੁਸਾਰ ਤੈਅ ਹੈ। ਕੇਂਦਰ ਸਰਕਾਰ ਨੇ ਗੰਨੇ ਦੀਆਂ ਸਾਰੀਆਂ ਕਿਸਮਾਂ ਦਾ ਭਾਅ 305 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ, ਜਿਸ ਵਿਚ ਪੰਜਾਬ ਸਰਕਾਰ ਨੇ ਵਾਧਾ ਕਰ ਕੇ ਅਗੇਤੀ ਕਿਸਮ ਦੇ ਗੰਨੇ ਦਾ ਭਾਅ 380 ਰੁਪਏ ਅਤੇ ਦਰਮਿਆਨੀ ਕਿਸਮ ਦੇ ਗੰਨੇ ਦਾ ਭਾਅ 370 ਰੁਪਏ ਅਤੇ ਪਿਛੇਤੀ ਕਿਸਮ ਦੇ ਗੰਨੇ ਦਾ ਭਾਅ 365 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਖੇਤੀ ਮੰਤਰੀ ਨੇ ਦੱਸਿਆ ਕਿ ਸਰਕਾਰ ਦਾ ਬਣਦਾ ਹਿੱਸਾ 50 ਰੁਪਏ ਪ੍ਰਤੀ ਕੁਇੰਟਲ ਗੰਨਾ ਕਾਸ਼ਤਕਾਰਾਂ ਦੇ ਖਾਤਿਆਂ ਵਿਚ ਸਿੱਧੇ ਤੌਰ ਉਤੇ ਜਮ੍ਹਾਂ ਕਰਵਾਇਆ ਜਾਵੇਗਾ ਤੇ ਸਾਰੀਆਂ ਮਿੱਲਾਂ 20 ਨਵੰਬਰ ਤੋਂ ਗੰਨੇ ਦੀ ਪਿੜਾਈ ਸ਼ੁਰੂ ਕਰ ਦੇਣਗੀਆਂ।

ਦੋਆਬਾ ਕਿਸਾਨ ਕਮੇਟੀ ਦੇ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਨੇ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਖੰਡ ਮਿੱਲਾਂ ਚਲਾਉਣ ਦੀ ਮੰਗ ਪੂਰੀ ਕਰਨ 'ਤੇ ਕਮੇਟੀ ਵੱਲੋਂ ਕੀਤਾ ਜਾ ਰਿਹਾ ਸੰਘਰਸ਼ ਵਾਪਸ ਲੈ ਲਿਆ ਗਿਆ ਹੈ ਅਤੇ ਮੁਕੇਰੀਆਂ ਖੰਡ ਮਿੱਲ ਸਬੰਧੀ ਫੈਸਲਾ ਸੰਯੁਕਤ ਸੰਘਰਸ਼ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਲਿਆ ਜਾਵੇਗਾ। ਉਨ੍ਹਾਂ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਗੰਨੇ ਦੀ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਲਈ ਸਰਕਾਰ ਕੇਨ ਕਮਿਸ਼ਨਰ ਨੂੰ ਪਾਬੰਦ ਕਰੇ ਅਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਸ਼ੀ ਵੀ ਸਮੇਂ ਸਿਰ ਕਿਸਾਨਾਂ ਦੇ ਖਾਤਿਆਂ ਵਿਚ ਪਾਈ ਜਾਵੇ।

## ਸੱਤਰ ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਥਾਣਾ ਮੁਖੀ ਗ੍ਰਿਫ਼ਤਾਰ

**ਫ਼ਿਰੋਜ਼ਪੁਰ:** ਵਿਜੀਲੈਂਸ ਬਿਊਰੋ ਦੀ ਸਥਾਨਕ ਟੀਮ ਨੇ ਇਥੋਂ ਦੇ ਥਾਣਾ ਕੁਲਗੜੀ ਦੇ ਮੁਖੀ ਇੰਸਪੈਕਟਰ ਰੁਪਿੰਦਰਪਾਲ ਸਿੰਘ ਨੂੰ ਸੱਤਰ ਹਜ਼ਾਰ ਰੁਪਏ ਰਿਸ਼ਵਤ ਲੈਣ ਤੇ ਤੀਹ ਹਜ਼ਾਰ ਰੁਪਏ ਹੋਰ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਸ਼ਿਕਾਇਤਕਰਤਾ ਨੇ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਇਸ ਥਾਣੇਦਾਰ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ।

ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਪਿੰਡ ਕਾਸੂਬੇਗੂ ਦੇ ਗਗਨਦੀਪ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਥਾਣਾ ਕੁਲਗੜੀ ਵਿਚ ਦਰਜ ਇਕ ਕੇਸ ਸਬੰਧੀ ਥਾਣਾ ਮੁਖੀ ਵੱਲੋਂ ਅੱਸੀ ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਵਿਜੀਲੈਂਸ ਵੱਲੋਂ ਜਦੋਂ ਪੜਤਾਲ ਕੀਤੀ ਗਈ ਤਾਂ ਇਹ ਦੋਸ਼ ਸਹੀ ਪਾਏ ਗਏ, ਜਿਸ ਮਗਰੋਂ ਇੰਸਪੈਕਟਰ ਰੁਪਿੰਦਰਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਜੀ.ਐਮ. ਫਸਲਾਂ ਬਾਰੇ ਜ਼ਾਹਿਰ ਕੀਤਾ ਜਾ ਰਿਹਾ ਡਰ ਸਹੀ ਨਹੀਂ: ਕੇਂਦਰ

**ਨਵੀਂ ਦਿੱਲੀ**: ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ 'ਜੈਨੇਟਿਕਲੀ ਮੌਡੀਫਾਈਡ' (ਜੀਐਮ) ਫਸਲਾਂ ਦਾ ਕੀਤਾ ਜਾ ਰਿਹਾ ਵਿਰੋਧ ਸਹੀਂ ਨਹੀਂ ਹੈ ਕਿਉਂਕਿ ਭਾਰਤ ਪਹਿਲਾਂ ਹੀ ਇਨ੍ਹਾਂ ਨਾਲ ਬਣਿਆ ਤੇਲ ਦਰਾਮਦ ਕਰ ਰਿਹਾ ਹੈ ਤੇ ਵਰਤ ਰਿਹਾ ਹੈ।

ਸਿਖਰਲੀ ਅਦਾਲਤ ਵਿਚ ਦਾਖਲ ਹਲਫ਼ਨਾਮੇ ਵਿਚ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਨੇ ਕਿਹਾ ਕਿ ਸੋਧ ਹੋਏ ਪਾਮ ਦੇ ਤੇਲ, ਸੋਇਆ ਤੇਲ ਤੇ ਸਰ੍ਹੋਂ ਦੇ ਤੇਲ ਦੀਆਂ ਔਸਤਨ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ ਤੇ ਭਾਰਤ ਨੂੰ ਤੇਲ ਉਤਪਾਦਨ ਵਿਚ ਆਤਮ ਨਿਰਭਰ ਹੋਣ ਦੀ ਲੋੜ ਹੈ ਤਾਂ ਕਿ ਘਰੇਲੂ ਖਪਤ ਦੀਆਂ ਲੋੜਾਂ ਪੂਰੀਆਂ ਹੋ ਸਕਣ।

ਮੰਤਰਾਲੇ ਨੇ ਸਿਖਰਲੀ ਅਦਾਲਤ ਨੂੰ ਦੱਸਿਆ ਕਿ ਸਰ੍ਹੋਂ ਦਾ ਤੇਲ ਸਭ ਤੋਂ ਮਹੱਤਵਪੂਰਨ ਤੇਲ ਹੈ ਤੇ ਭਾਰਤ ਵਿਚ ਸਰ੍ਹੋਂ ਕਰੀਬ 80-90 ਲੱਖ ਹੈਕਟੇਅਰ ਵਿਚ ਬੀਜੀ ਜਾਂਦੀ ਹੈ। ਮੰਤਰਾਲੇ



ਨੇ ਕਿਹਾ ਕਿ ਸਰ੍ਹੋਂ ਦੀ 'ਟਰਾਂਸਜੈਨਿਕ ਹਾਈਬ੍ਰਿਡ' ਡੀ.ਐਮ.ਐਚ-11 ਕਿਸਮ ਨੂੰ 'ਵਾਤਾਵਰਨ' ਮਨਜ਼ੂਰੀ ਲੰਮਾ ਸਮਾਂ ਚੱਲੀ ਗੰਭੀਰ ਸਮੀਖਿਆ ਤੋਂ ਬਾਅਦ ਹੀ ਦਿੱਤੀ ਗਈ ਹੈ। ਸਰਕਾਰ ਨੇ ਕਿਹਾ, 'ਇਸ ਤਕਨੀਕ ਪ੍ਰਤੀ ਜ਼ਾਹਿਰ ਕੀਤਾ ਜਾ ਰਿਹਾ ਡਰ ਸਹੀ ਨਹੀਂ ਹੈ, ਇਸ ਨਾਲ ਸਿਰਫ ਕਿਸਾਨਾਂ, ਖਪਤਕਾਰਾਂ ਤੇ ਉਦਯੋਗ ਜਗਤ ਦੇ ਹਿੱਤ ਹੀ ਪ੍ਰਭਾਵਿਤ ਹੋਣਗੇ।

## ਵਾਤਾਵਰਨ ਬਾਰੇ ਹਰੀ ਝੰਡੀ ਪਿੱਛੋਂ ਹੀ ਹੋਵੇਗਾ ਖਣਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੇਂਦਰੀ ਵਾਤਾਵਰਨ ਕਲੀਅਰੈਂਸ ਤੋਂ ਬਿਨਾਂ ਹੁਣ ਸੂਬੇ ਵਿਚ ਮਾਈਨਿੰਗ ਨਹੀਂ ਕੀਤੀ ਜਾਵੇਗੀ। ਚੀਫ ਜਸਟਿਸ ਆਰ.ਐਸ. ਝਾਅ ਦੀ ਅਦਾਲਤ ਵਿਚ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਪੇਸ਼ ਹੋਏ। ਸੂਬਾ ਸਰਕਾਰ ਨੇ ਅਦਾਲਤ ਵਿਚ ਭਰੋਸਾ ਦਿੱਤਾ ਹੈ ਕਿ ਵਾਤਾਵਰਨ ਕਲੀਅਰੈਂਸ ਤੋਂ ਬਿਨਾਂ ਡੀਸਿਲਟਿੰਗ ਦੇ ਨਾਮ 'ਤੇ ਕੋਈ ਮਾਈਨਿੰਗ ਨਹੀਂ ਕੀਤੀ ਜਾਵੇਗੀ।

ਪਟੀਸ਼ਨਰ ਸਹਿਜਪ੍ਰੀਤ ਸਿੰਘ ਨੇ ਅਰਜ਼ੀ ਦਾਖਲ ਕਰਕੇ ਕਿਹਾ ਸੀ ਕਿ ਹਾਈ ਕੋਰਟ ਦੀ ਰੋਕ ਦੇ ਬਾਵਜੂਦ ਸੂਬਾ ਸਰਕਾਰ ਵੱਲੋਂ ਖ਼ੁਦ ਹੀ ਗੈਰਕਾਨੂੰਨੀ ਤੌਰ 'ਤੇ ਮਾਈਨਿੰਗ ਕੀਤੀ ਜਾ ਰਹੀ ਹੈ। ਪਟੀਸ਼ਨਰ ਦਾ ਕਹਿਣਾ ਸੀ ਕਿ ਮਾਈਨਿੰਗ ਕਰਨ ਵਾਸਤੇ ਨਦੀਆਂ ਵਿਚ ਭਾਰੀ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ ਜਦੋਂ ਕਿ ਹਾਈ ਕੋਰਟ ਨੇ ਖਣਨ ਉਤੇ ਰੋਕ ਲਾਈ ਹੋਈ ਹੈ। ਚੀਫ ਜਸਟਿਸ ਨੇ ਕਿਹਾ ਕਿ ਵਾਤਾਵਰਨ ਮਹਿਕਮੇ ਤੋਂ ਕਲੀਅਰੈਂਸ ਲਏ ਬਿਨਾਂ ਕੋਈ ਮਾਈਨਿੰਗ ਨਾ ਕੀਤੀ ਜਾਵੇ।

ਦੱਸ ਦਈਏ ਕਿ ਹਾਈ ਕੋਰਟ ਨੇ ਮਾਈਨਿੰਗ



ਉਤੇ ਰੋਕ ਲਾਈ ਹੋਈ ਹੈ। ਪਿਛਲੀ ਸਰਕਾਰ ਨੇ ਪੰਜਾਬ ਨੂੰ ਸੱਤ ਬਲਾਕਾਂ ਵਿਚ ਵੰਡ ਕੇ ਪ੍ਰਾਈਵੇਟ ਠੇਕੇਦਾਰਾਂ ਨੂੰ ਮਾਈਨਿੰਗ ਦੇ ਟੈਂਡਰ ਦਿੱਤੇ ਹੋਏ ਸਨ। ਨਵੀਂ ਸਰਕਾਰ ਨੇ ਕੁਝ ਠੇਕੇਦਾਰਾਂ ਦੀ ਅਲਾਟਮੈਂਟ ਕੈਂਸਲ ਵੀ ਕਰ ਦਿੱਤੀ ਸੀ। ਪਿਛਲੇ ਸਮੇਂ ਤੋਂ ਸਰਕਾਰ ਨੇ ਖ਼ੁਦ ਹੀ ਖੁਦਾਈ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ ਜਿਸ ਨੂੰ ਲੈ ਕੇ ਪਟੀਸ਼ਨਰ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਇਸ ਤੋਂ ਇਲਾਵਾ ਫੌਜ ਨੇ ਵੀ ਸਰਹੱਦੀ ਖੇਤਰ 'ਚ ਮਾਈਨਿੰਗ ਨੂੰ ਲੈ ਕੇ ਪਹਿਲਾਂ ਇਤਰਾਜ਼ ਖੜ੍ਹੇ ਕੀਤੇ ਸਨ। ਹਾਈ ਕੋਰਟ ਦੇ ਦਖਲ ਮਗਰੋਂ ਕੌਮਾਂਤਰੀ ਸਰਹੱਦ ਦੇ ਦਾਇਰੇ ਵਿਚ ਮਾਈਨਿੰਗ ਕਰਨ ਵਾਸਤੇ ਫੌਜ ਤੋਂ ਐਨ.ਓ.ਸੀ. ਲੈਣਾ ਪੰਜਾਬ ਸਰਕਾਰ ਲਈ ਲਾਜ਼ਮੀ ਕਰਾਰ ਦਿੱਤਾ ਗਿਆ ਸੀ।

## ਪਰਾਲੀ ਪ੍ਰਦੂਸ਼ਣ ਮਸਲੇ 'ਤੇ ਪੰਜਾਬ ਸਰਕਾਰ ਦੀ ਝਾੜ-ਝੰਬ

**ਚੰਡੀਗੜ੍ਹ:** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪਰਾਲੀ ਪ੍ਰਦੂਸ਼ਣ ਦੇ ਮੁੱਦੇ 'ਤੇ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ। ਕਮਿਸ਼ਨ ਨੇ ਨਰਾਜ਼ਗੀ ਜ਼ਾਹਰ ਕੀਤੀ ਹੈ ਕਿ ਉਤਰੀ ਭਾਰਤ ਖਾਸ ਤੌਰ 'ਤੇ ਪੰਜਾਬ ਵਿਚ ਪਰਾਲੀ ਸਾੜਨ ਦੇ ਮਾਮਲਿਆਂ ਕਾਰਨ ਸਮੁੱਚੇ ਖੇਤਰ ਦਾ ਵਾਤਾਵਰਨ ਪਲੀਤ ਹੋਇਆ ਹੈ, ਜਿਸ ਕਰਕੇ ਲੋਕ ਬਿਮਾਰ ਹੋ ਰਹੇ ਹਨ। ਕਮਿਸ਼ਨ ਨੇ ਤਾੜਨਾ ਕੀਤੀ ਹੈ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਸਖਤੀ ਨਾਲ ਰੋਕਿਆ ਜਾਵੇ। ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਜੇਕਰ ਪਰਾਲੀ ਸਾੜਨ ਦੀਆਂ ਘਟਨਾਵਾਂ ਨਾ ਰੋਕੀਆਂ ਗਈਆਂ ਤਾਂ ਪੰਜਾਬ ਸਰਕਾਰ ਨੂੰ ਭਾਰੀ ਜੁਰਮਾਨਾ ਵੀ ਭਰਨਾ ਪੈ ਸਕਦਾ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਇਕ ਉਚ ਪੱਧਰੀ ਸਮੀਖਿਆ ਮੀਟਿੰਗ ਕੀਤੀ ਗਈ, ਜਿਸ 'ਚ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਪੰਜਾਬ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਉਲੀਕੇ ਪ੍ਰੋਗਰਾਮਾਂ ਬਾਰੇ ਦੱਸਿਆ। ਕੌਮੀ ਕਮਿਸ਼ਨ ਨੇ ਪੰਜਾਬ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਬਾਬਤ ਵਿਸਥਾਰ ਵਿਚ ਰਿਪੋਰਟ ਲਈ। ਮੁੱਖ ਸਕੱਤਰ ਨੇ ਦੱਸਿਆ ਕਿ ਸੂਬੇ ਦੀ ਸਾਰੀ ਮਸ਼ੀਨਰੀ ਇਸ ਗੱਲ ਲਈ ਯਤਨਸ਼ੀਲ ਹੈ ਕਿ ਇਸ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ ਕਮੀ ਲਿਆਂਦੀ ਜਾਵੇ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਸਮੇਂ ਸਿਰ ਪਰਾਲੀ ਪ੍ਰਬੰਧਨ ਦੀਆਂ ਮਸ਼ੀਨਾਂ ਦਿੱਤੀਆਂ ਗਈਆਂ ਹਨ ਤੇ ਸਾਰੇ ਡਿਪਟੀ ਕਮਿਸ਼ਨਰਾਂ ਨੇ ਪ੍ਰਭਾਵੀ ਢੰਗ ਨਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ ਵਿਚ ਕਾਫੀ ਕਮੀ ਵੀ ਲਿਆਂਦੀ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਵੱਲੋਂ ਪਰਾਲੀ ਨਹੀਂ ਸਾੜੀ ਗਈ, ਉਨ੍ਹਾਂ ਦਾ ਪੰਜਾਬ ਸਰਕਾਰ ਤੇ ਵੱਖ-ਵੱਖ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਸਨਮਾਨ ਕੀਤਾ ਜਾ ਰਿਹਾ ਹੈ।

## ਕਿਸਾਨਾਂ ਨੇ 'ਦਿੱਲੀ ਫਤਿਹ ਦਿਵਸ' ਮਨਾਉਣ ਦੀਆਂ ਤਿਆਰੀਆਂ ਵਿੱਢੀਆਂ

**ਲੁਧਿਆਣਾ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਦੇਸ਼ ਭਰ ਵਿਚ 19 ਤੋਂ 22 ਦਸੰਬਰ ਤੱਕ ਦਿੱਲੀ ਫਤਿਹ ਦਿਵਸ ਮਨਾਉਂਦਿਆਂ 19 ਦਸੰਬਰ ਨੂੰ ਮੋਰਚੇ ਦੀ ਜਿੱਤ ਦੀ ਖੁਸ਼ੀ ਵਿਚ ਆਪਣੇ-ਆਪਣੇ ਘਰਾਂ 'ਚ ਦੀਪਮਾਲਾ ਕਰਨ ਤੇ 26 ਨਵੰਬਰ ਨੂੰ ਦਿੱਲੀ ਕਿਸਾਨ ਮੋਰਚੇ ਦੀ ਵਰ੍ਹੇਗੰਢ 'ਤੇ ਸਾਰੇ ਰਾਜਾਂ ਵਿਚ ਰਾਜਪਾਲਾਂ ਨੂੰ ਕੇਂਦਰ ਨਾਲ ਬਕਾਇਆ ਮੰਗਾਂ ਮਨਵਾਉਣ ਲਈ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਹੈ।

ਅਜਮੇਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਯੂਨੀਅਨ ਦੇ ਅਹੁਦੇਦਾਰਾਂ, ਐਗਜੈਕਟਿਵ ਮੈਂਬਰਾਂ ਤੇ ਸਾਰੇ ਜਿਲ੍ਹਾ ਪ੍ਰਧਾਨਾਂ ਨੇ ਸ਼ਮੂਲੀਅਤ ਕੀਤੀ। ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਦੱਸਿਆ ਕਿ 26 ਨਵੰਬਰ ਨੂੰ ਸਵੇਰੇ 11 ਵਜੇ ਪੰਜਾਬ ਭਰ ਤੋਂ ਕਿਸਾਨ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਪਹੁੰਚਣਗੇ ਅਤੇ ਉਥੋਂ ਇਕੱਠੇ ਹੋ ਕੇ ਦੁਪਹਿਰ ਇਕ ਵਜੇ ਰਾਜਪਾਲ ਭਵਨ ਵੱਲ ਮਾਰਚ ਕਰ ਕੇ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਮੰਗ ਪੱਤਰ ਰਾਹੀਂ ਕੇਂਦਰ ਸਰਕਾਰ ਵੱਲੋਂ ਦਿੱਲੀ ਕਿਸਾਨ ਅੰਦੋਲਨ ਦੀ ਵਾਪਸੀ ਮੌਕੇ ਕਿਸਾਨਾਂ ਨਾਲ ਕੀਤੇ ਵਾਅਦੇ ਤੁਰਤ ਪੂਰੇ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਨੇ ਮੰਗ ਰੱਖੀ ਕਿ ਸ਼ਾਮਲਾਟ ਜ਼ਮੀਨਾਂ 'ਤੇ ਲੰਮੇ ਸਮੇਂ ਤੋਂ ਖੇਤੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਮਾਲਕੀ ਦਾ ਹੱਕ ਦਿੱਤਾ ਜਾਵੇ।

# ਕੇਰਲਾ 'ਚ ਪਸ਼ੂਆਂ ਦੇ ਚਾਰੇ ਵਜੋਂ ਵਰਤੀ ਜਾਵੇਗੀ ਪੰਜਾਬ ਦੀ ਪਰਾਲੀ

**ਪਟਿਆਲਾ:** ਹਵਾ ਪ੍ਰਦੂਸ਼ਣ ਸਮੇਤ ਕਈ ਸਮੱਸਿਆਵਾਂ ਦਾ ਕਾਰਨ ਬਣੀ ਝੋਨੇ ਦੀ ਪਰਾਲੀ ਦੇ ਹੱਲ ਦੀ ਆਸ ਬੱਝੀ ਹੈ। ਕੇਰਲਾ ਸਰਕਾਰ ਪਸ਼ੂਆਂ ਦੇ ਚਾਰੇ ਲਈ ਪਰਾਲੀ ਦੀ ਵਰਤੋਂ ਕਰਨ ਬਾਰੇ ਵਿਚਾਰ ਕਰ ਰਹੀ ਹੈ, ਜਿਸ ਸਬੰਧੀ ਬਾਕਾਇਦਾ ਰਣਨੀਤੀ ਉਲੀਕੀ ਜਾਵੇਗੀ। ਇੱਥੇ ਕੇਰਲਾ ਦੀ ਪਸ਼ੂ ਪਾਲਣ ਮੰਤਰੀ ਸ੍ਰੀਮਤੀ ਜੇ. ਚਿਨਚੁਰਾਨੀ ਦੀ ਅਗਵਾਈ ਹੇਠ ਪੁੱਜੀ 21 ਮੈਂਬਰੀ ਟੀਮ ਨੇ ਪਟਿਆਲਾ ਨੇੜਲੇ ਰੌਣੀ ਫਾਰਮ ਦਾ ਦੌਰਾ ਕੀਤਾ। ਕੇਰਲਾ ਸਰਕਾਰ ਦਾ ਇਹ ਵਫਦ ਸੂਬੇ ਦੇ ਪਸ਼ੂ ਪਾਲਣ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਸਮਝਣ ਲਈ ਪੰਜਾਬ ਦੇ ਦੌਰੇ 'ਤੇ ਹੈ।

ਵਫਦ ਵਿਚ ਸ਼ਾਮਲ ਮੰਤਰੀ ਸ੍ਰੀਮਤੀ ਜੇ. ਚਿਨਚੁਰਾਨੀ ਨੇ ਕੇਰਲਾ ਦੇ ਪਸ਼ੂਆਂ ਲਈ ਚਾਰੇ ਵਜੋਂ ਪਰਾਲੀ ਦੀ ਵਰਤੋਂ ਕਰਨ ਬਾਰੇ ਗੰਭੀਰਤਾ ਨਾਲ ਚਰਚਾ ਕੀਤੀ ਤੇ ਜੇਕਰ ਦੋਵਾਂ ਸੂਬਿਆਂ ਵਿਚਾਲੇ ਇਸ ਮੁੱਦੇ 'ਤੇ ਸਹਿਮਤੀ ਬਣਦੀ ਹੈ ਤਾਂ ਪਰਾਲੀ ਪ੍ਰਬੰਧਨ ਵਿਚ ਵੱਡੀ ਰਾਹਤ ਮਿਲੇਗੀ।



ਉਨ੍ਹਾਂ ਪੰਜਾਬ ਪਸ਼ੂ ਪਾਲਣ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਬਿਹਤਰ ਦੱਸਦਿਆਂ ਵਿਭਾਗ ਦੇ ਮੰਤਰੀ ਕੋਲੋਂ ਸਾਹੀਵਾਲ ਤੇ ਗਿਰ ਨਸਲ ਵਾਲੀਆਂ ਗਊਆਂ ਦਾ ਸੀਮਨ ਲੈਣ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਹੀ ਕੇਰਲਾ ਸਰਕਾਰ ਵੱਲੋਂ ਦੌਰੇ ਦਾ ਪ੍ਰੋਗਰਾਮ ਉਲੀਕਿਆ ਗਿਆ।

ਰੌਣੀ ਫਾਰਮ ਵਿਚ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਜਿਥੇ ਵਧੀਆ ਕੁਆਲਟੀ ਦਾ ਸੀਮਨ ਤਿਆਰ ਕੀਤਾ ਜਾਂਦਾ ਹੈ, ਉਥੇ ਹੀ ਹੋਰਨਾਂ ਰਾਜਾਂ ਨੂੰ ਸੀਮਨ ਵੇਚਿਆ ਵੀ ਜਾਂਦਾ ਹੈ। 'ਕੇਰਲਾ ਪਸ਼ੂ ਧਨ ਤੇ ਪੋਲਟਰੀ ਫੀਡ ਤੇ ਮਿਨਰਲ ਮਿਕਸਚਰ (ਨਿਰਮਾਣ ਤੇ ਵਿਕਰੀ ਨਿਯਮ) ਬਿਲ, 2022' ਬਣਾਉਣ ਲਈ ਅਧਿਐਨ ਕਰਨ ਵਾਸਤੇ ਪੰਜਾਬ ਦੌਰੇ 'ਤੇ ਪੁੱਜੀ ਕੇਰਲਾ ਵਿਧਾਨ ਸਭਾ ਦੀ ਚੁਣੀ ਗਈ ਕਮੇਟੀ ਨੂੰ ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਸੂਬੇ ਵਿਚ ਪਸ਼ੂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੀ ਲਗਾਤਾਰ ਟੀਕਾਕਰਨ ਮੁਹਿੰਮ ਚਲਾਈ ਜਾਂਦੀ ਹੈ।

### ਪਰਾਲੀ ਸਾੜਨ ਦੇ ਮਾਮਲੇ 30 ਫੀਸਦੀ ਘਟਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਲਗਭਗ 30 ਫੀਸਦੀ ਕਮੀ ਆਈ ਹੈ। ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਖੇਤੀਬਾੜੀ, ਵਿਗਿਆਨ ਤੇ ਤਕਨਾਲੋਜੀ ਵਾਤਾਵਰਨ, ਪੇਡਾ ਦੇ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰਾਂ ਨਾਲ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਵੱਧ ਤੋਂ ਵੱਧ ਉਤਸ਼ਾਹਿਤ ਤੇ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦਾ ਸਨਮਾਨ ਕਰਨ ਦੀ ਹਦਾਇਤ ਵੀ ਕੀਤੀ।

# ਅਕਾਲੀ ਦਲ ਬਾਦਲ ਦੀ 'ਪੰਥਕ ਸਾਖ' ਨੂੰ ਵੱਡੇ ਖੋਰੇ ਦੇ ਸੰਕੇਤ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਈ ਹੋਈ ਚੋਣ ਵਿਚ ਆਪਣੇ ਵਿਰੋਧੀ ਉਮੀਦਵਾਰ ਬੀਬੀ ਜਗੀਰ ਕੌਰ ਨੂੰ 62 ਵੋਟਾਂ ਦੇ ਫਰਕ ਨਾਲ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ ਹੈ। ਉਹ ਲਗਾਤਾਰ ਦੂਜੀ ਵਾਰ ਸਿੱਖ ਸੰਸਥਾ ਦੇ ਪ੍ਰਧਾਨ ਬਣੇ ਹਨ। ਇਸ ਚੋਣ ਦੌਰਾਨ ਹਰਜਿੰਦਰ ਸਿੰਘ ਧਾਮੀ ਨੂੰ 104 ਵੋਟਾਂ ਅਤੇ ਬੀਬੀ ਜਗੀਰ ਕੌਰ ਨੂੰ 42 ਵੋਟਾਂ ਪ੍ਰਾਪਤ ਹੋਈਆਂ। ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਕੁੱਲ 157 ਮੈਂਬਰਾਂ ਵਿਚੋਂ 146 ਮੈਂਬਰਾਂ ਨੇ ਵੋਟਾਂ ਪਾਈਆਂ ਹਨ, ਬਾਕੀ ਮੈਂਬਰ ਗੈਰਹਾਜ਼ਰ ਰਹੇ। ਮਿਲੀ ਜਾਣਕਾਰੀ ਮੁਤਾਬਕ ਬੀਬੀ ਜਗੀਰ ਕੌਰ ਨੂੰ ਪ੍ਰਾਪਤ ਹੋਈਆਂ 42 ਵੋਟਾਂ ਵਿਚ ਵਿਰੋਧੀ ਧਿਰਾਂ ਦੇ ਲਗਭਗ 20 ਤੋਂ 22 ਪਹਿਲੇ ਮੈਂਬਰ ਸ਼ਾਮਲ ਹਨ, ਜਦੋਂਕਿ ਬਾਕੀ ਮੈਂਬਰਾਂ ਵਿਚ ਹਰਿਆਣਾ ਦੇ ਕੁਝ ਮੈਂਬਰ ਤੇ ਬਾਕੀ ਬੀਬੀ ਸਮਰਥਕ ਮੈਂਬਰ ਸ਼ਾਮਲ ਹਨ। ਇਸ ਚੋਣ ਵਿਚ ਭਾਵੇਂ ਬੀਬੀ ਜਗੀਰ ਕੌਰ ਧੜੇ ਦੀ ਹਾਰ ਹੋਈ ਹੈ ਪਰ ਉਨ੍ਹਾਂ ਦੇ ਧੜੇ ਦੇ ਮੈਂਬਰਾਂ ਦੀ ਗਿਣਤੀ ਲਗਭਗ ਦੋ ਗੁਣਾ ਵਧ ਗਈ ਹੈ। ਇਹ ਗਿਣਤੀ ਪਹਿਲਾਂ 20 ਤੋਂ 25 ਤੱਕ ਸੀਮਤ ਸੀ।

ਬੀਬੀ ਜਗੀਰ ਕੌਰ ਨੂੰ 42 ਵੋਟਾਂ ਮਿਲੀਆਂ। ਪਿਛਲੇ ਸਾਲਾਂ ਵਿਚ ਵਿਰੋਧੀਆਂ ਨੂੰ 20-22 ਵੋਟਾਂ ਪੈਂਦੀਆਂ ਰਹੀਆਂ ਹਨ; ਇਸ ਵਾਰ ਹੋਰ ਵੀਹ ਮੈਂਬਰ ਅਕਾਲੀ ਦਲ ਨਾਲੋਂ ਟੁੱਟ ਕੇ ਵਿਰੋਧੀ ਖੇਮੇ ਵਿਚ ਚਲੇ ਗਏ। ਇਹ ਅਕਾਲੀ ਦਲ ਲਈ ਚਿੰਤਾ ਦਾ ਕਾਰਨ ਹੈ। ਚੋਣ ਨਤੀਜਿਆਂ ਤੋਂ ਪਿੱਛੋਂ ਕਈ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਹਰ ਕੋਈ ਇਨ੍ਹਾਂ ਨਤੀਜਿਆਂ ਨੂੰ ਆਪੋ-ਆਪਣੀ ਜਿੱਤ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ। ਕੇਂਦਰ ਸਰਕਾਰ ਦੁਆਰਾ ਵਿਰੋਧੀ ਧਿਰ ਨਾਲ ਸੁਰ ਮਿਲਾ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣਾ ਅਕਾਲੀ ਦਲ ਲਈ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ। ਪੰਥਕ ਵੋਟ ਬੈਂਕ ਦੀ ਅਕਾਲੀ ਦਲ ਪ੍ਰਤੀ ਨਾਰਾਜ਼ਗੀ ਬਰਕਰਾਰ ਹੈ।

ਬੀਬੀ ਤੇ ਹੋਰ ਕੁਝ ਮੈਂਬਰਾਂ ਦੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਭੁਗਤਣ ਕਾਰਨ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਵਿਚ ਵੀ ਵੱਡਾ ਖੋਰਾ ਲੱਗਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਫਰੰਟ 'ਤੇ ਵੀ ਖੋਰਾ ਲੱਗ ਚੁੱਕਿਆ ਹੈ, ਉਸ ਦੇ ਕਈ ਆਗੂ ਪਾਰਟੀ ਛੱਡ ਚੁੱਕੇ ਹਨ। ਧਾਰਮਿਕ ਫਰੰਟ 'ਤੇ ਖੋਰਾ ਲੱਗਣ ਕਾਰਨ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਦੀ ਚੁਣੌਤੀ ਹੋਰ ਵੀ ਵੱਡੀ ਹੋ ਗਈ ਹੈ।

ਸ਼੍ਰੋਮਣੀ ਕਮੇਟੀ ਦੀ ਹੋਈ ਚੋਣ ਵਿਚ ਸਿਰਫ ਬੀਬੀ ਜਗੀਰ ਕੌਰ ਹੀ ਇਕੱਲੇ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਨਹੀਂ ਭੁਗਤੇ ਸਗੋਂ ਉਨ੍ਹਾਂ ਦੇ ਲਗਭਗ ਡੇਢ ਦਰਜਨ ਤੋਂ ਵੱਧ ਸਮਰਥਕ ਮੈਂਬਰ ਵੀ ਅਕਾਲੀ ਦਲ ਦੇ ਖ਼ਿਲਾਫ਼ ਭੁਗਤੇ। ਇਨ੍ਹਾਂ ਵਿਚ ਹਰਿਆਣਾ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਮੈਂਬਰ, ਬਾਕੀ ਵਿਰੋਧੀ ਧਿਰਾਂ ਨਾਲ ਸਬੰਧਤ ਮੈਂਬਰ ਵੀ ਬੀਬੀ ਜਗੀਰ ਕੌਰ ਧੜੇ ਨਾਲ ਜੁੜ ਗਏ ਹਨ। ਇਸ ਮੌਕੇ ਬੀਬੀ ਜਗੀਰ ਕੌਰ ਨੇ ਇਹ ਸਪੱਸ਼ਟ ਵੀ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਨਾ ਸਿਰਫ ਚੋਣ ਲੜਨਗੇ ਸਗੋਂ ਚੋਣਾਂ ਲੜਾਉਣਗੇ ਵੀ।

ਇਸ ਤੋਂ ਸਪੱਸ਼ਟ ਹੈ ਕਿ ਆਉਂਦੀਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਵੱਡੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ। ਸ਼੍ਰੋਮਣੀ ਅਕਾਲੀ ਦਲ ਵਿਚ ਪਹਿਲਾਂ ਹੀ ਇਹ ਮੰਗ ਉੱਠ ਰਹੀ ਹੈ ਕਿ ਪਾਰਟੀ ਦੀ ਲੀਡਰਸ਼ਿਪ ਵਿਚ ਬਦਲਾਅ ਕੀਤਾ ਜਾਵੇ ਖਾਸ ਕਰਕੇ ਪਾਰਟੀ ਪ੍ਰਧਾਨ ਬਦਲਿਆ ਜਾਵੇ। ਸ਼੍ਰੋਮਣੀ



ਕਮੇਟੀ ਦੀਆਂ ਆਮ ਚੋਣਾਂ 2011 ਵਿਚ ਹੋਈਆਂ ਸਨ, ਜੇ ਇਹ ਆਮ ਚੋਣਾਂ ਜਲਦੀ ਹੀ ਨੇੜ ਭਵਿੱਖ ਵਿਚ ਹੁੰਦੀਆਂ ਹਨ ਤਾਂ ਅਕਾਲੀ ਦਲ ਨੂੰ ਇਕ ਹੋਰ ਵੱਡੀ ਚੁਣੌਤੀ ਵਿੱਚੋਂ ਲੰਘਣਾ ਪਵੇਗਾ।

ਇਸ ਦੌਰਾਨ ਜਨਰਲ ਇਜਲਾਸ ਵੇਲੇ ਸ਼੍ਰੋਮਣੀ ਕਮੇਟੀ ਕੈਂਪਸ ਵਿਚ ਹਾਜਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਪਾਰਟੀ ਖਿਲਾਫ ਭੁਗਤਣ ਵਾਲੇ ਮੈਂਬਰਾਂ ਦਾ ਪਤਾ ਲਾਇਆ ਜਾ ਰਿਹਾ ਹੈ। ਇਕ ਸੀਨੀਅਰ ਆਗੂ ਨੇ ਦੱਸਿਆ ਕਿ ਪਾਰਟੀ ਖਿਲਾਫ ਭੁਗਤੇ ਮੈਂਬਰਾਂ ਦੀ ਪਛਾਣ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਲਈ ਅਗਲੇ ਰਾਹ ਹਾਲੇ ਸੁਖਾਲੇ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ ਲਈ ਮੁੱਖ ਚੁਣੌਤੀ '42 ਦਾ ਅੰਕੜਾ' ਬਣੇਗਾ। ਸਾਲ 2021 ਦੀ ਪ੍ਰਧਾਨਗੀ ਚੋਣ ਵਿਚ ਐਡਵੋਕੇਟ ਧਾਮੀ ਨੂੰ 122 ਵੋਟਾਂ ਮਿਲੀਆਂ ਸਨ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਮਿੱਠੂ ਸਿੰਘ ਕਾਹਨਕੇ ਨੂੰ 19 ਵੋਟਾਂ ਮਿਲੀਆਂ ਸਨ। ਸਿਆਸੀ ਮਾਹਿਰ ਕਿਆਸ ਲਾ ਰਹੇ ਹਨ ਕਿ ਬੀਬੀ ਨੂੰ 42 ਦੇ ਅੰਕੜੇ ਨੇ ਲੀਡਰ ਬਣਾ ਦਿੱਤਾ ਹੈ ਅਤੇ ਬੀਬੀ ਜਗੀਰ ਕੌਰ ਹੁਣ ਬੇਬਾਕੀ ਨਾਲ ਸਿਆਸੀ ਮੈਦਾਨ ਵਿਚ ਵਿਚਰਨਗੇ ਜਿਸ ਨਾਲ ਬਾਦਲ ਵਿਰੋਧੀ ਧੜਿਆਂ ਨੂੰ ਮਜ਼ਬੂਤੀ ਮਿਲ ਸਕਦੀ ਹੈ।

## ਪੰਥ ਵਿਰੋਧੀ ਤਾਕਤਾਂ ਨੂੰ ਮਿਲਿਆ ਮੂੰਹ ਤੋੜ ਜਵਾਬ: ਧਾਮੀ



**ਅੰਮ੍ਰਿਤਸਰ:** ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦਾ ਦੂਜੀ ਵਾਰ ਪ੍ਰਧਾਨ ਚੁਣੇ ਜਾਣ ਮਗਰੋਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ, ਆਰ.ਐਸ.ਐਸ, ਉਚੇਚੇ ਤੌਰ 'ਤੇ ਘਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਦੇ ਨਾਲ-ਨਾਲ ਕਾਂਗਰਸ ਦੀ ਪੂਰੀ ਤਾਕਤ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹਰਾਉਣ ਵਿਚ ਲੱਗੀ ਹੋਈ ਸੀ। ਸ਼੍ਰੋਮਣੀ ਕਮੇਟੀ ਮੈਂਬਰਾਂ 'ਤੇ ਦਬਾਅ ਪਾ ਕੇ ਹਰ ਹੀਲੇ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧ 'ਚ ਭੁਗਤਣ ਲਈ ਆਖਿਆ ਗਿਆ, ਪਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਨ੍ਹਾਂ ਤਾਕਤਾਂ ਨੂੰ ਮੂੰਹ-ਤੋੜ ਜਵਾਬ ਦਿੰਦਿਆਂ ਵੱਡੀ ਗਿਣਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਕਾਮਯਾਬ ਕੀਤਾ ਹੈ।

## ਸੁਖਬੀਰ ਨੇ ਮੈਂਬਰਾਂ ਨੂੰ ਧਮਕਾਇਆ: ਜਗੀਰ ਕੌਰ



**ਅੰਮ੍ਰਿਤਸਰ:** ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਡਰਾਉਣ ਧਮਕਾਉਣ ਦੇ ਬਾਵਜੂਦ ਉਨ੍ਹਾਂ ਨੂੰ 42 ਵੋਟਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੇ ਹਿੱਤਾਂ ਲਈ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਸੰਘਰਸ਼ ਕਾਰਨ ਹੀ ਲਿਫਾਫਾ ਪ੍ਰਣਾਲੀ ਖਤਮ ਹੋਈ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਉਮੀਦਵਾਰ ਪਹਿਲਾਂ ਐਲਾਨਣਾ ਪਿਆ। ਬਾਦਲ ਦਲ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਉਹ ਬੇਅਦਬੀ ਕਰਨ ਵਾਲੇ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਵਾਲੇ ਆਗੂ ਹਨ।

# ਡੇਰਾ ਮੁਖੀ ਰਾਮ ਰਹੀਮ ਦੇ ਬਾਗਪਤ ਆਸ਼ਰਮ ਦੀ ਸੁਰੱਖਿਆ ਵਧਾਈ

**ਬਾਗਪਤ (ਯੂਪੀ):** ਉਤਰ ਪ੍ਰਦੇਸ਼ ਪੁਲਿਸ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਬਿਨੌਲੀ ਪੁਲਿਸ ਸਟੇਸ਼ਨ ਅਧੀਨ ਆਉਂਦੇ ਬਾਗਪਤ ਆਸ਼ਰਮ ਦੀ ਸੁਰੱਖਿਆ ਵਧਾ ਦਿੱਤੀ ਹੈ। ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਆਸ਼ਰਮ ਦੇ ਬਾਹਰ ਵੱਡੀ ਗਿਣਤੀ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ 40 ਦਿਨਾਂ ਦੀ ਪੈਰੋਲ 'ਤੇ ਬਾਹਰ ਆਇਆ ਡੇਰਾ ਮੁਖੀ ਅੱਜਕੱਲ੍ਹ ਇਸੇ ਆਸ਼ਰਮ ਵਿਚ ਮੌਜੂਦ ਹੈ। ਬਰਨਾਵਾ ਡੇਰਾ ਸੱਚਾ ਸੌਦਾ ਆਸ਼ਰਮ ਦਾ ਮੁਖੀ ਗੁਰਮੀਤ ਰਾਮ ਰਹੀਮ ਬਲਾਤਕਾਰ ਤੇ ਕਤਲ ਮਾਮਲੇ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ 20 ਸਾਲ ਦੀ ਸਜਾ ਕੱਟ ਰਿਹਾ ਹੈ। ਆਸ਼ਰਮ ਦੇ ਸੇਵਾਦਾਰਾਂ ਨੇ ਕਿਹਾ ਕਿ ਇਥੇ ਆਉਣ ਵਾਲੇ ਹਰੇਕ ਵਿਅਕਤੀ ਦੀ ਜਾਂਚ ਕੀਤੀ ਜਾਂਦੀ ਹੈ। ਸੇਵਾਦਾਰਾਂ ਤੇ ਆਸ਼ਰਮ ਵਿਚ



ਰੋਜ਼ਾਨਾ ਆਉਂਦੇ ਲੋਕਾਂ ਦੇ ਸ਼ਨਾਖ਼ਤੀ ਕਾਰਡ ਵੀ ਚੈੱਕ ਕੀਤੇ ਜਾਂਦੇ ਹਨ।


# ਹੁਣ ਇੱਟਾਂ ਦੇ ਭੱਠਿਆਂ 'ਚ ਪਰਾਲੀ ਦੀ 20 ਫੀਸਦੀ ਵਰਤੋਂ ਲਾਜ਼ਮੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿਚ ਇੱਟਾਂ ਦੇ ਭੱਠੇ ਵਾਲਿਆਂ ਲਈ ਪਰਾਲੀ ਨੂੰ 20 ਫੀਸਦੀ ਬਾਲਣ ਵਜੋਂ ਵਰਤਣ ਲਈ ਲਾਜ਼ਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਵਾਤਾਵਰਨ ਅਤੇ ਸਾਇੰਸ ਤਕਨਾਲੋਜੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਕਿ ਇੱਟਾਂ ਦੇ ਭੱਠਿਆਂ ਵਾਲੇ ਪਰਾਲੀ ਦੀਆਂ ਗੱਠਾਂ ਨੂੰ 20 ਫੀਸਦੀ ਬਾਲਣ ਵਜੋਂ ਲਾਜ਼ਮੀ ਵਰਤੋਂ ਕਰਨ।

ਇਸ ਨਵੇਂ ਪ੍ਰਬੰਧਨ ਦੀ ਤਿਆਰੀ ਲਈ ਭੱਠਾ ਮਾਲਕਾਂ ਨੂੰ ਛੇ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਅਤੇ 1 ਮਈ 2023 ਤੋਂ ਬਾਅਦ ਇਨ੍ਹਾਂ ਹਦਾਇਤਾਂ ਨੂੰ ਲਾਗੂ ਨਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਮੀਤ ਹੇਅਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਪਰਾਲੀ ਪ੍ਰਬੰਧਨ ਵਿਚ ਮਦਦ ਕਰਨ ਅਤੇ ਪਰਾਲੀ ਸਾੜਨ ਕਾਰਨ ਹੁੰਦੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਕੰਮ ਕੀਤਾ ਜਾ ਰਿਹਾ ਹੈ।

# ਸਿੱਧੂ ਮੂਸੇਵਾਲਾ ਨੂੰ ਇਨਸਾਫ ਦਿਵਾਉਣ ਲਈ ਦਸਤਖਤ ਮੁਹਿੰਮ ਸ਼ੁਰੂ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਇਨਸਾਫ ਦਿਵਾਉਣ ਦੀ ਮੰਗ ਲਈ ਉਸ ਦੇ ਪਰਿਵਾਰ ਨੇ ਪਿੰਡ ਮੂਸਾ ਆਉਣ ਵਾਲੇ ਗਾਇਕ ਦੇ ਪ੍ਰਸ਼ੰਸਕਾਂ ਜ਼ਰੀਏ ਦਸਤਖ਼ਤ ਮੁਹਿੰਮ ਵਿੱਢੀ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਹਰ ਐਤਵਾਰ ਨੂੰ ਵੱਡੀ ਗਿਣਤੀ ਵਿਚ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕ ਪਿੰਡ ਪਹੁੰਚਦੇ ਹਨ ਅਤੇ ਦਿਲ ਦੀ ਗੱਲ ਸਾਂਝੀ ਕਰਦੇ ਹਨ ਪਰ ਕਈ ਵਾਰ ਉਹ ਉਨ੍ਹਾਂ ਨੂੰ ਮਿਲ ਨਹੀਂ ਸਕਦੇ, ਜਿਸ ਕਾਰਨ ਉਹ ਮਹਿਸੂਸ ਕਰਦੇ ਹਨ ਕਿ ਪ੍ਰਸ਼ੰਸਕਾਂ ਨੂੰ ਨਿਰਾਸ਼ਾ ਝੱਲਣੀ ਪੈਂਦੀ ਹੈ, ਇਸ ਲਈ ਉਨ੍ਹਾਂ ਫੈਸਲਾ ਕੀਤਾ ਹੈ ਕਿ ਘਰ ਆਉਣ ਵਾਲਾ ਹਰ ਵਿਅਕਤੀ ਆਪਣੇ ਦਿਲ ਦੀ ਗੱਲ ਰਜਿਸਟਰ 'ਤੇ ਲਿਖ ਸਕਦਾ ਹੈ ਅਤੇ ਸਿੱਧੂ ਮੂਸੇਵਾਲਾ ਨੂੰ ਇਨਸਾਫ ਦੇਣ ਦੀ ਮੰਗ ਕਰਦਿਆਂ ਆਪਣੇ ਦਸਤਖ਼ਤ ਕਰ ਸਕਦਾ ਹੈ।



ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਕਈ ਗਾਇਕ ਸਿੱਧੂ ਮੂਸੇਵਾਲਾ ਦੇ ਆਖਰੀ ਸਮੇਂ ਦੀਆਂ ਵੀਡੀਓ ਵਰਤ ਕੇ ਅੱਗੇ ਵਧਣਾ ਚਾਹੁੰਦੇ ਹਨ, ਜੋ ਕਿ ਉਨ੍ਹਾਂ ਨੂੰ ਦੇਖਣੀਆਂ ਮੁਸ਼ਕਲ ਹੋ ਜਾਂਦੀਆਂ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਆਪਣੇ ਗਾਣਿਆਂ ਅਤੇ ਹੁਨਰ ਦੇ ਸਿਰ 'ਤੇ ਗਾਇਕ ਅੱਗੇ ਵਧਣ।

# ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਗੈਰ-ਸੰਵਿਧਾਨਕ ਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਹਰਿਆਣਾ ਵਿਚ ਬਣੀ ਵੱਖਰੀ ਕਮੇਟੀ ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਗਿਆ। ਇਜਲਾਸ ਦੌਰਾਨ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਸ ਮਸਲੇ 'ਤੇ ਰਾਜਨੀਤੀ ਨਾ ਕੀਤੀ ਜਾਵੇ ਤੇ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਰੱਦ ਕਰਨ ਲਈ ਸੰਸਦ ਵਿਚ ਬਿੱਲ ਲਿਆਂਦਾ ਜਾਵੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਵੀ ਸੁਪਰੀਮ ਕੋਰਟ ਦੇ ਇਸ ਸਬੰਧੀ ਫੈਸਲੇ ਨੂੰ ਮੁੱਢੋਂ ਰੱਦ ਕਰ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਅਦਾਲਤ ਵਿਚ ਨਜ਼ਰਸਾਨੀ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ 10 ਮਤੇ ਪਾਸ ਕੀਤੇ ਗਏ ਹਨ ਜਿਨ੍ਹਾਂ ਵਿਚ ਕਈ ਅਹਿਮ ਸਿੱਖ ਮਾਮਲੇ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸਮੁੱਚੇ ਦੇਸ਼ ਵਿਚ ਯੂਨੀਫਾਰਮ ਸਿਵਲ ਕੋਡ ਲਾਗੂ ਕਰਨ ਦੀ ਯੋਜਨਾ





ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇਸ ਦੇ ਲਾਗੂ ਹੋਣ ਨਾਲ ਦੇਸ਼ ਦੀ ਭਾਸ਼ਾਈ ਤੇ ਧਾਰਮਿਕ ਵੰਨ-ਸੁਵੰਨਤਾ ਖੰਡਤ ਹੋਵੇਗੀ। ਦੋਸ਼ ਲਾਇਆ ਗਿਆ ਕਿ ਕੇਂਦਰ ਸਰਕਾਰ ਦੀ ਇਹ ਯੋਜਨਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਦਿਸ਼ਾ ਵੱਲ ਕਦਮ ਹੈ। ਜਨਰਲ ਇਜਲਾਸ ਨੇ ਕੇਂਦਰ ਸਰਕਾਰ ਨੂੰ ਸਪੱਸ਼ਟ ਕੀਤਾ ਕਿ ਇਹ ਦੇਸ਼ ਦੇ ਹਿੱਤ ਵਿਚ ਨਹੀਂ ਹੈ, ਇਸ ਲਈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਮਾਮਲੇ ਤੇ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੋਵੇਂ ਘਟਨਾਵਾਂ ਸਿੱਖ ਵਿਰੋਧੀ ਘਟਨਾਵਾਂ ਹਨ, ਇਸ ਘਟਨਾਕ੍ਰਮ ਦੀ ਸੰਸਦ ਵਿਚ ਜਨਤਕ ਮੁਆਫੀ ਦਾ ਮਤਾ ਲਿਆਂਦਾ ਜਾਵੇ।

ਇਕ ਮਤੇ ਰਾਹੀਂ ਭਾਰਤ ਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਗਈ ਕਿ ਜੇਲ੍ਹਾਂ ਵਿਚ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪਹਿਲੀ ਦਸੰਬਰ ਤੋਂ ਸੰਗਤ ਕੋਲੋਂ ਪ੍ਰੋਫਾਰਮੇ ਭਰਵਾ ਕੇ ਰਾਜਪਾਲ ਨੂੰ ਭੇਜੇ ਜਾਣਗੇ। ਇਕ ਮਤੇ ਰਾਹੀਂ ਸਮੁੱਚੀ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦੀ ਅਪੀਲ ਕੀਤੀ ਗਈ। ਸਿੱਖ ਸੰਸਥਾ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਤੋਂ ਮੰਗ ਕੀਤੀ ਕਿ ਅੰਮ੍ਰਿਤਸਰ ਤੋਂ ਸ੍ਰੀ ਨਨਕਾਣਾ ਸਾਹਿਬ ਲਈ ਬੱਸ ਸੇਵਾ ਬਹਾਲ ਕੀਤੀ ਜਾਵੇ, ਅੰਮ੍ਰਿਤਸਰ ਵਿਚ ਵੀਜ਼ਾ ਕੇਂਦਰ ਸਥਾਪਤ ਕੀਤਾ ਜਾਵੇ, ਅਟਾਰੀ ਸਰਹੱਦ ਰਸਤੇ ਸੜਕ ਮਾਰਗ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਨੂੰ ਮੌਕੇ 'ਤੇ ਵੀਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇ, ਲੰਮੀ ਮਿਆਦ ਵਾਲੇ ਅਤੇ ਪਰਿਵਾਰਾਂ ਲਈ ਵੀਜ਼ੇ ਜਾਰੀ ਕਰਨ ਦਾ ਵਿਸ਼ੇਸ਼ ਉਪਰਾਲਾ ਹੋਵੇ, ਸ਼ਰਧਾਲੂਆਂ ਦੇ ਸਾਲ ਵਿਚ ਜਾਂਦੇ ਚਾਰ ਜਥਿਆਂ ਦੀ ਥਾਂ 'ਤੇ ਹੁਣ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ, ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਮੌਕੇ ਤਿੰਨ ਹੋਰ ਜਥੇ ਭੇਜਣ ਦੀ ਪ੍ਰਵਾਨਗੀ ਦਿੱਤੀ ਜਾਵੇ।

## ਕਰਤਾਰਪੁਰ ਲਈ ਪਾਸਪੋਰਟ ਸ਼ਰਤ ਖਤਮ ਕਰਨ ਦੀ ਮੰਗ

**ਅੰਮ੍ਰਿਤਸਰ:** ਇਕ ਹੋਰ ਮਤੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਰਾਹੀਂ ਦਰਸ਼ਨ ਕਰਨ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਨੂੰ ਖਤਮ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਆਨਲਾਈਨ ਇੰਦਰਾਜ ਫਾਰਮ ਦੀ ਥਾਂ ਆਧਾਰ ਕਾਰਡ ਰਾਹੀਂ ਮੌਕੇ 'ਤੇ ਹੀ ਦਰਸ਼ਨ ਲਈ ਜਾਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਕ ਹੋਰ ਮਤੇ ਰਾਹੀਂ ਪੰਜਾਬ ਵਿਚੋਂ ਜਾਇਜ਼ ਨਾਜਾਇਜ਼ ਨਸ਼ੇ ਖਤਮ ਕਰਨ ਲਈ ਵਿਉਂਤਬੰਦੀ ਕਰਨ ਦੀ ਮੰਗ ਕੀਤੀ ਗਈ। ਇਸ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਸੰਦੇਸ਼ ਮੁਤਾਬਕ ਪਿੰਡਾਂ ਵਿਚ ਜਥੇ ਸਥਾਪਤ ਕੀਤੇ ਜਾਣ ਅਤੇ ਨਸ਼ੇ ਦਾ ਵਪਾਰ ਕਰਨ ਵਾਲੇ ਲੋਕਾਂ ਦਾ ਵਿਰੋਧ ਕੀਤਾ ਜਾਵੇ, ਨਸ਼ੇ ਕਰਨ ਵਾਲੇ ਨੌਜਵਾਨਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਣ।

# ਲਾਹੌਰ ਵਿਖੇ ਪੰਜਵੀਂ 'ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸ' ਆਯੋਜਿਤ

**ਲਾਹੌਰ:** ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਦੇ ਇਕਰਾ ਆਡੀਟੋਰੀਅਮ ਵਿਚ ਤਿੰਨ ਰੋਜ਼ਾ ਪੰਜਵੀਂ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਕੀਤੀ ਗਈ। ਪਹਿਲੇ ਦਿਨ ਦੇ ਸਮਾਗਮ ਵਿਚ ਵੱਖ-ਵੱਖ ਮੁਲਕਾਂ ਤੋਂ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਦੀ ਸਦਾਰਤ ਵਾਈਸ ਚਾਂਸਲਰ ਡਾ. ਬੁਸ਼ਰਾ ਮਿਰਜ਼ਾ ਨੇ ਕੀਤੀ। ਸ. ਰਮੇਸ਼ ਸਿੰਘ ਅਰੋੜਾ ਘੱਟ-ਗਿਣਤੀ ਵਜ਼ੀਰ, ਡਾ. ਰਾਹਤ ਅਜਮਲ (ਪ੍ਰਿੰਸੀਪਲ ਆਫ਼ ਲਾਅ) ਤੇ ਡਾ. ਮੁਹੰਮਦ ਅਫ਼ਜ਼ਲ (ਡੀਨ ਆਫ਼ ਫ਼ੈਕਲਟੀ) ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਏ। ਡਾ. ਬੁਸ਼ਰਾ ਮਿਰਜ਼ਾ ਨੇ ਪੰਜਾਬੀ ਜ਼ਬਾਨ ਦੀਆਂ ਸਿਫ਼ਤਾਂ ਕਰਦੇ ਹੋਏ ਬਾਬਾ ਨਜ਼ਮੀ ਦਾ ਇਕ ਸ਼ੇਅਰ ਪੇਸ਼ ਕੀਤਾ:

ਮਸਜਿਦ ਮੇਰੀ ਤੂੰ ਕਿਉਂ ਢਾਹਵੇਂ,
ਮੈਂ ਕਿਉਂ ਤੋੜਾਂ ਮੰਦਰ ਨੂੰ,
ਆ ਜਾ ਦੋਵੇਂ ਬਹਿ ਕੇ ਪੜ੍ਹੀਏ
ਇਕ ਦੂਜੇ ਦੇ ਅੰਦਰ ਨੂੰ।

ਸ. ਰਮੇਸ਼ ਸਿੰਘ ਅਰੋੜਾ ਨੇ ਪਾਕਿਸਤਾਨ ਵਿਚ ਸਿੱਖਾਂ ਦੀ ਤਵਾਰੀਖ਼ ਬਾਰੇ ਵਿਚਾਰ ਪੇਸ਼ ਕੀਤੇ ਅਤੇ ਪਾਕਿਸਤਾਨ ਸਰਕਾਰ ਵਲੋਂ ਸਿੱਖਾਂ ਅਤੇ ਪੰਜਾਬੀ ਵਾਸਤੇ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਗੁਰੂ ਨਾਨਕ ਸਾਹਿਬ ਦੀ ਦੇਣ ਸਬੰਧੀ ਜਾਣਕਾਰੀ ਭਰਪੂਰ ਪੇਪਰ ਪੇਸ਼ ਕੀਤਾ। ਅਮਰੀਕਾ ਤੋਂ ਉਚੇਚੇ ਤੌਰ 'ਤੇ ਪੁੱਜੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿੱਸਾ ਹੀਰ ਵਾਰਿਸ ਦੀਆਂ ਕਥਾਨਕ ਰੂੜੀਆਂ ਸਬੰਧੀ ਪੇਪਰ ਪੇਸ਼ ਕੀਤਾ। ਯੂ.ਕੇ. ਤੋਂ ਆਏ ਡਾ. ਗੁਰਦੀਪ ਸਿੰਘ ਨੇ ਸਿੱਖ-ਮੁਸਲਿਮ ਦੋਸਤੀ ਨੂੰ ਡਾ. ਮੁਹੰਮਦ ਇਕਬਾਲ ਦੀ ਸ਼ਾਇਰੀ ਰਾਹੀਂ ਪੇਸ਼ ਕੀਤਾ। ਸਮਾਗਮ ਵਿਚ ਕੈਨੇਡਾ ਤੋਂ ਸ. ਅਜਾਇਬ ਸਿੰਘ ਚੱਠਾ, ਸ. ਸਰਦੂਲ ਸਿੰਘ, ਸ. ਸੰਤੋਖ ਸਿੰਘ, ਸ. ਰਵਿੰਦਰ ਸਿੰਘ, ਭਾਰਤ ਤੋਂ ਮਸ਼ਹੂਰ ਪੱਤਰਕਾਰ ਤੇ ਵਿਦਵਾਨ ਸੁਕੀਰਤ, ਇੰਗਲੈਂਡ ਤੋਂ ਸ. ਤ੍ਰਬੇਦੀ ਸਿੰਘ ਤੇ ਸ. ਜੋਗਾ ਸਿੰਘ ਨੇ ਵਿਚਾਰ ਪੇਸ਼ ਕੀਤੇ। ਅਖ਼ੀਰ ਵਿਚ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਡਾ. ਬੁਸ਼ਰਾ ਮਿਰਜ਼ਾ ਨੇ ਸ. ਰਮੇਸ਼ ਸਿੰਘ ਅਰੋੜਾ, ਸਕਾਲਰਾਂ ਅਤੇ ਹੋਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।



ਪੰਜਵੀਂ ਇੰਟਰਨੈਸ਼ਨਲ ਪੰਜਾਬੀ ਕਾਨ਼ਫਰੰਸ ਦੌਰਾਨ ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੁਸ਼ਰਾ ਮਿਰਜ਼ਾ, ਵੱਖ ਵੱਖ ਦੇਸ਼ਾਂ ਤੋਂ ਆਏ ਡੈਲੀਗੇਟਸ ਨਾਲ।




ਦਿਆਲ ਸਿੰਘ ਰਿਸਰਚ ਫੋਰਮ ਵਿਚ ਸਟੇਜ 'ਤੇ ਸੁਸ਼ੋਭਿਤ ਉਚੇਚੇ ਪ੍ਰਾਹੁਣੇ।

ਪਹਿਲੇ ਸੈਸ਼ਨ ਤੋਂ ਬਾਅਦ ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਦੇ ਵੱਖ ਵੱਖ ਹਾਲਾਂ ਵਿਚ ਪੰਜਾਬ ਭਰ ਤੋਂ ਆਏ ਅਧਿਆਪਕਾਂ, ਖੋਜਕਾਰਾਂ ਤੇ ਵਿਦਵਾਨਾਂ, ਜਿਨ੍ਹਾਂ ਵਿਚ ਇਸਲਾਮਾਬਾਦ ਤੋਂ ਡਾ. ਜਹੀਰ, ਫ਼ੈਸਲਾਬਾਦ ਤੋਂ ਡਾ. ਫ਼ਿਆਜ਼, ਲਾਹੌਰ ਤੋਂ ਡਾ. ਅਰਸ਼ਦ ਇਕਬਾਲ ਅਰਸ਼ਦ, ਪ੍ਰੋ. ਡਾ. ਅਬਾਦ ਨਬੀਲ ਸ਼ਾਦ, ਬਹਾਵਲਪੁਰ ਤੋਂ ਸ਼ਹਿਜ਼ਾਦ ਜ਼ੋਈਆ ਸ਼ਾਮਲ ਸਨ, ਨੇ ਆਪਣੇ ਖੋਜ ਪੇਪਰ ਵਿਦਿਆਰਥੀਆਂ ਅੱਗੇ ਪੇਸ਼ ਕੀਤੇ।

ਦੂਸਰੇ ਦਿਨ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਵਿਖੇ ਕਾਨਫਰੰਸ ਕੀਤੀ ਗਈ, ਜਿਸ ਦੀ ਪ੍ਰਧਾਨਗੀ ਫੋਰਮ ਦੇ ਡਾਇਰੈਕਟਰ ਪ੍ਰੋਫ਼ੈਸਰ ਡਾ. ਰਜ਼ਾਕ ਸ਼ਾਇਦ ਨੇ ਕੀਤੀ ਜਦਕਿ ਪ੍ਰਧਾਨਗੀ ਮੰਡਲ ਵਿਚ ਪ੍ਰੋਫ਼ੈਸਰ ਡਾ. ਮੁਜਾਹਿਦਾ ਬੱਟ, ਡਾ. ਚਰਨਜੀਤ ਸਿੰਘ ਗੁਮਟਾਲਾ, ਡਾ. ਜੋਗਾ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ, ਅਜਾਇਬ ਸਿੰਘ ਚੱਠਾ, ਸਤਵੰਤ ਕੌਰ ਸ਼ਾਮਿਲ ਹਨ। ਪ੍ਰੋ. ਕਲਿਆਣ ਸਿੰਘ ਕਲਿਆਣ ਨੇ ਆਏ ਵਿਦਵਾਨਾਂ ਬਾਰੇ ਜਾਣਕਾਰੀ ਦਿੱਤੀ। ਡਾ. ਮੁਜਾਹਿਦਾ ਬੱਟ, ਡਾ. ਸ਼ਮੀਨਾ ਬਤੂਲ, ਡਾ. ਹਿਨਾ ਖ਼ਾਨ, ਡਾ. ਆਇਸ਼ਾ ਰਹਿਮਾਨ, ਸਤਵੰਤ ਕੌਰ ਤੇ ਅਨੀਲਾ ਸਰਵਰ ਨੇ ਪਰਚੇ ਪੜ੍ਹੇ। ਸਾਰੇ ਮਹਿਮਾਨਾਂ ਨੂੰ ਦਿਆਲ ਸਿੰਘ ਫੋਰਮ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦੇ ਸੈਟ ਭੇਟ ਕੀਤੇ ਗਏ।

ਤੀਜੇ ਦਿਨ ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਤੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨਨਕਾਣਾ ਸਾਹਿਬ ਵਿਖੇ ਬੱਸਾਂ ਰਾਹੀਂ ਵਿਦਿਆਰਥਣਾਂ ਤੇ ਵਿਦਵਾਨਾਂ ਨੂੰ ਲੈ ਜਾ ਕੇ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿਚ ਚੜ੍ਹਦੇ ਪੰਜਾਬ ਤੋਂ 8 ਵਿਦਵਾਨ ਸ਼ਾਮਿਲ ਹੋਏ। ਸਮਾਗਮ ਦੇ ਮੁੱਖ ਮਹਿਮਾਨ ਰਮੇਸ਼ ਸਿੰਘ ਅਰੋੜਾ ਮੈਂਬਰ ਪੰਜਾਬ ਅਸੈਂਬਲੀ ਸਨ। ਉਨ੍ਹਾਂ ਨਾਲ ਹਾਇਰ ਐਜੂਕੇਸ਼ਨ ਕਮਿਸ਼ਨ ਪੰਜਾਬ ਦੇ ਚੇਅਰਮੈਨ ਪ੍ਰੋ. ਡਾ. ਸ਼ਾਹਿਦ ਮੁਨੀਰ ਵੀ ਉਚੇਚੇ ਪ੍ਰਾਹੁਣੇ ਸਨ। ਕਾਨਫਰੰਸ ਦੇ ਸ਼ੁਰੂ ਵਿਚ ਹਜ਼ੂਰੀ ਰਾਗੀ ਸ੍ਰੀ ਨਨਕਾਣਾ ਸਾਹਿਬ ਬੀਬੀ ਮਨਬੀਰ ਕੌਰ ਦੇ ਜਥੇ ਨੇ ਸ਼ਬਦ ਗਾਇਨ ਕੀਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਦਇਆ ਸਿੰਘ, ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਵੱਲੋਂ ਡਾ. ਮੁਜਾਹਿਦਾ ਬੱਟ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ. ਮੁਹੰਮਦ ਅਫ਼ਜ਼ਲ ਨੇ ਸਵਾਗਤੀ ਸ਼ਬਦ ਆਖੇ। ਪ੍ਰੋ. ਡਾ. ਗੁਰਪਾਲ ਸਿੰਘ ਤੇ ਡਾ. ਧਨਵੰਤ ਕੌਰ, ਤਰਬੇਦੀ ਸਿੰਘ, ਅਜਾਇਬ ਸਿੰਘ ਚੱਠਾ, ਡਾ. ਚਰਨਜੀਤ ਸਿੰਘ ਗੁਮਟਾਲਾ, ਯੂਨੀਵਰਸਿਟੀ ਆਫ਼ ਝੰਗ ਦੇ ਵਾਈਸ ਚਾਂਸਲਰ ਪ੍ਰੋ. ਡਾ. ਨਬੀਲਾ ਰਹਿਮਾਨ, ਪ੍ਰੋ. ਡਾ. ਸ਼ਾਹਿਦ ਮੁਨੀਰ ਤੇ ਰਮੇਸ਼ ਸਿੰਘ ਅਰੋੜਾ ਨੇ ਸੰਗਤਾਂ ਤੇ ਵਿਦਿਆਰਥਣਾਂ ਨਾਲ ਵਿਚਾਰ ਸਾਂਝੇ ਕੀਤੇ। ਪ੍ਰੋਫ਼ੈਸਰ ਡਾ. ਮੁਜਾਹਿਦਾ ਬੱਟ ਤੇ ਵਾਈਸ ਚਾਂਸਲਰ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਨੇ ਆਏ ਪ੍ਰਾਹੁਣਿਆਂ ਦਾ ਧੰਨਵਾਦ ਕੀਤਾ। ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਤੇ ਸਿਰੋਪਾਉ ਦੇ ਕੇ ਸਨਮਾਨਿਆ ਗਿਆ। ਸਟੇਜ ਸੈਕਟਰੀ ਦੀ ਸੇਵਾ ਡਾ. ਕਲਿਆਣ ਸਿੰਘ ਕਲਿਆਣ ਨੇ ਬਖ਼ੂਬੀ ਨਿਭਾਈ।

ਲੰਗਰ ਤੋਂ ਬਾਅਦ ਸਮੂਹ ਪ੍ਰਾਹੁਣਿਆਂ ਨੂੰ ਨਵੀਂ ਉਸਾਰੀ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਵਿਖੇ ਲਿਜਾਇਆ ਗਿਆ। ਚਾਹ ਪਾਰਟੀ ਤੋਂ ਬਾਅਦ ਪ੍ਰਾਹੁਣੇ ਲਾਹੌਰ ਵਾਪਿਸ ਆ ਗਏ।




ਹਜ਼ੂਰੀ ਰਾਗੀ ਸ੍ਰੀ ਨਨਕਾਣਾ ਸਾਹਿਬ ਬੀਬੀ ਮਨਬੀਰ ਕੌਰ ਦਾ ਜਥਾ ਸ਼ਬਦ ਗਾਇਨ ਕਰਦਾ ਹੋਇਆ



ਡਾ. ਚਰਨਜੀਤ ਸਿੰਘ ਗੁਮਟਾਲਾ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।

# ਗੁਰਦੁਆਰਾ ਸਾਹਿਬ, ਸਿਨਸਿਨੈਟੀ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਸਿਨਸਿਨੈਟੀ:** ਸਿਨਸਿਨੈਟੀ ਦੀ ਸਮੂਹ ਸਾਧ ਸੰਗਤ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ, ਸਿਨਸਿਨੈਟੀ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸੰਬੰਧ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਏ ਗਏ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀਆਂ ਕਈ ਰਿਹਾਇਸ਼ੀ ਅਬਾਦੀਆਂ ਵਿਚੋਂ ਦੀ ਲੰਘਿਆ। ਸਰਦੀਆਂ ਦੀ ਪਹਿਲੀ ਬਰਫ਼ਬਾਰੀ ਅਤੇ ਸਰਦੀ ਹੋਣ ਦੇ ਬਾਵਜੂਦ ਵੱਡੀ ਗਿਣਤੀ ਸੰਗਤਾਂ ਇਸ ਵਿਚ ਸ਼ਾਮਲ ਹੋਈਆਂ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਰਸਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। **ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਸਿਨਸਿਨੈਟੀ ਦੇ ਲਾਗਲੇ ਸ਼ਹਿਰਾਂ ਡੇਟਨ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ ਤੋਂ ਵੀ ਵੱਡੀ ਗਿਣਤੀ ਸੰਗਤਾਂ ਸ਼ਾਮਲ ਹੋਈਆਂ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਨੇ ਇਨ੍ਹਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ, ਸੰਗਤ ਅਤੇ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਦੇਣ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।**







# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਠੰਢ ਦੀ ਪ੍ਰਵਾਹ ਨਾ ਕਰਦਿਆਂ ਵੱਡੀ ਗਿਣਤੀ ਸੰਗਤ ਨੇ ਭਰੀ ਹਾਜ਼ਰੀ; ਗਤਕਾ ਪਾਰਟੀ ਦੇ ਦਿਖਾਏ ਗਤਕੇ ਦੇ ਜੌਹਰ





**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ/ ਬਿਊਰੋ):** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਇਥੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੀਆਂ ਸੰਗਤਾਂ ਵਲੋਂ ਲੰਘੇ ਸ਼ਨਿਚਰਵਾਰ ਨੂੰ ਸਜਾਇਆ ਗਿਆ, ਜਿਸ ਵਿਚ ਨਾਖੁਸ਼ਗਵਾਰ ਮੌਸਮ ਦੀ ਪਰਵਾਹ ਨਾ ਕਰਦਿਆਂ ਵੀ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲਾ ਕੀਤਾ। ਨਗਰ ਕੀਰਤਨ ਸਵੇਰ ਸਮੇਂ ਮੀਂਹ ਕਾਰਨ ਮਿੱਥੇ ਸਮੇਂ ਤੋਂ ਦੇਰ ਨਾਲ ਸ਼ੁਰੂ ਹੋਇਆ।

ਸਵੇਰੇ ਕਰੀਬ 10:30 ਵਜੇ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਗੁਰਦੁਆਰਾ ਪੈਲਾਟਾਈਨ ਤੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ



ਨਗਰ ਕੀਰਤਨ ਅਰੰਭ ਹੋਇਆ। ਫੁੱਲਾਂ ਦੀਆਂ ਲੜੀਆਂ ਨਾਲ ਸਜਾਈ ਪਾਲਕੀ ਉਤੇ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਭਾਈ ਸਾਹਿਬ ਚੌਰ ਦੀ ਸੇਵਾ ਨਿਭਾ ਰਹੇ ਸਨ। ਰਾਗੀ ਜਥਿਆਂ ਵਲੋਂ ਕੀਤੇ ਜਾ ਰਹੇ ਸ਼ਬਦ ਕੀਰਤਨ ਦੀਆਂ ਇਲਾਹੀ ਧੁਨਾਂ ਮਾਹੌਲ ਵਿਚ ਘੁਲ ਰਹੀਆਂ ਸਨ।

ਇਕ ਜੀਪ 'ਤੇ ਕੇਸਰੀ ਨਿਸ਼ਾਨ ਸਾਹਿਬ ਅਤੇ ਅਮਰੀਕੀ ਝੰਡੇ ਲੱਗੇ ਹੋਏ ਸਨ, ਜਿਸ ਵਿਚ ਭਾਈ ਸਾਹਿਬ ਨਗਾਰਾ ਵਜਾ ਰਹੇ ਸਨ। ਨਗਾਰੇ ਦੀ ਗੂੰਜ ਫਿਜ਼ਾ ਵਿਚ ਗਰਜ ਰਹੀ ਸੀ। ਇਸ ਨਾਲ ਚੱਲ ਰਹੀ ਸੰਗਤ ਵੱਜ ਰਹੇ ਨਗਾਰੇ ਨਾਲ 'ਰਾਜ ਕਰੇਗਾ ਖਾਲਸਾ, ਦੇਗ ਤੇਗ ਫਤਿਹ, ਪੰਥ ਕੀ ਜੀਤ' ਦੇ ਜੈਕਾਰੇ ਲਾ ਰਹੀ ਸੀ।

ਉਸ ਤੋਂ ਪਿੱਛੇ ਗਤਕਾ ਖਿਡਾਰੀ ਇਸ ਮਾਰਸ਼ਲ ਆਰਟ ਦੇ ਜੌਹਰ ਵਿਖਾ ਕੇ ਰਸਤੇ ਵਿਚ ਨਗਰ ਕੀਰਤਨ ਵੇਖਣ ਵਾਲਿਆਂ ਨੂੰ ਅਚੰਭੇ ਵਿਚ ਪਾ ਰਹੇ ਸਨ। ਸੰਗਤ ਦੇ ਨੌਜਵਾਨ ਮੈਂਬਰ ਗੁਰੂ ਨਾਨਕ ਦੇਵ ਜੀ ਦੇ 553 ਸਾਲਾ ਜਨਮ ਦਿਨ ਦੇ ਸੰਦੇਸ਼ ਨਾਲ ਸਜੇ ਬੈਨਰ ਫੜੀ ਨਾਲ ਚੱਲ ਰਹੇ ਸਨ। ਨਗਰ ਕੀਰਤਨ ਦੀ ਅਗਵਾਈ ਰਵਾਇਤੀ ਬਾਣੇ ਅਤੇ ਸ਼ਸਤਰਾਂ ਨਾਲ ਸਜੇ ਪੰਜ ਪਿਆਰੇ ਕਰ ਰਹੇ ਸਨ। ਫੁੱਲਾਂ ਨਾਲ ਸਜਾਈ ਗਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਮਹਾਰਾਜ ਦੀ ਸਵਾਰੀ ਦੇ ਆਲੇ-ਦੁਆਲੇ ਦੂਰ ਤੱਕ ਨੀਲੇ, ਲਾਲ, ਕੇਸਰੀ ਰੰਗਾਂ ਦੀਆਂ ਦਸਤਾਰਾਂ, ਚੁੰਨੀਆਂ ਅਤੇ ਚਿੱਟੇ, ਪੀਲੇ ਰੁਮਾਲ ਸਿਰਾਂ 'ਤੇ ਬੰਨ੍ਹੀ ਸੰਗਤਾਂ ਦੀਆਂ ਲੰਮੀਆਂ ਕਤਾਰਾਂ ਨਜ਼ਰ ਆਈਆਂ। ਖਾਲਸਾਈ ਪੁਸ਼ਾਕਾਂ ਵਿਚ ਸਜੇ ਸਿੰਘ, ਸਿੰਘਣੀਆਂ ਤੇ ਬੱਚਿਆਂ ਦਾ ਜਾਹੋ ਜਲਾਲ ਖਾਲਸਾਈ ਪ੍ਰਭਾਵ ਸਿਰਜ ਰਿਹਾ ਸੀ। 'ਸਤਿਨਾਮ ਵਾਹਿਗੁਰੂ', 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਤੇ 'ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜੱਗ ਚਾਨਣ ਹੋਆ' ਸ਼ਬਦ ਅਤੇ ਇਲਾਹੀ ਬਾਣੀ ਦੇ ਕੀਰਤਨ ਦੀਆਂ ਧੁਨਾਂ ਮਾਹੌਲ ਵਿਚ ਘੁਲ ਰਹੀਆਂ ਸਨ। ਕੁਝ ਸੰਗਤਾਂ ਚਿਮਟੇ ਨਾਲ ਕੀਰਤਨ ਕਰ ਰਹੀਆਂ ਸਨ। ਕੁਝ ਹੋਰ ਸੰਗਤਾਂ ਧੰਨ ਗੁਰੂ ਨਾਨਕ ਦੇ ਸ਼ਬਦਾਂ ਦਾ ਜਾਪ ਕਰ ਰਹੀਆਂ ਸਨ। ਮੁੱਖ ਫਲੋਟ ਤੋਂ ਇਲਾਹੀ ਬਾਣੀ ਦਾ ਕੀਰਤਨ ਪੈਲਾਟਾਈਨ ਦੀ ਫਿਜ਼ਾ ਵਿਚ ਵਿਸਮਾਦੀ ਰੰਗ ਘੋਲ ਰਿਹਾ ਸੀ। ਸੰਗਤਾਂ ਪੂਰੀ ਸ਼ਰਧਾ ਨਾਲ 'ਵਾਹਿਗੁਰੂ' ਦਾ ਜਾਪ ਕਰਦਿਆਂ ਨਗਰ ਕੀਰਤਨ ਦੇ ਨਾਲ ਚੱਲ ਰਹੀਆਂ ਸਨ।

ਸੰਗਤਾਂ ਤੇ ਬੱਚਿਆਂ ਨੇ ਹੱਥਾਂ ਵਿਚ ਛੋਟੇ ਕੇਸਰੀ ਨਿਸ਼ਾਨ ਦੇ ਝੰਡੇ ਫੜੇ ਹੋਏ ਸਨ, ਜੋ ਹਰੇਕ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਠੰਢ, ਬੱਦਲਵਾਈ ਅਤੇ ਤੇਜ਼ ਹਵਾਵਾਂ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ ਵਿਚ ਕਿਧਰੇ ਰੰਚ ਮਾਤਰ ਵੀ ਕਮੀ ਮਹਿਸੂਸ ਨਹੀਂ ਹੋਈ।

ਝਾੜੂਬਰਦਾਰ ਸੇਵਕ ਹੱਥਾਂ ਵਿਚ ਝਾੜੂ ਫੜੀ ਗੁਰੂ ਮਹਾਰਾਜ ਦੀ ਪਾਲਕੀ ਦੇ ਅੱਗੇ ਅੱਗੇ ਸੜਕ ਸਾਫ ਕਰ ਰਹੇ ਸਨ। ਨਗਰ ਕੀਰਤਨ ਆਪਣੇ ਰੂਟ ਗੁਰੂਘਰ ਤੋਂ ਅਰੰਭ ਹੋ ਕੇ ਨਾਰਥ ਵਿਨੇਟਕਾ ਸਟਰੀਟ ਤੋਂ ਖੱਬੇ, ਨਾਰਥ ਗਰੂਵ ਐਵੇਨਿਊ ਤੋਂ ਖੱਬੇ, ਵੈਸਟ ਨਾਰਥ ਸਟਰੀਟ ਤੋਂ ਖੱਬੇ, ਨਾਰਥ ਪੈਲੇਸ ਤੋਂ ਖੱਬੇ ਅਤੇ ਫਿਰ ਵਿਨੇਟਕਾ ਸਟਰੀਟ ਤੋਂ ਹੁੰਦਾ ਹੋਇਆ ਕਰੀਬ ਇਕ ਮੀਲ ਦਾ ਰਸਤਾ ਤੈਅ ਕਰ ਕੇ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਇਆ।

ਨਗਰ ਕੀਰਤਨ ਅਰੰਭ ਹੋਣ ਤੇ ਬਾਅਦ ਵਿਚ ਸਮਾਪਤੀ 'ਤੇ ਗੁਰੂ ਘਰ ਦੇ ਕੀਰਤਨ ਜਥਿਆਂ ਭਾਈ ਜਸਪਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੇ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਨਾਦ ਵਿਚ ਰੰਗਿਆ।

ਰਸਤੇ ਵਿਚ ਆਪਣੇ ਘਰ ਦੇ ਸਾਹਮਣੇ ਗੁਰੂਘਰ ਦੇ ਸ਼ਰਧਾਲੂ ਸੇਵਕ ਕੁਲਬੀਰ ਸਿੰਘ ਢਿਉਲ ਤੇ ਪਰਿਵਾਰ ਨੇ ਸੰਗਤਾਂ ਲਈ ਪਾਣੀ, ਜੂਸ, ਸੇਬ, ਕੇਲੇ, ਕੋਕ, ਚਿਪਸ ਆਦਿ ਦੇ ਲੰਗਰ ਲਾਏ ਹੋਏ ਸਨ। ਕਈ ਗੁਰਸਿੱਖ ਵਾਲੰਟੀਅਰ ਨਗਰ ਕੀਰਤਨ ਦੇ ਰੂਟ ਦੀਆਂ ਸਟਰੀਟਾਂ 'ਤੇ ਪ੍ਰਾਈਵੇਟ ਸਕਿਉਰਿਟੀ ਦੇ ਸੰਗਤਾਂ ਨੂੰ ਰਾਹ ਦੇ ਦਿਸ਼ਾ ਨਿਰਦੇਸ਼ ਦੇ ਰਹੇ ਸਨ। ਆਪਸੀ ਤਾਲ ਮੇਲ ਲਈ ਉਨ੍ਹਾਂ ਦੇ ਹੱਥਾਂ ਵਿਚ ਵਾਕੀ ਟਾਕੀ ਸੈਟ ਮੌਜੂਦ ਸਨ। ਕਾਰ ਸੇਵਾ ਜਥੇ ਵਾਲੇ ਰਸਤੇ ਵਿਚ ਸਫਾਈ ਦਾ ਖਿਆਲ ਰੱਖ ਰਹੇ ਸਨ। ਨਗਰ ਕੀਰਤਨ ਦੇ ਸਾਰੇ ਰੂਟ ਦਾ ਬਹੁਤ ਵਧੀਆ ਤਰੀਕੇ ਨਾਲ ਬੰਦੋਬਸਤ ਕੀਤਾ ਗਿਆ। ਇਹ ਵੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੀ ਸੀ ਸਾਰੇ ਨਗਰ ਕੀਰਤਨ ਦੌਰਾਨ ਬਾਰਸ਼ ਦੇ ਅਸਾਰ ਹੋਣ ਦੇ ਬਾਵਜੂਦ ਵੀ ਵਰਖਾ ਨਹੀਂ ਹੋਈ ਪਰ ਪਾਰਕਿੰਗ ਲਾਟ ਵਿਚ ਨਗਰ ਕੀਰਤਨ ਦੀ ਸਮਾਪਤੀ ਹੋਣ ਦੇ ਕਰੀਬ ਮੀਂਹ ਸ਼ੁਰੂ ਹੋਇਆ। ਇਸ ਦੌਰਾਨ ਵਿਸ਼ੇਸ ਮਸ਼ੀਨ ਨਾਲ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਵਰ੍ਹਦੀਆਂ ਕਣੀਆਂ ਵਿਚ ਸ਼ਰਧਾਲੂ ਸਿੱਖਾਂ ਦੀ ਸ਼ਰਧਾ ਵੇਖਿਆਂ ਹੀ ਬਣਦੀ ਸੀ।

ਨਗਰ ਕੀਰਤਨ ਦੀ ਸਮਾਪਤੀ 'ਤੇ ਸ਼ਿਕਾਗੋ ਦੇ ਸਿੰਘਾਂ ਦੀ ਗਤਕਾ ਪਾਰਟੀ ਨੇ ਲੰਗਰ ਹਾਲ ਵਿਚ ਚਕਰਾਂ, ਬਰਛਿਆਂ, ਸੋਟੀਆਂ, ਤਲਵਾਰਾਂ, ਕਟਾਰਾਂ ਤੇ ਖੰਡਿਆਂ ਨਾਲ ਗਤਕੇ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਅਚੰਭਿਤ ਕੀਤਾ। ਸਪੀਕਰ 'ਤੇ ਚੱਲ ਰਹੀਆਂ ਜੋਸ਼ੀਲੀਆਂ ਵਾਰਾਂ ਗਤਕੇ ਵਾਲੇ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਦੇ ਜੋਸ਼ ਨੂੰ ਦੂਣਾ ਕਰ ਰਹੀਆਂ ਸਨ। ਖਾਲਸਾ ਮਾਰਸ਼ਲ ਆਰਟ ਦੇ ਕਰਤੱਵ ਦੇਖ ਕੇ ਸੰਗਤਾਂ ਵਾਹ ਵਾਹ ਕਰ ਉਠੀਆਂ। ਸੰਗਤਾਂ ਲਈ ਪ੍ਰਸ਼ਾਦੇ-ਪਾਣੀ ਤੋਂ ਇਲਾਵਾ ਚਾਹ-ਪਕੌੜਿਆਂ, ਜਲੇਬੀਆਂ, ਕੇਕ, ਫਲਾਂ, ਬਦਾਮਾਂ ਵਾਲੇ ਦੁੱਧ, ਜੂਸ, ਕੋਕ ਜਿਹੇ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦਾ ਲੰਗਰ ਲਾਇਆ ਹੋਇਆ ਸੀ। ਗੁਰੂ ਘਰ ਵਿਚ ਅਖੰਡ ਪਾਠ ਕਰਵਾ ਰਹੇ ਕੰਗ ਪਰਿਵਾਰ ਨੇ ਵੀ ਪੂਰਾ ਦਿਨ ਸ਼ਰਧਾ ਨਾਲ ਲੰਗਰ ਦੀ ਸੇਵਾ ਕੀਤੀ। ਜ਼ਿਕਰਯੋਗ ਹੈ ਕਿ ਕਈ ਹਫਤਿਆਂ ਤੋਂ ਅਣਥੱਕ ਸੇਵਾਦਾਰਾਂ ਨੇ ਨਗਰ ਕੀਰਤਨ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਦਿਨ-ਰਾਤ ਇੱਕ ਕੀਤਾ ਹੋਇਆ ਸੀ। ਸੰਗਤਾਂ ਨੇ ਵੀ ਇਸ ਮਹਾਨ ਕਾਰਜ ਲਈ ਤਨ, ਮਨ ਤੇ ਧਨ ਨਾਲ ਦਿਲ ਖੋਲ੍ਹ ਕੇ ਸਾਥ ਦਿੱਤਾ।

### ਨਗਰ ਕੀਰਤਨ ਦੀਆਂ ਝਲਕੀਆਂ

*1. ਕੁਝ ਗੋਰੇ ਗੁਆਂਢੀ ਵੀ ਪਰਿਵਾਰਾਂ ਸਮੇਤ ਇਸ ਅਲੌਕਿਕ ਨਜ਼ਾਰੇ ਦਾ ਅਨੰਦ ਮਾਣਦੇ ਹੋਏ ਇਸ ਨੂੰ ਨਾ ਕੇਵਲ ਕੈਮਰੇ ਵਿਚ ਕੈਦ ਕਰ ਰਹੇ ਸਨ ਬਲਕਿ ਆਪਣੇ ਬੱਚਿਆਂ ਨੂੰ ਮੋਢਿਆਂ 'ਤੇ ਚੁੱਕੀ ਇਸ ਬਾਬਤ ਸਮਝਾ ਰਹੇ ਸਨ ਕਿਉਂਕਿ ਗੁਰੂ ਘਰ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਤੌਰ 'ਤੇ ਘਰ ਘਰ ਜਾ ਕੇ ਉਨ੍ਹਾਂ ਨੂੰ ਸਿੱਖ ਧਰਮ ਬਾਰੇ ਫਲਾਇਰ ਵੰਡ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਸੀ।*

*2. 2019 ਵਿਚ ਹੋਏ ਨਗਰ ਕੀਰਤਨ ਦੌਰਾਨ ਗੁਰੂਘਰ ਦੇ ਪਾਰਕਿੰਗ ਲਾਟ ਵਿਚ ਇਕ ਵਿਸ਼ੇਸ਼ ਟੈਂਟ ਵਿਚ ਖਾਲਸਾ ਸੇਵਾਦਾਰਾਂ ਨੇ ਸੰਗਤਾਂ ਲਈ ਪ੍ਰਸ਼ਾਦੇ-ਪਾਣੀ ਤੋਂ ਇਲਾਵਾ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦਾ ਲੰਗਰ ਲਾਇਆ ਹੋਇਆ ਸੀ। ਗਤਕਾ ਪਾਰਟੀ ਨੇ ਵੀ ਗਤਕੇ ਦੇ ਜੌਹਰ ਪਾਰਕਿੰਗ ਲਾਟ ਵਿਚ ਦਿਖਾਏ ਸਨ ਪਰ ਇਸ ਵਾਰ ਬਾਰਸ਼ ਦੇ ਖਦਸ਼ੇ ਕਾਰਨ ਉਨ੍ਹਾਂ ਨੂੰ ਸਾਰਾ ਇੰਤਜ਼ਾਮ ਲੰਗਰ ਹਾਲ ਵਿਚ ਕਰਨਾ ਪਿਆ। ਇਸ ਵਾਰ ਲੰਗਰ ਹਾਲ ਵਿਚ ਗਤਕਾ ਟੀਮ ਨੇ ਆਪਣੀ ਕਲਾ ਕੌਸ਼ਲ ਨਾਲ ਸੰਗਤਾਂ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਭਾਵਿਤ ਕੀਤਾ।*

*3. ਤੇਜ਼ ਹਵਾ ਤੇ ਮੌਸਮ ਦੀ ਪਰਵਾਹ ਨਾ ਕਰਦਿਆਂ ਇਕ ਬੀਬੀ ਨੇ ਵ੍ਹੀਲ ਚੇਅਰ 'ਤੇ ਬੈਠ ਕੇ ਸੰਗਤਾਂ ਨਾਲ ਮਿਲ ਕੇ ਨਗਰ ਕੀਰਤਨ ਵਿਚ ਬੜੇ ਉਤਸ਼ਾਹ ਨਾਲ ਅੰਤ ਤੱਕ ਹਾਜ਼ਰੀ ਭਰੀ। ਇਸ ਤੋਂ ਇਲਾਵਾ ਕਈ ਸੰਗਤਾਂ ਨੇ ਆਪਣੇ ਛੋਟੀ ਉਮਰ ਦੇ ਬੱਚਿਆਂ ਨਾਲ ਨਗਰ ਕੀਰਤਨ ਵਿਚ ਸ਼ਿਰਕਤ ਕੀਤੀ ਤੇ ਉਨ੍ਹਾਂ ਦਾ ਤੇ ਆਪਣਾ ਜੀਵਨ ਸਫਲਾ ਕੀਤਾ।*

*4. ਨਗਰ ਕੀਰਤਨ ਬੈਨਰ ਉਤੇ ਬੀਬੀ ਇੰਦਰਜੀਤ ਕੌਰ ਪਿੰਗਲਵਾੜਾ ਵਾਲੇ, ਭਾਈ ਰਵੀ ਸਿੰਘ ਖਾਲਸਾ ਏਡ, ਸਵਰਗੀ ਸੰਦੀਪ ਸਿੰਘ ਧਾਲੀਵਾਲ ਦੀਆਂ ਤਸਵੀਰਾਂ ਸੁਸ਼ੋਭਿਤ ਸਨ।*





# ਡਾ. ਆਸਮਾਂ ਕਾਦਰੀ ਨੇ ਸਿੱਖ ਸੰਗਤਾਂ ਨਾਲ ਪਾਈ ਵਿਚਾਰਾਂ ਦੀ ਸਾਂਝ

**ਸ਼ਿਕਾਗੋ:** ਲਹਿੰਦੇ ਪੰਜਾਬ ਦੀ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪ੍ਰੋਫੈਸਰ ਆਸਮਾਂ ਕਾਦਰੀ ਪਹਿਲੀ ਵਾਰ ਸ਼ਿਕਾਗੋ ਆਏ। ਉਨ੍ਹਾਂ ਨੇ ਇਲੀਨੋਇ ਸਿੱਖ ਕਮਿਊਨਿਟੀ ਸੈਂਟਰ ਗੁਰਦੁਆਰਾ ਵ੍ਹੀਟਨ, ਗੁਰਦੁਆਰਾ ਬਰੁਕਫੀਲਡ ਮਿਲਵਾਕੀ ਅਤੇ ਗੁਰਦੁਆਰਾ ਓਕ ਕਰੀਕ ਮਿਲਵਾਕੀ ਵਿਖੇ ਸੰਗਤਾਂ ਨੂੰ ਵੱਖ ਵੱਖ ਵਿਸ਼ਿਆਂ 'ਤੇ ਆਪਣੇ



ਅਧਿਐਨ ਅਤੇ ਵਿਸ਼ਲੇਸ਼ਣ ਅਨੁਸਾਰ ਵਿਚਾਰਾਂ ਰਾਹੀਂ ਕਾਇਲ ਕੀਤਾ।

ਸ਼ਨਿੱਚਰਵਾਰ ਦੁਪਹਿਰ ਬਾਅਦ 3 ਘੰਟੇ ਦਾ ਪ੍ਰੋਗਰਾਮ ਵ੍ਹੀਟਨ ਗੁਰਦੁਆਰਾ ਸਾਹਿਬ ਵਿਖੇ ਹੋਇਆ। ਇੱਥੋਂ ਦੇ ਪ੍ਰਬੰਧਕਾਂ ਨੇ ਈ-ਮੇਲ ਰਾਹੀਂ ਸੰਪਰਕ ਕਰ ਕੇ ਸੰਗਤਾਂ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਸੀ। ਇਸ ਮੌਕੇ ਕਾਫੀ ਗਿਣਤੀ ਵਿਚ ਸੰਗਤ ਹਾਜ਼ਰ ਹੋਈ। ਡਾਕਟਰ ਕਾਦਰੀ ਨੇ ਵੰਨਨੈੱਸ (ਏਕਤਾ) ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸੰਗਤਾਂ ਨੇ ਇੱਕ ਇੱਕ ਗੱਲ ਬੜੀ ਉਤਸੁਕਤਾ ਨਾਲ ਸੁਣੀ। ਉਨ੍ਹਾਂ ਬਾਬਾ ਫ਼ਰੀਦ, ਗੁਰੂ ਨਾਨਕ ਦੇਵ ਜੀ ਅਤੇ ਹੋਰਨਾਂ ਦੀਆਂ ਰਚਨਾਵਾਂ ਦੀਆਂ ਉਦਾਹਰਨਾਂ ਨਾਲ ਆਪਣੇ ਵਿਚਾਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੰਗਤਾਂ ਵਲੋਂ ਸਨਮਾਨ ਵਜੋਂ ਪ੍ਰੋ. ਆਸਮਾਂ ਕਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਵਿਦਵਾਨਾਂ ਦੇ ਵਿਚਾਰਾਂ ਬਾਰੇ ਪੋਸਟਰ ਦਿੱਤਾ ਗਿਆ।

ਬਾਅਦ ਵਿਚ ਸਵਾਲ ਜਵਾਬ ਸਮੇਂ ਨੌਜਵਾਨਾਂ, ਬੱਚਿਆਂ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਕਿਹਾ ਗਿਆ ਅਤੇ ਇੱਥੇ ਰਹਿ ਕੇ ਵੀ ਨਵੀਂ ਪਨੀਰੀ ਨੂੰ ਵਰਕਸ਼ਾਪਾਂ ਅਤੇ ਕੈਂਪਾਂ ਵਿੱਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਪੜ੍ਹਾਉਣ ਲਈ ਵਾਅਦਾ ਕੀਤਾ।

ਐਤਵਾਰ ਵਾਲੇ ਦਿਨ ਡਾ. ਆਸਮਾਂ ਕਾਦਰੀ ਨੇ ਮਿਲਵਾਕੀ ਵਿਖੇ ਪਹਿਲਾਂ ਬਰੁੱਕਫੀਲਡ ਗੁਰਦੁਆਰੇ ਵਿੱਚ ਹਾਜ਼ਰੀ ਭਰੀ ਅਤੇ 'ਲੇਖਾ' ਬਾਰੇ ਆਪਣੇ ਵਿਚਾਰ ਪੇਸ਼ ਕਰ ਕੇ ਸੰਗਤ ਨੂੰ ਕੀਲਿਆ ਪਰ ਸਮੇਂ ਦੀ ਘਾਟ ਕਾਰਨ ਸਵਾਲ-ਜਵਾਬ ਦਾ ਸੈਸ਼ਨ ਨਹੀਂ ਹੋ ਸਕਿਆ। ਆਉਣ ਵਾਲੇ ਸਮੇਂ ਵਿਚ ਵੱਡਾ ਪ੍ਰੋਗਰਾਮ ਬਣਾਉਣ ਲਈ ਵਾਅਦਾ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਆਖਰੀ ਪੜਾਅ ਵਿਚ ਬੀਬੀ ਆਸਮਾਂ ਕਾਦਰੀ ਗੁਰਦੁਆਰਾ ਓਕ ਕਰੀਕ ਮਿਲਵਾਕੀ ਪਹੁੰਚੇ। ਸੰਗਤਾਂ ਦਾ ਭਾਰੀ ਇਕੱਠ ਸੀ। ਇੱਥੇ ਉਨ੍ਹਾਂ ਨੇ 'ਬੀਜ' ਬਾਰੇ ਵਿਚਾਰ ਸਾਂਝੇ ਕੀਤੇ। ਥੋੜ੍ਹੀ ਦੇਰ ਸੁਆਲ ਜਵਾਬ ਵੀ ਹੋਏ। ਇਥੇ ਵੀ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਭਿਆਚਾਰਕ ਅਤੇ ਸਪੋਰਟਸ ਕਲੱਬ ਨੇ ਯੋਗਦਾਨ ਪਾਇਆ। ਆਉਣ ਵਾਲੇ ਸਮੇਂ ਫਿਰ ਵੱਡਾ ਸਹਿਯੋਗ ਚਾਹੀਦਾ ਹੈ।





# ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਪੈਲਾਟਾਈਨ ਵਿਖੇ ਵੱਡੀ ਗਿਣਤੀ ਸੰਗਤ ਨਤਮਸਤਕ

**ਸ਼ਿਕਾਗੋ:** ਮੰਗਲਵਾਰ 8 ਨਵੰਬਰ ਤੋਂ ਐਤਵਾਰ 13 ਨਵੰਬਰ ਨੂੰ ਗੁਰਦੁਆਰਾ ਪੈਲਾਟਾਈਨ ਵਿਚ ਪ੍ਰਥਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਸੰਗਤਾਂ ਉਤਸ਼ਾਹ ਨਾਲ ਸ਼ਾਮਿਲ ਹੋਈਆਂ। 11 ਨਵਬੰਰ ਸ਼ੁਕਰਵਾਰ ਸਵੇਰੇ ਅਖੰਡ ਪਾਠ ਆਰੰਭ ਕਰ ਕੇ 13 ਤਰੀਕ ਨੂੰ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ।





ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਸ੍ਰੀ ਪਾਲ ਸਿੰਘ ਦੇ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਭਾਈ ਜਸਪਿੰਦਰ ਸਿੰਘ ਤੇ ਭਾਈ ਰਜਿੰਦਰ ਸਿੰਘ ਨੇ ਵੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸਾਖੀਆਂ ਸੁਣਾ ਕੇ ਸੰਗਤਾਂ ਨੂੰ ਬਾਬੇ ਨਾਨਕ ਦਾ ਉਪਦੇਸ਼ ਦ੍ਰਿੜ ਕਰਵਾਇਆ। ਗੁਰੂ ਘਰ ਦੇ ਪ੍ਰਧਾਨ ਜੈ ਰਾਮ ਕਾਹਲੋਂ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾ ਸ਼ਨਿਚਰਵਾਰ ਸਵੇਰੇ ਪ੍ਰਭਾਤ ਫੇਰੀ ਕੱਢੀ ਗਈ ਜਿਸ ਵਿਚ ਵੱਡੀ ਗਿਣਤੀ ਸੰਗਤਾਂ ਨੇ ਸ਼ਿਰਕਤ ਕੀਤੀ। ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਵਲੋਂ ਸਿੱਖ ਨਸ਼ਲਕੁਸ਼ੀ 1984 ਦੀ ਯਾਦ ਵਿਚ ਖੂਨਦਾਨ ਮੁਹਿੰਮ ਤਹਿਤ 6 ਨਵੰਬਰ ਐਤਵਾਰ ਨੂੰ ਗੁਰੂਗਰ ਵਿਚ ਚੋਖੀ ਗਿਣਤੀ ਵਿਚ ਸੰਗਤਾਂ ਨੇ ਖੂਨ ਦਾਨ ਕੀਤਾ। ਐਤਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ, ਜਿਸ ਦੀ ਸੇਵਾ ਕੇਹਰ ਸਿੰਘ ਪਰਿਵਾਰ ਵਲੋਂ ਕੀਤੀ ਗਈ। ਗੁਰੂ ਦੇ ਅਤੁੱਟ ਲੰਗਰ ਤਿੰਨੇ ਦਿਨ ਚਲਦੇ ਰਹੇ। ਮੰਗਲਵਾਰ ਦੇ ਲੰਗਰ ਦੀ ਸੇਵਾ ਸਤਨਾਮ ਸਿੰਘ ਗਿੱਲ ਪਰਿਵਾਰ ਅਤੇ ਐਤਵਾਰ ਦੇ ਲੰਗਰ ਦੀ ਸੇਵਾ ਰਾਜਿੰਦਰ ਸਿੰਘ ਬੱਸੀ ਪਰਿਵਾਰ ਨੇ ਕੀਤੀ।





ਪੰਜਾਬ ਟਾਈਮਜ਼

*ਸਨਿਚਰਵਾਰ, 19 ਨਵੰਬਰ 2022*

# ਕਾਨੂੰਨ ਵਿਵਸਥਾ ਅਤੇ ਸਰਕਾਰ

ਪੰਜਾਬ ਸਰਕਾਰ ਨੇ ਅਮਨ ਕਾਨੂੰਨ ਦੀ ਹਾਲਤ ਸੁਧਾਰਨ ਲਈ ਹਥਿਆਰਾਂ ਨਾਲ ਸਬੰਧਿਤ ਕੁਝ ਐਲਾਨ ਕੀਤੇ ਹਨ। ਪਿਛਲੇ ਕੁਝ ਸਮੇਂ ਤੋਂ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਕਾਰਨ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਹੁਣ ਸਰਕਾਰ ਵੱਲੋਂ ਕੀਤੇ ਕਈ ਐਲਾਨਾਂ ਦਾ ਸਵਾਗਤ ਹੋਇਆ ਹੈ ਅਤੇ ਕਈਆਂ ਬਾਰੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਹੁਣ ਤੱਕ ਜਾਰੀ ਕੀਤੇ ਅਸਲ੍ਹਾ ਲਾਇਸੈਂਸਾਂ ਦੀ ਤਿੰਨ ਮਹੀਨੇ ਅੰਦਰ ਜਾਂਚ ਕਰਨ ਅਤੇ ਇੰਨੇ ਹੀ ਸਮੇਂ ਲਈ ਅਸਲ੍ਹਾ ਲਾਇਸੈਂਸ ਜਾਰੀ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਹਥਿਆਰਾਂ ਨੂੰ ਵਡਿਆਉਣ ਵਾਲੇ ਗੀਤਾਂ ਉੱਤੇ ਸੋਸ਼ਲ ਮੀਡੀਆ ਸਮੇਤ ਸਾਰੇ ਮੰਚਾਂ ਉੱਤੇ ਪਾਬੰਦੀ ਲਗਾਈ ਗਈ ਹੈ। ਜਨਤਕ ਥਾਵਾਂ ਉੱਤੇ ਹਥਿਆਰਾਂ ਦਾ ਪ੍ਰਦਰਸ਼ਨ ਰੋਕਣ ਅਤੇ ਜਨਤਕ ਇਕੱਠਾਂ ਵਿਚ ਹਥਿਆਰ ਲਿਜਾਣ ਉੱਤੇ ਪਾਬੰਦੀ ਲਗਾਉਣ ਦਾ ਵੀ ਹੁਕਮ ਹੈ। ਅਚਨਚੇਤ ਚੈਕਿੰਗਾਂ ਅਤੇ ਕਿਸੇ ਵੀ ਭਾਈਚਾਰੇ ਖਿਲਾਫ਼ ਨਫ਼ਰਤੀ ਭਾਸ਼ਣ ਜਾਂ ਬਿਆਨ ਦੇਣ ਵਾਲਿਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਵਿਚੋਂ ਮਸਲਾ ਇਹ ਹੈ ਕਿ ਗਾਣਿਆਂ ਦੇ ਮਾਮਲੇ ਵਿਚ ਪਾਬੰਦੀਆਂ ਲਗਾਉਣ ਲਈ ਸੈਂਸਰ ਬੋਰਡ ਵਰਗੀ ਸੰਸਥਾ ਬਣਾਉਣ ਦੀ ਲੋੜ ਪਵੇਗੀ ਅਤੇ ਇਸ ਵਾਸਤੇ ਵਿਧਾਨਕ ਰਸਤਾ ਅਪਣਾਉਣ ਦੀ ਜ਼ਰੂਰਤ ਪੈ ਸਕਦੀ ਹੈ। ਇਹ ਮੁੱਦਾ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨਾਲ ਵੀ ਜੁੜਿਆ ਹੋਇਆ ਹੈ। ਇਸ ਬਾਰੇ ਕਾਨੂੰਨੀ ਅਤੇ ਸੰਵਿਧਾਨਕ ਪੱਖ ਤੋਂ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਇਸ ਬਾਰੇ ਸਰਕਾਰ ਨੂੰ ਤੱਥ ਸਾਹਮਣੇ ਰੱਖਣੇ ਚਾਹੀਦੇ ਹਨ ਕਿ ਲਾਇਸੈਂਸੀ ਅਸਲ੍ਹੇ ਨਾਲ ਅਮਨ ਕਾਨੂੰਨ ਨਾਲ ਸਬੰਧਿਤ ਕਿੰਨੀਆਂ ਕੁ ਘਟਨਾਵਾਂ ਵਾਪਰੀਆਂ ਹਨ। ਸਭ ਤੋਂ ਮਹੱਤਵਪੂਰਨ ਮੁੱਦਾ ਨਫ਼ਰਤੀ ਭਾਸ਼ਣਾਂ ਨਾਲ ਸਬੰਧਿਤ ਹੈ। ਇਸ ਬਾਰੇ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਪੁਲੀਸ ਨੂੰ ਹਦਾਇਤ ਕੀਤੀ ਸੀ ਕਿ ਕਿਸੇ ਅਰਜ਼ੀ ਨੂੰ ਉਡੀਕਣ ਦੀ ਬਜਾਇ ਪੁਲੀਸ ਖ਼ੁਦ ਨਫ਼ਰਤੀ ਭਾਸ਼ਣਾਂ ਖ਼ਿਲਾਫ਼ ਕਾਰਵਾਈ ਕਰੇ। ਅਜਿਹੇ ਭਾਸ਼ਣ ਹਿੰਸਕ ਕਾਰਵਾਈਆਂ ਅਤੇ ਭਾਈਚਾਰਿਆਂ ਅੰਦਰ ਤਣਾਅ ਪੈਦਾ ਕਰਨ ਦਾ ਵੱਡਾ ਕਾਰਨ ਬਣਦੇ ਹਨ। ਇਸ ਮਾਮਲੇ ਵਿਚ ਕਿਸੇ ਵੀ ਸੂਬੇ ਵਿਚ ਲੋੜੀਂਦੀ ਕਾਰਵਾਈ ਨਹੀਂ ਕੀਤੀ ਗਈ।ਹਥਿਆਰਾਂ ਦਾ ਪ੍ਰਦਰਸ਼ਨ ਜਾਂ ਹਿੰਸਾ ਨੂੰ ਉਤਸ਼ਾਹਿਤ ਕਰਨਾ ਕਿਸੇ ਵੀ ਸੂਰਤ ਵਿਚ ਸਮਾਜ ਦੇ ਹਿੱਤ ਵਿਚ ਨਹੀਂ। ਇਸ ਵਰਤਾਰੇ ਬਾਰੇ ਵਿਚਾਰ-ਚਰਚਾ ਜ਼ਰੂਰੀ ਹੈ। ਲੋਕ ਰਾਇ ਹਥਿਆਰਾਂ ਦੇ ਪ੍ਰਦਰਸ਼ਨ ਜਾਂ ਗੀਤਾਂ ਵਿਚ ਇਨ੍ਹਾਂ ਦੀ ਵਡਿਆਈ ਖਿਲਾਫ਼ ਸਭ ਤੋਂ ਵੱਡੀ ਰੁਕਾਵਟ ਬਣ ਸਕਦੀ ਹੈ। ਇਸ ਦੀ ਮਿਸਾਲ ਕਿਸਾਨ ਅੰਦੋਲਨ ਤੋਂ ਦੇਖੀ ਜਾ ਸਕਦੀ ਹੈ। ਲੋਕਾਂ ਦੇ ਉਭਾਰ ਨੇ ਗਾਇਕਾਂ ਅਤੇ ਗੀਤਕਾਰਾਂ ਨੂੰ ਆਪਣੀਆਂ ਕਲਮਾਂ ਅਤੇ ਆਵਾਜ਼ ਸਮਾਜਿਕ ਉਦੇਸ਼ ਵਾਲੇ ਪਾਸੇ ਲਾਉਣ ਲਈ ਪ੍ਰੇਰਿਆ ਸੀ।

ਹੁਣ ਸਰਕਾਰ ਲਈ ਮੁੱਖ ਮਸਲਾ ਇਹ ਹੈ ਕਿ ਕਾਨੂੰਨ ਵਿਵਸਥਾ ਦੇ ਪੱਖ ਤੋਂ ਇਸ ਨੂੰ ਘੇਰਾ ਪੈ ਰਿਹਾ ਹੈ। ਇਹ ਵੀ ਹਕੀਕਤ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਜੋ ਹਿੰਸਕ ਵਾਰਦਾਤਾਂ ਹੋਈਆਂ ਹਨ, ਉਨ੍ਹਾਂ ਪ੍ਰਤੀ ਸਰਕਾਰ ਦਾ ਰਵੱਈਆ ਅਣਗਹਿਲੀ ਵਾਲਾ ਹੀ ਰਿਹਾ ਹੈ। ਹੁਣ ਜਦੋਂ ਅਜਿਹੀਆਂ ਘਟਨਾਵਾਂ ਰੁਕਣ ਦੀ ਥਾਂ ਇਨ੍ਹਾਂ ਵਿਚ ਸਗੋਂ ਹੋਰ ਵਾਧਾ ਹੋ ਰਿਹਾ ਹੇ ਤਾਂ ਸਰਕਾਰ ਕੋਈ ਕਾਰਗਰ ਯੋਜਨਾ ਬਣਾਉਣ ਜਾਂ ਕਾਰਗਰ ਕਾਰਵਾਈ ਕਰਨ ਦੀ ਥਾਂ ਖਾਨਾਪੂਰਤੀ ਕਰ ਕੇ ਕੰਮ ਚਲਾਉਣਾ ਚਾਹੁੰਦੀ ਹੈ। ਇਸ ਵਕਤ ਮੁੱਖ ਮੰਤਰੀ ਭਗਵੰਤ ਮਾਨ ਹੀ ਨਹੀਂ, ਉਸ ਦੀ ਵਜ਼ਾਰਤ ਦੇ ਕਈ ਮੈਂਬਰ ਅਤੇ ਬਹੁਤ ਸਾਰੇ ਪਾਰਟੀ ਵਿਧਾਇਕ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਰੁੱਝੇ ਹੋਏ ਹਨ। ਖਬਰਾਂ ਦੱਸਦੀਆਂ ਹਨ ਕਿ ਮੁੱਖ ਮੰਤਰੀ ਹਰ ਹਫਤੇ ਗੁਜਰਾਤ ਦਾ ਦੌਰਾ ਕਰ ਰਹੇ ਹਨ। ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਤੋਂ ਇਲਾਵਾ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਮੈਦਾਨ ਵਿਚ ਹਨ। ਆਮ ਆਦਮੀ ਪਾਰਟੀ ਦੀ ਹਾਈ ਕਮਾਨ ਨੂੰ ਜਾਪਦਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਗੁਜਰਾਤ ਵਿਚ ਭਰਵੀਂ ਹਾਜ਼ਰੀ ਲੁਆਈ ਜਾ ਸਕਦੀ ਹੈ। ਇਸ ਪਾਰਟੀ ਨੇ ਪਹਿਲਾਂ-ਪਹਿਲ ਹਿਮਾਚਲ ਪ੍ਰਦੇਸ਼ ਵਿਚ ਇੰਨਾ ਹੀ ਜ਼ੋਰ ਲਾਇਆ ਸੀ ਪਰ ਜਦੋਂ ਸਪਸ਼ਟ ਹੋ ਗਿਆ ਕਿ ਹਿਮਾਚਲ ਵਿਚ ਮੁੱਖ ਮੁਕਾਬਲਾ ਕਾਂਗਰਸ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਿਚਕਾਰ ਹੀ ਹੈ ਤਾਂ ਪਾਰਟੀ ਹਾਈ ਕਮਾਨ ਨੇ ਆਪਣੀ ਸਾਰੀ ਦੀ ਸਾਰੀ ਤਾਕਤ ਗੁਜਰਾਤ ਵਿਚਧਾਨ ਸਭਾ ਚੋਣਾਂ ਵਿਚ ਝੋਕ ਦਿੱਤੀ। ਪੰਜਾਬ ਦੇ ਲੀਡਰ ਅਤੇ ਸਰਕਾਰ ਸਰਮਾਇਆ ਗੁਜਰਾਤ ਵਿਚ ਪ੍ਰਚਾਰ ਲਈ ਲਾ ਦਿੱਤਾ ਗਿਆ। ਇਸ ਪੱਖ ਤੋਂ ਵੀ ਭਗਵੰਤ ਮਾਨ ਸਰਕਾਰ ਦੀ ਤਿੱਖੀ ਨੁਕਤਾਚੀਨੀ ਹੋਈ ਹੈ ਕਿ ਪੰਜਾਬ ਦੇ ਵਿਕਾਸ ਲਈ ਵਰਤਿਆ ਜਾਣ ਵਾਲਾ ਪੈਸਾ ਗੁਜਰਾਤ ਵਿਚ ਪਾਰਟੀ ਦੇ ਪ੍ਰਚਾਰ ਲਈ ਰੋੜ੍ਹਿਆ ਜਾ ਰਿਹਾ ਹੈ।

ਜ਼ਾਹਿਰ ਹੈ ਕਿ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ ਹੈ। ਪਹਿਲਾਂ ਵੀ ਬਹੁਤ ਸਾਰੇ ਮਸਲਿਆਂ ਵਿਚ ਸਰਕਾਰ ਦਾ ਰਵੱਈਆ ਅਣਗਹਿਲੀ ਵਾਲਾ ਹੀ ਰਿਹਾ ਹੈ। ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੂਰੇ ਕਰਨ ਲਈ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ ਹੈ। ਇਹ ਜ਼ਰੂਰ ਹੈ ਕਿ ਆਪਣੀਆਂ 'ਪ੍ਰਾਪਤੀਆਂ' ਦੇ ਇਸ਼ਤਿਹਾਰ ਵੱਡੀ ਪੱਧਰ ਨਸ਼ਰ ਕੀਤੇ ਜਾ ਰਹੇ ਹਨ। ਦਰਅਸਲ, ਪਾਰਟੀ ਨੇ ਸਾਰਾ ਜ਼ੋਰ ਪ੍ਰਚਾਰ 'ਤੇ ਹੀ ਲਾਇਆ ਹੋਇਆ ਹੈ। ਹੋਰ ਤਾਂ ਹੋਰ ਮੁੱਖ ਭਗਵੰਤ ਮਾਨ ਚੋਣਾਂ ਤੋਂ ਪਹਿਲਾਂ ਜਿਨ੍ਹਾਂ ਮਸਲਿਆਂ 'ਤੇ ਪੁਰਾਣੀਆਂ ਸਰਕਾਰਾਂ ਨੂੰ ਘੇਰਦੇ ਰਹੇ ਹਨ, ਉਸ ਬਾਰੇ ਹੁਣ ਬਿਲਕੁਲ ਖਾਮੋਸ਼ੀ ਧਾਰ ਲਈ ਗਈ ਹੈ। ਸਿਆਸੀ ਵਿਸ਼ਲੇਸ਼ਕਾਂ ਦੀ ਰਾਇ ਹੈ ਕਿ ਹੁਣ ਹਥਿਆਰਾਂ ਬਾਰੇ ਐਲਾਨ ਆਪਣੀ ਨਾਲਾਇਕੀ ਢਕਣ ਲਈ ਹੀ ਕੀਤੇ ਗਏ ਹਨ। ਇਨ੍ਹਾਂ ਐਲਾਨਾਂ ਨਾਲ ਸਰਕਾਰ ਲੋਕਾਂ ਨੂੰ ਇਹ ਜਚਾਉਣ ਦਾ ਯਤਨ ਕਰ ਰਹੀ ਹੈ ਕਿ ਕਾਨੂੰਨ ਵਿਵਸਥਾ ਨੂੰ ਕਾਬੂ ਹੇਠ ਰੱਖਣ ਲਈ ਅਜਿਹੇ ਕਦਮ ਉਠਾਉਣੇ ਬਹੁਤ ਜ਼ਰੂਰੀ ਹਨ। ਹੁਣ ਦੇਖਣਾ ਇਹ ਹੈ ਕਿ ਆਪਣੀ ਮਾੜੀ ਕਾਰਗੁਜ਼ਾਰੀ ਕਾਰਨ ਬੁਰੀ ਤਰ੍ਹਾਂ ਘਿਰੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸ ਤਰ੍ਹਾਂ ਇਸ ਸੰਕਟ ਵਿਚੋਂ ਨਿੱਕਲਦੀ ਹੈ। ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਜਿੰਨੀ ਦੇਰ ਤੱਕ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਕਰਦੀ, ਓਨੀ ਦੇਰ ਮੁਸੀਬਤਾਂ ਹੱਲ ਹੋਣ ਦੀ ਥਾਂ ਵਧਣੀਆਂ ਹੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੰਦੇ ਨਹੀਂ ਦੈਂਤ*

ਜਾਣੇ ਰੱਬ ਕੋਈ ਵਰਜਦਾ ਹੋਏਗਾ ਨਹੀਂ, ਇਨ੍ਹਾਂ ਦੁਸ਼ਟਾਂ ਦਾ ਭਾਈ ਕੋਈ ਭੈਣ ਯਾਰੋ।
ਭੋਰਾ ਰਹਿਮ ਨਾ ਦਿਲਾਂ 'ਚ ਔਣ ਦਿੰਦੇ, ਅਸਲਾ ਚੱਕ ਕੇ ਬਣਨ 'ਲਫਟੈਣ' ਯਾਰੋ।
ਹਸਦੇ ਵਸਦਿਆਂ ਤਾਈਂ ਬੇਕਿਰਕ ਹੋ ਕੇ, ਅਚਨਚੇਤ ਹੀ ਖਾਂਦੀ ਆ 'ਡੈਣ ਯਾਰੋ।
ਦਿਲ ਦੁਖੀਆਂ ਦਾ ਪੁੱਛਿਆ ਜਾਣੀਏਂ ਜੀ, ਪੈਂਦੇ ਜਿਨ੍ਹਾਂ ਦੇ ਘਰਾਂ ਵਿਚ ਵੈਣ ਯਾਰੋ।
'ਗੁੱਸਾ' ਕਿਸੇ ਦਾ ਲਾਹੁੰਦੇ ਨੇ ਕਿਸੇ ਉਤੇ, ਮੌਤ ਵੰਡ ਕੇ ਕੱਢਦੇ ਐ ਰੋਸਿਆਂ ਨੂੰ।
ਬੰਦੇ ਨਹੀਂ ਜੀ ਇਨ੍ਹਾਂ ਨੂੰ 'ਦੈਂਤ' ਜਾਣੋ, ਫਿਰਨ ਮਾਰਦੇ ਜਿਹੜੇ ਬੇਦੋਸ਼ਿਆਂ ਨੂੰ।

# ਪੰਜਾਬ ਦੇ ਹਾਲਾਤ ਅਤੇ 'ਆਪ' ਸਰਕਾਰ ਦੀ ਕਾਰਜ ਪ੍ਰਣਾਲੀ

***ਕੈਪਟਨ ਅਮਰਿੰਦਰ ਸਿੰਘ ਬਾਰੇ ਇੱਕ ਗੱਲ ਬੜੀ ਚਰਚਿਤ ਰਹੀ ਸੀ ਕਿ ਉਹ ਪੰਜਾਬ ਨੂੰ ਅਫਸਰਸ਼ਾਹੀ ਦੇ ਸਪੁਰਦ ਕਰ ਕੇ ਖੁਦ ਹਿਮਾਚਲ ਦੀਆਂ ਵਾਦੀਆਂ ਦਾ ਨਿੱਘ ਮਾਣਦੇ ਰਹਿੰਦੇ ਹਨ ਤੇ ਹੁਣ ਭਗਵੰਤ ਮਾਨ ਦੇ ਗੁਜਰਾਤ, ਦਿੱਲੀ ਦੌਰਿਆਂ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਪੰਜਾਬ ਨੂੰ ਜਾਂ ਤਾਂ ਕੇਜਰੀਵਾਲ ਦੀ ਟੀਮ ਚਲਾ ਰਹੀ ਹੈ ਤੇ ਜਾਂ ਫਿਰ ਪੰਜਾਬ ਦੇ ਚੰਦ ਅਫਸਰ ਚਲਾ ਰਹੇ ਹਨ। ਸੂਬੇ ਦੇ ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਕਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਖੇਤੀ ਕਾਨੂੰਨਾਂ ਖਿਲਾਫ ਲੜੇ ਇਤਿਹਾਸਕ ਕਿਸਾਨ ਅੰਦੋਲਨ ਦਾ ਧੁਰਾ ਬਣੇ ਪੰਜਾਬ ਨੇ ਇਸ ਅੰਦੋਲਨ ਰਾਹੀਂ ਦੁਨੀਆ ਭਰ 'ਚ ਆਪਣੀ ਗਹਿਰੀ ਛਾਪ ਛੱਡੀ ਸੀ ਅਤੇ ਇਨ੍ਹਾਂ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਪੰਜਾਬ ਦੇ ਲੋਕ ਮਸਲਿਆਂ 'ਤੇ ਨਵਾਂ ਸੰਘਰਸ਼ ਸ਼ੁਰੂ ਹੋਣ ਦੀ ਆਸ ਕੀਤੀ ਜਾ ਰਹੀ ਸੀ। ਇਸੇ ਦਰਮਿਆਨ ਲੰਘੇ ਮਹੀਨਿਆਂ ਦੌਰਾਨ ਪੰਜਾਬ ਵਿਚ ਵਾਪਰੀਆਂ ਕੁਝ ਵੱਡੀਆਂ ਘਟਨਾਵਾਂ ਨੇ ਸੂਬੇ ਵਿਚ ਵੱਖਰੀ ਤਰ੍ਹਾਂ ਦੀ ਚਰਚਾ ਛੇੜ ਦਿੱਤੀ ਹੈ। ਇਸ ਚਰਚਾ ਨੂੰ ਗਹੁ ਨਾਲ ਵਿਚਾਰਨ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਇਸ ਸਮੇਂ ਵੱਡੇ ਆਰਥਿਕ, ਸਮਾਜਿਕ, ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਿਚ ਰਵਾਇਤੀ ਸਿਆਸਤਦਾਨਾਂ ਅਤੇ ਪੁਲਿਸ ਦੀ ਸ਼ਹਿ ਪ੍ਰਾਪਤ ਗੈਂਗਸਟਰਾਂ ਦਾ ਬੋਲਬਾਲਾ ਨਜ਼ਰ ਆ ਰਿਹਾ ਹੈ। ਬੇਰੁਜ਼ਗਾਰੀ, ਨਸ਼ਿਆਂ, ਕਰਜ਼ੇ ਦਾ ਝੰਬਿਆ ਪੰਜਾਬ ਅਨਿਸਚਤ ਭਵਿੱਖ ਕਾਰਨ ਖਲਾਅ ਦਾ ਸਾਹਮਣਾ ਕਰ ਰਿਹਾ ਹੈ। ਇਸ ਤਰ੍ਹਾਂ ਦੇ ਖਲਾਅ ਵਿਚੋਂ ਯੁੱਗ ਪਲਟਾਊ ਲੋਕ ਪੱਖੀ ਲਹਿਰ ਦੇ ਵਿਕਸਤ ਹੋਣ ਦੀ ਭਰਭੂਰ ਸੰਭਾਵਨਾ ਹੁੰਦੀ ਹੈ ਪਰ ਹਾਕਮ ਜਮਾਤ ਦਾ ਜ਼ੋਰ ਲੱਗਿਆ ਹੁੰਦਾ ਹੈ ਕਿ ਇਸ ਤਰ੍ਹਾਂ ਹਾਲਾਤ ਵਿਚ ਲੋਕਾਂ ਨੂੰ ਆਪਸ ਵਿਚ ਉਲਝਾਇਆ ਜਾਵੇ।

ਪੰਜਾਬ ਵਿਚਲੇ ਇਸ ਖਲਾਅ ਨੂੰ ਸਮਝਣ ਲਈ ਸਾਨੂੰ ਲੰਘੀਆਂ ਵਿਧਾਨ ਸਭਾ ਚੋਣਾਂ ਅਤੇ ਉਸ ਤੋਂ ਅਗਲੀ ਲੋਕ ਸਭਾ ਜ਼ਿਮਨੀ ਚੋਣ ਦੀ ਸਮੀਖਿਆ ਕਰ ਲੈਣੀ ਚਾਹੀਦੀ ਹੈ। ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਨੂੰ 117 ਵਿਚੋਂ 92 ਸੀਟਾਂ ਕਿਸੇ 'ਕਰਾਮਾਤ' ਕਾਰਨ ਨਹੀਂ ਆਈਆਂ ਸਨ ਬਲਕਿ ਇਸ ਲਈ ਆਈਆਂ ਸਨ ਕਿ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ), ਭਾਜਪਾ ਦੀ ਕਾਰਜ ਪ੍ਰਣਾਲੀ ਤੋਂ ਅੱਕਿਆ ਪੰਜਾਬ ਸਿਆਸੀ ਖਲਾਅ ਦਾ ਸਾਹਮਣਾ ਕਰ ਰਿਹਾ ਸੀ। ਇਸ ਖਲਾਅ ਵਿਚੋਂ ਹੀ ਲੋਕਾਂ ਨੂੰ ਆਮ ਆਦਮੀ ਪਾਰਟੀ ਆਪਣੇ ਦੁੱਖ-ਦਰਦਾਂ ਦੀ ਵਕਤੀ 'ਦਾਰੂ' ਨਜ਼ਰ ਆਈ ਅਤੇ ਉਹਨਾਂ ਇਸ ਪਾਰਟੀ ਨੂੰ ਚੁਣ ਲਿਆ ਪਰ ਸਰਕਾਰ ਬਣਨ ਦੇ ਕੁਝ ਮਹੀਨੇ ਬਾਅਦ ਹੀ, ਮੁੱਖ ਮੰਤਰੀ ਬਣੇ ਭਗਵੰਤ ਮਾਨ ਦੇ ਅਸਤੀਫੇ ਕਾਰਨ ਹੋਈ ਲੋਕ ਸਭਾ ਜ਼ਿਮਨੀ ਚੋਣ ਵਿਚ 'ਆਪ' ਦੀ ਹਾਰ ਇਹ ਦੱਸਦੀ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਇਹ ਪਾਰਟੀ ਵੀ ਖਰੀ ਨਹੀਂ ਉੱਤਰੀ ਹੈ; ਲੋਕ ਅਜੇ ਵੀ ਅਸੰਤੁਸ਼ਟ ਹਨ।

ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਪੰਜਾਬ ਸਮੇਤ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦਾ ਵੱਡਾ ਹਿੱਸਾ ਬਹੁਤ ਖੁਸ਼ ਨਜ਼ਰ ਆਇਆ, ਉਨ੍ਹਾਂ ਨੂੰ ਲੱਗਿਆ ਕਿ ਹੁਣ 'ਆਮ' ਘਰਾਂ ਦਾ ਮੁੰਡੇ ਵਿਧਾਇਕ/ਮੰਤਰੀ ਬਣੇ ਹਨ। ਅੱਗਿਓਂ ਕਾਮੇਡੀ ਕਿੰਗ ਭਗਵੰਤ ਮਾਨ ਨੇ ਦਾਅਵੇ ਕਰ ਦਿੱਤੇ ਕਿ ਅਜਿਹੀਆਂ ਯੋਜਨਾਵਾਂ ਬਣਾਵਾਂਗੇ ਕਿ 'ਅੰਗਰੇਜ਼ ਨੌਕਰੀ ਮੰਗਣ ਲਈ ਇੱਥੇ ਆਇਆ ਕਰਨਗੇ' ਪਰ ਪਿਛਲੇ ਦਿਨੀਂ ਅੰਮ੍ਰਿਤਸਰ ਨਾਲ ਸਬੰਧਿਤ ਇੱਕ ਪਰਵਾਸੀ ਪੰਜਾਬੀ ਪਰਿਵਾਰ ਦੀ ਵੀਡੀਓ ਸਭ ਨੇ ਦੇਖੀ/ਸੁਣੀ ਹੋਵੇਗੀ ਕਿ ਉਹਨਾਂ ਦੇ ਵਿਆਹ ਵਿਚ ਸ਼ਰਾਬ ਮਾਫੀਆ ਦੇ ਕਰਿੰਦਿਆਂ ਨੇ ਕਿਵੇਂ ਗੁੰਡਾਗਰਦੀ ਕਰਦਿਆਂ ਵਿਆਹ ਖਰਾਬ ਕੀਤਾ ਸੀ ਤੇ ਸਰਕਾਰ/ਪੁਲਿਸ ਦੇ ਰੱਵਈਏ ਤੋਂ ਅੱਕੇ ਐਨ.ਆਰ.ਆਈ. ਪਰਿਵਾਰ ਨੂੰ ਕਹਿਣਾ ਪਿਆ ਕਿ ਮੁੜ ਪੰਜਾਬ ਨਹੀਂ ਆਵਾਂਗੇ। ਦੁਨੀਆ ਭਰ ਦੇ ਮੀਡੀਆ ਵਿਚ ਸੂਬਾ ਸਰਕਾਰ ਨੂੰ ਲਾਹਣਤਾਂ ਪੈਣ ਤੋਂ ਬਾਅਦ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਪਰਿਵਾਰ ਕੋਲ ਜਾ ਕੇ ਇਨਸਾਫ ਦੇਣ ਦਾ ਵਾਅਦਾ ਕੀਤਾ।

ਆਮ ਆਦਮੀ ਪਾਰਟੀ ਦੀ ਸਰਕਾਰ ਦੇ 8 ਮਹੀਨਿਆਂ ਦੌਰਾਨ ਸੂਬੇ ਵਿਚ ਇਨਸਾਫ ਲੈਣ ਲਈ ਲੋਕਾਂ ਨੂੰ ਸੜਕਾਂ 'ਤੇ ਆਉਣਾ ਪੈ ਰਿਹਾ ਹੈ।



ਮਾਰਚ ਮਹੀਨੇ ਜਦ 'ਆਪ' ਸਰਕਾਰ ਸਹੁੰ ਚੁੱਕ ਰਹੀ ਸੀ ਤਾਂ ਉਸ ਤੋਂ ਐਨ ਪਹਿਲਾਂ ਜਲੰਧਰ ਨੇੜੇ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਕਤਲ ਹੋਇਆ। ਇਸ ਕਤਲ ਦੀ ਨਿਰਪੱਖ ਜਾਂਚ ਕਰ ਕੇ ਕਾਤਲਾਂ ਨੂੰ ਫੜਨਾ ਨਵੀਂ ਬਣੀ ਸੂਬਾ ਸਰਕਾਰ ਅਤੇ ਪੁਲਿਸ ਲਈ ਵੱਡੀ ਚੁਣੌਤੀ ਸੀ ਪਰ ਹਕੀਕਤ ਇਹ ਹੈ ਕਿ ਇਸ ਮਸਲੇ ਵਿਚ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ। ਅਜੇ ਕੁਝ ਦਿਨ ਪਹਿਲਾਂ ਹੀ ਸੰਦੀਪ ਨੰਗਲ ਅੰਬੀਆਂ ਦੀ ਪਤਨੀ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਪੰਜਾਬ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ ਸੀ। ਉਸ ਨੇ ਵੀਡੀਓ ਸੰਦੇਸ਼ ਰਾਹੀਂ ਦੱਸਿਆ ਕਿ ਪਰਿਵਾਰ ਨੂੰ ਜਿਸ ਵਿਅਕਤੀ 'ਤੇ ਕਤਲ ਕਰਵਾਉਣ ਦਾ ਸ਼ੱਕ ਹੈ, ਉਸ ਦੀ ਲੋਕੇਸ਼ਨ ਸੀਨੀਅਰ ਪੁਲਿਸ ਅਫਸਰਾਂ ਨੂੰ ਦੱਸਣ ਦੇ ਬਾਵਜੂਦ ਪੁਲਿਸ ਦੋਸ਼ੀਆਂ ਨੂੰ ਨਹੀਂ ਫੜ ਰਹੀ।

ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਸੂਬਾ ਸਰਕਾਰ ਅਜੇ ਤੱਕ ਪਰਿਵਾਰ ਨੂੰ ਇਨਸਾਫ ਦੇਣ ਵਿਚ ਨਾਕਾਮ ਰਹੀ ਹੈ। ਪੰਜਾਬ ਸਰਕਾਰ ਅਤੇ ਇਸ ਦੀ ਪੁਲਿਸ ਦੀ ਕਾਰਗੁਜ਼ਾਰੀ ਤੋਂ ਅੱਕ ਕੇ ਪਿਛਲੇ ਦਿਨੀਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਇਨਸਾਫ ਨਾ ਮਿਲਣ ਦੀ ਸੂਰਤ ਵਿਚ ਦੇਸ਼ ਛੱਡ ਜਾਣ ਦੀ ਗੱਲ ਕੀਤੀ ਸੀ। ਮੂਸੇਵਾਲਾ ਕਤਲ ਕੇਸ ਵਿਚ ਗ੍ਰਿਫਤਾਰ ਗੈਂਗਸਟਰਾਂ ਕੋਲੋਂ ਮੋਬਾਈਲ ਫੋਨ ਫੜੇ ਜਾਣਾ, ਪੁਲਿਸ ਹਿਰਾਸਤ ਵਿਚ ਵੀ.ਆਈ.ਪੀ. ਸਹੂਲਤਾਂ ਦਾ ਮਿਲਣਾ ਤੇ ਪੁਲਿਸ ਅਫਸਰਾਂ ਨਾਲ ਨੇੜਤਾਂ ਦੀਆਂ ਕਹਾਣੀਆਂ ਦਾ ਸਾਹਮਣੇ ਆਉਣਾ ਦੱਸਦਾ ਹੈ ਕਿ ਸਰਕਾਰ ਦਾ ਉਹਨਾਂ ਪ੍ਰਤੀ ਰਵੱਈਆ ਕਿਸ ਤਰ੍ਹਾਂ ਦਾ ਹੈ।

ਪੰਜਾਬ ਵਿਚ ਨਸ਼ਿਆਂ ਦੇ ਫੈਲਾਅ ਲਈ ਭਾਵੇਂ ਹੁਣ ਤੱਕ ਦੀਆਂ ਸੂਬਾ ਸਰਕਾਰਾਂ ਜ਼ਿੰਮੇਵਾਰ ਹਨ ਪਰ ਮੌਜੂਦਾ ਸਰਕਾਰ ਵੀ ਆਪਣੇ ਕਾਰਜਕਾਲ ਦੌਰਾਨ ਨਸ਼ਿਆਂ ਦੇ ਮਾਮਲੇ ਨੂੰ ਹੱਲ ਕਰਨ ਵੱਲ ਵਧਣ ਦੀ ਬਜਾਇ ਨਸ਼ਾ ਤਸਕਰਾਂ ਦੇ ਪੱਖ ਵਿਚ ਹੀ ਭੁਗਤਦੀ ਨਜ਼ਰ ਆ ਰਹੀ ਹੈ। ਨਸ਼ਿਆਂ ਦੇ ਫੈਲਾਅ ਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ ਤੇ ਕਿਸੇ ਵੀ ਸਰਕਾਰ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਨ ਦਾ ਯਤਨ ਨਹੀਂ ਕੀਤਾ। ਪੰਜਾਬ ਦੇ ਨਸ਼ਾ ਛੁਡਾਊ ਕੇਂਦਰ ਹੁਣ ਨਸ਼ਾ ਛੁਡਾਊ ਕੇਂਦਰ ਨਹੀਂ ਬਲਕਿ ਨਸ਼ਾ ਵਰਤਾਊ ਕੇਂਦਰ ਬਣ ਚੁੱਕੇ ਹਨ ਜੋ ਲੋਕਾਂ ਨੂੰ ਭੁੱਕੀ, ਅਫੀਮ ਵਰਗੇ ਨਸ਼ਿਆਂ ਤੋਂ ਹਟਾ ਕੇ ਗੋਲੀ 'ਤੇ ਲਾ ਰਹੇ ਹਨ।

ਇਸ ਸੰਕਟ ਦੀ ਗਹਿਰਾਈ ਇਸ ਕਦਰ ਵਧ ਚੁੱਕੀ ਹੈ ਕਿ ਪੰਜਾਬ ਦੀ ਜੁਆਨੀ ਪੰਜਾਬ ਛੱਡ ਕੇ ਭੱਜਣ ਲਈ ਕਾਹਲੀ ਨਜ਼ਰ ਆ ਰਹੀ ਹੈ। ਹਰ ਸ਼ਹਿਰ ਦੇ ਹਰ ਗਲੀ, ਮੋੜ 'ਤੇ ਖੁੱਲ੍ਹੇ ਆਈਲੈਟਸ ਸੈਂਟਰ ਪੰਜਾਬ ਦੀ ਕਹਾਣੀ ਬਿਆਨ ਕਰ ਰਹੇ ਹਨ। ਪਿਛਲੇ ਦਿਨਾਂ ਤੋਂ ਪੰਜਾਬ ਵਿਚ ਬਣੇ ਹਾਲਾਤ ਬਹੁਤੇ ਮਾਪਿਆਂ ਦੀ ਚਿੰਤਾ ਨੂੰ ਹੋਰ ਵਧਾ ਰਹੇ ਹਨ। ਵੈਸੇ ਤਾਂ ਕਿਸੇ ਵੀ ਪੁਲਿਸ/ਫੌਜ ਦਾ ਪਹਿਲ-ਪ੍ਰਥਮ ਕੰਮ ਰਾਜ ਕਰ ਰਹੀ ਜਮਾਤ ਦੇ ਪੱਖ ਵਿਚ ਭੁਗਤਣਾ ਹੁੰਦਾ ਹੈ ਪਰ ਪੰਜਾਬ ਵਿਚ ਇਸ ਤੋਂ ਵੀ ਇੱਕ ਕਦਮ ਅੱਗੇ ਪੁਲਿਸ 'ਤੇ ਕਿਸੇ ਸਮੇਂ ਕੇ.ਪੀ.ਐਸ. ਗਿੱਲ ਵਰਗੇ ਬਦਨਾਮ ਅਫਸਰਾਂ ਦਾ ਅਖੌਤੀ ਦਾਬਾ ਭਾਰੂ ਰਿਹਾ। ਅਕਾਲੀ-ਭਾਜਪਾ ਸਰਕਾਰ ਵੇਲੇ ਪੁਲਿਸ ਦਾ ਜਥੇਦਾਰੀਕਰਨ ਹੋਇਆ; ਭਾਵ, ਜਥੇਦਾਰ ਦੇ ਕਹਿਣ 'ਤੇ ਥਾਣੇਦਾਰ ਕੰਮ ਕਰਦੇ ਸਨ, ਬਾਅਦ ਵਿਚ ਥੋੜ੍ਹੇ-ਮੋਟੇ ਫਰਕ ਨਾਲ ਉਹੀ ਕੰਮ ਕਾਂਗਰਸੀਆਂ ਨੇ ਜਾਰੀ ਰੱਖਿਆ, ਤੇ ਹੁਣ 'ਆਪ' ਵਾਲੇ ਵੀ ਉਸੇ ਪੈੜ ਵਿਚ ਪੈੜ ਧਰਦੇ ਨਜ਼ਰ ਆ ਰਹੇ ਹਨ। ਪੰਜਾਬ ਪੁਲਿਸ ਦਾ ਗਿਣਨਯੋਗ ਹਿੱਸਾ ਤਾਂ ਸਿਆਸਤਦਾਨਾਂ ਦੀ ਨਿੱਜੀ ਸੁਰੱਖਿਆ ਲਈ ਵਰਤਿਆ ਜਾਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਦੀ ਸਕਿਉਰਿਟੀ ਵਿਚ ਕਈ ਦਰਜਨ ਸੁਰੱਖਿਆ ਕਰਮਚਾਰੀ ਲਾਏ ਹੋਏ ਹਨ ਹਾਲਾਂਕਿ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਭਗਵੰਤ ਮਾਨ ਲੋੜੋਂ ਵੱਧ ਸੁਰੱਖਿਆ ਲੈਣ 'ਤੇ ਟੋਟਕੇ ਸੁਣਾਉਂਦਾ ਹੁੰਦਾ ਸੀ।

10 ਨਵੰਬਰ ਨੂੰ ਕੋਟਕਪੂਰਾ ਵਿਚ ਅੱਧੀ ਦਰਜਨ ਨੌਜਵਾਨਾਂ ਨੇ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦਾ ਕਤਲ ਕਰ ਦਿੱਤਾ ਅਤੇ ਕਤਲ ਤੋਂ ਬਾਅਦ ਪੰਜਾਬ ਪੁਲਿਸ ਦੀ ਥਾਂ ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਪੰਜਾਬ ਵਿਚ ਛਾਪੇ ਮਾਰ ਕੇ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕਰਦਾ ਹੈ। ਕੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਬਾਰੇ ਸਵਾਲ ਨਹੀਂ ਪੁੱਛਿਆ ਜਾਣਾ ਚਾਹੀਦਾ ਕਿ ਦਿੱਲੀ ਪੁਲਿਸ ਕੋਲ ਅਜਿਹੀ ਕੀ ਚੀਜ਼ ਹੈ ਕਿ ਉਹ ਪੰਜਾਬ ਪੁਲਿਸ ਤੋਂ ਪਹਿਲਾਂ ਜਾ ਕੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲੈਂਦੀ ਹੈ?

ਕੈਪਟਨ ਅਮਰਿੰਦਰ ਸਿੰਘ ਬਾਰੇ ਇੱਕ ਗੱਲ ਬੜੀ ਚਰਚਿਤ ਰਹੀ ਸੀ ਕਿ ਉਹ ਪੰਜਾਬ ਨੂੰ ਅਫਸਰਸ਼ਾਹੀ ਦੇ ਸਪੁਰਦ ਕਰ ਕੇ ਖੁਦ ਹਿਮਾਚਲ ਦੀਆਂ ਵਾਦੀਆਂ ਦਾ ਨਿੱਘ ਮਾਣਦੇ ਰਹਿੰਦੇ ਹਨ ਤੇ ਹੁਣ ਭਗਵੰਤ ਮਾਨ ਦੇ ਗੁਜਰਾਤ, ਦਿੱਲੀ ਦੌਰਿਆਂ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬ ਨੂੰ ਜਾਂ ਤਾਂ ਕੇਜਰੀਵਾਲ ਦੀ ਟੀਮ ਚਲਾ ਰਹੀ ਹੈ ਤੇ ਜਾਂ ਫਿਰ ਪੰਜਾਬ ਦੇ ਚੰਦ ਅਫਸਰ ਚਲਾ ਰਹੇ ਹਨ।

ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਸੂਬੇ ਦੀ ਅਮਨ ਕਾਨੂੰਨ ਦੀ ਹਾਲਤ ਸੁਧਾਰਨ ਲਈ ਕਈ ਐਲਾਨ ਕੀਤੇ ਗਏ ਹਨ ਜਿਵੇਂ ਹੁਣ ਤੱਕ ਜਾਰੀ ਅਸਲ੍ਹਾ ਲਾਇਸੈਂਸਾਂ ਦੀ ਤਿੰਨ ਮਹੀਨੇ ਅੰਦਰ ਜਾਂਚ ਕਰਨ ਅਤੇ ਇੰਨੇ ਹੀ ਸਮੇਂ ਲਈ ਅਸਲ੍ਹਾ ਲਾਈਸੈਂਸ ਜਾਰੀ ਨਾ ਕਰਨ ਦੀ ਗੱਲ ਕੀਤੀ ਗਈ ਹੈ ਪਰ ਦੂਜੇ ਹੀ ਬੰਨੇ ਇਨ੍ਹਾਂ ਦਿਨਾਂ ਵਿਚ ਹੀ ਬਹੁਤ ਸਾਰੇ ਵਿਅਕਤੀਆਂ ਦੀ ਸਕਿਉਰਿਟੀ ਵਧਾਈ ਗਈ ਹੈ ਤੇ ਕਈਆਂ ਨੂੰ ਮਹਿੰਗੇ ਭਾਅ ਦੀਆਂ ਬੁਲੇਟ ਪਰੂਫ ਜਾਕੇਟਾਂ ਵੀ ਵੰਡੀਆਂ ਗਈਆ ਹਨ। ਜ਼ਿਆਦਾਤਰ ਲੋਕ ਲੋੜ ਵਿਚੋਂ ਲਾਈਸੈਂਸ ਨਹੀਂ ਲੈਂਦੇ ਬਲਕਿ ਸ਼ੌਂਕ ਜਾਂ ਫੋਕੀ ਟੌਹਰ ਬਣਾਉਣ ਲਈ ਲਾਈਸੈਂਸ ਲੈਂਦੇ ਹਨ। ਅੱਜ ਕੱਲ੍ਹ ਹਥਿਆਰਾਂ ਦੇ ਲਾਈਸੈਂਸ ਲੈਣ ਦਾ ਮਸਲਾ ਰਾਜਸੀ ਬਣਿਆ ਹੋਇਆ ਹੈ ਤੇ ਲਾਈਸੈਂਸਾਂ ਦੀ ਸਮੀਖਿਆ ਕਰਨ ਦੌਰਾਨ ਵੀ ਜੇ ਲਾਈਸੈਂਸ ਖਾਰਜ ਕੀਤੇ ਜਾਣਗੇ ਤਾਂ ਉਹਨਾਂ ਵਿਚ ਵੱਡੀ ਗਿਣਤੀ ਸਰਕਾਰ ਦੇ ਸਿਆਸੀ ਵਿਰੋਧੀ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

ਅਸਲ ਵਿਚ ਪੰਜਾਬ ਮਸਲੇ ਦੀ ਜੜ੍ਹ ਕਿਤੇ ਹੋਰ ਪਈ ਹੈ, ਉਸ ਜੜ੍ਹ ਨੂੰ ਲੱਭਣ ਦੀ ਲੋੜ ਹੈ। ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਵਿਚ ਸਰਕਾਰਾਂ ਹੀ ਲੱਗੀਆਂ ਹੋਈਆਂ ਹਨ ਤੇ ਉਹਨਾਂ ਨੂੰ ਬੇਪਰਦ ਕਰ ਕੇ ਲੋਕ ਮਸਲਿਆਂ 'ਤੇ ਸਰਕਾਰਾਂ ਨੂੰ ਘੇਰਨ ਦੀ ਜ਼ਰੂਰਤ ਹੈ।

# ਹਾਕਮਾਂ ਨੂੰ ਨਵਲਖਾ ਦੀ ਘਰੇ ਨਜ਼ਰਬੰਦੀ ਵੀ ਮਨਜ਼ੂਰ ਨਹੀਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਭਾਰਤ ਦੀ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਵੱਲੋਂ ਭੀਮਾ-ਕੋਰੇਗਾਓਂ ਐਲਗਾਰ ਪ੍ਰੀਸ਼ਦ ਕੇਸ ਵਿਚ ਜੇਲ੍ਹ ਵਿਚ ਬੰਦ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਗੌਤਮ ਨਵਲਖਾ ਨੂੰ ਜੇਲ੍ਹ ਦੀ ਬਜਾਇ ਘਰ 'ਚ ਨਜ਼ਰਬੰਦੀ ਦੀ ਰਾਹਤ ਮਿਲਣਾ ਚੰਗੀ ਖ਼ਬਰ ਹੈ। ਗੌਤਮ ਨਵਲਖਾ ਸਕਿਨ ਐਲਰਜੀ, ਦੰਦਾਂ ਦੀ ਸਮੱਸਿਆ ਸਮੇਤ ਬਹੁਤ ਸਾਰੇ ਗੰਭੀਰ ਰੋਗਾਂ ਤੋਂ ਪੀੜਤ ਹਨ। ਉਸ ਦੇ ਪੇਟ 'ਚ ਕੈਂਸਰ ਹੋਣ ਦਾ ਸ਼ੱਕ ਵੀ ਹੈ ਜਿਸ ਲਈ ਦੁਬਾਰਾ ਕੋਲੋਨੋਸਕੋਪੀ ਕਰਾਉਣੀ ਜ਼ਰੂਰੀ ਹੈ। ਉਹ ਜ਼ਰੂਰੀ ਟੈਸਟ ਕਰਾਏ ਜਾਣ ਦੀ ਲਗਾਤਾਰ ਮੰਗ ਕਰ ਰਹੇ ਹਨ ਪਰ ਜੇਲ੍ਹ ਅਤੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਫ਼ੌਰੀ ਇਲਾਜ ਦੀ ਜ਼ਰੂਰਤ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਰਹੇ ਹਨ। ਜੇਲ੍ਹ ਦੇ ਅਣਮਨੁੱਖੀ ਹਾਲਾਤ ਕਾਰਨ ਨਵਲਖਾ ਦੀ ਵਿਗੜ ਰਹੀ ਹਾਲਤ ਦੇ ਮੱਦੇਨਜ਼ਰ ਉਸ ਦੇ ਵਕੀਲ ਨੂੰ ਇਲਾਜ ਦਾ ਮਨੁੱਖੀ ਹੱਕ ਲੈਣ ਲਈ ਉੱਚ ਅਦਾਲਤ 'ਚ ਜਾਣਾ ਪਿਆ।

ਵਕੀਲ ਨੇ ਬੰਬਈ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਕਿ ਨਵਲਖਾ ਨੂੰ ਘਰ 'ਚ ਨਜ਼ਰਬੰਦ ਰੱਖ ਕੇ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਜਾਵੇ। ਹਾਈਕੋਰਟ ਨੇ ਸਰਕਾਰੀ ਪੱਖ ਦੀਆਂ ਝੂਠੀਆਂ ਦਲੀਲਾਂ ਨੂੰ ਮੰਨਦਿਆਂ ਨਵਲਖਾ ਦੀ ਦਰਖ਼ਾਸਤ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਸ ਦਾ ਕੇਸ ਘਰ 'ਚ ਨਜ਼ਰਬੰਦੀ ਦੇ ਪੈਮਾਨੇ 'ਤੇ ਪੂਰਾ ਨਹੀਂ ਉੱਤਰਦਾ। ਇਸ ਕਾਰਨ ਵਕੀਲਾਂ ਨੂੰ ਸੁਪਰੀਮ ਕੋਰਟ 'ਚ ਜਾਣਾ ਪਿਆ। ਐੱਨ.ਆਈ.ਏ. (ਕੌਮੀ ਜਾਂਚ ਏਜੰਸੀ) ਵੱਲੋਂ ਪੇਸ਼ ਏ.ਐੱਸ.ਜੀ. (ਐਡੀਸ਼ਨਲ ਸਾਲਿਸਟਰ ਜਨਰਲ) ਵੱਲੋਂ ਨਵਲਖਾ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦਿੱਤੇ ਜਾਣ ਤੋਂ ਰੋਕਣ ਲਈ ਇਹ ਰਟ ਲਾਈ ਗਈ ਕਿ ਉਸ ਦੀ ਹਾਲਤ 'ਚ ਸੁਧਾਰ ਹੋਇਆ ਹੈ ਅਤੇ ਉਸ ਨੂੰ ਫ਼ਿਲਹਾਲ ਕੋਈ ਤਕਲੀਫ਼ ਨਹੀਂ ਹੈ। ਸਰਕਾਰੀ ਨੁਮਾਇੰਦੇ ਅਤੇ ਐੱਨ.ਆਈ.ਏ. ਦੇ ਅਧਿਕਾਰੀ ਨਵਲਖਾ ਦੀ ਨਾਜ਼ੁਕ ਹਾਲਤ ਬਾਰੇ ਭਲੀਭਾਂਤ ਜਾਣਦੇ ਹਨ ਪਰ ਉਹ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਦਾਲਤਾਂ ਵਿਚ ਝੂਠ ਬੋਲ ਰਹੇ ਹਨ ਤਾਂ ਜੋ ਭੀਮਾ-ਕੋਰੇਗਾਓਂ ਕੇਸ 'ਚ ਫਸਾਏ ਬਾਕੀ ਬੁੱਧੀਜੀਵੀਆਂ ਨੂੰ ਵੀ ਸਟੇਨ ਸਵਾਮੀ ਦੀ ਤਰ੍ਹਾਂ ਬਿਨਾ ਜ਼ਮਾਨਤ, ਬਿਨਾ ਇਲਾਜ ਜੇਲ੍ਹ ਵਿਚ ਹੀ ਤਿਲ-ਤਿਲ ਕਰ ਕੇ ਮਾਰਿਆ ਜਾ ਸਕੇ। ਇਸ ਕੇਸ ਵਿਚ 2020 'ਚ ਚਾਰਜਸ਼ੀਟ ਪੇਸ਼ ਕਰਨ ਦੇ ਬਾਵਜੂਦ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਵੀ ਇਸ ਪ੍ਰਤੀ ਸਰੋਕਾਰ ਦਿਖਾਇਆ ਹੈ।

ਏ.ਐੱਸ.ਜੀ. ਨੇ ਘਰ 'ਚ ਨਜ਼ਰਬੰਦੀ ਦਾ ਸਖ਼ਤ ਵਿਰੋਧ ਕਰਦਿਆਂ ਇਹ ਬਹਾਨਾ ਬਣਾਇਆ ਕਿ ਇਹ ਕੌਮੀ ਸੁਰੱਖਿਆ ਦਾ ਮਾਮਲਾ ਹੈ; ਕਿ ਨਵਲਖਾ ਦੇ ਕਸ਼ਮੀਰੀ ਇੰਤਹਾਪਸੰਦਾਂ ਨਾਲ ਸਬੰਧ ਹਨ, ਇਸ ਕਰ ਕੇ ਘਰ 'ਚ ਉਸ ਉੱਪਰ ਨਜ਼ਰ ਰੱਖਣੀ ਮੁਸ਼ਕਿਲ ਹੋਵੇਗੀ। ਏ.ਐੱਸ.ਜੀ. ਨੇ ਇਹ ਮੁੱਦਾ ਵੀ ਬਣਾਇਆ ਕਿ ਮੈਡੀਕਲ ਰਿਪੋਰਟ ਸ਼ੱਕੀ ਹੈ ਕਿਉਂਕਿ ਨਵਲਖਾ ਦੀ ਸਿਹਤ ਦੀ ਜਾਂਚ ਕਰਨ ਵਾਲੇ ਬਾਰਾਂ ਡਾਕਟਰਾਂ ਵਿਚ ਉਸ ਦੇ ਜੀਜਾ ਡਾ. ਕੋਠਾਰੀ ਵੀ ਸ਼ਾਮਿਲ ਸਨ। ਸਰਕਾਰੀ ਪੱਖ ਦੀਆਂ ਖੋਖਲੀਆਂ ਅਤੇ ਤਰਕਹੀਣ ਦਲੀਲਾਂ ਨੂੰ ਬੈਂਚ ਨੇ ਰੱਦ ਕਰ ਦਿੱਤਾ ਅਤੇ ਨਵਲਖਾ ਦੀ ਘਰ ਵਿਚ ਨਜ਼ਰਬੰਦ ਰੱਖਣ ਦੀ ਪਟੀਸ਼ਨ ਮਨਜ਼ੂਰੀ ਕਰਦਿਆਂ ਕਿਹਾ ਕਿ ਡਾਕਟਰੀ ਰਿਪੋਰਟ ਦੇ ਸ਼ੱਕੀ ਹੋਣ ਦੀ ਦਲੀਲ ਕੋਈ ਕਾਰਨ ਨਹੀਂ ਬਣਦੀ ਕਿਉਂਕਿ ਇਕ ਡਾਕਟਰ ਦੂਜੇ ਡਾਕਟਰ ਨੂੰ ਗੁਮਰਾਹ ਨਹੀਂ ਕਰ ਸਕਦਾ ਅਤੇ ਸਬੰਧਿਤ ਡਾਕਟਰ ਗ਼ਲਤ ਰਿਪੋਰਟ ਨਹੀਂ ਦੇਣਗੇ। ਇਹ ਵੀ ਕਿ ਰਿਪੋਰਟ ਵਿਚ ਡਾ. ਕੋਠਾਰੀ ਦੀਆਂ ਸਿਰਫ਼ ਤਿੰਨ ਸਤਰਾਂ ਹਨ। ਜਦੋਂ ਹੋਰ ਕੋਈ ਦਲੀਲ ਕੰਮ ਨਾ ਆਈ ਤਾਂ ਏ.ਐੱਸ.ਜੀ. ਨੇ ਘਰ ਵਿਚ ਨਜ਼ਰਬੰਦੀ ਦੌਰਾਨ ਨਵਲਖਾ ਦੀ ਜੀਵਨ-ਸਾਥਣ ਦੇ ਉਸ ਦੇ ਨਾਲ ਰਹਿਣ ਉੱਪਰ ਇਤਰਾਜ਼ ਉਠਾ ਦਿੱਤਾ ਕਿ ਜੇਲ੍ਹਾਂ ਵਿਚ ਔਰਤਾਂ ਅਤੇ ਮਰਦਾਂ ਦੇ ਇਕੱਠੇ ਰਹਿਣ ਦੀ ਇਜਾਜ਼ਤ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ, 'ਤੁਸੀਂ ਖੁੱਲ੍ਹੀ ਜੇਲ੍ਹ ਬਾਰੇ ਜਾਣੂ ਹੋ?' ਏ.ਐੱਸ.ਜੀ. ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ ਨੂੰ ਦੇਖਦਿਆਂ ਬੈਂਚ ਨੂੰ ਇਹ ਵੀ ਕਹਿਣਾ ਪਿਆ ਕਿ ਜਦੋਂ ਘਰ 'ਚ ਪਹਿਲੀ ਨਜ਼ਰਬੰਦੀ ਦੌਰਾਨ ਨਵਲਖਾ ਵੱਲੋਂ ਨਜ਼ਰਬੰਦੀ ਦੀ ਉਲੰਘਣਾ ਕਰਨ ਦੀ ਕੋਈ ਸ਼ਿਕਾਇਤ ਨਹੀਂ ਹੈ ਤਾਂ ਗੰਭੀਰ ਬਿਮਾਰੀਆਂ ਨੂੰ ਦੇਖਦਿਆਂ ਉਸ ਨੂੰ ਜੇਲ੍ਹ ਦੀ ਬਜਾਇ ਘਰ 'ਚ ਨਜ਼ਰਬੰਦ ਕਿਉਂ ਨਾ ਰੱਖਿਆ ਜਾਵੇ?



**_ਸਰਕਾਰੀ ਨੁਮਾਇੰਦੇ ਅਤੇ ਐੱਨ.ਆਈ.ਏ. ਦੇ ਅਧਿਕਾਰੀ ਗੌਤਮ ਨਵਲਖਾ ਦੀ ਨਾਜ਼ੁਕ ਹਾਲਤ ਬਾਰੇ ਭਲੀਭਾਂਤ ਜਾਣਦੇ ਹਨ ਪਰ ਉਹ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਦਾਲਤਾਂ ਵਿਚ ਝੂਠ ਬੋਲ ਰਹੇ ਹਨ ਤਾਂ ਜੋ ਭੀਮਾ-ਕੋਰੇਗਾਓਂ ਕੇਸ 'ਚ ਫਸਾਏ ਬਾਕੀ ਬੁੱਧੀਜੀਵੀਆਂ ਨੂੰ ਵੀ ਸਟੇਨ ਸਵਾਮੀ ਦੀ ਤਰ੍ਹਾਂ ਬਿਨਾ ਜ਼ਮਾਨਤ, ਬਿਨਾ ਇਲਾਜ ਜੇਲ੍ਹ ਵਿਚ ਹੀ ਤਿਲ-ਤਿਲ ਕਰ ਕੇ ਮਾਰਿਆ ਜਾ ਸਕੇ। ਇਸ ਕੇਸ ਵਿਚ 2020 'ਚ ਚਾਰਜਸ਼ੀਟ ਪੇਸ਼ ਕਰਨ ਦੇ ਬਾਵਜੂਦ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਵੀ ਇਸ ਪ੍ਰਤੀ ਸਰੋਕਾਰ ਦਿਖਾਇਆ ਹੈ।_**

ਆਖ਼ਿਰਕਾਰ ਸਰਕਾਰੀ ਪੱਖ ਦੇ ਦਬਾਓ ਹੇਠ ਬੈਂਚ ਨੇ 16 ਸ਼ਰਤਾਂ ਤਹਿਤ ਨਵਲਖਾ ਨੂੰ ਇਕ ਮਹੀਨੇ ਲਈ ਮੁੰਬਈ ਵਿਚ ਘਰ ਦੇ ਅੰਦਰ ਨਜ਼ਰਬੰਦ ਕਰਨ ਦੇ ਹੁਕਮ ਨੂੰ 48 ਘੰਟੇ ਦੇ ਅੰਦਰ ਅਮਲ 'ਚ ਲਿਆਉਣ ਦਾ ਆਦੇਸ਼ ਦੇ ਦਿੱਤਾ। ਸ਼ਰਤਾਂ ਇਸ ਤਰ੍ਹਾਂ ਹਨ: 1) ਜਿਸ ਘਰ ਵਿਚ ਨਵਲਖਾ ਨੂੰ ਇਕ ਮਹੀਨੇ ਲਈ ਨਜ਼ਰਬੰਦ ਰੱਖਿਆ ਜਾਵੇਗਾ, ਉਸ ਦੀ ਲਗਾਤਾਰ ਨਿਗਰਾਨੀ ਲਈ ਘਰ ਦੇ ਬਾਹਰ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ; ਕਮਰਿਆਂ ਦੇ ਬਾਹਰ ਅਤੇ ਸਾਰੇ ਦਰਵਾਜ਼ਿਆਂ ਉੱਪਰ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ। 2) ਨਵਲਖਾ ਨੂੰ ਘਰ ਤੋਂ ਬਾਹਰ ਨਿਕਲਣ ਦੀ ਆਗਿਆ ਨਹੀਂ ਹੋਵੇਗੀ। ਸੈਰ ਕਰਨ ਲਈ ਵੀ ਉਹ ਸਿਰਫ਼ ਪੁਲਿਸ ਮੁਲਾਜ਼ਮ ਦੇ ਨਾਲ ਹੀ ਘਰ ਤੋਂ ਬਾਹਰ ਕਦਮ ਰੱਖ ਸਕਣਗੇ ਅਤੇ ਕਿਸੇ ਨਾਲ ਗੱਲਬਾਤ ਨਹੀਂ ਕਰਨਗੇ। 3) ਉਹ ਇੰਟਰਨੈੱਟ, ਲੈਪਟਾਪ ਜਾਂ ਕੋਈ ਵੀ ਸੰਚਾਰ ਡਿਵਾਈਸ ਨਹੀਂ ਵਰਤ ਸਕਣਗੇ। 4) ਪੁਲਿਸ ਮੁਲਾਜ਼ਮਾਂ ਵੱਲੋਂ ਦਿੱਤੇ ਮੋਬਾਈਲ ਫ਼ੋਨਾਂ ਉੱਪਰ ਪੁਲਿਸ ਦੀ ਮੌਜੂਦਗੀ ਵਿਚ ਦਿਨ ਵਿਚ ਸਿਰਫ਼ ਇਕ ਵਾਰ ਸਿਰਫ਼ ਦਸ ਮਿੰਟ ਲਈ ਕਿਸੇ ਨਾਲ ਗੱਲ ਕਰ ਸਕਣਗੇ। 5) ਉਹ ਆਪਣੀ ਜੀਵਨ-ਸਾਥਣ ਦੇ ਜਾਂ ਕਿਸੇ ਹੋਰ ਦੇ ਫ਼ੋਨ ਦੀ ਵਰਤੋਂ ਨਹੀਂ ਕਰਨਗੇ। ਉਸ ਦੀ ਜੀਵਨ-ਸਾਥਣ ਦੇ ਮੋਬਾਈਲ 'ਚ ਇੰਟਰਨੈੱਟ ਨਹੀਂ ਹੋਵੇਗਾ। ਉਹ ਸਿਰਫ਼ ਕਾਲਾਂ ਅਤੇ ਐੱਸ.ਐੱਮ.ਐੱਸ. ਕਰਨ ਲਈ ਸਾਧਾਰਨ ਫ਼ੋਨ ਹੀ ਰੱਖ ਸਕੇਗੀ, ਉਸ ਉੱਪਰ ਕੀਤੀਆਂ ਕਾਲਾਂ ਅਤੇ ਮੈਸੇਜ ਡਿਲੀਟ ਨਹੀਂ ਕੀਤੇ ਜਾਣਗੇ। 6) ਐੱਨ.ਆਈ.ਏ. ਨਵਲਖਾ ਅਤੇ ਉਸ ਦੀ ਜੀਵਨ-ਸਾਥਣ ਦੁਆਰਾ ਕੀਤੀਆਂ ਗਈਆਂ ਕਾਲਾਂ ਦੀ ਨਿਗਰਾਨੀ ਕਰ ਸਕਦੀ ਹੈ। 7) ਉਹ ਬੰਬਈ ਨਹੀਂ ਛੱਡ ਸਕਦਾ। 8) ਉਸ ਨੂੰ ਵੱਧ ਤੋਂ ਵੱਧ ਦੋ ਪਰਿਵਾਰਕ ਮੈਂਬਰ ਹਫਤੇ ਵਿਚ ਇਕ ਵਾਰ ਤਿੰਨ ਘੰਟਿਆਂ ਲਈ ਮਿਲ ਸਕਦੇ ਹਨ। ਪਰਿਵਾਰਕ ਮੈਂਬਰਾਂ ਦੀ ਸੂਚੀ ਤਿੰਨ ਦਿਨ ਦੇ ਅੰਦਰ ਐੱਨ.ਆਈ.ਏ. ਨੂੰ ਦਿੱਤੀ ਜਾਵੇਗੀ)। 9) ਮਿਲਣ ਵਾਲੇ ਪਰਿਵਾਰ ਮੈਂਬਰ ਆਪਣੇ ਨਾਲ ਕੋਈ ਵੀ ਇਲੈਕਟ੍ਰਾਨਿਕ ਯੰਤਰ ਨਹੀਂ ਰੱਖ ਸਕਣਗੇ। 10) ਨਵਲਖਾ ਨੂੰ ਸਿਰਫ਼ ਕੇਬਲ ਟੀ.ਵੀ. ਵਰਤਣ ਅਤੇ ਅਖ਼ਬਾਰ ਪੜ੍ਹਨ ਦੀ ਇਜਾਜ਼ਤ ਹੀ ਦਿੱਤੀ ਜਾਵੇਗੀ। 11) ਇਸ ਦੌਰਾਨ ਉਹ ਕੇਸ ਦੇ ਕਿਸੇ ਵੀ ਗਵਾਹ ਨਾਲ ਕੋਈ ਸੰਪਰਕ ਨਹੀਂ ਕਰਨਗੇ। 12) ਜੇਲ੍ਹ ਮੈਨੂਅਲ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਆਪਣੇ ਵਕੀਲਾਂ ਨੂੰ ਮਿਲਣ ਦੀ ਇਜਾਜ਼ਤ ਹੋਵੇਗੀ ਜਿਨ੍ਹਾਂ ਦੇ ਨਾਂ ਐੱਨ.ਆਈ.ਏ. ਨੂੰ ਤਿੰਨ ਦਿਨਾਂ 'ਚ ਭੇਜੇ ਜਾਣਗੇ। 13) ਮੈਡੀਕਲ ਐਮਰਜੈਂਸੀ ਦੀ ਸੂਰਤ 'ਚ ਵੀ ਏਜੰਸੀ ਦੇ ਅਫ਼ਸਰਾਂ ਨੂੰ ਸੂਚਿਤ ਕੀਤਾ ਜਾਵੇਗਾ, ਉਹ ਹੀ ਉਸ ਨੂੰ ਹਸਪਤਾਲ ਲੈ ਕੇ ਜਾਣਗੇ। 14) ਨਵਲਖਾ ਨੂੰ 2 ਲੱਖ ਰੁਪਏ ਦੀ ਸਥਾਨਕ ਜ਼ਮਾਨਤ ਦੇਣੀ ਪਵੇਗੀ।

ਹਾਲਾਂਕਿ ਨਿਗਰਾਨੀ ਰੱਖਣ ਦੀ ਮੰਗ ਕੌਮੀ ਜਾਂਚ ਏਜੰਸੀ ਨੇ ਕੀਤੀ ਸੀ ਪਰ ਸ਼ਰਤਾਂ ਦਾ ਨਿਚੋੜ ਇਹ ਹੈ ਕਿ ਨਵਲਖਾ ਨੂੰ ਜਾਂਚ ਏਜੰਸੀ ਦੀ ਸਖਤ ਨਿਗਰਾਨੀ ਹੇਠ ਰਹਿਣ ਦੇ ਨਾਲ-ਨਾਲ ਡਿਜੀਟਲ ਨਿਗਰਾਨੀ ਦੀ ਵਿਵਸਥਾ ਸਮੇਤ ਨਿਗਰਾਨੀ/ਜਾਸੂਸੀ ਦਾ 2.4 ਲੱਖ ਰੁਪਏ ਖ਼ਰਚ ਵੀ ਦੇਣਾ ਪਵੇਗਾ। ਸਖ਼ਤ ਸ਼ਰਤਾਂ ਥੋਪੇ ਜਾਣ ਤੋਂ ਸੁਪਰੀਮ ਕੋਰਟ ਉੱਪਰ ਫਾਸ਼ੀਵਾਦੀ ਹਕੂਮਤ ਦਾ ਦਬਾਓ ਸਪਸ਼ਟ ਹੈ। ਸੁਪਰੀਮ ਕੋਰਟ ਦੇ ਜੱਜਾਂ ਨੂੰ ਕੇਸ ਦੇ ਬੇਬੁਨਿਆਦ ਅਤੇ ਝੂਠਾ ਹੋਣ ਦਾ ਭਲੀਭਾਂਤ ਪਤਾ ਹੈ। ਅਜੇ ਇਸ ਕੇਸ 'ਚ ਗ੍ਰਿਫ਼ਤਾਰ ਕੀਤੀਆਂ ਸ਼ਖਸੀਅਤਾਂ ਮਹਿਜ਼ ਮੁਲਜ਼ਮ ਹਨ ਅਤੇ ਅਦਾਲਤ ਨੇ ਮੁਕੱਦਮਾ ਚਲਾ ਕੇ ਦੋਸ਼ ਵੀ ਤੈਅ ਨਹੀਂ ਕੀਤੇ, ਫਿਰ ਵੀ ਹਕੂਮਤ ਵੱਲੋਂ ਉਨ੍ਹਾਂ ਨਾਲ ਖ਼ਤਰਨਾਕ ਸਜ਼ਾਯਾਫ਼ਤਾ ਕੈਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਹੁਕਮਰਾਨਾਂ ਦੇ ਮਨਸ਼ੇ ਗੁੱਝੇ ਨਹੀਂ। ਉਹ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਬਿਨਾ ਜੁਰਮ ਜੇਲ੍ਹਾਂ ਵਿਚ ਸਾੜ ਕੇ ਮਿਸਾਲ ਕਾਇਮ ਕਰਨਾ ਚਾਹੁੰਦੇ ਹਨ ਤਾਂ ਜੋ ਹੱਕਾਂ ਦੇ ਹੋਰ ਘੁਲਾਟੀਏ ਐਸੀ ਬੇਕਿਰਕ ਜੇਲ੍ਹਬੰਦੀ ਤੋਂ ਭੈਭੀਤ ਹੋ ਕੇ ਚੁੱਪ ਹੋ ਜਾਣ। ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਬਾਇੱਜ਼ਤ ਬਰੀ ਕੀਤੇ ਜਾਣ 'ਤੇ ਸਰਕਾਰ ਅਤੇ ਜਾਂਚ ਏਜੰਸੀਆਂ ਵੱਲੋਂ ਕੀਤਾ ਵਿਰੋਧ ਇਸ ਦੀ ਤਾਜ਼ਾ ਮਿਸਾਲ ਹੈ; ਹਾਲਾਂਕਿ ਜਮਹੂਰੀ ਅਤੇ ਮਨੁੱਖੀ ਹੱਕਾਂ ਦੇ ਘੁਲਾਟੀਏ ਕਿਸੇ ਹਿੰਸਕ ਵਾਰਦਾਤ ਵਿਚ ਸ਼ਾਮਿਲ ਨਹੀਂ ਹੁੰਦੇ ਪਰ ਹਕੂਮਤ ਉਨ੍ਹਾਂ ਨੂੰ ਹਥਿਆਰਬੰਦ ਬਾਗ਼ੀਆਂ ਤੋਂ ਵੀ ਖ਼ਤਰਨਾਕ ਮੰਨਦੀ ਹੈ। ਪ੍ਰਧਾਨ ਮੰਤਰੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪਿੱਛੇ ਜਿਹੇ ਸਿਖਲਾਈ ਪੂਰੀ ਕਰ ਕੇ ਫੀਲਡ ਵਿਚ ਜਾ ਰਹੇ ਆਈ.ਪੀ.ਐੱਸ. ਅਧਿਕਾਰੀਆਂ ਨੂੰ ਚੁਕੰਨੇ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੂੰ 'ਸਿਵਲ ਸੁਸਾਇਟੀ ਵਿਰੁੱਧ ਯੁੱਧ' ਦੇ ਮਹੱਤਵ ਨੂੰ ਪਛਾਨਣਾ ਚਾਹੀਦਾ ਹੈ ਕਿਉਂਕਿ ਇਹ ਭਾਰਤੀ ਰਾਜ ਲਈ ਯੁੱਧ ਦਾ ਅਗਲਾ ਮੋਰਚਾ ਹੈ। ਨਰਿੰਦਰ ਮੋਦੀ ਨੂੰ ਅਕਸਰ ਹੀ 'ਕਰਤੱਵ' ਦੀ ਰੱਟ ਲਾਉਂਦੇ ਦੇਖਿਆ ਜਾ ਸਕਦਾ ਹੈ। ਪਿਛਲੇ ਦਿਨੀਂ ਮੋਦੀ ਨੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ 'ਕਲਮ ਵਾਲੇ ਨਕਸਲੀ' ਕਿਹਾ। ਇਕ ਐਸੇ ਸ਼ਖ਼ਸ ਵੱਲੋਂ, ਜਿਸ ਉੱਪਰ ਮੁਸਲਮਾਨਾਂ ਦਾ ਕਤਲੇਆਮ ਕਰਨ ਵਾਲੇ ਦਹਿਸ਼ਤਵਾਦੀ ਹਿੰਦੂਤਵੀ ਹਜੂਮਾਂ ਦੀ ਰਾਜਸੀ ਤੇ ਰਾਜਕੀ ਪੁਸ਼ਤ ਪਨਾਹੀ ਕਰਨ ਅਤੇ ਸਜ਼ਾ ਯਾਫ਼ਤਾ ਮੁਜਰਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣ ਲਈ ਸੱਤਾ ਦੀ ਦੁਰਵਰਤੋਂ ਕਰਨ ਦੇ ਇਲਜ਼ਾਮ ਹਨ, ਮੁੱਖ ਮੰਤਰੀਆਂ ਅਤੇ ਡੀ.ਜੀ.ਪੀਜ਼ ਨੂੰ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ 'ਕਲਮ ਵਾਲੇ ਨਕਸਲੀ' ਗਰਦਾਨ ਕੇ ਉਨ੍ਹਾਂ ਨੂੰ ਸਖ਼ਤੀ ਨਾਲ ਦਬਾ ਦੇਣ ਲਈ ਉਕਸਾਉਣਾ ਸਮਝ ਆਉਂਦਾ ਹੈ।

ਭਾਰਤੀ ਹੁਕਮਰਾਨਾਂ ਦਾ ਪਿਛਲਾ ਖ਼ੂਨੀ ਰਿਕਾਰਡ ਵੀ ਇਸ ਦਾ ਗਵਾਹ ਹੈ ਕਿ ਹੁਕਮਰਾਨ ਹੱਕਾਂ ਦੇ ਪਹਿਰੇਦਾਰਾਂ ਨੂੰ ਬੇਹੱਦ ਖ਼ਤਰਨਾਕ ਮੁਜਰਿਮ ਮੰਨਦੇ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨ ਤੋਂ ਇਲਾਵਾ, ਝੂਠਾ ਪੁਲਿਸ ਮੁਕਾਬਲਾ ਬਣਾ ਕੇ ਕਤਲ ਕਰਵਾਉਣ, ਅਗਵਾ ਕਰਕੇ ਮਾਰ ਕੇ ਖ਼ਪਾ ਦੇਣ ਜਾਂ ਗ਼ੈਰ-ਕਾਨੂੰਨੀ ਗਰੋਹਾਂ ਤੋਂ ਕਤਲ ਕਰਵਾ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਜੱਪਾ ਲਕਸ਼ਮਨ ਰੈਡੀ, ਡਾ. ਰਾਮਾਨਾਥਨ, ਟੀ. ਪੁਰਸ਼ੋਤਮ, ਗੋਪੀ ਰਾਜੰਨਾ, ਨਰਾ ਪ੍ਰਭਾਕਰ ਰੈਡੀ, ਜਸਵੰਤ ਸਿੰਘ ਖਾਲੜਾ, ਜਲੀਲ ਅੰਦਰਾਬੀ, ਪ੍ਰਾਗ ਕੁਮਾਰ ਦਾਸ, ਆਜ਼ਮ ਅਲੀ, ਗੰਟੀ ਪ੍ਰਸਾਦਮ ਆਦਿ ਹੱਕਾਂ ਦੇ ਕਾਰਕੁਨਾਂ ਨੂੰ ਹੁਕਮਰਾਨਾਂ ਨੇ ਇਸੇ ਤਰ੍ਹਾਂ ਪੁਲਿਸ ਅਤੇ ਗ਼ੈਰ-ਕਾਨੂੰਨੀ ਗਰੋਹਾਂ ਕੋਲੋਂ ਕਤਲ ਕਰਵਾਇਆ। ਹੁਣ ਜੇਲ੍ਹਾਂ 'ਚ ਡੱਕੇ ਦੋ ਦਰਜਨ 'ਸ਼ਹਿਰੀ ਨਕਸਲੀ' ਭਗਵੇਂ ਹੁਕਮਰਾਨਾਂ ਦੇ ਨਿਸ਼ਾਨੇ 'ਤੇ ਹਨ।

ਇਸ ਲਈ ਜੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਅਤੇ ਏ.ਐੱਸ.ਜੀ. ਪੱਧਰ ਦੇ ਕਾਨੂੰਨੀ ਮਾਹਿਰ ਹਕੂਮਤ ਦੇ ਇਸ਼ਾਰੇ 'ਤੇ ਹੱਕਾਂ ਦੇ ਕਾਰਕੁਨਾਂ ਨੂੰ ਜ਼ਮਾਨਤ ਦੇਣ ਜਾਂ ਉਨ੍ਹਾਂ ਨੂੰ ਪੈਰੋਲ ਦਾ ਕਾਨੂੰਨੀ ਹੱਕ ਦੇਣ ਦਾ ਵਿਰੋਧ ਕਰਦੇ ਹਨ ਅਤੇ ਦੂਜੇ ਪਾਸੇ ਸਾਧਵੀ ਪ੍ਰਗਿਆ, ਸ੍ਰੀਕਾਂਤ ਪੁਰੋਹਿਤ, ਮਾਇਆ ਕੋਡਨਾਨੀ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਅਤੇ ਡੀ.ਜੀ. ਵੰਜਾਰਾ ਵਰਗੇ ਸਜ਼ਾਯਾਫ਼ਤਾ ਸਰਕਾਰੀ ਜਲਾਦਾਂ ਦੇ ਮਨੁੱਖਤਾ ਵਿਰੋਧੀ ਘਿਨਾਉਣੇ ਜੁਰਮਾਂ ਨੂੰ ਨਜ਼ਰਅੰਦਾਜ਼ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਲਿਆਉਣ ਜਾਂ ਮੋਦੀ, ਅਮਿਤ ਸ਼ਾਹ ਵਰਗੇ ਦਾਗ਼ੀ ਕਿਰਦਾਰਾਂ ਨੂੰ ਕਲੀਨ ਚਿੱਟਾਂ ਦੇਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੇ ਹਨ ਅਤੇ ਅਦਾਲਤਾਂ ਦੇ ਜੱਜ ਇਸ ਪ੍ਰਤੀ ਬੇਵਸੀ ਜ਼ਾਹਿਰ ਕਰਦੇ ਹਨ ਤਾਂ ਇਹ ਭੋਰਾ ਵੀ ਹੈਰਾਨੀਜਨਕ ਨਹੀਂ ਹੈ।

ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਜੇਲ੍ਹਾਂ 'ਚ ਡੱਕੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਿੰਦਗੀ ਦੀ ਰਾਖੀ ਦੇ ਸਵਾਲ ਨੂੰ ਸਮੂਹ ਨਿਆਂਪ੍ਰੇਮੀ ਅਤੇ ਲੋਕ ਹਿਤੈਸ਼ੀ ਤਾਕਤਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਾ ਸਿਰਫ਼ ਸੁਧਾ ਭਾਰਦਵਾਜ, ਵਰਾਵਰਾ ਰਾਓ ਅਤੇ ਨਵਲਖਾ ਉੱਪਰ ਥੋਪੀਆਂ ਤਾਨਾਸ਼ਾਹ ਸ਼ਰਤਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਜ਼ਰੂਰੀ ਹੈ ਸਗੋਂ ਇਹ ਪੁਰਜ਼ੋਰ ਮੰਗ ਉੱਠਣੀ ਚਾਹੀਦੀ ਹੈ ਕਿ ਸ਼ਰਤਾਂ ਸਹਿਤ ਨਜ਼ਰਬੰਦੀ ਦੀ ਬਜਾਇ ਗੌਤਮ ਨਵਲੱਖਾ ਸਮੇਤ ਭੀਮਾ ਕੋਰੇਗਾਓਂ ਕੇਸ ਦੇ ਸਾਰੇ ਕੈਦੀਆਂ ਨੂੰ ਤੁਰੰਤ ਜ਼ਮਾਨਤ ਦਿੱਤੀ ਜਾਵੇ ਅਤੇ ਝੂਠਾ ਕੇਸ ਪੂਰੀ ਤਰ੍ਹਾਂ ਵਾਪਸ ਲਿਆ ਜਾਵੇ।

# ਕਣਕ ਖਿਲਾਫ ਪ੍ਰਚਾਰ ਦੀ ਹਕੀਕਤ

**ਡਾ. ਰਣਜੀਤ ਸਿੰਘ**
ਫੋਨ: +91-94170-87328

ਦੇਖਣ ਵਿਚ ਆਇਆ ਹੈ ਕਿ ਕੁਝ ਸਮੇਂ ਤੋਂ ਕਣਕ ਵਿਰੁੱਧ ਕੂੜ ਪ੍ਰਚਾਰ ਹੋ ਰਿਹਾ ਹੈ। ਆਖਿਆ ਜਾ ਰਿਹਾ ਹੈ ਕਿ ਕਣਕ ਵਿਚ ਕੋਈ ਖ਼ੁਰਾਕੀ ਤੱਤ ਨਹੀਂ ਹੁੰਦੇ ਸਗੋਂ ਇਹ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ। ਪੰਜਾਬੀਆਂ ਨੂੰ ਬਾਜਰਾ ਤੇ ਦੂਜੇ ਮੋਟੇ ਅਨਾਜ ਖਾਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਬਾਜਰਾ ਸਾਉਣੀ ਦੀ ਫ਼ਸਲ ਹੈ। ਇਸ ਦੀ ਕਾਸ਼ਤ ਮਾਲਵਾ ਅਤੇ ਰਾਜਸਥਾਨ ਦੇ ਰੇਤਲੇ ਟਿੱਲਿਆਂ ਵਿਚ ਕੀਤੀ ਜਾਂਦੀ ਸੀ। ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਮਜਬੂਰੀ ਵਿਚ ਬਾਜਰੇ ਦੀ ਰੋਟੀ ਖਾਣੀ ਪੈਂਦੀ ਸੀ ਕਿਉਂਕਿ ਕਣਕ ਸੇਂਜੂ ਇਲਾਕੇ ਦੀ ਫ਼ਸਲ ਹੈ। ਮਾਰੂ ਖੇਤੀ ਵਿਚ ਕਣਕ ਦੀ ਥਾਂ ਜੌਂ, ਛੋਲੇ, ਮਸਰ ਤੇ ਸਰ੍ਹੋਂ ਬੀਜ ਦਿੱਤੇ ਜਾਂਦੇ ਸਨ। ਕਣਕ ਉਗਾਉਣ ਵਾਲੇ ਛੋਟੇ ਕਿਸਾਨਾਂ ਨੂੰ ਵੀ ਕਣਕ ਦੀ ਰੋਟੀ ਨਹੀਂ ਸੀ ਮਿਲਦੀ ਕਿਉਂਕਿ ਬਹੁਤੇ ਕਿਸਾਨ ਕਰਜ਼ਈ ਸਨ ਤੇ ਖੇਤ ਵਿਚੋਂ ਹੀ ਵਿਆਜ ਦੇ ਰੂਪ ਵਿਚ ਕਣਕ ਚੁਕਵਾ ਦਿੰਦੇ ਸਨ।

ਪਹਿਲਾਂ ਦੁੱਧ, ਮੱਖਣ, ਘਿਓ ਵਿਰੁੱਧ ਕੂੜ ਪ੍ਰਚਾਰ ਕੀਤਾ ਗਿਆ ਅਤੇ ਕੰਪਨੀਆਂ ਨੇ ਪਾਮ ਤੇਲ, ਚਾਹਪੱਤੀ ਅਤੇ ਸ਼ਰਾਬ ਵੇਚੀ। ਨਤੀਜਾ ਇਹ ਹੋਇਆ ਕਿ ਪੰਜਾਬੀ ਵੀ ਕੁਪੋਸ਼ਣ ਦੇ ਸ਼ਿਕਾਰ ਹੋ ਗਏ। ਦੇਸ਼ ਵਿਚ ਔਰਤਾਂ ਅਤੇ ਬੱਚਿਆਂ ਵਿਚ ਕੁਪੋਸ਼ਣ ਦੀ ਜੋ ਫ਼ੀਸਦ ਸੀ, ਉਹੀ ਪੰਜਾਬ ਵਿਚ ਵੀ ਹੋ ਗਈ। ਵੱਡੀਆਂ ਕੰਪਨੀਆਂ ਨੇ ਕਣਕ ਦੇ ਆਟੇ ਦਾ ਵਪਾਰ ਸ਼ੁਰੂ ਕਰ ਕੇ ਪ੍ਰਚਾਰ ਕੀਤਾ ਕਿ ਉਨ੍ਹਾਂ ਦਾ ਆਟਾ ਮੱਧ ਪ੍ਰਦੇਸ਼ ਤੋਂ ਲਿਆਂਦੀ ਸ਼ਰਬਤੀ ਕਣਕ ਦਾ ਹੈ। ਇਸ ਦੀ ਪੰਜ ਕਿਲੋ ਵਾਲੀ ਥੈਲੀ 300 ਰੁਪਏ ਦੀ ਵੇਚੀ ਜਾ ਰਹੀ ਹੈ। ਇਸ ਦੇ ਨਾਲ ਹੀ ਮਲਟੀਗ੍ਰੇਨ ਆਟਾ ਵੇਚਿਆ ਜਾ ਰਿਹਾ ਹੈ। ਇਸ ਦੀ ਪੰਜ ਕਿਲੋ ਵਾਲੀ ਥੈਲੀ 350 ਰੁਪਏ ਦੀ ਹੈ। ਕੀਟਨਾਸ਼ਕ, ਨਦੀਨਨਾਸ਼ਕ ਤੇ ਭਾਰੀਆਂ ਮਸ਼ੀਨਾਂ ਪੰਜਾਬ ਵਿਚ ਵੇਚ ਕੇ ਜਿੱਥੇ ਪੰਜਾਬੀ ਕਿਸਾਨ ਦੀ ਆਰਥਿਕ ਲੁੱਟ ਕੀਤੀ ਗਈ, ਉੱਥੇ ਉਨ੍ਹਾਂ ਨੂੰ ਕਿਰਤ ਤੋਂ ਵੀ ਦੂਰ ਕੀਤਾ ਗਿਆ। ਇਸ ਕਰ ਕੇ ਕਿਸਾਨਾਂ ਨੇ ਘਰ ਦੀ ਲੋੜ ਲਈ ਬੰਬੀ ਲਾਗੇ ਸਬਜ਼ੀਆਂ ਦੀ ਕਾਸ਼ਤ ਬੰਦ ਕਰ ਦਿੱਤੀ ਹੈ। ਪਹਿਲਾਂ ਹਰ ਪੇਂਡੂ ਘਰ ਵਿਚ ਦੁਧਾਰੂ ਪਸ਼ੂ ਹੁੰਦਾ ਸੀ। ਹੁਣ ਬਹੁਤੇ ਘਰਾਂ ਵਿਚ ਡੰਗਰ ਨਹੀਂ ਹਨ। ਇੰਝ ਪੰਜਾਬੀਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਪੰਜਾਬੀਆਂ ਨੂੰ ਅੰਗਰੇਜ਼ੀ ਦਾ ਭੂਤ ਮੁੜ ਸਵਾਰ ਕੀਤਾ ਗਿਆ ਤੇ ਅਖੌਤੀ ਅੰਗਰੇਜ਼ੀ ਸਕੂਲਾਂ ਰਾਹੀਂ ਜਿੱਥੇ ਕਿਸਾਨਾਂ ਦੀ ਮਾਲੀ ਲੁੱਟ ਹੋ ਰਹੀ ਹੈ, ਉੱਥੇ ਨਵੀਂ ਪੀੜ੍ਹੀ ਆਪਣੀ ਬੋਲੀ, ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਹੋ ਰਹੀ ਹੈ। ਸਮਾਜਿਕ ਕਦਰਾਂ-ਕੀਮਤਾਂ ਤੋਂ ਦੂਰੀ ਦਾ ਨਤੀਜਾ ਰਿਸ਼ਤਿਆਂ ਵਿਚ ਆ ਰਹੀਆਂ ਤਰੇੜਾਂ ਅਤੇ ਵਧ ਰਹੀ ਹਿੰਸਾ ਤੋਂ ਦੇਖਿਆ ਜਾ ਸਕਦਾ ਹੈ।

ਸਿੰਜਾਈ ਸਹੂਲਤਾਂ ਵਿਚ ਵਾਧੇ ਨਾਲ ਕਣਕ ਹਾੜ੍ਹੀ ਦੀ ਮੁੱਖ ਫ਼ਸਲ ਬਣ ਗਈ ਹੈ। ਦੂਜੀਆਂ ਫ਼ਸਲਾਂ ਦੇ ਮੁਕਾਬਲੇ ਕਣਕ ਹੇਠ ਸਭ ਤੋਂ ਵੱਧ ਰਕਬਾ ਹੈ। ਅਸਲ ਵਿਚ ਕਣਕ ਪੰਜਾਬ ਦੀ ਆਰਥਿਕਤਾ ਦਾ ਆਧਾਰ ਹੈ। ਪੰਜਾਬ ਵਿਚ ਕਣਕ ਮਸਾਂ ਪੰਜ ਫ਼ੀਸਦੀ ਬਰਾਨੀ ਬੀਜੀ ਜਾਂਦੀ ਹੈ, ਉਹ ਵੀ ਪਹਾੜਾਂ ਦੇ ਨਾਲ ਲਗਦੇ ਇਲਾਕੇ ਵਿਚ। ਆਜ਼ਾਦੀ ਤੋਂ ਪਹਿਲਾਂ ਜਦੋਂ ਸਿੰਜਾਈ ਸਹੂਲਤਾਂ ਸੀਮਤ ਸਨ ਤਾਂ ਕਣਕ ਹੇਠ ਰਕਬਾ ਬਹੁਤ ਘੱਟ ਹੁੰਦਾ ਸੀ ਜਿਸ ਕਰ ਕੇ ਇਸ ਦੀ ਪੈਦਾਵਾਰ ਵੀ ਘੱਟ ਹੁੰਦੀ ਸੀ। ਉਦੋਂ ਗ਼ਰੀਬਾਂ ਨੂੰ ਕਣਕ ਨਸੀਬ ਨਹੀਂ ਸੀ ਹੁੰਦੀ।

ਉਸ ਸਮੇਂ ਜ਼ਿਆਦਾਤਰ ਕਣਕ, ਜੌਂ ਅਤੇ ਛੋਲਿਆਂ ਦੀ ਇਕੱਠੀ ਖੇਤੀ (ਜਿਸ ਨੂੰ ਬੇਰੜਾ ਵੀ ਆਖਿਆ ਜਾਂਦਾ ਸੀ) ਹੁੰਦੀ ਸੀ। ਕਣਕ ਪੰਜਾਬੀਆਂ ਦੀ ਮੁੱਖ ਖ਼ੁਰਾਕ ਹੈ, ਫਿਰ ਵੀ ਕੇਂਦਰੀ ਅਨਾਜ ਭੰਡਾਰ ਵਿਚ 60 ਫ਼ੀਸਦੀ ਕਣਕ ਪੰਜਾਬ ਹੀ ਦਿੰਦਾ ਰਿਹਾ ਹੈ। ਪੰਜਾਬ ਵਿਚ ਕਾਸ਼ਤ ਦੇ ਪ੍ਰਮਾਣ ਹੜੱਪਾ ਤੇ ਮਹਿੰਜੋਦੜੋ ਦੀ ਖ਼ੁਦਾਈ ਸਮੇਂ ਮਿਲੇ ਹਨ। ਆਰੀਆ ਲੋਕਾਂ ਨੇ ਕਣਕ ਦੀ ਥਾਂ ਜੌਂਆਂ ਦੀ ਖੇਤੀ ਸ਼ੁਰੂ ਕੀਤੀ ਪਰ ਕੁਝ ਸਮਾਂ ਪਿੱਛੋਂ ਉਨ੍ਹਾਂ ਵੀ ਕਣਕ ਦੀ ਕਾਸ਼ਤ ਸ਼ੁਰੂ ਕਰ ਲਈ ਸੀ। ਕਣਕ ਦੀ ਪੈਦਾਵਾਰ ਵਿਚ ਵਾਧਾ ਖੇਤੀ ਵਿਗਿਆਨੀਆਂ ਦੀ ਖੋਜ ਸਦਕਾ ਹੀ ਹੋਇਆ ਹੈ। ਪਹਿਲਾਂ ਘੱਟ ਝਾੜ ਦੇਣ ਵਾਲੀਆਂ ਲਾਲ ਤੇ ਸਖ਼ਤ ਦਾਣਿਆਂ ਵਾਲੀਆਂ ਕਿਸਮਾਂ ਦੀ ਕਾਸ਼ਤ ਹੁੰਦੀ ਸੀ ਪਰ ਲਾਇਲਪੁਰ ਵਿਚ ਬਣੇ ਖੇਤੀ ਖੋਜ ਕੇਂਦਰ ਨੇ ਸ਼ਰਬਤੀ ਤੇ ਨਰਮ ਦਾਣਿਆਂ ਵਾਲੀ ਕਿਸਮ ਸੀ 591 ਕੱਢੀ। ਇਸ ਨਾਲ ਪੱਛਮੀ ਪੰਜਾਬ ਦੇ ਨਹਿਰੀ ਇਲਾਕੇ ਵਿਚ ਕਣਕ ਦੀ ਪੈਦਾਵਾਰ ਵਿਚ ਚੋਖਾ ਵਾਧਾ ਹੋਇਆ। ਆਜ਼ਾਦੀ ਸਮੇਂ ਇਹ ਇਲਾਕਾ ਪਾਕਿਸਤਾਨ ਵਿਚ ਰਹਿਣ ਕਰ ਕੇ ਪੰਜਾਬ ਅਤੇ ਸਾਰੇ ਭਾਰਤ ਵਿਚ ਹੀ ਅਨਾਜ ਦੀ ਘਾਟ ਆ ਗਈ। ਸੱਠਵਿਆਂ ਵਿਚ ਤਾਂ ਹਾਲਾਤ ਬਹੁਤ ਭੈੜੇ ਹੋ ਗਏ ਸਨ। ਉਦੋਂ ਹੀ ਮੈਕਸੀਕੋ ਤੋਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆਉਣ ਨਾਲ ਕਣਕ ਦੀ ਪੈਦਾਵਾਰ ਵਿਚ ਕਈ ਗੁਣਾ ਵਾਧਾ ਹੋਇਆ। ਇਸ ਤੇਜ਼ੀ ਨਾਲ ਇਹ ਵਾਧਾ ਹੋਇਆ, ਉਸ ਨੂੰ ਦੇਖ ਇਸ ਚਮਤਕਾਰ ਨੂੰ ਹਰੇ ਇਨਕਲਾਬ ਦਾ ਨਾਂ ਦਿੱਤਾ ਗਿਆ। ਮੈਕਸੀਕੋ ਤੋਂ ਆਈ ਪ੍ਰਸਿੱਧ ਕਿਸਮ ਪੀਬੀ 18 ਸੀ। ਇਸ ਪਿੱਛੋਂ ਖੇਤੀ ਵਿਗਿਆਨੀਆਂ ਨੇ ਇਸ ਵਿਚ ਸੁਧਾਰ ਕਰ ਕੇ ਕਲਿਆਣ ਸੋਨਾ ਕਿਸਮ ਬਣਾਈ। ਇਸ ਪਿੱਛੋਂ ਪੀਬੀਡਬਲਿਊ 711 ਅਤੇ ਪੀਬੀਡਬਲਿਊ 343 ਨੇ ਉਪਜ ਵਿਚ ਚੋਖਾ ਵਾਧਾ ਕੀਤਾ। ਇਸ ਸਾਲ ਨਵੀਂ ਕਿਸਮ ਪੀਬੀਡਬਲਿਊ 826 ਕਾਸ਼ਤ ਲਈ ਦਿੱਤੀ ਗਈ ਹੈ ਜਿਸ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਹੈ।

ਹੁਣ ਤੱਕ ਵਿਗਿਆਨੀਆਂ ਦਾ ਧਿਆਨ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕਰਨ ਵੱਲ ਸੀ ਪਰ ਹੁਣ ਇਹ ਧਿਆਨ ਦੇਣ ਦੀ ਲੋੜ ਹੈ ਕਿ ਇਸ ਵਿਚ ਖ਼ੁਰਾਕੀ ਤੱਤ ਵੀ ਵੱਧ ਤੋਂ ਵੱਧ ਹੋਣ। ਪੀਏਯੂ ਨੇ ਜ਼ਿੰਕ ਦੀ ਵੱਧ ਮਾਤਰਾ ਵਾਲੀ ਕਿਸਮ ਪੀਬੀਡਬਲਿਊ 1 ਜ਼ਿੰਕ ਤਿਆਰ ਕੀਤੀ ਹੈ। ਅਜਿਹੀਆਂ ਹੋਰ ਕਿਸਮਾਂ ਵਿਕਸਤ ਕੀਤੀਆਂ ਜਾਣ ਤਾਂ ਜੋ ਕਣਕ ਵਿਰੁੱਧ ਕੂੜ ਪ੍ਰਚਾਰ ਦਾ ਮੁਕਾਬਲਾ ਕੀਤਾ ਜਾ ਸਕੇ। ਕਣਕ ਜਿਹੜੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਉਸ ਦੀ ਵਿਕਰੀ ਬੰਦ ਕਰਵਾ ਕੇ ਪੰਜਾਬ ਦੀ ਆਰਥਿਕਤਾ ਨੂੰ ਨੁਕਸਾਨ ਕੀਤੇ ਜਾਣ ਵਾਲੇ ਯਤਨਾਂ ਨੂੰ ਰੋਕਿਆ ਜਾ ਸਕੇ।

# ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ: ਖੇਤੀਬਾੜੀ ਨੀਤੀਆਂ ਵਿਚ ਤਬਦੀਲੀਆਂ ਦੀ ਲੋੜ

ਡਾ. ਗਿਆਨ ਸਿੰਘ

18 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਵਿਚ ਹਾੜ੍ਹੀ ਦੀਆਂ ਛੇ ਫ਼ਸਲਾਂ ਦੀਆਂ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਧਾਉਣ ਦਾ ਫ਼ੈਸਲਾ ਲਿਆ ਗਿਆ ਹੈ। ਹਾੜ੍ਹੀ ਦੀ ਪ੍ਰਮੁੱਖ ਖੇਤੀਬਾੜੀ ਜਿਣਸ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ 2022-23 ਲਈ 2015 ਰੁਪਏ ਪ੍ਰਤੀ ਕੁਇੰਟਲ ਸੀ ਜੋ ਹੁਣ 2023-24 ਦੇ ਮੰਡੀਕਰਨ ਲਈ 2125 ਰੁਪਏ ਕਰ ਦਿੱਤੀ ਗਈ ਹੈ।

ਸਰਕਾਰ ਅਨੁਸਾਰ ਕਣਕ ਦੀ ਪ੍ਰਤੀ ਕੁਇੰਟਲ ਉਤਪਾਦਨ ਲਾਗਤ ਅਨੁਸਾਰ ਇਹ ਵਾਧਾ 100 ਫ਼ੀਸਦ ਬਣਦਾ ਹੈ ਜਿਸ ਦਾ ਫ਼ਾਇਦਾ ਮੁਲਕ ਦੇ ਕਿਸਾਨਾਂ ਨੂੰ ਹੋਵੇਗਾ। ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਇਸ ਵਾਧੇ ਨੂੰ ਖੇਤੀਬਾੜੀ ਉਤਪਾਦਨ ਲਾਗਤਾਂ ਦੇ ਮੁਕਾਬਲੇ ਨਿਗੂਣਾ ਦੱਸਿਆ ਹੈ। ਉਨ੍ਹਾ ਨੇ ਮੰਗ ਕੀਤੀ ਕਿ ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕੀਤਾ ਜਾਵੇ। ਡਾ. ਸਵਾਮੀਨਾਥਨ ਨੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਤੈਅ ਕਰਦੇ ਸਮੇਂ ਸੀ-2 ਉਤਪਾਦਨ ਲਾਗਤਾਂ ਉੱਪਰ 50 ਫ਼ੀਸਦ ਮੁਨਾਫ਼ਾ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਸੀ-2 ਉਤਪਾਦਨ ਲਾਗਤਾਂ ਸਾਰੀਆਂ ਲਾਗਤਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਖੇਤੀਬਾੜੀ ਉਤਪਾਦਨ ਲਈ ਕਿਸਾਨਾਂ ਵੱਲੋਂ ਮੰਡੀ ਵਿਚੋਂ ਅਤੇ ਆਪਣੇ ਕੋਲੋਂ ਵਰਤੇ ਗਏ ਆਦਾਨ ਹੁੰਦੇ ਹਨ।

ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ 110 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਪਿਛਲੇ ਸਾਲ ਦੇ ਮੁਕਾਬਲੇ 5.46 ਫ਼ੀਸਦ ਬਣਦਾ ਹੈ। ਪਿਛਲੇ ਸਮੇਂ ਤੋਂ ਖੇਤੀਬਾੜੀ ਉਤਪਾਦਨ ਲਾਗਤਾਂ ਵਿਚ ਤੇਜ਼ੀ ਨਾਲ਼ ਵਾਧਾ ਹੁੰਦਾ ਆ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਕੀਮਤ ਸੂਚਕ-ਅੰਕ ਵਿਚ ਵਾਧੇ ਕਾਰਨ ਕਿਸਾਨਾਂ ਅਤੇ ਹੋਰ ਕਿਰਤੀਆਂ ਨੂੰ ਆਪਣੀ ਘਟ ਰਹੀ ਖ਼ਰੀਦ ਸ਼ਕਤੀ ਪ੍ਰੇਸ਼ਾਨ ਕਰ ਰਹੀ ਹੈ। ਸਰਕਾਰ ਦੁਆਰਾ ਐਲਾਨੀ ਗਈ ਕਣਕ ਦੀ ਪ੍ਰਤੀ ਕੁਇੰਟਲ ਘੱਟੋ-ਘੱਟ ਸਮਰਥਨ ਕੀਮਤ ਮੁਲਕ ਦੇ ਨੌਂ ਸੂਬਿਆਂ ਵੱਲੋਂ ਸੁਝਾਈ ਗਈ ਪ੍ਰਤੀ ਕੁਇੰਟਲ ਕੀਮਤ ਨਾਲੋਂ ਘੱਟ ਹੈ।

ਮੁਲਕ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਹੋਈ। ਮੁਲਕ ਦੀ ਖੇਤੀਬਾੜੀ ਕੀਮਤ ਨੀਤੀ ਵਿਚ ਅਹਿਮ ਪੜਾਅ 1965 ਵਿਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਤੀ ਨਾਲ ਆਇਆ। ਇਹ ਕਮਿਸ਼ਨ ਆਪਣੀ ਸਥਾਪਤੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਕੁਝ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਆਮ ਕਰਕੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਪਰ ਇਨ੍ਹਾਂ ਕੀਮਤਾਂ ਦਾ ਐਲਾਨ ਕਰਦੀ ਆ ਰਹੀ ਹੈ। ਜਦੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਸੀ, ਸ਼ੁਰੂ ਦੇ ਕੁਝ ਸਾਲਾਂ ਦੌਰਾਨ ਇਸ ਕਮਿਸ਼ਨ ਦੁਆਰਾ ਕੁਝ ਖੇਤੀਬਾੜੀ ਜਿਣਸਾਂ ਦੀਆਂ ਸੁਝਾਈਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨਾਂ ਲਈ ਲਾਹੇਵੰਦ ਸਾਬਤ ਹੋਈਆਂ। 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੁਆਰਾ ਸਿਫ਼ਾਰਸ਼ ਅਤੇ ਕੇਂਦਰ ਸਰਕਾਰ ਵੱਲੋਂ ਐਲਾਨ ਕੀਤੀਆਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨਾਂ ਦੇ ਹਿੱਤਾਂ ਦੇ ਉਲਟ ਭੁਗਤਾਈਆਂ ਗਈਆਂ ਜਿਸ ਦਾ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਤਿੱਖੀ ਨੁਕਤਾਚੀਨੀ ਅਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਨੁਕਤਾਚੀਨੀ ਅਤੇ ਵਿਰੋਧ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ 1987 ਵਿਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦਾ ਨਵਾਂ ਨਾਂ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੇ ਸਮੇਂ ਖੇਤੀਬਾੜੀ ਉਤਪਾਦਨ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਇਆ ਜਾਂਦਾ ਹੋਵੇ। ਇਹ ਠੀਕ ਸਾਬਤ ਨਹੀਂ ਹੋਇਆ, ਜਿਸ ਕਰਕੇ ਸਮੇਂ ਸਮੇਂ ਉੱਪਰ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਵੱਲੋਂ ਇਸ ਸਬੰਧ ਵਿਚ ਆਪਣਾ ਵਿਰੋਧ ਦਰਜ ਕਰਵਾਇਆ ਜਾ ਰਿਹਾ ਹੈ।

ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸਬੰਧੀ ਵੱਖ ਵੱਖ ਇਤਰਾਜ਼ਾਂ ਅਤੇ ਵਿਰੋਧ ਦੇ ਬਾਵਜੂਦ ਵੀ ਇਨ੍ਹਾਂ ਕੀਮਤਾਂ ਨੇ ਖੁੱਲ੍ਹੀ ਮੰਡੀ ਵਿਚ ਕਿਸਾਨਾਂ ਦੇ ਹੋਣ ਵਾਲ਼ੇ ਨਪੀੜਨ ਨੂੰ ਘਟਾਉਣ ਵਿਚ ਮਦਦ ਕੀਤੀ ਹੈ। ਭਾਵੇਂ ਇਨ੍ਹਾਂ ਕੀਮਤਾਂ ਉੱਪਰ ਕੁਝ ਇਕ ਖੇਤੀਬਾੜੀ ਜਿਣਸਾਂ ਦੀ ਖ਼ਰੀਦ ਵੀ ਕੁਝ ਇਕ ਸੂਬਿਆਂ ਵਿਚ ਹੀ ਕੀਤੀ ਜਾਂਦੀ ਹੈ, ਪਰ ਇਹ ਕੀਮਤਾਂ ਸਿਗਨਲ ਦਾ ਕੰਮ ਕਰਦੀਆਂ ਹਨ ਜਿਸ ਕਰਕੇ ਜਿਹੜੇ ਸੂਬਿਆਂ/ ਇਲਾਕਿਆਂ ਵਿਚ ਇਨ੍ਹਾਂ ਕੀਮਤਾਂ ਉੱਪਰ ਖ਼ਰੀਦ ਨਹੀਂ ਕੀਤੀ ਜਾਂਦੀ ਉੱਥੇ ਵੀ ਖੁੱਲ੍ਹੀ ਮੰਡੀ ਦੁਆਰਾ ਕਿਸਾਨਾਂ ਦੇ ਹੋਣ ਵਾਲ਼ੇ ਨਪੀੜਨ ਵਿਚ ਕੁਝ ਕਮੀ ਆਉਂਦੀ ਹੈ।

ਜੇਕਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸਬੰਧੀ ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਨੂੰ ਇੰਨ-ਬਿੰਨ ਮੰਨ ਲਿਆ ਜਾਂਦਾ ਹੈ ਤਾਂ ਸੁਭਾਵਿਕ ਤੌਰ ਉੱਤੇ ਇਸ ਦਾ ਉਨ੍ਹਾਂ ਕਿਸਾਨਾਂ ਨੂੰ ਫ਼ਾਇਦਾ ਹੋਵੇਗਾ ਜਿਨ੍ਹਾਂ ਕੋਲ਼ ਮੰਡੀ ਵਿਚ ਵੇਚਣ ਲਈ ਜਿਣਸਾਂ ਹੁੰਦੀਆਂ ਹਨ। ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਇਸ ਤਰ੍ਹਾਂ ਤੈਅ ਕਰਨਾ ਬਣਦਾ ਹੈ ਕਿ ਉਹ ਕਿਸਾਨਾਂ ਲਈ ਇਤਨੀਆਂ ਲਾਹੇਵੰਦ ਹੋਣ ਜਿਸ ਨਾਲ਼ ਉਹ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ - ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਣ, ਅਤੇ ਸਮਾਜਿਕ ਸੁਰੱਖਿਆ ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ। ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਕਿਸਾਨ, ਖੇਤ-ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਨਿਰਭਰ ਹਨ। ਡਾ. ਸਵਾਮੀਨਾਥਨ ਦੀ ਸਿਫ਼ਾਰਸ਼ ਨੂੰ ਮੰਨਣ ਸਦਕਾ ਜਿਸ ਤਰ੍ਹਾਂ ਫਾਰਮ ਦਾ ਆਕਾਰ ਵਧਦਾ ਜਾਵੇਗਾ ਉਸੇ ਤਰ੍ਹਾਂ ਕਿਸਾਨਾਂ ਦੀ ਆਮਦਨ ਵੀ ਵਧਦੀ ਜਾਵੇਗੀ। ਕਿਸਾਨਾਂ ਦੀਆਂ ਸ਼੍ਰੇਣੀਆਂ ਵਿਚ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਦਰਮਿਆਨੇ, ਅਤੇ ਵੱਡੇ ਕਿਸਾਨ ਆਉਂਦੇ ਹਨ। ਨੈਸ਼ਨਲ ਸੈਂਪਲ ਸਰਵੇਅ ਦੇ 77ਵੇਂ ਗੇੜ ਦੇ ਨਤੀਜਿਆਂ ਅਨੁਸਾਰ 2018-19 ਵਿਚ ਮੁਲਕ ਦੇ ਕੁੱਲ ਕਿਸਾਨਾਂ ਵਿਚੋਂ ਸੀਮਾਂਤ ਕਿਸਾਨ (1 ਹੈਕਟੇਅਰ ਤੋਂ ਘੱਟ) 76.5 ਫ਼ੀਸਦ ਹਨ। ਬਹੁਤ ਸੂਬਿਆਂ ਵਿਚ ਇਨ੍ਹਾਂ ਸੀਮਾਂਤ ਕਿਸਾਨਾਂ ਵਿਚੋਂ ਜ਼ਿਆਦਾਤਰ ਕੋਲ਼ ਮੰਡੀ ਵਿਚ ਵੇਚਣ ਲਈ ਵਾਧੂ ਜਿਣਸ ਜਾਂ ਤਾਂ ਬਿਲਕੁਲ ਨਹੀਂ ਜਾਂ ਨਾ-ਮਾਤਰ ਹੁੰਦੀ ਹੈ। ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਪੇਂਡੂ ਅਤੇ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲ਼ੇ ਉਹ ਦੋ ਡੰਡੇ ਹਨ ਜਿਹੜੇ ਘਸਦੇ ਵੀ ਜ਼ਿਆਦਾ, ਟੁੱਟਦੇ ਵੀ ਜ਼ਿਆਦਾ ਅਤੇ ਜਿਨ੍ਹਾਂ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਖੇਤੀਬਾੜੀ ਨਾਲ਼ ਸਬੰਧਿਤ ਇਹ ਦੋ ਵਰਗ ਆਮ ਤੌਰ ਉੱਤੇ ਜ਼ਮੀਨ-ਵਿਹੂਣੇ ਹਨ। ਇਨ੍ਹਾਂ ਦੋਹਾਂ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਸਿਵਾਇ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਾ ਹੋਣ ਕਰਕੇ ਇਨ੍ਹਾਂ ਨੂੰ ਸਿੱਧੇ ਤੌਰ ਉੱਤੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਿਚ ਵਾਧੇ ਦਾ ਫ਼ਾਇਦਾ ਨਹੀਂ ਹੋਵੇਗਾ।




ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਲਾਹੇਵੰਦ ਤੈਅ ਕਰਨਾ ਜ਼ਰੂਰੀ ਹੈ। ਇਸ ਸਬੰਧ ਵਿਚ ਧਿਆਨ ਮੰਗਦਾ ਪੱਖ ਇਹ ਹੈ ਕਿ ਮੁਲਕ ਦੇ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਜ਼ੋਨ ਬਣਾ ਕੇ ਉੱਥੇ ਲਈ ਢੁਕਵੀਆਂ ਫ਼ਸਲਾਂ ਬੀਜਾਈਆਂ/ ਲਗਵਾਈਆਂ ਜਾਣ ਅਤੇ ਉਨ੍ਹਾਂ ਦੀ ਲਾਹੇਵੰਦ ਕੀਮਤ ਉੱਪਰ ਖ਼ਰੀਦ ਕਰਨੀ ਯਕੀਨੀ ਬਣਾਈ ਜਾਵੇ। ਜਿਹੜੇ ਸੀਮਾਂਤ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਵਾਧੂ ਜਿਣਸਾਂ ਜਾਂ ਤਾਂ ਨਾ-ਮਾਤਰ ਜਾਂ ਬਿਲਕੁਲ ਵੀ ਨਹੀਂ ਹਨ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤਰਜੀਹੀ ਤੌਰ ਉੱਤੇ ਉਨ੍ਹਾਂ ਦੀ ਮਦਦ ਲਈ ਅੱਗੇ ਆਉਣਾ ਬਣਦਾ ਹੈ। ਇਨ੍ਹਾਂ ਕਿਸਾਨਾਂ ਦੁਆਰਾ ਮਗਨਰੇਗਾ ਅਧੀਨ ਆਪਣੇ ਹੀ ਖੇਤ ਉੱਪਰ ਕੰਮ ਕਰਨ ਨੂੰ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ।

ਮੁਲਕ ਵਿਚ ਮੱਧ-ਸੱਠਵਿਆਂ ਦੌਰਾਨ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਉਣ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤ ਮਜ਼ਦੂਰਾਂ ਲਈ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕਿਆਂ ਵਿਚ ਬਹੁਤ ਕਮੀ ਕੀਤੀ ਹੈ। ਖੇਤੀਬਾੜੀ ਖੇਤਰ ਵਿਚ ਆਧੁਨਿਕ ਮਸ਼ੀਨਰੀ, ਅਤੇ ਰੋਜ਼ਾਨਾ ਜ਼ਿੰਦਗੀ ਵਿਚ ਪਲਾਸਟਿਕ ਅਤੇ ਸਿੰਥੈਟਿਕ ਵਸਤਾਂ ਦੀ ਵਰਤੋਂ ਨੇ ਪੇਂਡੂ ਛੋਟੇ ਕਾਰੀਗਰਾਂ ਦੇ ਸਿਰਫ਼ ਰੁਜ਼ਗਾਰ ਨੂੰ ਹੀ ਨਹੀਂ ਘਟਾਇਆ, ਸਗੋਂ ਕੁਝ ਸੂਬਿਆਂ ਵਿਚ ਵੱਡੇ ਪੱਧਰ ਉੱਪਰ ਉਨ੍ਹਾਂ ਦਾ ਉਜਾੜੇ ਦਾ ਕਾਰਨ ਵੀ ਬਣੀਆਂ। ਸੀਮਾਂਤ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚ ਰੁਜ਼ਗਾਰ ਦੇ ਵੱਡੀ ਪੱਧਰ ਉੱਪਰ ਘਟਣ ਕਾਰਨ ਉਨ੍ਹਾਂ ਨੇ ਸ਼ਹਿਰੀ ਖੇਤਰਾਂ ਵੱਲ ਆਪਣਾ ਮੂੰਹ ਮੋੜਿਆ, ਪਰ ਉੱਥੇ ਵੀ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ। ਸ਼ਹਿਰੀ ਖੇਤਰ ਵਿਚ ਉਦਯੋਗਿਕ ਇਕਾਈਆਂ ਵਿਚ ਮਸ਼ੀਨਰੀ ਅਤੇ ਸਵੈ-ਚਾਲਤ ਮਸ਼ੀਨਰੀ ਦੀ ਵੱਡੇ ਪੱਧਰ ਉੱਪਰ ਵਰਤੋਂ ਨੇ ਪਹਿਲਾਂ ਤੋਂ ਰੁਜ਼ਗਾਰ-ਪ੍ਰਾਪਤ ਕਾਮਿਆਂ ਨੂੰ ਬਾਹਰ ਦਾ ਰਸਤਾ ਦਿਖਾਇਆ। ਸੇਵਾਵਾਂ ਦੇ ਰਹੀਆਂ ਇਕਾਈਆਂ ਆਮ ਤੌਰ ਉੱਤੇ ਇੰਗਲਿਸ਼ ਭਾਸ਼ਾ ਬੋਲਣ ਅਤੇ ਕੰਪਿਊਟਰ ਦੀ ਵਰਤੋਂ ਕਰਨ ਵਾਲੇ ਥੋੜ੍ਹੇ ਜਿਹੇ ਕਿਰਤੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਦੀਆਂ ਹਨ ਇਸ ਦੇ ਨਤੀਜੇ ਵਜੋਂ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਦੀ ਆਸ ਵਿਚ ਆਏ ਸੀਮਾਂਤ ਕਿਸਾਨ, ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਆਮ ਤੌਰ ਉੱਤੇ ਲੇਬਰ ਚੌਕਾਂ ਵਿਚ ਦਿਹਾੜੀ ਟੱਪੇ ਦਾ ਰੁਜ਼ਗਾਰ ਦੇਣ ਵਾਲ਼ਿਆਂ ਦੀ ਉਡੀਕ ਕਰਦੇ ਦੇਖੇ ਜਾਂਦੇ ਹਨ। ਜਿਹੜੇ ਦਿਨਾਂ ਵਿਚ ਉਨ੍ਹਾਂ ਕੋਈ ਵੀ ਰੁਜ਼ਗਾਰ ਨਹੀਂ ਮਿਲਦਾ ਉਨ੍ਹਾਂ ਦਿਨਾਂ ਵਿਚ ਉਹ ਆਪਣੇ ਘਰੋਂ ਲਿਆਂਦੀ ਹੋਈ ਰੁੱਖੀ-ਸੁੱਕੀ ਰੋਟੀ ਨੂੰ ਮੁੱਲ ਦੀ ਚਾਹ ਨਾਲ਼ ਖਾ ਕੇ ਵਾਪਸ ਆਪਣੇ ਘਰ ਨੂੰ ਨਿਰਾਸ਼ਤਾ ਲੈ ਕੇ ਮੁੜ ਜਾਂਦੇ ਹਨ।

ਸੀਮਾਂਤ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਮਗਨਰੇਗਾ ਅਧੀਨ ਸਾਲ ਦੇ ਜਿੰਨੇ ਵੀ ਦਿਨ ਉਹ ਕੰਮ ਕਰਨ ਲਈ ਤਿਆਰ ਰੁਜ਼ਗਾਰ ਦੇਣਾ ਬਣਦਾ ਹੈ। ਇਸ ਦੇ ਨਾਲ਼ ਨਾਲ਼ ਮਗਨਰੇਗਾ ਮਜ਼ਦੂਰਾਂ ਦੀਆਂ ਉਜ਼ਰਤਾਂ ਨੂੰ ਘੱਟੋ-ਘੱਟ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰਾ ਨਿਸ਼ਚਿਤ ਕੀਤੀਆਂ ਗਈਆਂ ਘੱਟੋ-ਘੱਟ ਮਜ਼ਦੂਰੀ ਦੀਆਂ ਦਰਾਂ ਦੇ ਬਰਾਬਰ ਕੀਤਾ ਜਾਵੇ। ਖੇਤੀਬਾੜੀ ਖੇਤਰ ਉੱਪਰ ਨਿਰਭਰ ਇਨ੍ਹਾਂ ਤਿੰਨਾਂ ਵਰਗਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਉਧਾਰ ਬਿਨਾਂ ਵਿਆਜ ਤੋਂ ਦਿੱਤਾ ਜਾਵੇ ਤਾਂ ਜੋ ਇਹ ਉਧਾਰ ਕਰਜ਼ਾ ਨਾ ਬਣ ਸਕੇ। ਪਿੰਡਾਂ ਵਿਚ ਸਹਿਕਾਰੀ ਮਾਲਕੀ ਵਾਲੀਆਂ ਐਗਰੋ-ਪ੍ਰੋਸੈਸਿੰਗ ਇਕਾਈਆਂ ਸਥਾਪਿਤ ਕਰਨ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰਾ ਅੱਗੇ ਆ ਕੇ ਵਿੱਤੀ ਅਤੇ ਹੋਰ ਹਰ ਤਰ੍ਹਾਂ ਦੀ ਮਦਦ ਕਰਨੀ ਯਕੀਨੀ ਬਣਾਈ ਜਾਵੇ ਤਾਂ ਕਿ ਇਨ੍ਹਾਂ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਵਧਣ ਦੇ ਨਾਲ਼ ਨਾਲ਼ ਇਨ੍ਹਾਂ ਨੂੰ ਮੁੱਲ-ਵਾਧੇ ਦਾ ਫ਼ਾਇਦਾ ਵੀ ਮਿਲੇ। ਵੱਖ ਵੱਖ ਸੂਬਿਆਂ ਵਿਚ ਪਿੰਡਾਂ ਵਿਚ ਸ਼ਾਮਲਾਟ ਅਤੇ ਪੰਚਾਇਤੀ ਜ਼ਮੀਨਾਂ ਹਨ। ਇਨ੍ਹਾਂ ਜ਼ਮੀਨਾਂ ਤੋਂ ਪ੍ਰਾਪਤ ਆਮਦਨ ਦਾ ਮੁੱਖ ਉਦੇਸ਼ ਗ਼ਰੀਬ ਲੋਕਾਂ ਦੀ ਭਲਾਈ ਹੁੰਦਾ ਹੈ। ਸਿੱਖ ਧਰਮ ਸਾਨੂੰ ਸਿੱਖਿਆ ਦਿੰਦਾ ਹੈ ਕਿ ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ। ਇਸ ਲਈ ਸੂਬਾ ਸਰਕਾਰਾਂ ਇਨ੍ਹਾਂ ਜ਼ਮੀਨਾਂ ਨੂੰ ਬਿਨਾਂ ਕੋਈ ਠੇਕਾ/ਲਗਾਨ ਲਏ ਇਨ੍ਹਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਲਈ ਦੇਣ ਅਤੇ ਉਨ੍ਹਾਂ ਵਿੱਤੀ ਅਤੇ ਹੋਰ ਮਦਦ ਕਰਨੀ ਯਕੀਨੀ ਬਣਾਉਣ। ਮਿਆਰੀ ਸਿੱਖਿਆ ਅਤੇ ਸਿਹਤ-ਸੰਭਾਲ ਸੇਵਾਵਾਂ ਪ੍ਰਦਾਨ ਕਰ ਕੇ ਇਨ੍ਹਾਂ ਵਰਗਾਂ ਦੀ ਜ਼ਿੰਦਗੀ ਵਿਚ ਸੁਧਾਰ ਕੀਤਾ ਜਾ ਸਕਦਾ ਹੈ।

* ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਕਾਵਿ-ਕਿਆਰੀ

### ਬਾਲ ਦਿਵਸ

ਫਿਰ ਆਇਆ ਹੈ ਚੌਦਾਂ ਨਵੰਬਰ
ਹੱਸਦੀ ਧਰਤੀ ਗਾਉਂਦਾ ਅੰਬਰ।

ਜਨਮੇ ਇਸ ਦਿਨ ਨਹਿਰੂ ਚਾਚਾ
ਇਹ ਗੱਲ ਦੱਸੀ ਮੈਨੂੰ ਪਾਪਾ।

'ਬਾਲ ਦਿਵਸ' ਅਖਵਾਏ ਇਹ ਦਿਨ
ਖ਼ੁਸ਼ੀ ਮਨਾਉਂਦੇ ਬੱਚੇ ਇਸ ਦਿਨ।

ਲੇਖਕ ਤੇ ਵਿਦਵਾਨ ਸੀ ਨਹਿਰੂ
ਦੇਸ਼ ਸਾਡੇ ਦੀ ਸ਼ਾਨ ਸੀ ਨਹਿਰੂ।

ਬਣ ਪ੍ਰਧਾਨ ਮੰਤਰੀ ਉਸਨੇ
ਕੀਤੇ ਲੋਕੀਂ ਦੇਸ਼ ਦੇ ਖੁਸ਼ ਨੇ।

ਕੱਲ੍ਹ ਵਾਂਗੂੰ ਹੈ ਅੱਜ ਵੀ ਯਾਦ
ਪੂਰੇ ਹੋਏ ਸਾਡੇ ਸਭ ਖ਼ਾਬ।

ਦੇਸ਼ ਸਾਡੇ ਦੀ ਲੱਥੀ ਗ਼ੁਲਾਮੀ
ਮਹਿਕੀ ਧਰਤੀ ਤੇ ਜ਼ਿੰਦਗਾਨੀ।

ਬਾਲ ਦਿਵਸ ਸਭ ਬੱਚੇ ਮਨਾਵਣ
ਹੱਸਣ, ਖੇਡਣ, ਭੰਗੜੇ ਪਾਵਣ।

ਅਜਬ-ਗਜ਼ਬ ਬੱਚੇ ਬਣ ਆਏ
ਕੈਸੇ-ਕੈਸੇ ਭੇਸ ਬਣਾਏ।

ਹੋਵੇ ਸਭ ਨੂੰ ਲੱਖ ਵਧਾਈ
'ਰੂਹੀ' ਕਵਿਤਾ ਆਖ ਸੁਣਾਈ।

**-ਪ੍ਰੋ. ਨਵ ਸੰਗੀਤ ਸਿੰਘ**

---

### ਬਾਹਰ ਦਾ ਝੱਲ

ਕੀਤੀਆਂ ਪੜ੍ਹਾਈਆਂ
ਸਾਨੂੰ ਰਾਸ ਨ ਆਈਆਂ।
ਉਤੋਂ ਸਰਕਾਰਾਂ ਦੀਆਂ
ਡਾਢੀਆਂ ਰੁਸਵਾਈਆਂ।
ਛੱਡ ਕੇ ਪੰਜਾਬ
ਭੀੜਾਂ ਬਦੇਸ਼ਾਂ ਵੱਲ ਧਾਈਆਂ।
ਕਿਉਂ ਨੇਤਾ ਵੀ ਚੁੱਪ
ਕਰਨ ਡਹੇ ਚਤੁਰਾਈਆਂ?

ਆਇਆ ਕਾਲਜਾਂ ਦਾ ਹੜ੍ਹ
ਦੇਖੋ ਵਿਚ ਪੰਜਾਬ।
ਨਿੱਜੀ ਅਦਾਰਿਆਂ ਨੇ
ਲਿਆਂਦੇ ਵੱਡੇ ਅਸਬਾਬ।
ਖੋਲ੍ਹੀਆਂ ਅੱਜ ਨੇ
ਯੂਨੀਵਰਸਿਟੀਆਂ ਬੇਹਿਸਾਬ।
ਮਹਿੰਗੀ ਹੋਈ ਪੜ੍ਹਾਈ
ਲੁੱਟੇ ਗਰੀਬ ਦੇ ਖੁਆਬ।

ਅੱਗੋਂ ਨਸੀਬਾਂ ਦਾ ਕਹਿਰ
ਨਾ ਮਿਲੇ ਰੁਜ਼ਗਾਰ।
ਸਮੇਂ ਨੇ ਸੋਚ ਬਦਲੀ
ਹੋਏ ਉੱਚੇ ਜੀਣ ਮਿਆਰ।
ਖਾਣ ਚੰਗਾ ਲੋਚੇ
ਨਾ ਸਾਦਾ ਰਹਿਣ ਨੂੰ ਤਿਆਰ।
ਤਾਂਹੀਉਂ ਪੰਜਾਬੀ ਜਾ ਰਹੇ
ਸੱਤ ਸਮੁੰਦਰੋਂ ਪਾਰ।

ਕੁੱਝ ਪਾੜ੍ਹੇ ਤੁਰ ਪਏ
ਆਈਲੈਟਸ ਕਰਕੇ ਬਾਹਰ।
ਹੁਣ ਦਿਨ ਨੂੰ ਪੜ੍ਹਨਗੇ ਤੇ
ਰਾਤਾਂ ਨੂੰ ਕੰਮ ਕਾਰ।
ਨੀਂਦਾਂ ਨਾ ਹੋਣ ਪੂਰੀਆਂ
ਉਘਲਾਉਂਦੇ ਬੇਸ਼ੁਮਾਰ।
ਇੰਝ ਫਿਰ ਜਿੰਦ ਫਸ ਜਾਵੇ
ਦੋ ਪੁੜਾਂ ਵਿਚਕਾਰ।

ਪੁੱਜਣਗੇ ਜੰਗਲਾਂ, ਸਾਗਰਾਂ,
ਮਾਰੂਥਲਾਂ ਨੂੰ ਗਾਹ।
ਵੇਚ ਕੇ ਜ਼ਮੀਨਾਂ ਜਾਇਦਾਦਾਂ
ਕੌਡੀਆਂ ਦੇ ਭਾਅ।
ਕਈ ਬਦਕਿਸਮਤ ਮੁੱਕ ਹੀ
ਜਾਂਦੇ ਵਿਚ ਰਾਹ।
ਬੁੱਢੇ ਮਾਪੇ ਉਡੀਕਦੇ
ਮੱਥੇ ਉੱਤੇ ਹੱਥ ਟਿਕਾਅ।

***-ਸੇਵਾ ਸਿੰਘ ਨੂਰਪੁਰੀ***

---

### ਆਸ ਦੇ ਫੁੱਲ

ਜੀਵਨ ਰੂਪੀ ਗੁੱਡ ਕਿਆਰੀ,
ਬੀਜ ਆਸ ਦੇ ਬੀਜੀ ਜਾਈਏ।
ਨਿੱਕੇ ਨਿੱਕੇ ਬੋ-ਬੀਜਾਂ ਨੂੰ,
ਸਦਰਾਂ ਦੇ ਨਾਲ ਸਿੰਜੀ ਜਾਈਏ।

ਲਾ ਪਨੀਰੀ ਵਿਹੜੇ ਦੇ ਵਿਚ,
ਆਸਾਂ ਲਾ-ਲਾ ਤੱਕੀ ਜਾਈਏ।
ਵੰਨ-ਸੁਵੰਨੇ ਫੁੱਲ ਬਾੜੀ ਦੇ,
ਸ਼ਿੱਦਤਾਂ ਦੇ ਨਾਲ ਪਾਣੀ ਪਾਈਏ।

ਮਹਿਕਣ-ਟਹਿਕਣ ਵਿਚ ਜ਼ਿੰਦਗੀ ਦੇ,
ਭੌਰਿਆਂ ਨੂੰ ਸੱਦ ਕੋਲ ਲਿਆਈਏ।
ਸੁਪਨਿਆਂ ਦਾ ਫੁੱਲ ਲੱਗੇ,
ਪੱਕੇ ਹਰ ਸਾਹ ਦੇ ਨਾਲ ਆਸ ਲਗਾਈਏ।

ਰੋਜ਼ੀ ਰੋਟੀ ਜੋਗੇ ਹੋਵਣ,
ਹਰ ਫੁੱਲ ਦੀ ਸਦਾ ਖੈਰ ਮਨਾਈਏ।
ਵੱਖੋ ਵੱਖਰੇ ਰੰਗਾਂ ਦੇ ਸਭ,
ਵੱਖਰੀ ਸਭ ਦੀ ਸ਼ਾਨ ਵਧਾਈਏ।
ਉੱਚੀਆਂ ਥਾਵਾਂ 'ਤੇ ਜਾ ਬੈਠਣ,
ਹਰ ਇੱਕ ਫੱਲ ਨੂੰ ਇੰਝ ਸਜਾਈਏ।
ਡਿੱਗਣਾ, ਉੱਠਣਾ, ਲੜਨਾ ਕੀ ਹੈ?
ਬਦਲੀਆਂ ਰੁੱਤਾਂ ਨਾਲ ਸਿਖਾਈਏ।

ਤਿੱਤਲੀਆਂ, ਭੌਰਿਆਂ ਨੂੰ ਕੀ ਦੇਣਾ?
ਕਿੰਝ ਵਧਣਾ ਹੈ ਸਬਕ ਸਿਖਾਈਏ ।
ਧੀਆਂ ਪੁੱਤਰ ਨਾਮ ਫੁੱਲਾਂ ਦੇ,
ਸਭਨਾਂ ਦੇ ਵਿਚ ਖੁਦ ਨੂੰ ਪਾਈਏ।

ਜ਼ਿੰਦਗੀ ਛੋਟੀ ਸੁਪਨੇ ਵੱਡੇ,
ਹੌਂਸਲਿਆਂ ਸੰਗ ਉੱਡੀ ਜਾਈਏ।
ਚਾਰ ਦਿਨਾਂ ਦਾ ਮੇਲਾ ਜੱਗ 'ਤੇ,
ਫੁੱਲਾਂ ਨੂੰ ਇਹ ਗੱਲ ਸਮਝਾਈਏ।


ਮਹਿਕੋ-ਟਹਿਕੋ ਖ਼ੁਸ਼ੀਆਂ ਵੰਡੋ,
ਹਰ ਪਲ ਖੁਸ਼ੀਆਂ ਨਾਲ ਲੰਘਾਈਏ।
ਜ਼ਿੰਦਗੀ ਦੀ ਫੁੱਲਵਾੜੀ ਅੰਦਰ,
ਆਓ ਵੱਖਰੀ ਸ਼ਾਨ ਬਣਾਈਏ।
ਵੱਖੋ ਵੱਖਰੇ ਗੁਣ ਸਭਨਾਂ ਦੇ
ਇਹੋ ਆਪਾਂ ਸਬਕ ਸਿਖਾਈਏ।

ਕੁਝ ਦਿਨਾਂ ਦੀ ਜ਼ਿੰਦਗੀ ਜੱਗ 'ਤੇ,
ਆਓ ਸਭ ਦਾ ਸ਼ੁਕਰ ਮਨਾਈਏ।
ਸੰਦੀਪ ਜੇ ਮਾਲੀ ਬਣਿਆ ਹੀ ਏ,
ਜੱਗ 'ਤੇ ਚੰਗਾ ਬੂਟਾ ਲਾਈਏ।
ਜੀਵਨ ਰੂਪੀ ਗੁੱਡ ਕਿਆਰੀ
ਬੀਜ ਆਸ ਦੇ ਬੀਜੀ ਜਾਈਏ।

***-ਸੰਦੀਪ ਸਿੰਘ 'ਬਖੋਪੀਰ'***


# ਪੁਰਾਣੇ ਅੰਮ੍ਰਿਤਸਰ ਦੇ ਕੁਝ ਨਿਆਰੇ ਰੰਗ

***ਅੰਮ੍ਰਿਤਸਰ ਦਾ ਆਪਣਾ ਨਿਆਰਾ ਅਤੇ ਨਿਵੇਕਲਾ ਰੰਗ-ਢੰਗ ਹੈ। ਸਾਬਕਾ ਆਈ.ਪੀ.ਐਸ. ਅਫਸਰ ਗੁਰਬਚਨ ਜਗਤ ਜੋ ਅਪਰੈਲ 1978 ਵਿਚ ਅੰਮ੍ਰਿਤਸਰ ਦੇ ਪੁਲਿਸ ਮੁਖੀ ਬਣੇ ਸਨ, ਨੇ ਅੰਮ੍ਰਿਤਸਰ ਬਾਰੇ ਆਪਣੇ ਇਸ ਲੇਖ ਵਿਚ ਉਸ ਵਕਤ ਦੇ ਕੁਝ ਖਾਸ ਵੇਰਵੇ ਸਾਂਝੇ ਕੀਤੇ ਹਨ।***



*ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ। ਇਹ ਤਸਵੀਰ ਫੋਟੋਗ੍ਰਾਫਰ ਕਰਮ ਸਿੰਘ ਨੇ 20 ਅਗਸਤ 1980 ਨੂੰ ਖਿੱਚੀ ਸੀ।*

ਅਪਰੈਲ 1978 ਦੇ ਵਿਸਾਖੀ ਵਾਲੇ ਦਿਨ ਮੈਂ ਅੰਮ੍ਰਿਤਸਰ ਵਿਖੇ ਜ਼ਿਲ੍ਹੇ ਦੇ ਪੁਲਿਸ ਮੁਖੀ (ਐੱਸ.ਐੱਸ.ਪੀ.) ਵਜੋਂ ਡਿਊਟੀ ਜੁਆਇਨ ਕੀਤੀ ਤਾਂ ਮੇਰਾ ਸੁਆਗਤ ਕਾਫ਼ੀ ਗਰਮ ਹੋਇਆ ਸੀ। ਦਰਅਸਲ, ਗਰਮ ਸੁਆਗਤ ਕੋਈ ਬਹੁਤੇ ਸਖ਼ਤ ਸ਼ਬਦ ਨਹੀਂ ਹਨ ਸਗੋਂ ਕਿਹਾ ਜਾਵੇ ਤਾਂ ਮੈਂ ਉਦੋਂ ਚਾਰੋਂ ਖਾਨੇ ਚਿੱਤ ਹੋ ਗਿਆ ਸੀ। ਉਂਝ, ਅੱਜ ਮੈਂ ਖਾੜਕੂਵਾਦ ਦੀ ਕੋਈ ਚਰਚਾ ਨਹੀਂ ਕਰਨੀ ਜੋ ਉਨ੍ਹਾਂ ਦਿਨਾਂ ਵਿਚ ਸ਼ੁਰੂ ਹੋ ਕੇ ਇੱਕ ਕੌਮੀ ਸਮੱਸਿਆ ਦਾ ਰੂਪ ਧਾਰਨ ਕਰ ਗਿਆ ਸੀ। ਥੋੜ੍ਹਾ ਠੰਢ ਠੰਢਾਅ ਹੋਣ ਤੋਂ ਬਾਅਦ ਇੱਕ ਦਿਨ ਮੈਂ ਕੁਝ ਕਿਤਾਬਾਂ ਖਰੀਦਣ ਲਈ ਹਾਲ ਬਾਜ਼ਾਰ ਦੇ ਇੱਕ ਨੌਜਵਾਨ ਦੁਕਾਨਦਾਰ ਕੋਲ ਗਿਆ। ਮੈਂ ਆਪਣੀ ਕਾਰ ਪਿੱਛੇ ਖੜ੍ਹੀ ਕਰ ਗਿਆ ਤੇ ਪੈਦਲ ਕਿਤਾਬਾਂ ਦੀ ਦੁਕਾਨ 'ਤੇ ਪਹੁੰਚ ਗਿਆ। ਉਨ੍ਹਾਂ ਦਿਨਾਂ ਵਿਚ ਪਾਇਲਟ ਤੇ ਐਸਕਾਰਟਸ ਨਹੀਂ ਸੀ ਹੋਇਆ ਕਰਦੀ। ਥੋੜ੍ਹੀ ਦੇਰ ਨਿਗਾਹ ਮਾਰਨ ਤੋਂ ਬਾਅਦ ਮੈਨੂੰ ਲੱਗਿਆ ਕਿ ਹੈਂਡਲੀ ਚੇਜ਼ ਦੀਆਂ ਕੁਝ ਕਿਤਾਬਾਂ ਨੂੰ ਛੱਡ ਕੇ ਮੇਰੇ ਖਰੀਦਣ ਵਾਲੀ ਹੋਰ ਕੋਈ ਕਿਤਾਬ ਨਹੀਂ ਸੀ। ਜਦੋਂ ਮੈਂ ਦੁਕਾਨ ਦੇ



**ਗੁਰਬਚਨ ਜਗਤ**

ਮਾਲਕ ਤੋਂ ਇਸ ਬਾਬਤ ਪਤਾ ਕੀਤਾ ਤਾਂ ਉਲਟਾ ਉਸ ਨੇ ਮੈਥੋਂ ਪੁੱਛਿਆ ਕਿ ਕੀ ਮੈਂ ਸ਼ਹਿਰ ਵਿਚ ਨਵਾਂ ਆਇਆ ਹਾਂ। ਜਦੋਂ ਮੈਂ ਹਾਂ ਵਿਚ ਜਵਾਬ ਦਿੱਤਾ ਤਾਂ ਉਸ ਨੇ ਆਪਣਾ ਸਿਰ ਫੜ ਕੇ ਆਖਿਆ ਕਿ ਜੇ ਉਸ ਨੇ ਛੋਲੇ ਭਟੂਰਿਆਂ ਦੀ ਦੁਕਾਨ ਖੋਲ੍ਹੀ ਹੁੰਦੀ ਤਾਂ ਚੰਗਾ ਰਹਿਣਾ ਸੀ। ਮੈਂ ਹੈਰਾਨ ਸਾਂ ਕਿ ਸ਼ਹਿਰ ਵਿਚ ਕਿਤਾਬਾਂ ਦੀ ਵਿਕਰੀ ਇੰਨੀ ਘੱਟ ਕਿਉਂ ਹੁੰਦੀ ਹੈ। ਹਾਲਾਂਕਿ ਅੰਮ੍ਰਿਤਸਰ ਨਾਲ ਪੰਜਾਬੀ ਦੇ ਸਿਰਮੌਰ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਨਾਂ ਜੁੜਿਆ ਹੋਇਆ ਸੀ ਜਿਨ੍ਹਾਂ ਨੇ ਸ਼ਹਿਰ ਦੇ ਨੇੜੇ 'ਪ੍ਰੀਤ ਨਗਰ' ਵਿਚ ਸਾਹਿਤਕ ਤੇ ਬੌਧਿਕ ਸਰਗਰਮੀਆਂ ਦਾ ਮੱਕਾ ਸਿਰਜਿਆ ਸੀ ਜਿੱਥੇ ਬਲਰਾਜ ਸਾਹਨੀ, ਪ੍ਰਿਥਵੀਰਾਜ ਕਪੂਰ, ਨੋਰਾ ਰਿਚਰਡਜ਼ ਜਿਹੀਆਂ ਹਸਤੀਆਂ ਆ ਕੇ ਠਹਿਰਦੀਆਂ ਸਨ। ਕਈ ਸਾਲਾਂ ਬਾਅਦ ਉਨ੍ਹਾਂ ਦਾ ਇਹ ਉੱਦਮ ਖੁਰਦ-ਬੁਰਦ ਹੋ ਗਿਆ ਪਰ 'ਪ੍ਰੀਤਲੜੀ ਪਰਿਵਾਰ' ਮੌਲ਼ਦਾ ਰਿਹਾ।

ਕੁਝ ਦੇਰ ਬਾਅਦ ਮੈਨੂੰ ਇੱਕ ਰਈਸ ਪਰਿਵਾਰ ਵਿਚ ਵਿਆਹ ਦੀ ਦਾਅਵਤ ਵਿਚ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਘਰ ਵਿਚ ਅੰਗਰੇਜ਼ੀ ਦੇ ਅੱਖਰ 'ਐੱਲ' ਦੀ ਸ਼ਕਲ ਵਰਗਾ ਲਾਅਨ ਬਣਿਆ ਹੋਇਆ ਸੀ ਜਿਸ ਦੇ ਇੱਕ ਪਾਸੇ ਖਾਣਾ ਲਾਇਆ ਸੀ ਤੇ ਦੂਜੇ ਪਾਸੇ ਸਟੇਜ 'ਤੇ ਆਸਾ ਸਿੰਘ ਮਸਤਾਨਾ ਤੇ ਬੀਬੀ ਸੁਰਿੰਦਰ ਕੌਰ ਗਾਉਣ ਦੀ ਤਿਆਰੀ ਕਰ ਰਹੇ ਸਨ। ਖਾਣੇ ਦੀਆਂ ਸਟਾਲਾਂ 'ਤੇ ਭੀੜ ਹੀ ਭੀੜ ਸੀ ਤੇ ਦੂਜਾ ਪਾਸਾ ਖਾਲੀ ਸੀ। ਸੁਰਿੰਦਰ ਕੌਰ ਨੂੰ ਮਹਿਮਾਨਾਂ ਨੂੰ ਅਰਜੋਈ ਕਰਨੀ ਪਈ ਕਿ ਉਹ ਆਪਣੇ ਖਾਣੇ ਦੀਆਂ ਪਲੇਟਾਂ ਲੈ ਕੇ ਬੈਠ ਜਾਣ ਤੇ ਖਾਣੇ ਦੇ ਨਾਲ ਨਾਲ ਸੰਗੀਤ ਦਾ ਵੀ ਮਜ਼ਾ ਲੈਣ। ਲੋਕਾਂ 'ਤੇ ਕੋਈ ਖ਼ਾਸ ਅਸਰ ਹੁੰਦਾ ਨਾ ਦੇਖ ਕੇ ਵਿਚਾਰੀ ਗਾਇਕ ਜੋੜੀ ਆਪਣੇ ਵਾਜੇ ਛੈਣੇ ਚੁੱਕ ਕੇ ਚਲੀ ਗਈ। ਅੰਮ੍ਰਿਤਸਰ ਦਾ ਨੇਮ ਸੀ: ਪਹਿਲਾਂ ਪੇਟ ਪੂਜਾ, ਫਿਰ ਕੰਮ ਦੂਜਾ। ਮੈਂ ਅੰਮ੍ਰਿਤਸਰ ਦੇ ਪਕਵਾਨਾਂ ਦਾ ਪਹਿਲੀ ਵਾਰ ਸੁਆਦ ਕੋਤਵਾਲੀ ਵਿਚ ਚਖਿਆ ਸੀ ਜਿੱਥੇ ਹਾਲਾਤ ਸੁਖਾਵੇਂ ਹੋਣ ਤੱਕ ਰੋਜ਼ ਤੜਕਸਾਰ ਸਾਡੀ ਇਕੱਤਰਤਾ ਹੁੰਦੀ ਸੀ। ਪਹਿਲੀ ਸਵੇਰ ਲੱਸੀ ਤੇ ਉਪਰੋਂ ਮੋਟੀ ਮਲਾਈ ਨਾਲ ਲਬਾਲਬ ਭਰੇ ਸਟੀਲ ਦੇ ਵੱਡੇ ਵੱਡੇ ਗਲਾਸ ਪੇਸ਼ ਕੀਤੇ ਗਏ। ਮੈਂ ਆਸ-ਪਾਸ ਨਜ਼ਰ ਘੁਮਾਈ ਤਾਂ ਹਰ ਕੋਈ ਗਟਾ-ਗਟ ਲੱਸੀ ਪਾ ਰਿਹਾ ਸੀ ਤੇ ਮੈਂ ਵੀ ਲੱਸੀ ਪੀਣ ਲੱਗ ਪਿਆ। ਔਖੇ ਸੌਖੇ ਮੈਂ ਗਲਾਸ ਖਾਲੀ ਕਰ ਦਿੱਤਾ ਪਰ ਮੇਰਾ ਮਿਹਦਾ ਮਲਾਈ ਦਾ ਆਦੀ ਨਹੀਂ ਸੀ। ਚਾਰ ਸਾਲਾਂ ਵਿਚ ਉਹ ਮੇਰਾ ਪਹਿਲਾ ਤੇ ਆਖ਼ਰੀ ਲੱਸੀ ਦਾ ਗਲਾਸ ਸੀ। ਪਾਕਿਸਤਾਨ 'ਚ ਸਾਡੇ ਹਾਈ ਕਮਿਸ਼ਨਰ ਜਦੋਂ ਇਸਲਾਮਾਬਾਦ ਤੋਂ ਚਲਦੇ ਸਨ ਤਾਂ ਸਾਨੂੰ ਫੋਨ ਕਰ ਦਿੰਦੇ ਸਨ ਕਿ ਉਨ੍ਹਾਂ ਵਾਸਤੇ ਸਰਕਟ ਹਾਊਸ ਵਿਚ 'ਕੇਸਰ ਦੇ ਢਾਬੇ' ਤੋਂ ਦੁਪਹਿਰ ਦਾ ਖਾਣਾ ਮੰਗਵਾ ਦਿੱਤਾ ਜਾਵੇ ਤੇ ਇਸੇ ਤਰ੍ਹਾਂ ਉਨ੍ਹਾਂ ਦੀ ਵਾਪਸੀ 'ਤੇ ਹੁੰਦਾ। ਇਸ ਢਾਬੇ ਦੇ ਦਾਲ ਪਰੌਂਠੇ ਮਸ਼ਹੂਰ ਹੁੰਦੇ ਸਨ। ਹਾਲਾਂਕਿ ਇਹ ਕਾਫ਼ੀ ਭਾਰੇ ਹੁੰਦੇ ਸਨ ਪਰ ਅੰਮ੍ਰਿਤਸਰੀਏ ਤਾਂ ਇਸ ਦੀਆਂ ਕਸਮਾਂ ਖਾਂਦੇ ਸਨ। ਉਂਝ, ਇਸ ਵਿਚ ਮੌਸਮੀ ਖੀਰਾ, ਤਰਾਂ, ਮੂਲੀ, ਗਾਜਰ ਆਦਿ ਵੀ ਖ਼ੂਬ ਪਾਏ ਜਾਂਦੇ ਸਨ ਤੇ ਸਹੀ ਮਸਾਲੇ ਤਾਂ ਹੁੰਦੇ ਹੀ ਸਨ। ਹਾਲਾਂਕਿ ਰੇਹੜੀਆਂ ਦਾ ਖਾਣਾ ਅਕਸਰ ਮਿਹਦਾ ਵਿਗਾੜ ਦਿੰਦਾ ਹੈ ਪਰ ਮੱਛੀ, ਗੋਸ਼ਤ, ਦਾਲ, ਕੁਲਚੇ, ਛੋਲੇ ਭਟੂਰੇ, ਚਾਟ- ਗੱਲ ਕੀ ਹਰੇਕ ਪਕਵਾਨ ਦਾ ਇੱਕ ਖ਼ਾਸ ਮੁਕਾਮ ਬਣਿਆ ਹੁੰਦਾ ਸੀ। ਤੁਸੀਂ ਅੰਮ੍ਰਿਤਸਰ ਵਿਚ ਰਹਿ ਕੇ ਹੀ ਜਾਣ ਸਕਦੇ ਹੋ ਕਿ ਪਰਵਾਸੀਆਂ ਨੂੰ ਅੰਮ੍ਰਿਤਸਰੀ ਖਾਣਿਆਂ ਦਾ ਕਿੱਡਾ ਚਸਕਾ ਹੈ। ਕਿਹਾ ਜਾਂਦਾ ਹੈ ਕਿ ਮਰਹੂਮ ਸ੍ਰੀ ਅਰੁਣ ਜੇਤਲੀ ਦਿੱਲੀ ਰਹਿੰਦਿਆਂ ਹਰ ਹਫ਼ਤੇ ਅੰਮ੍ਰਿਤਸਰੀ ਪਕਵਾਨਾਂ ਦਾ ਸੁਆਦ ਮਾਣਦੇ ਹੁੰਦੇ ਸਨ।

ਖ਼ੈਰ, ਮੈਂ ਇੱਕ ਵਿਅਕਤੀ ਤੇ ਇੱਕ ਸਿਰਨਾਵੇਂ ਦਾ ਜ਼ਿਕਰ ਕਰਨਾ ਚਾਹਾਂਗਾ ਜਿਨ੍ਹਾਂ ਦੀ ਸਾਡੇ ਪਰਿਵਾਰਕ ਮਨਾਂ 'ਤੇ ਗਹਿਰੀ ਛਾਪ ਪਈ ਸੀ- ਉਹ ਸੀ ਮਾਲ ਰੋਡ 'ਤੇ ਨੰਬਰ 10 (ਜੋ ਛਾਉਣੀ ਖੇਤਰ ਅਧੀਨ ਪੈਂਦਾ ਹੈ) ਅਤੇ ਇਸ ਦੀ ਮਾਲਕਣ ਸ੍ਰੀਮਤੀ ਟੈਮੀ ਭੰਡਾਰੀ ਤੇ ਉਨ੍ਹਾਂ ਦੀ ਧੀ ਰਤਨ। ਟੈਮੀ ਜਨਮ ਤੋਂ ਪਾਰਸੀ ਸੀ ਤੇ ਅਧਖੜ੍ਹ ਉਮਰ ਵਿਚ ਹੀ ਸੱਠਵਿਆਂ ਦੇ ਦਹਾਕੇ ਵਿਚ ਵਿਧਵਾ ਹੋ ਗਈ ਸੀ। ਉਹ ਹਰ ਸਮੇਂ ਚਿੱਟੀ ਸਲਵਾਰ ਕਮੀਜ਼ ਪਹਿਨ ਕੇ ਰੱਖਦੇ ਸਨ। ਉਨ੍ਹਾਂ ਦਾ ਕੱਦ ਛੋਟਾ ਹੀ ਸੀ ਪਰ ਸ਼ਹਿਦ ਦੀ ਮੱਖੀ ਵਾਂਗ ਤੇਜ਼ ਤਰਾਰ ਤੇ ਤਿਤਲੀ ਦੀ ਤਰ੍ਹਾਂ ਉੱਡੀ ਫਿਰਦੀ ਸੀ। ਉਹ ਇੱਕ ਜਰਨੈਲ ਵਾਂਗ ਭੰਡਾਰੀ ਗੈਸਟ ਹਾਊਸ ਚਲਾਉਂਦੀ ਸੀ। ਉਸ ਦੇ ਦਸਤੇ ਵਿਚ ਮਾਲੀ, ਪਕਾਵੇ, ਚੌਕੀਦਾਰ, ਪਸ਼ੂ ਪਾਲਕ, ਤਰਖਾਣ, ਪਲੰਬਰ, ਦਰਜ਼ੀ ਆਦਿ ਹੋਇਆ ਕਰਦੇ ਸਨ ਤੇ ਬਿਨਾਂ ਸ਼ੱਕ ਉਸ ਦੀ ਬੇਟੀ ਰਤਨ। ਉਨ੍ਹਾਂ ਦੇ ਗੈਸਟ ਹਾਊਸ ਵਿਚ ਅਕਸਰ ਵਿਦੇਸ਼ੀ ਮਹਿਮਾਨ ਆਉਂਦੇ ਸਨ ਜਿਨ੍ਹਾਂ ਵਿਚ ਅਮਰੀਕਾ ਤੇ ਯੂਰਪੀ ਦੇਸ਼ਾਂ ਦੇ ਰਾਜਦੂਤ, ਬਰਤਾਨੀਆ ਤੇ ਰਾਸ਼ਟਰਮੰਡਲ ਦੇਸ਼ਾਂ ਦੇ ਹਾਈ ਕਮਿਸ਼ਨਰ ਤੇ ਪਾਕਿਸਤਾਨ ਤੋਂ ਆਉਣ ਵਾਲੇ ਬਹੁਤ ਸਾਰੇ ਲੋਕ ਸ਼ਾਮਲ ਹੁੰਦੇ ਸਨ। ਸੈਲਾਨੀਆਂ ਜਿਨ੍ਹਾਂ 'ਚੋਂ ਬਹੁਤੇ ਜਰਮਨ ਹੁੰਦੇ ਸਨ, ਦੀਆਂ ਭਰੀਆਂ ਬੱਸਾਂ ਆ ਕੇ ਉੱਥੇ ਰੁਕਦੀਆਂ ਸਨ ਤੇ ਸੈਲਾਨੀ ਭਾਰਤੀ ਖਾਣਿਆਂ ਦਾ ਸੁਆਦ ਮਾਣਦੇ ਸਨ ਤੇ ਨਾਲ ਹੀ ਉਨ੍ਹਾਂ ਨੂੰ ਇੱਕ ਯੂਰਪੀ ਪਕਵਾਨ ਪਰੋਸਿਆ ਜਾਂਦਾ ਸੀ। ਰਤਨ ਕਾਲਜ ਵਿਚ ਮੇਰੀ ਪਤਨੀ ਦੀ ਸਹਿਪਾਠਣ ਰਹੀ ਸੀ ਜਿਸ ਕਰਕੇ ਅਸੀਂ ਭੰਡਾਰੀ ਗੈਸਟ ਹਾਊਸ ਵਿਚ ਅਕਸਰ ਜਾਂਦੇ ਸਾਂ। ਮੈਂ ਉਸ ਨੂੰ ਸੈਲਾਨੀਆਂ ਨਾਲ ਅੰਗਰੇਜ਼ੀ ਵਿਚ ਗੱਲਬਾਤ ਕਰਦਿਆਂ ਤੇ ਇਸ ਦੌਰਾਨ ਪੰਜਾਬੀ ਦੇ ਕੁਝ ਸੁਆਦਲੇ ਫਿਕਰੇ ਉਚਾਰਦਿਆਂ ਤੱਕ ਕੇ ਦੰਗ ਰਹਿ ਜਾਂਦਾ ਸੀ। ਘੜੀ ਦੀਆਂ ਸੂਈਆਂ ਵਾਂਗ ਇਹ ਜਗ੍ਹਾ ਹਰ ਸਮੇਂ ਧੜਕਦੀ ਰਹਿੰਦੀ ਸੀ, ਕਦੇ ਰੁਕਾਵਟ ਨਹੀਂ ਪੈਂਦੀ ਸੀ। ਉਸ ਨੇ ਰਾਤ ਦੇ ਖਾਣੇ ਤੋਂ ਬਾਅਦ ਸੈਲਾਨੀਆਂ ਲਈ ਸ੍ਰੀ ਹਰਿਮੰਦਰ ਸਾਹਿਬ ਤੱਕ ਤਾਂਗੇ ਦੀ ਸਵਾਰੀ ਦਾ ਖ਼ਾਸ ਪ੍ਰਬੰਧ ਕੀਤਾ ਹੋਇਆ ਸੀ।

ਉਸ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸ ਕੋਲ ਜਾਣਕਾਰੀ ਦਾ ਅਥਾਹ ਭੰਡਾਰ ਸੀ। ਉਹ ਅੰਮ੍ਰਿਤਸਰ ਦੇ ਇਤਿਹਾਸ ਤੇ ਸਮਕਾਲ ਦਾ ਚਲਦਾ ਫਿਰਦਾ ਐਨਸਾਈਕਲੋਪੀਡੀਆ ਸੀ। ਉਹ ਸਿਆਸੀ ਤੇ ਸਮਾਜਿਕ ਘਟਨਾਵਾਂ 'ਤੇ ਗਹਿਰੀ ਨਜ਼ਰ ਰੱਖਦੀ ਸੀ ਪਰ ਫਿਰ ਵੀ ਆਪਣੀ ਪੈਂਟਰੀ ਤੋਂ ਬਾਹਰ ਘੱਟ ਹੀ ਕਦਮ ਰੱਖਦੀ ਸੀ। ਸਿਆਸੀ ਸਕੈਂਡਲਾਂ ਤੋਂ ਲੈ ਕੇ ਸਰਹੱਦ ਪਾਰ ਦੀਆਂ ਘਟਨਾਵਾਂ ਤੱਕ ਸਭ ਕੁਝ ਉਸ ਦੇ ਪੋਟਿਆਂ 'ਤੇ ਹੁੰਦਾ ਸੀ। ਹਾਲਾਂਕਿ ਮੈਂ ਉਸ ਤੋਂ ਕਦੇ ਕੋਈ ਜਾਣਕਾਰੀ ਹਾਸਲ ਨਹੀਂ ਕੀਤੀ ਸੀ ਪਰ ਉਹ ਜਾਣਕਾਰੀ ਦਾ ਚਸ਼ਮਾ ਸੀ। ਬੱਚੇ ਛੋਟੇ ਸਨ ਤੇ ਉਹ ਉਸ ਦੇ ਪਕਵਾਨਾਂ ਤੇ ਤਲਾਅ ਦਾ ਖ਼ੂਬ ਮਜ਼ਾ ਲੈਂਦੇ ਰਹਿੰਦੇ ਸਨ। ਨੰਬਰ 10 ਵਿਚ ਟੈਮੀ ਤੇ ਰਤਨ ਨਾਲ ਸਾਡਾ ਚੰਗਾ ਸਮਾਂ ਬੀਤ ਰਿਹਾ ਸੀ। ਫਿਰ ਟੈਮੀ ਹਮੇਸ਼ਾ ਲਈ ਰੁਖ਼ਸਤ ਹੋ ਗਈ। ਹਾਲਾਂਕਿ ਰਤਨ ਉੱਥੇ ਹੀ ਰਹੀ ਤੇ ਅਸੀਂ ਕਦੇ ਕਦਾਈਂ ਜਾਂਦੇ ਰਹਿੰਦੇ ਸਾਂ ਪਰ ਇਉਂ ਲੱਗਦਾ ਸੀ ਜਿਵੇਂ ਨੰਬਰ 10 ਦੀ ਰੂਹ ਵੀ ਚਲੀ ਗਈ ਹੋਵੇ ਤੇ ਉਸ ਦੀ ਪ੍ਰਤੱਖ ਊਰਜਾ ਤੇ ਚਿਣਗ ਬੁਝ ਗਈ ਹੋਵੇ।

ਅੰਮ੍ਰਿਤਸਰ ਦੇ ਲੋਕਾਂ ਦੀ ਮਹਿਮਾਨ-ਨਿਵਾਜ਼ੀ ਦਾ ਮੈਂ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ। ਉਨ੍ਹਾਂ ਦੀ ਇੱਕ ਸਿਫ਼ਤ ਹੈ ਕਿ ਸ਼ਾਇਦ ਹੀ ਕਦੇ ਉਨ੍ਹਾਂ ਸਾਨੂੰ ਕੋਈ ਸਿਫ਼ਾਰਸ਼ ਕੀਤੀ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਦੇ ਪ੍ਰਮੁੱਖ ਸਿਆਸਤਦਾਨਾਂ ਦੀ ਵੀ ਇਹੋ ਖਾਸੀਅਤ ਹੈ। ਉਦੋਂ ਭਾਜਪਾ ਦੇ ਡਾ. ਬਲਦੇਵ ਪ੍ਰਕਾਸ਼ ਤੇ ਲਕਸ਼ਮੀ ਕਾਂਤਾ ਚਾਵਲਾ, ਸੀਪੀਆਈ ਦੇ ਸਤਪਾਲ ਤੇ ਵਿਮਲਾ ਡਾਂਗ, ਕਾਂਗਰਸ ਦੇ ਆਰ.ਐੱਲ. ਭਾਟੀਆ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸਨ। ਇਨ੍ਹਾਂ ਪ੍ਰਮੁੱਖ ਹਸਤੀਆਂ ਨੇ ਸ਼ਾਇਦ ਹੀ ਕਦੇ ਆਪਣੇ ਨਿੱਜੀ ਜਾਂ ਸਿਆਸੀ ਵਗਾਰ ਪਾਈ ਹੋਵੇ। ਉਨ੍ਹਾਂ ਦੀ ਇੰਨੀ ਕੁ ਇੱਛਾ ਹੁੰਦੀ ਸੀ ਕਿ ਉਨ੍ਹਾਂ ਦੀ ਗੱਲ ਸੁਣ ਲਈ ਜਾਵੇ ਤੇ ਉਨ੍ਹਾਂ ਨਾਲ ਸਤਿਕਾਰ ਸਹਿਤ ਪੇਸ਼ ਆਇਆ ਜਾਵੇ। ਖਾੜਕੂਵਾਦ ਦੇ ਉਭਾਰ ਅਤੇ ਅਮਨ ਕਾਨੂੰਨ ਦੀ ਸਮੱਸਿਆ ਕਰਕੇ ਡੀਸੀ ਵੱਲੋਂ ਅਕਸਰ ਸ਼ਾਂਤੀ ਕਮੇਟੀ ਦੀਆਂ ਮੀਟਿੰਗਾਂ ਬੁਲਾਈਆਂ ਜਾਂਦੀਆਂ ਸਨ। ਉਂਝ ਇਹ ਭਲੇ ਸੱਜਣ ਇੰਨੇ ਜ਼ਿਆਦਾ ਚੌਕਸ ਸਨ ਕਿ ਕਦੇ ਕਦਾਈਂ ਫੋਨ ਕਰ ਕੇ ਮੀਟਿੰਗ ਬੁਲਾਉਣ ਲਈ ਆਖ ਦਿੰਦੇ ਸਨ। ਇਸ ਸਬੰਧੀ 'ਦਿ ਟ੍ਰਿਬਿਊਨ' ਦੇ ਜੀ.ਆਰ. ਸੇਠੀ ਦਾ ਜ਼ਿਕਰ ਕਰਨਾ ਬਣਦਾ ਹੈ। ਉਹ ਅੰਮ੍ਰਿਤਸਰ ਵਿਚ 'ਟ੍ਰਿਬਿਊਨ' ਦੇ ਸਪੈਸ਼ਲ ਕੌਰਸਪੌਂਡੈਂਟ ਸਨ। ਉਹ ਇਮਾਨਦਾਰ ਵਿਅਕਤੀ ਸਨ ਤੇ ਹਰ ਥਾਈਂ ਉਨ੍ਹਾਂ ਦੇ ਸੰਪਰਕ ਸਨ। ਅਸੀਂ ਕਈ ਵਾਰ ਉਨ੍ਹਾਂ ਦੀ ਮਦਦ ਲਈ ਤੇ ਉਨ੍ਹਾਂ ਕਦੇ ਵੀ ਸਾਨੂੰ ਪਿੱਠ ਨਹੀਂ ਦਿਖਾਈ। ਉਹ ਕਲਾਕਾਰਾਂ ਦੇ ਚਹੇਤੇ ਸਨ ਤੇ ਇੱਕ ਵਾਰ ਮੈਨੂੰ ਉਨ੍ਹਾਂ ਦੇ ਘਰ ਉਰਦੂ ਦੇ ਮਸ਼ਹੂਰ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਂਝ, ਸੇਠੀ ਹੋਰਾਂ ਜਦੋਂ ਬਤੌਰ ਇੱਕ ਪੁਲਿਸ ਅਫ਼ਸਰ ਮੇਰਾ ਤੁਆਰਫ਼ ਕਰਵਾਇਆ ਤਾਂ ਫ਼ੈਜ਼ ਸਾਹਿਬ ਬਹੁਤਾ ਖ਼ੁਸ਼ ਨਾ ਹੋਏ।

ਯਾਦਾਂ ਬਹੁਤ ਹਨ, ਪਰ ਮੈਂ ਸਿਰਫ਼ ਇੱਕ ਘਟਨਾ ਦਾ ਹੀ ਜ਼ਿਕਰ ਕਰਨਾ ਚਾਹੁੰਦਾ ਹਾਂ। ਸ਼ਹਿਜ਼ਾਦਾ ਚਾਰਲਸ (ਜੋ ਹੁਣ ਸਮਰਾਟ ਚਾਰਲਸ ਤੀਜੇ ਬਣ ਗਏ ਹਨ) ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਅੰਮ੍ਰਿਤਸਰ ਆਉਣਾ ਸੀ। ਉਨ੍ਹਾਂ ਦਿਨਾਂ ਵਿਚ ਪੁਲਿਸ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਦਾਖ਼ਲ ਨਹੀਂ ਹੁੰਦੀ ਸੀ ਤੇ ਉੱਥੇ ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਸੀ। ਅਸੀਂ ਬਾਹਰ ਸੂਚਨਾ ਦਫ਼ਤਰ ਵਿਚ ਬੈਠੇ ਸਾਂ। ਸ਼ਹਿਜ਼ਾਦਾ ਚਾਰਲਸ ਦਰਬਾਰ ਸਾਹਿਬ ਵਿਖੇ ਕਾਫ਼ੀ ਸਮਾਂ ਕੀਰਤਨ ਸੁਣਦੇ ਰਹੇ। ਜਦੋਂ ਉਹ ਬਾਹਰ ਆਏ ਤਾਂ ਆਲੇ-ਦੁਆਲੇ ਸ਼ਰਧਾਲੂਆਂ ਦਾ ਇਕੱਠ ਹੋ ਗਿਆ ਪਰ ਕੋਈ ਸਮੱਸਿਆ ਵਾਲੀ ਗੱਲ ਨਹੀਂ ਹੋਈ। ਬਹਰਹਾਲ, ਡੀ.ਜੀ.ਪੀ. ਜੋ ਅੰਮ੍ਰਿਤਸਰ ਆਏ ਹੋਏ ਸਨ, ਨੇ ਮੈਨੂੰ ਫੋਨ ਕਰ ਕੇ ਨਾਖ਼ੁਸ਼ੀ ਜਤਾਈ ਕਿ ਸ਼ਹਿਜ਼ਾਦਾ ਚਾਰਲਸ ਦੁਆਲੇ ਲੋਕ ਇਕੱਠ ਕਿਵੇਂ ਹੋ ਗਏ ਸਨ। ਮੈਂ ਚੁੱਪ ਰਿਹਾ ਕਿਉਂਕਿ ਪੁਲਿਸ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਸੀ ਜਿਸ ਕਰਕੇ ਅਸੀਂ ਕੁਝ ਨਹੀਂ ਕਰ ਸਕਦੇ ਸਾਂ। ਰਾਤੀਂ ਕਰੀਬ 11 ਵਜੇ ਮੈਨੂੰ ਜਥੇਦਾਰ ਟੌਹੜਾ ਦਾ ਫੋਨ ਆਇਆ। ਮੈਂ ਸੋਚ ਰਿਹਾ ਸੀ ਕਿ ਉਹ ਡੀ.ਜੀ.ਪੀ. ਵਾਲੀ ਗੱਲ ਕਰਨਗੇ ਪਰ ਉਨ੍ਹਾਂ ਮੈਨੂੰ ਵਧਾਈ ਦਿੱਤੀ ਕਿ ਸ਼ਹਿਜ਼ਾਦਾ ਚਾਰਲਸ ਦੀ ਫੇਰੀ ਬਹੁਤ ਹੀ ਵਧੀਆ ਰਹੀ। ਮੈਂ ਉਨ੍ਹਾਂ ਨੂੰ ਡੀ.ਜੀ.ਪੀ. ਦੀ ਨਾਖੁਸ਼ੀ ਦੀ ਗੱਲ ਦੱਸੀ ਤਾਂ ਉਨ੍ਹਾਂ ਹੱਸਦਿਆਂ ਕਿਹਾ ਕਿ 'ਮੁੰਡਾ ਬਹੁਤ ਖ਼ੁਸ਼ ਹੋ ਕੇ ਗਿਆ।' ਉਨ੍ਹਾਂ ਮੈਨੂੰ ਇਹ ਮਸ਼ਵਰਾ ਵੀ ਦਿੱਤਾ ਕਿ ਅਗਲੀ ਵਾਰ ਜਦੋਂ ਡੀ.ਜੀ.ਪੀ. ਅੰਮ੍ਰਿਤਸਰ ਆਵੇ ਤਾਂ ਉਨ੍ਹਾਂ ਨੂੰ ਅਜਾਇਬਘਰ ਵਿਚ ਪੰਡਿਤ ਨਹਿਰੂ ਦੀ ਉਹ ਤਸਵੀਰ ਜ਼ਰੂਰ ਦਿਖਾਉਣ ਜਿਸ ਵਿਚ ਉਹ ਨਿਸ਼ਾਨ ਸ਼ਾਹਿਬ 'ਤੇ ਚੜ੍ਹੇ ਹੋਏ ਨਜ਼ਰ ਆ ਰਹੇ ਹਨ। ਜਥੇਦਾਰ ਟੌਹੜਾ ਨੇ ਇਹ ਵੀ ਦੱਸਿਆ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਆਪਣਾ ਭਰਵਾਂ ਸਵਾਗਤ ਦੇਖ ਕੇ ਇੰਨੇ ਗਦ-ਗਦ ਹੋ ਗਏ ਸਨ ਕਿ ਆਪਣੀ ਜਿਸਮਾਨੀ ਫ਼ਰਤੀ ਦਿਖਾਉਣ ਲਈ ਉਹ ਝੰਡੇ ਨਾਲ ਝੂਲ ਗਏ ਸਨ। ਹਾਲਾਂਕਿ ਅਸੀਂ ਹੌਲੀ-ਹੌਲੀ ਇੱਕ ਖੌਫ਼ਨਾਕ ਤੂਫ਼ਾਨ ਵੱਲ ਵਧ ਰਹੇ ਸਾਂ ਪਰ ਤਦ ਵੀ ਅੰਮ੍ਰਿਤਸਰ ਅਤੇ ਇੱਥੋਂ ਦੇ ਲੋਕ ਆਪਣਾ ਖ਼ਾਸਾ ਨਹੀਂ ਭੁੱਲੇ ਸਨ।






*ਅੰਮ੍ਰਿਤਸਰ ਦਾ ਮਸ਼ਹੂਰ ਕੇਸਰ ਦਾ ਢਾਬਾ ਅਤੇ (ਸੱਜੇ) ਹਾਲ ਬਾਜ਼ਾਰ।*

# ਸੰਤਾਲ਼ੀ ਦੀ ਕਾਲ਼ੀ ਲਕੀਰ ਤੋਂ ਨਾਬਰ ਪੰਜਾਬਣ ਅਫ਼ਜ਼ਲ ਤੌਸੀਫ਼

## ਕਲਮਾਂ ਵਾਲੀਆਂ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਪਹਿਲੇ ਪੂਰ ਵਿਚ ਲਹਿੰਦੇ ਪੰਜਾਬ ਦੀ ਕਹਾਣੀਕਾਰ ਅਫ਼ਜ਼ਲ ਤੌਸੀਫ਼ ਬਾਰੇ ਗੱਲਾਂ ਹਨ।***

ਅਫ਼ਜ਼ਲ ਤੌਸੀਫ਼ ਦਾ ਜ਼ਿਕਰ ਇਧਰਲੇ, ਚੜ੍ਹਦੇ ਪੰਜਾਬ ਵਿਚ ਆਮ ਕਰ ਕੇ "ਲਹਿੰਦੇ ਪੰਜਾਬ ਦੀ ਪ੍ਰਸਿੱਧ ਲੇਖਿਕਾ" ਵਜੋਂ ਕੀਤਾ ਜਾਂਦਾ ਹੈ। ਇਹ ਕਹਿਣਾ ਇਸ ਪੱਖੋਂ ਤਾਂ ਠੀਕ ਹੈ ਕਿ ਆਜ਼ਾਦੀ ਆਉਣ ਦੇ ਨਾਲ ਹੀ ਪੰਜਾਬ ਦੀ ਹਿੱਕ ਨੂੰ ਚੀਰਦੀ ਹੋਈ ਜਿਹੜੀ ਕਾਲੀ ਲਕੀਰ ਸਰਹੱਦ ਦੇ ਰੂਪ ਵਿਚ ਲੱਖਾਂ ਲੋਕਾਂ ਦੀ ਮੌਤ ਤੇ ਕਰੋੜਾਂ ਲੋਕਾਂ ਦਾ ਉਜਾੜਾ ਬਣ ਕੇ ਲੰਘੀ, ਤੌਸੀਫ਼ ਉਸ ਲਕੀਰ ਦੇ ਦੂਜੇ, ਲਹਿੰਦੇ ਵਾਲੇ ਪਾਸੇ ਰਹਿੰਦੀ ਸੀ। ਪਰ ਇਹ ਲਫ਼ਜ਼ ਉਹਦੇ ਮਿਜਾਜ਼ ਦੀ, ਉਹਦੇ ਸੁਭਾਅ ਦੀ, ਉਹਦੇ ਮਨ ਦੀ ਤਰਜਮਾਨੀ ਨਹੀਂ ਕਰਦੇ। ਉਹ ਸਾਰੀ ਉਮਰ ਕਈ ਘਰਾਂ ਵਿਚ ਰਹਿੰਦਿਆਂ ਬੇਘਰੀ, ਕਈ ਨਗਰਾਂ ਵਿਚ ਟਿਕਦਿਆਂ ਬੇਨਗਰੀ ਅਤੇ ਪਾਕਿਸਤਾਨ ਨਾਂ ਦੇ ਉਹਦੀ ਝੋਲੀ ਪਾਏ ਗਏ ਨਵੇਂ ਵਤਨ ਦੇ ਹੁੰਦਿਆਂ ਬੇਵਤਨੀ ਹੀ ਰਹੀ। ਇਸੇ ਕਰਕੇ ਉਹਨੇ ਆਪਣੀ ਸਵੈਜੀਵਨੀ ਦਾ ਨਾਂ 'ਮਨ ਦੀਆਂ ਬਸਤੀਆਂ' ਰੱਖਿਆ। ਉਹ ਕਿਹਾ ਕਰਦੀ ਸੀ, "ਮੈਂ ਤਾਂ ਆਪਣੇ ਮਨ ਵਿਚ ਵਸਦੀ ਹਾਂ, ਮੈਨੂੰ ਸਕੂਨ ਆਪਣੇ ਮਨ ਦੀ



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਕੋਠੜੀ ਵਿਚ ਪਹੁੰਚ ਕੇ ਹੀ ਮਿਲਦਾ ਹੈ। ਇਸ ਧਰਤੀ ਉੱਤੇ ਮੇਰੀ ਕੋਈ ਬਸਤੀ ਨਹੀਂ। ਮੇਰੀਆਂ ਬਸਤੀਆਂ ਮੇਰੇ ਮਨ ਵਿਚ ਹਨ ਜੋ ਮੁੜ-ਮੁੜ ਉੱਜੜਦੀਆਂ ਤੇ ਮੁੜ-ਮੁੜ ਵਸਦੀਆਂ ਰਹੀਆਂ ਹਨ! ਇਹ ਦੇਸ, ਇਹ ਨਗਰ-ਸ਼ਹਿਰ, ਇਹ ਘਰ, ਇਨ੍ਹਾਂ ਸਭਨਾਂ ਦੀ ਤਾਂ ਮੈਂ ਕਿਰਾਏਦਾਰ ਹਾਂ!"

ਇਧਰ ਉਹਦਾ ਸਾਰਾ ਪਰਿਵਾਰ ਕਤਲ ਹੋਇਆ ਹੋਣ ਦੇ ਬਾਵਜੂਦ ਉਹਨੇ ਚੜ੍ਹਦੇ ਪੰਜਾਬ ਦੇ ਲੋਕਾਂ ਨਾਲ ਰੱਤੀ ਭਰ ਵੀ ਦੁਸ਼ਮਣੀ ਜਾਂ ਨਫ਼ਰਤ ਮਹਿਸੂਸ ਨਹੀਂ ਸੀ ਕੀਤੀ। ਉਹ ਕਾਤਲਾਂ ਨੂੰ ਆਮ ਲੋਕਾਂ ਨਾਲੋਂ ਨਿਖੇੜ ਕੇ ਦੇਖਣ ਦੇ ਸਮਰੱਥ ਸੀ। ਉਹ ਫ਼ੈਜ਼, ਮੰਟੋ, ਕ੍ਰਿਸ਼ਨ ਚੰਦਰ ਅਤੇ ਸਾਹਨੀ ਭਰਾਵਾਂ ਬਲਰਾਜ ਤੇ ਭੀਸ਼ਮ ਵਰਗੇ ਉਨ੍ਹਾਂ ਅਨਗਿਣਤ ਪੰਜਾਬੀਆਂ ਵਿਚੋਂ ਸੀ ਜਿਹੜੇ ਮਰਨੀ ਮਰ ਗਏ ਪਰ ਜਿਨ੍ਹਾਂ ਨੇ ਇਹ ਕਾਲੀ ਮਨਹੂਸ ਲਕੀਰ ਕਦੀ ਪਰਵਾਨ ਨਾ ਕੀਤੀ। ਉਹ ਲਕੀਰ ਨੂੰ ਦੋਵਾਂ ਪੈਰਾਂ ਹੇਠ ਮਿੱਧ ਕੇ ਸਾਂਝੇ ਅਣਵੰਡੇ ਪੰਜਾਬ ਦੇ ਵਿਚਕਾਰ ਖਲੋਤੀ ਬੁਲੰਦ-ਕੱਦ ਨਾਬਰ ਪੰਜਾਬਣ ਸੀ। ਸੰਤਾਲੀ ਦੇ ਘੱਲੂਘਾਰੇ ਮਗਰੋਂ ਜੀਵੇ ਸਤਾਹਠ ਸਾਲਾਂ ਵਿਚ ਉਹ ਸਮੁੱਚੇ, ਅਣਵੰਡੇ ਪੰਜਾਬ ਦੀ ਵਸਨੀਕ ਹੀ ਬਣੀ ਰਹੀ।

ਉਸ ਵਿਚੋਂ ਟਕਸਾਲੀ ਪੰਜਾਬਣ, ਹਮਦਰਦ, ਮੋਹਵੰਤੀ ਤੇ ਜੁਝਾਰ ਪੰਜਾਬਣ ਦੇ ਦਰਸ਼ਨ ਹੁੰਦੇ ਸਨ। ਇਕ ਵਾਰ ਮੈਂ ਉਹਨੂੰ ਲੰਮੀ ਮੁਲਾਕਾਤ ਲਈ ਮਿਲਿਆ ਤਾਂ ਉਹਦੀਆਂ ਗੱਲਾਂ ਵਿਚੋਂ, ਉਹਦੇ ਜਵਾਬਾਂ ਵਿਚੋਂ ਅਜਿਹਾ ਕੋਈ ਝਾਉਲਾ ਵੀ ਨਹੀਂ ਸੀ ਪਿਆ ਕਿ ਇਹ ਕਿਸੇ ਦੂਜੇ ਦੇਸੋਂ ਆਈ ਹੋਈ ਲੇਖਿਕਾ ਹੈ। ਉਹ ਇਧਰਲੇ ਪੰਜਾਬ ਦੀਆਂ ਗੱਲਾਂ, ਆਪਣੇ ਪਿੰਡ, ਜ਼ਿਲਾ ਹੁਸ਼ਿਆਰਪੁਰ ਦੇ ਸਿੰਬਲੀ ਅਤੇ ਆਪਣੇ ਨਾਨਕੇ, ਜ਼ਿਲਾ ਲੁਧਿਆਣਾ ਦੇ ਪਿੰਡ ਕੂਮ ਖ਼ੁਰਦ ਦੀਆਂ ਗੱਲਾਂ, ਇਧਰ ਸਭ ਕੁਝ ਲੁਟਾਇਆ ਹੋਣ ਦੇ ਬਾਵਜੂਦ, ਆਪਣਿਆਂ ਵਾਂਗ ਕਰ ਰਹੀ ਸੀ।

ਦੇਸ-ਵੰਡ ਦੇ ਝੱਖੜ ਨੇ ਦਸ-ਗਿਆਰਾਂ ਸਾਲ ਦੀ ਬਾਲੜੀ ਉਮਰੇ ਲਹਿੰਦੇ ਪੰਜਾਬ ਦੀ ਓਪਰੀ ਧਰਤੀ ਉੱਤੇ ਸੁੱਟ ਕੇ ਉਹਨੂੰ ਬਹੁਤ ਸਮਝਾਇਆ ਕਿ ਇਹ ਤੇਰਾ ਆਪਣਾ ਨਵਾਂ-ਨਕੋਰ ਦੇਸ ਹੈ, ਪਾਕਿਸਤਾਨ ਜਿਸ ਦਾ ਨਾਂ ਹੈ। ਪਰ ਨਵਾਂ ਖਿਡੌਣਾ ਲੈਣ ਤੋਂ ਨਾਂਹ ਕਰ ਕੇ ਸਿਰ ਮਾਰਦਿਆਂ ਹੱਥੋਂ ਖੋਹ ਵਗਾਹਿਆ ਪੁਰਾਣਾ ਖਿਡੌਣਾ ਹੀ ਲੈਣ ਦੀ ਜ਼ਿੱਦ ਵਿਚ ਅੱਡੀਆਂ ਰਗੜਦੀ ਬਾਲੜੀ ਵਾਂਗ ਅਫ਼ਜ਼ਲ ਤੌਸੀਫ਼ ਉਹਨੂੰ ਦਿੱਤੇ ਗਏ ਪਸ਼ੌਰ-ਲਾਹੌਰ ਲੈਣ ਤੋਂ ਸਾਰੀ ਉਮਰ ਇਨਕਾਰੀ ਰਹੀ। ਉਹ ਬਾਲੜੀ ਉਮਰ ਤੋਂ ਅੰਤਲੇ ਸਾਹ ਤੱਕ ਆਪਣੇ ਇਕੋ ਬਾਲ-ਹਠ ਉੱਤੇ ਅੜੀ ਰਹੀ, "ਮੈਨੂੰ ਮੇਰੀ ਸਿੰਬਲੀ ਦਿਉ... ਮੈਨੂੰ ਮੇਰਾ ਕੂਮ ਦਿਉ! ਲਹਿੰਦਾ-ਚੜ੍ਹਦਾ ਕੋਈ ਨਹੀਂ, ਪੰਜਾਬ ਇਕੋ ਹੈ, ਸਾਲਮ-ਸਾਬਤ, ਤੇ ਉਹ ਪੂਰੇ ਦਾ ਪੂਰਾ ਮੇਰਾ ਹੈ!"

ਮੈਂ ਉਹਦੀ ਇਸ ਸੋਚ ਬਾਰੇ ਪੁੱਛਿਆ ਤਾਂ ਉਹਦਾ ਕਹਿਣਾ ਸੀ, "ਇਧਰਲਾ ਪਾਸਾ ਮੇਰੇ ਲਈ ਦੂਜਾ ਪਾਸਾ ਕਿਵੇਂ ਹੋਵੇ, ਓਪਰਾ ਪਾਸਾ ਕਿਵੇਂ ਹੋਵੇ, ਜੋ ਅੰਮ੍ਰਿਤਾ ਦਾ ਵਸੇਬਾ ਹੈ, ਭੁੱਲਰ ਭਰਾ ਤੁਹਾਡਾ ਵਸੇਬਾ ਹੈ, ਕ੍ਰਿਸ਼ਨ ਤੇ ਬੇਦੀ ਤੇ ਹੋਰ ਅਜਿਹੇ ਲੋਕਾਂ ਦਾ ਵਸੇਬਾ ਹੈ, ਜਿਹੜੇ ਤੁਸੀਂ ਸਾਰੇ ਮੇਰੇ ਹੰਝੂਆਂ ਨੂੰ ਵਗਣ ਲਈ ਆਪਣੀਆਂ ਅੱਖਾਂ ਦਿੰਦੇ ਹੋ, ਜੋ ਮਨ ਦੇ ਸੱਥਰ ਉੱਤੇ ਮੇਰੇ ਨਾਲ਼ ਬੈਠ ਕੇ ਮੇਰੇ ਕਤਲ ਹੋਏ ਟੱਬਰ ਦੇ ਵੈਣ ਪਾਉਂਦੇ ਹੋ, ਜੋ ਮੇਰੇ ਟੱਬਰ ਦੇ ਕਾਤਲਾਂ ਨੂੰ ਮੈਥੋਂ ਵੱਧ ਨਫ਼ਰਤ ਕਰਦੇ ਹੋ, ਮੈਥੋਂ ਵੱਧ ਲਾਅਨਤਾਂ ਪਾਉਂਦੇ ਹੋ। ਉਹ ਸਭ, ਚਾਹੇ ਇਧਰ ਹੋਣ ਜਾਂ ਉਧਰ, ਚੜ੍ਹਦੇ ਪੰਜਾਬ ਵਾਲ਼ੇ ਕਹੇ ਜਾਣ ਜਾਂ ਲਹਿੰਦੇ ਪੰਜਾਬ ਵਾਲ਼ੇ, ਸਭ ਮੇਰੇ ਆਪਣੇ ਹਨ ਜੋ ਮੇਰੇ ਨਾਲ਼ ਰਲ਼ ਕੇ ਇਸ ਕਾਲ਼ੀ ਲਕੀਰ ਦਾ ਪਿੱਟ-ਸਿਆਪਾ ਕਰਦੇ ਹਨ! ਜਿਥੋਂ ਤੱਕ ਕਾਤਲਾਂ ਦਾ ਤਾਅਲੁਕ ਹੈ, ਉਹ ਬੇਦੋਸੇ ਮੁਸਲਮਾਨਾਂ ਨੂੰ ਮਾਰਨ-ਲੁੱਟਣ ਵਾਲ਼ੇ ਇਧਰਲੇ ਹੋਣ ਜਾਂ ਬੇਦੋਸੇ ਸਿੱਖਾਂ-ਹਿੰਦੂਆਂ ਨੂੰ ਮਾਰਨ-ਲੁੱਟਣ ਵਾਲ਼ੇ ਉਧਰਲੇ ਹੋਣ, ਉਹ ਸਭ ਮੇਰੇ ਅਸਲੀ ਮੁਜਰਿਮ ਹਨ। ਉਹ ਮੇਰੇ ਲਈ ਪੰਜਾਬੀ ਨਹੀਂ, ਪੰਜਾਬ ਦੇ ਨਾਂ ਉੱਤੇ ਕਲੰਕ ਹਨ। ਆਪਣੇ ਹੀ ਪੰਜਾਬੀਆਂ ਨੂੰ ਕਤਲ ਕਰਨ ਵਾਲੇ, ਆਪਣੀਆਂ ਧੀਆਂ-ਭੈਣਾਂ ਦੀ ਇੱਜ਼ਤ ਦੇ ਲੁਟੇਰੇ, ਆਪਣੇ ਗੁਆਂਢੀਆਂ ਦੀਆਂ ਜਾਇਦਾਦਾਂ ਦੇ ਡਾਕੂ! ਕਾਲ਼ੀ ਲਕੀਰ ਸਿਆਸਤਦਾਨਾਂ ਦੀ ਵਾਹੀ ਹੋਈ ਹੈ। ਅਸੀਂ ਤਾਂ ਅਦਬ ਤੇ ਕਲਚਰ ਦੇ ਲੋਕ ਹਾਂ। ਸਾਡੇ ਲਈ ਅਜਿਹੀਆਂ ਲਕੀਰਾਂ ਦਾ ਕੋਈ ਮਤਲਬ ਨਹੀਂ ਹੁੰਦਾ। ਅਸੀਂ ਸਭ ਪੰਜਾਬੀ ਅਦੀਬ ਇਕੋ ਸਾਂਝੀ ਪੰਜਾਬੀਅਤ ਦੇ ਨੁਮਾਇੰਦੇ ਹਾਂ, ਰਖਵਾਲੇ ਹਾਂ, ਝੰਡਾਬਰਦਾਰ ਹਾਂ, ਸਾਡੇ ਲਈ ਕੇਹੀਆਂ ਲਕੀਰਾਂ!"

ਸਿੰਬਲੀ ਵਿਚ ਉਹਦਾ ਪਰਿਵਾਰ ਚੰਗਾ ਖਾਂਦਾ-ਪੀਂਦਾ, ਸਾਹਿਬ-ਏ-ਜਾਇਦਾਦ ਪਰਿਵਾਰ ਸੀ। ਤੀਹ ਘੁਮਾਂ ਭੋਇੰ ਸੀ। ਦਾਦਾ ਗ਼ੁਲਾਮ ਗੌਸ ਦੇ ਤਿੰਨ ਪੁੱਤਰ ਸਨ। ਅਫ਼ਜ਼ਲ ਤੌਸੀਫ਼ ਉਨ੍ਹਾਂ ਵਿਚੋਂ ਛੋਟੇ ਮਹਿੰਦੀ ਖਾਂ ਦੀ ਧੀ ਸੀ ਜੋ ਕੋਇਟੇ ਦਾ ਠਾਣੇਦਾਰ ਸੀ। ਕੁੜੀ ਜੰਮੀ ਨੂੰ "ਵਿਹੜੇ ਪੱਥਰ ਡਿੱਗਿਆ" ਸਮਝਣ ਵਾਲ਼ੇ ਉਸ ਜ਼ਮਾਨੇ ਵਿਚ, ਉਹਦੇ ਦੱਸਣ ਅਨੁਸਾਰ, ਦਾਈ ਝੰਡੋ ਨੇ 18 ਮਈ 1936 ਨੂੰ ਉਹਦੀ ਪੈਦਾਇਸ਼ ਦਾ ਐਲਾਨ "ਹਾਹ! ਹਾਇਆ ਨੀ! ਕੁੜੀ ਜੰਮ ਪਈ!" ਆਖ ਕੇ ਕੀਤਾ ਸੀ।

ਤਾਇਆਂ ਦੀਆਂ ਧੀਆਂ ਨਾਲ਼ ਪਹਿਲਾਂ ਹੀ ਭਰੇ ਹੋਏ ਦਾਦਕੇ ਵਿਹੜੇ ਵਿਚ ਪਲੇਠੀ ਧੀ ਨੂੰ ਕੁੱਛੜ ਚੁੱਕ ਕੇ ਪੈਰ ਪਾਉਣਾ ਮਾਂ ਵਾਸਤੇ ਭੈੜਾ ਸ਼ਗਨ ਸੀ। ਪਰ ਇਸ ਸੋਗੀ ਮਾਹੌਲ ਵਿਚ ਇਕ ਜ਼ਨਾਨੀ ਬੜੀ ਖ਼ੁਸ਼ ਸੀ, ਇਕਲਾਪੇ ਦੀ ਮਾਰੀ ਹੋਈ ਇਕ ਬੇਔਲਾਦ ਵਿਧਵਾ ਮਾਮੀ! ਉਹਨੇ ਇਹਦੇ ਜੰਮਣ ਦਾ ਗੁੜ ਵੰਡਿਆ ਤੇ ਤਰਲਾ ਪਾ ਕੇ ਇਹਦੇ ਮਾਪਿਆਂ ਕੋਲੋਂ ਕੁੜੀ ਪਾਲਣ ਦਾ ਹੱਕ, ਜਿਸ ਨੂੰ ਅਫ਼ਜ਼ਲ "ਪੋਤੜੇ ਧੋਣ ਦਾ ਹੱਕ" ਆਖਦੀ ਸੀ, ਮੰਗ ਲਿਆ। ਉਹ ਇਹਦੀ 'ਕਾਕੀ ਮਾਂ' ਬਣ ਗਈ। ਇਹ ਸੱਤਾਂ ਸਾਲਾਂ ਦੀ ਸੀ ਜਦੋਂ ਬਦਕਿਸਮਤੀ ਨੂੰ ਕਾਕੀ ਮਾਂ ਵੀ ਅੱਲ੍ਹਾ ਨੂੰ ਪਿਆਰੀ ਹੋ ਗਈ। ਹੁਣ ਇਹਨੂੰ ਲੈ ਕੇ ਜਾਣਾ ਦਾਦਕਿਆਂ ਦੀ ਮਜਬੂਰੀ ਬਣ ਗਈ।





ਕਟਾ-ਵੱਢੀ ਵੇਲ਼ੇ ਸਬੱਬੀਂ ਉਹ ਮਾਂ ਜ਼ੁਬੈਦਾ ਬੀਬੀ ਨਾਲ਼ ਨਾਨਕੀਂ ਕੂਮ ਖ਼ੁਰਦ ਮਿਲਣ ਗਈ ਹੋਈ ਸੀ ਜਦੋਂ ਉਹਦੇ ਦਾਦਕੇ ਘਰ ਸਿੰਬਲੀ ਮੌਤ ਦਾ ਕਹਿਰ ਟੁੱਟਿਆ। ਉਹ ਦੋਵੇਂ ਮਾਂ-ਧੀ ਬਚ ਕੇ ਕਾਫ਼ਲੇ ਨਾਲ ਲਾਹੌਰ ਜਾ ਪਹੁੰਚੀਆਂ। ਪਿਤਾ ਵਾਂਗ ਛੋਟਾ ਤਾਇਆ ਫ਼ਜ਼ਲ ਮੁਹੰਮਦ ਵੀ ਸਿੰਬਲੀ ਤੋਂ ਬਾਹਰ ਹੋਣ ਕਰਕੇ ਬਚ ਰਿਹਾ। ਵੱਡੇ ਪਰਿਵਾਰ ਵਿਚੋਂ ਬੱਸ ਇਹ ਚਾਰ ਜੀਅ ਸਨ ਜੋ ਬਚ ਕੇ ਪਾਕਿਸਤਾਨ ਦੀ ਓਪਰੀ ਧਰਤੀ ਉੱਤੇ ਪਹੁੰਚ ਸਕੇ। ਉਹਦੇ ਪਰਿਵਾਰ ਦੇ ਬਾਕੀ ਬਾਰਾਂ ਜੀਅ ਵੱਢ ਦਿੱਤੇ ਗਏ। ਤਾਏ ਦੀਆਂ ਦੋ ਧੀਆਂ ਅਗਵਾ ਕਰ ਲਈਆਂ ਗਈਆਂ। ਆਂਢ-ਗੁਆਂਢ ਦੀਆਂ ਕਈ ਕੁੜੀਆਂ ਖੂਹ ਵਿਚ ਛਾਲ਼ਾਂ ਮਾਰ ਗਈਆਂ। ਪਿੰਡ ਵਾਲ਼ਿਆਂ ਅਨੁਸਾਰ ਉਥੋਂ ਦੇ ਢਾਈ ਸੌ ਦੇ ਕਰੀਬ ਮੁਸਲਮਾਨ ਮਾਰ ਦਿੱਤੇ ਗਏ ਸਨ।


ਤਾਲੀਮ ਦੇ ਕੁੜੀਆਂ ਦੀ ਪਹੁੰਚ ਤੋਂ ਬਹੁਤ ਦੂਰ ਹੋਣ ਦੇ ਉਸ ਜ਼ਮਾਨੇ ਵਿਚ ਉਹਦੇ ਪ੍ਰੋਫ਼ੈਸਰ ਬਣਨ ਬਾਰੇ ਹੈਰਾਨੀ ਦੇ ਜਵਾਬ ਵਿਚ ਉਹ ਹੱਸੀ, "ਅਸੀਂ ਮਾਂ-ਧੀ ਦਾਦਕੀਂ ਪਹੁੰਚੀਆਂ ਤਾਂ ਦਾਦੇ ਦੀਆਂ ਹਦਾਇਤਾਂ ਵਿਚ ਇਹ ਤਾੜਨਾ ਵੀ ਸ਼ਾਮਲ ਸੀ, ਸੁਣ ਕੁੜੀਏ! ਤੂੰ ਸਾਡੀ ਕੁੜੀ ਨੂੰ ਕਿਤੇ ਪੜ੍ਹਨ ਵੱਲ ਨਾ ਪਾ ਦੇਈਂ!" ਆਪਣੇ ਪੁੱਤਰ ਉੱਤੇ ਤਾਂ ਉਹਨੂੰ ਪੂਰਾ ਪੱਕ ਸੀ ਕਿ ਉਹ ਆਪਣੀ ਧੀ ਨੂੰ ਇਸ ਭੈੜੇ ਕੰਮ ਵਿਚ ਨਹੀਂ ਪਾਏਗਾ। ਤਾਂ ਵੀ ਕੁਝ ਚਿਰ ਮਗਰੋਂ ਟੱਬਰ ਨੂੰ ਨੌਕਰੀ ਵਾਲ਼ੀ ਥਾਂ ਲਿਜਾ ਰਹੇ ਪੁੱਤਰ ਨੂੰ ਉਹਨੇ ਇਹ ਹਦਾਇਤ ਕਰ ਹੀ ਦਿੱਤੀ, "ਕਾਕਾ ਮਹਿੰਦੀ ਖਾਂ, ਵੇਖੀਂ ਸ਼ਹਿਰ ਜਾ ਕੇ ਸਾਡੀ ਕੁੜੀ ਨੂੰ ਕਿਤੇ ਸਕੂਲ-ਸਕਾਲ ਨਾ ਪਾ ਦੇਈਂ!" ਪਰ ਛੁਪਾ ਕੇ ਰੱਖੇ 'ਸੈਫ਼ਲ ਮਲੂਕ' ਤੇ 'ਸੋਹਣੀ ਮਹੀਂਵਾਲ' ਜਿਹੇ ਚਿੱਠੇ ਚੋਰੀਉਂ ਪੜ੍ਹਨ ਦੀ ਸ਼ੌਕੀਨ ਮਾਂ ਉਹਨੂੰ ਲੁਕ-ਛਿਪ ਕੇ ਅੱਖਰਾਂ ਦੀ ਸਿਆਣੂ ਤੇ ਗਿਣਤੀ-ਪਹਾੜਿਆਂ ਦੀ ਜਾਣੂ ਬਣਨ ਦੇ ਰਾਹ ਤੋਰ ਵੀ ਚੁੱਕੀ ਸੀ।

ਪਾਕਿਸਤਾਨ ਪਹੁੰਚ ਕੇ ਨਵੇਂ ਓਪਰੇ ਦੇਸ ਵਿਚ ਪੈਰ ਲਾਉਣ ਦੀ ਕੋਸ਼ਿਸ਼ ਕਰਦਿਆਂ ਤੇ ਬਦਲੇ ਹੋਏ ਹਾਲਾਤ ਵਿਚ ਕੁੜੀਆਂ ਵਾਸਤੇ ਤਾਲੀਮ ਦੀ ਲੋੜ ਨੂੰ ਪਛਾਣਦਿਆਂ ਅੱਬਾ ਨੇ ਉਹਨੂੰ ਸਕੂਲ ਭਰਤੀ ਕਰਵਾ ਦਿੱਤਾ। ਉਹਨੇ ਉਰਦੂ ਤੇ ਅੰਗਰੇਜ਼ੀ ਦੀਆਂ ਦੋ ਐਮ. ਏ. ਕੀਤੀਆਂ ਅਤੇ ਲੰਮਾ ਸਮਾਂ ਕਾਲਜ ਲੈਕਚਰਰ ਵਜੋਂ ਕੰਮ ਕੀਤਾ। ਉਹਨੇ ਹਜ਼ਾਰਾਂ ਕੁੜੀਆਂ ਨੂੰ ਪੁਸਤਕਾਂ ਦੇ ਪਾਠ ਤੋਂ ਇਲਾਵਾ ਲੋਕ-ਹਿਤ ਨੂੰ ਜੀਵਨ-ਜਾਚ ਬਣਾਉਣ ਦਾ ਪਾਠ ਵੀ ਦ੍ਰਿੜ੍ਹ ਕਰਵਾਇਆ।

ਅਫ਼ਜ਼ਲ ਤੌਸੀਫ਼ ਇਧਰ ਆਉਣ ਲੱਗੀ ਤਾਂ ਕੁਦਰਤੀ ਸੀ, ਉਹਦੇ ਮਨ ਵਿਚ ਆਉਂਦਾ ਕਿ ਆਪਣੀ ਜਨਮ-ਭੋਇੰ ਦੀ ਫੇਰੀ ਵੀ ਪਾਵੇ। ਪਰ ਹੌਸਲਾ ਨਹੀਂ ਸੀ ਪੈਂਦਾ। 1997 ਵਿਚ ਇਕ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾਕਟਰ ਸੋਚ ਨੇ ਉਹਦੇ ਜਾਣ ਦਾ ਪ੍ਰਬੰਧ ਵੀ ਕਰ ਦਿੱਤਾ ਤੇ ਸਾਥ ਲਈ ਉਨ੍ਹਾਂ ਦੀ ਪਤਨੀ ਵੀ ਜਾਣ ਲਈ ਤਿਆਰ ਹੋ ਗਈ। ਤੌਸੀਫ਼ ਸਾਰੀ ਰਾਤ ਪਾਸੇ ਪਰਤਦੀ ਰਹੀ। ਉੱਜੜੇ ਘਰ ਦੇ ਵਿਹੜੇ ਵਿਚ ਉਹਨੂੰ ਅਜੇ ਵੀ ਆਪਣਿਆਂ ਦੀਆਂ ਲਾਸ਼ਾਂ ਪਈਆਂ ਦਿੱਸਣੀਆਂ ਸਨ। ਕੀ ਕਰੇਗੀ ਅੱਧੀ ਸਦੀ ਤੋਂ ਉਹਦੀ ਕਲਪਨਾ ਵਿਚ ਪਈਆਂ ਉਨ੍ਹਾਂ ਲਾਸ਼ਾਂ ਨੂੰ ਦੇਖ ਕੇ! ਸਵੇਰੇ ਉਹਨੇ ਜਾਣ ਤੋਂ ਇਨਕਾਰ ਕਰ ਦਿੱਤਾ।

2000 ਵਿਚ ਉਹਨੇ ਸਵੈਜੀਵਨੀ 'ਮਨ ਦੀਆਂ ਬਸਤੀਆਂ' ਛਪਵਾਈ। ਆਪਣੇ ਦਿਲ ਦਾ ਸਾਰਾ ਦਰਦ ਉਹਨੇ ਉਹਦੇ ਸਫ਼ਿਆਂ ਉੱਤੇ ਡੋਲ੍ਹ ਦਿੱਤਾ।

***(ਬਾਕੀ ਅਗਲੇ ਸਫੇ 'ਤੇ)***



***ਅਫ਼ਜ਼ਲ ਤੌਸੀਫ਼ ਦੀ ਕਹਾਣੀਆਂ ਦੀ ਕਿਤਾਬ 'ਮਾਈ ਅਨਾਰਾਂ ਵਾਲੀ' ਦਾ ਮੁਖੜਾ।***



***ਅਫ਼ਜ਼ਲ ਤੌਸੀਫ਼ ਦੀ ਵਾਰਤਕ ਕਿਤਾਬ 'ਕੀਹਦਾ ਨਾਂ ਪੰਜਾਬ' ਦਾ ਮੁਖੜਾ।***

# ਵਿਚਾਰਾਂ ਦਾ ਦਿਲਚਸਪ ਮੇਲਾ ਸਮਾਪਤ

ਰੋਜ਼ਾਨਾ "ਹਿੰਦੁਸਤਾਨ ਟਾਈਮਜ਼" ਅਖਬਾਰ ਨੇ ਵਿਚਾਰਾਂ ਦਾ ਇਕ ਦਿਲਚਸਪ ਮੇਲਾ ਲਾਇਆ ਜੋ ਹੁਣ ਸਮਾਪਤ ਹੋ ਗਿਆ ਹੈ। ਇਸ ਮੇਲੇ ਵਿਚ ਰਾਜਨੀਤੀ, ਖੇਡਾਂ, ਵਣਜ, ਸਿਹਤ, ਮਨੋਰੰਜਨ ਅਤੇ ਲਾਈਫ ਸਟਾਈਲ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਦੁਨੀਆ ਭਰ ਦੇ ਉੱਘੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਸੀ।

Hindustan Times leadership summit ਨਾਂ ਹੇਠਾਂ ਇਹ ਮੇਲਾ ਅਸਲ ਵਿਚ 2003 ਤੋਂ ਸ਼ੁਰੂ ਹੋਇਆ ਅਤੇ ਹਰ ਸਾਲ ਇਹ ਮੇਲੇ ਵਰਗਾ ਸੰਮੇਲਨ ਹੁੰਦਾ ਹੈ। ਮੇਲੇ ਦਾ ਮਨੋਰਥ ਪਾਠਕਾਂ ਅੰਦਰ ਵਿਚਾਰ ਦੇ ਪੱਧਰ ਨੂੰ ਹੋਰ ਉੱਚਾ ਕਰਨਾ ਹੈ ਅਤੇ ਇਹ ਪਤਾ ਲਾਉਣਾ ਹੈ ਕਿ ਇਹ ਉੱਘੇ ਇਨਸਾਨ ਆਪੋ ਆਪਣੇ ਖੇਤਰ ਤੋਂ



**ਕਰਮਜੀਤ ਸਿੰਘ**
**ਫੋਨ: 99150-91063**

ਖੇਤਰ ਤੋਂ ਇਲਾਵਾ ਹੋਰ ਖੇਤਰਾਂ ਅਤੇ ਬੰਦਿਆਂ ਬਾਰੇ ਕਿਵੇਂ ਸੋਚਦੇ ਤੇ ਮਹਿਸੂਸ ਕਰਦੇ ਹਨ। ਦੂਜੇ ਸ਼ਬਦਾਂ ਵਿਚ "ਆਉਣ ਵਾਲਾ ਸਾਡਾ ਕੱਲ੍ਹ" ਕਿਹੋ ਜਿਹਾ ਹੋਣਾ ਚਾਹੀਦਾ ਹੈ।

ਅੱਠ ਤੋਂ ਬਾਰਾਂ ਨਵੰਬਰ ਤੱਕ ਚੱਲੇ ਇਸ ਮੇਲੇ ਬਾਰੇ ਕੁਝ ਦਿਲਚਸਪ ਗੱਲਾਂ ਨਾਲ ਦੋਸਤਾਂ ਦੀ ਸਾਂਝ ਪਾਉਣੀ ਅਸੀਂ ਜ਼ਰੂਰੀ ਸਮਝਦੇ ਹਾਂ। ਮੇਰਾ ਖਿਆਲ ਹੈ ਕਿ ਪੰਜਾਬੀ ਦੇ ਅਖ਼ਬਾਰਾਂ ਅਤੇ ਉੱਘੇ ਮੈਗਜ਼ੀਨਾਂ ਨੂੰ ਵੀ ਇਹੋ ਜਿਹੇ ਤਜਰਬੇ ਕਰਨੇ ਚਾਹੀਦੇ ਹਨ। ਹਿੰਦੁਸਤਾਨ ਟਾਈਮਜ਼ ਨੇ ਜਿਨ੍ਹਾਂ ਬੰਦਿਆਂ ਦੀ ਚੋਣ ਕੀਤੀ, ਉਨ੍ਹਾਂ ਵਿਚ ਪੱਗਾਂ ਵਾਲੇ ਵਿਦਵਾਨ ਕਿਤੇ ਨਜ਼ਰ ਨਹੀਂ ਆਉਂਦੇ।

ਸੋਚਣ ਅਤੇ ਮਹਿਸੂਸ ਕਰਨ ਦੀ ਹਨ੍ਹੇਰੀ ਸਾਡੀ ਕੌਮ ਵਿਚ ਕਦੋਂ ਵਗੇਗੀ?

ਪਤਾ ਨਹੀਂ ਤੁਸੀਂ ਸਹਿਮਤ ਹੋਵੋ ਕਿ ਨਾ ਪਰ ਮੋਦੀ ਸਰਕਾਰ ਵਿਚ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਡੂੰਘਾ ਸੋਚਣ ਵਾਲੇ ਗੰਭੀਰ ਵਿਅਕਤੀ ਹਨ, ਵੈਸੇ ਸੜਕਾਂ ਵਾਲਾ ਵਜ਼ੀਰ ਗਡਕਰੀ ਵੀ ਆਪਣੀ ਹੀ ਕਿਸਮ ਦਾ ਨਿਰਾਲਾ ਮੰਤਰੀ ਹੈ ਜੋ ਆਪਣੀ ਸਰਕਾਰ ਵਿਰੁੱਧ ਵੀ ਚੁਟਕੀਆਂ ਲੈਣ ਵਿਚ ਆਨੰਦ ਮਹਿਸੂਸ ਕਰਦਾ ਹੈ। ਅੱਜ ਦੀ ਰਾਜਨੀਤੀ ਵਿਚ ਵੱਡੀਆਂ ਵੱਡੀਆਂ ਤਕਨੀਕੀ ਫਰਮਾਂ ਇਕ ਤਰ੍ਹਾਂ ਨਾਲ ਸਰਕਾਰਾਂ ਉਤੇ ਰਾਜ ਕਰਦੀਆਂ ਹਨ ਅਤੇ ਇੱਥੋਂ ਤਕ ਜੋ 'ਚਾਹੁੰਦੀਆਂ' ਹਨ, ਉਹ ਹੀ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਉਨ੍ਹਾਂ ਦੀ ਰਾਇ ਸਰਕਾਰ ਦੀ ਰਾਇ ਬਣ ਜਾਂਦੀ ਹੈ। ਜੈ ਸ਼ੰਕਰ ਦੀ ਇਹ ਟਿੱਪਣੀ ਗੌਰ ਨਾਲ ਪੜ੍ਹੋ: 'ਮੇਰਾ ਖਿਆਲ ਹੈ ਕਿ ਅੱਜ ਰਾਜਨੀਤੀ ਵਿਚ ਪ੍ਰਾਈਵੇਟ ਖਿਡਾਰੀ ਇੱਥੋਂ ਤਕ ਤਾਕਤਵਰ ਬਣ ਚੁੱਕੇ ਹਨ ਕਿ ਉਨ੍ਹਾਂ ਦਾ ਆਕਾਰ ਜਾਂ ਘੇਰਾ ਕਈ ਮੁਲਕਾਂ ਦੇ ਇਕੱਠ ਨਾਲੋਂ ਵੀ ਵੱਡਾ ਬਣ ਗਿਆ ਹੈ।' ਸਮਾਂ ਕੱਢ ਕੇ ਜੈ ਸ਼ੰਕਰ ਵੱਲੋਂ ਯੂਕਰੇਨ ਜੰਗ ਵਿਚ ਵਿਚੋਲਗਿਰੀ ਦੇ ਸੁਝਾਅ ਨੂੰ ਲੈ ਕੇ ਦਿਲਚਸਪ ਤੇ ਗਿਆਨਵਾਨ ਟਿੱਪਣੀਆਂ ਜ਼ਰੂਰ ਪੜ੍ਹੋ।

**ਸਾਬਕਾ ਪ੍ਰਧਾਨ ਮੰਤਰੀ ਜਾਹਨਸਨ ਦੀਆਂ ਪੁਤਿਨ ਵਿਰੁੱਧ ਚੁਟਕੀਆਂ:**


13 ਨਵੰਬਰ ਦੇ ਹਿੰਦੁਸਤਾਨ ਟਾਈਮਜ਼ ਵਿਚ ਯੂ ਕੇ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਯੂਕਰੇਨ ਦੀ ਜੰਗ ਬਾਰੇ ਜਿਵੇਂ ਰੂਸ ਦੀ ਤਰਸਯੋਗ ਹਾਲਤ ਸਬੰਧੀ ਟਿੱਪਣੀਆਂ ਕੀਤੀਆਂ ਹਨ, ਉਸ ਤੋਂ ਪਤਾ ਲੱਗਦਾ ਹੈ ਕਿ




ਕਿਵੇਂ ਇਕ ਛੋਟੇ ਜਿਹੇ ਮੁਲਕ ਨੇ ਆਪਣੇ ਆਪ ਨੂੰ ਬਹੁਤ ਵੱਡਾ ਦੱਸਣ ਵਾਲੇ ਮੁਲਕ ਦੀਆਂ ਗੋਡਣੀਆਂ ਲਵਾ ਦਿੱਤੀਆਂ। ਜੌਹਨਸਨ ਦਰਅਸਲ ਰੂਸੀ ਰਾਸ਼ਟਰਪਤੀ ਪੁਤਿਨ ਉੱਤੇ ਹਮਲੇ 'ਤੇ ਹਮਲੇ ਕਰ ਰਿਹਾ ਹੈ। ਰੂਸ ਦੇ ਜੰਗੀ ਹਥਿਆਰਾਂ ਬਾਰੇ ਜੌਹਨਸਨ ਆਖਦੇ ਹਨ: ਯੂਕਰੇਨ ਨਾਲ ਜੰਗ ਵਿਚ ਰੂਸੀ ਮਿਜ਼ਾਈਲਾਂ ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਇਹ ਐਨ ਟਿਕਾਣੇ ਉੱਤੇ ਡਿੱਗਦੀਆਂ ਹਨ, ਉਨ੍ਹਾਂ ਵਿਚੋਂ ਸੱਠ ਫੀਸਦੀ ਅਸਫਲ ਸਿੱਧ ਹੋਈਆਂ ਅਤੇ ਰੂਸੀ ਟੈਂਕ ਬਿਸਕੁਟਾਂ ਦੇ ਖਾਲੀ ਟੀਨਾਂ ਵਾਂਗ ਹਵਾ ਵਿਚ ਉੱਡ ਗਏ। ਹੁਣ ਇਨ੍ਹਾਂ ਰੂਸੀ ਹਥਿਆਰਾਂ ਨੂੰ ਕਿਹੜਾ ਮੁਲਕ ਖ਼ਰੀਦੇਗਾ। ਹੋਰ ਸੁਣੋ: ਪੁਤਿਨ ਸੋਚਦਾ ਸੀ ਕਿ ਯੂਕਰੇਨ ਹਕੀਕਤ ਵਿਚ ਦੇਸ਼ ਹੀ ਨਹੀਂ ਅਤੇ ਯੂਕਰੇਨ ਦੀ ਜਨਤਾ ਖੁਸ਼ੀ ਵਿਚ ਰੂਸੀ ਫ਼ੌਜਾਂ ਨੂੰ ਹਾਰਾਂ ਨਾਲ ਲੱਦ ਦੇਵੇਗੀ, ਪਰ ਪੁਤਿਨ ਭਰਮ ਦਾ ਸ਼ਿਕਾਰ ਹੋ ਗਿਆ ਅਤੇ ਉਹ ਸਮਝ ਨਹੀਂ ਸਕਿਆ ਕਿ ਯੂਕਰੇਨ ਅੱਜ ਆਜ਼ਾਦ, ਪ੍ਰਭੂਸੱਤਾ ਸੰਪੰਨ, ਯੂਰਪੀ ਕੌਮ ਬਣ ਕੇ ਸਾਹਮਣੇ ਆਇਆ ਹੈ।

**ਐਕਟਰ ਕਲੂਨੀ ਅਤੇ ਅਨਿਲ ਕਪੂਰ ਵਿਚਕਾਰ ਗੱਲਾਂ ਬਾਤਾਂ:**

ਮਸ਼ਹੂਰ ਐਕਟਰ ਜਾਰਜ ਕਲੂਨੀ ਅਤੇ ਆਪਣੇ ਅਨਿਲ ਕਪੂਰ ਵਿਚ ਵੀ ਗੱਲਬਾਤ ਪੜ੍ਹਨ ਵਾਲੀ ਹੈ। ਕਲੂਨੀ ਇਕ ਸਮੇਂ ਗਲੀ ਗਲੀ, ਘਰ





ਘਰ ਜਾ ਕੇ ਔਰਤਾਂ ਦੀਆਂ ਜੁੱਤੀਆਂ ਵੇਚ ਕੇ ਗੁਜ਼ਾਰਾ ਕਰਦਾ ਸੀ। ਉਹ ਤਾਂ ਕਿਸੇ ਐਕਟਰ ਨੂੰ ਵੀ ਨਹੀਂ ਸੀ ਜਾਣਦਾ, ਪਰ ਉਹ ਇਕ ਦਿਨ ਮਹਾਨ ਐਕਟਰ ਬਣਿਆ ਅਤੇ ਦੋ ਅਕੈਡਮੀ ਇਨਾਮ ਤੇ ਹੋਰ ਕਈ ਇਨਾਮ ਉਸ ਦੀ ਝੋਲੀ ਪਏ। ਉਸ ਦੇ ਇਹ ਬੋਲ ਹੌਸਲਾ ਬਣਾਉਂਦੇ ਹਨ: ਅਸੀਂ ਸਾਰੇ ਕਰੜੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਹੀ ਸਿਖਰਾਂ ਨੂੰ ਛੂਹ ਸਕੇ ਹਾਂ। ਪਰ ਹਾਂ, ਕਿਸਮਤ ਦਾ ਵੀ ਥੋੜ੍ਹਾ ਬਹੁਤਾ ਰੋਲ ਜ਼ਰੂਰ ਹੁੰਦਾ ਹੈ। ਕਲੂਨੀ ਦੀ ਪਤਨੀ ਤੇ ਕਲੂਨੀ ਰਲ ਕੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਵੀ ਕੰਮ ਕਰਦੇ ਹਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ। ਕਲੂਨੀ ਵਧੀਆ ਤੇ ਮਹਾਨ ਫ਼ਿਲਮ ਲਈ ਸਕਰਿਪਟ ਨੂੰ ਵੱਡੀ ਥਾਂ ਦਿੰਦਾ ਹੈ।

ਦੋਸਤੋ, ਸਚਿਨ ਤੇ ਬਰਾਇਨ ਲਾਰਾ ਵਿਚਕਾਰ ਕੁਝ ਨੁਕਤਿਆਂ ਨੂੰ ਲੈ ਕੇ ਬਣੀਆਂ ਅਸਹਿਮਤੀਆਂ ਨੂੰ ਵੀ ਮਾਨਣਾ ਚਾਹੀਦਾ ਹੈ। ਸਚਿਨ ਕਹਿੰਦੈ ਬਈ ਲਾਰਾ ਅੰਦਰ ਵੱਧ ਤੋਂ ਵੱਧ ਦੌੜਾਂ ਬਣਾਉਣ ਲਈ ਦੌੜਾਂ ਬਣਾਉਣ ਦੀ ਭੁੱਖ ਪਿਆਸ ਦਾ ਕੋਈ ਅੰਤ ਨਹੀਂ। ਪਰ ਲਾਰਾ ਕਹਿੰਦੈ ਬਈ ਹੱਦੋਂ ਵੱਧ ਤੇਜ਼ ਗੇਂਦਬਾਜ਼ੀ ਦਾ ਮੁਕਾਬਲਾ ਜਿਵੇਂ ਸਹਿਜ ਤੇ ਧੀਰਜ ਨਾਲ ਸਚਿਨ ਕਰਦਾ ਹੈ, ਉਸ ਦੀ ਵੀ ਮਿਸਾਲ ਘੱਟ ਹੀ ਮਿਲੇਗੀ।

**ਕੇਜਰੀਵਾਲ ਵਿਰੋਧੀ ਧਿਰ ਦੀ ਏਕਤਾ ਦੇ ਕਿਉਂ ਖ਼ਿਲਾਫ ਹੈ?**

ਲਓ, ਕੇਜਰੀਵਾਲ ਜੀ ਨੂੰ ਸੁਣੋ। ਭਾਜਪਾ ਦੇ ਖ਼ਿਲਾਫ਼ ਵਿਰੋਧੀ ਧਿਰ ਦੀ ਏਕਤਾ ਦੇ ਵਿਚਾਰ ਦੇ ਉਹ ਪੁੱਜ ਕੇ ਖ਼ਿਲਾਫ਼ ਹਨ। ਆਖ ਰਹੇ ਹਨ ਬਈ ਦੇਸ਼ ਨੂੰ "ਉਮੀਦ ਦੀ ਸਿਆਸਤ" ਚਾਹੀਦੀ ਹੈ ਨਾ ਕਿ ਭਾਜਪਾ ਨੂੰ ਹਰਾਉਣਾ ਸਾਡੀ ਮੰਜ਼ਿਲ ਬਣ ਜਾਵੇ।



ਵੈਸੇ ਕੀ ਸਾਡੇ ਕਾਮੇਡੀਅਨ ਮੁੱਖ ਮੰਤਰੀ ਭਗਵੰਤ ਮਾਨ ਜੀ ਇਸ ਵਿਚਾਰ ਉੱਤੇ ਫੁੱਲ ਚੜ੍ਹਾਉਣਗੇ?

ਨਵੇਂ ਬਣੇ ਚੀਫ਼ ਜਸਟਿਸ ਚੰਦਰਚੂੜ ਜੀ ਦਾ ਇਕ ਇਕ ਸ਼ਬਦ ਸੁਣਨ ਵਾਲਾ ਹੈ। ਕਾਨੂੰਨ ਕੀ ਹੁੰਦਾ ਹੈ? ਉਸ ਨੂੰ ਕਿਵੇਂ ਲਾਗੂ ਕੀਤਾ ਜਾਣਾ ਚਾਹੀਦਾ ਹੈ? ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨੂੰ ਕੰਨ ਲਾ ਕੇ ਸੁਣੋ: ਜੱਜਾਂ ਵਿਚ ਇਹ ਯੋਗਤਾ ਹੋਣੀ ਚਾਹੀਦੀ ਹੈ ਕਿ ਉਹ ਉਨ੍ਹਾਂ ਆਵਾਜ਼ਾਂ ਨੂੰ ਸੁਣਨ ਜਿਨ੍ਹਾਂ ਨੂੰ ਸੁਣਿਆ ਨਹੀਂ ਜਾਂਦਾ, ਸਿਸਟਮ ਦੇ ਅੰਦਰ ਕੰਮ ਕਰਦੇ ਉਨ੍ਹਾਂ ਚਿਹਰਿਆਂ ਨੂੰ ਪੜ੍ਹਨ ਜਿਨ੍ਹਾਂ ਨੂੰ ਪੜ੍ਹਿਆ ਨਹੀਂ ਜਾਂਦਾ।

**ਅੰਮ੍ਰਿਤਪਾਲ ਸਿੰਘ ਨੂੰ ਮੇਲੇ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ?**

ਵੈਸੇ ਦੋਸਤੋ,"ਹਿੰਦੁਸਤਾਨ ਟਾਈਮਜ਼" ਵਾਲਿਆਂ ਨੂੰ ਇਸ ਮੇਲੇ ਵਿਚ ਅੰਮ੍ਰਿਤ ਪਾਲ ਸਿੰਘ ਨੂੰ ਵੀ ਥਾਂ ਦੇਣੀ ਚਾਹੀਦੀ ਸੀ, ਕਿਉਂਕਿ ਅਜੇ ਤੱਕ



ਇਕ ਵੀ ਵਿਦਵਾਨ ਇਹ ਸਵਾਲ ਨਹੀਂ ਬੁੱਝ ਸਕਿਆ ਕਿ 28 ਸਾਲਾਂ ਦਾ ਇਕ ਗੱਭਰੂ ਮਹਿਜ਼ ਦੋ ਮਹੀਨਿਆਂ ਵਿਚ ਹੀ ਯਕਲਖਤ ਲੋਕਾਂ ਦੇ ਦਿਲਾਂ ਉੱਤੇ ਕਿਵੇਂ ਤੇ ਕਿਉਂ ਰਾਜ ਕਰਨ ਲੱਗ ਪਿਆ ਹੈ? ਉਸ ਦੇ ਬੋਲਾਂ ਵਿਚ ਕਿਹੜੀ ਗੱਲ ਹੈ ਕਿ ਸਾਰੇ ਸਿਆਸਤਦਾਨ, ਡੇਰਾ ਪੰਥੀ, ਵਿਰੋਧੀ, ਸ਼ਰੀਕ, ਤੇ ਦੁਸ਼ਮਣ ਆਪਣੇ ਆਪ ਨੂੰ ਨਿਮਾਣੇ ਜਿਹੇ, ਗ਼ਰੀਬ ਤੇ ਮਾੜਚੂ ਜਿਹੇ ਸਮਝਣ ਲੱਗ ਪਏ ਹਨ? ਏਜੰਸੀਆਂ, ਆਈ ਐਸ ਆਈ, ਪਾਕਿਸਤਾਨ ਦੇ ਏਜੰਟ ਹੋਣ ਦੇ ਵਗੈਰਾ ਵਗੈਰਾ ਵਿਰੋਧੀ ਬਿਰਤਾਂਤ ਵੀ ਘਸੇ ਪਿਟੇ ਸਾਬਤ ਹੋ ਰਹੇ ਹਨ। ਹਾਲਤ ਇਹ ਹੈ ਕਿ ਈਰਖਾ ਦੀ ਅੱਗ ਵਿਚ ਇਹ ਸਭ ਇਕੱਠੇ ਹੋ ਕੇ ਲੱਕੜੀਆਂ ਪਾ ਰਹੇ ਹਨ। ਪਰ ਦੂਰ ਪਰ੍ਹੇ ਯੂਬਾ ਸਿਟੀ ਤੋਂ ਇੱਕ ਦੋਸਤ ਨੇ ਫੋਨ ਕੀਤਾ ਕਿ ਯੂਬਾ ਸਿਟੀ ਦੇ ਮਸ਼ਹੂਰ ਮੇਲੇ ਵਿਚ ਜਦੋਂ ਅੰਮ੍ਰਿਤਪਾਲ ਸਿੰਘ ਦਾ ਪੈਗ਼ਾਮ ਜੂਮ ਉਤੇ ਨਸ਼ਰ ਕੀਤਾ ਗਿਆ ਤਾਂ ਲੋਕਾਂ ਨੇ ਹੱਥ ਜੋੜ ਕੇ ਇਸ ਸੁਨੇਹੇ ਨੂੰ ਧਿਆਨ ਨਾਲ ਸੁਣਿਆ।

ਕੀ ਖ਼ਾਲਸਾ ਪੰਥ ਅੰਦਰ ਜਾਗਣ ਤੇ ਜਗਾਉਣ ਦੀਆਂ ਖਬਰਾਂ ਦੇ ਜਸ਼ਨ ਹੁਣ ਅੰਤਰਰਾਸ਼ਟਰੀ ਵਿਹੜਿਆਂ ਵਿਚ ਵੀ ਮਨਾਏ ਜਾ ਰਹੇ ਹਨ?

# ਸੰਤਾਲ਼ੀ ਦੀ ਕਾਲ਼ੀ ਲਕੀਰ ਤੋਂ ਨਾਬਰ ਪੰਜਾਬਣ ਅਫ਼ਜ਼ਲ ਤੌਸੀਫ਼

*(ਪਿਛਲੇ ਸਫੇ ਦਾ ਬਾਕੀ)*

ਉਹਦੇ ਆਪਣੇ ਕਹਿਣ ਅਨੁਸਾਰ, "ਮੇਰੀ ਆਟੋਬਾਇਉਗਰਾਫ਼ੀ 'ਮਨ ਦੀਆਂ ਬਸਤੀਆਂ', ਤਿੰਨ ਸੌ ਸਫ਼ੇ ਦੀ ਇਹ ਕਿਤਾਬ ਮੇਰੀ ਕਹਾਣੀ, ਮੇਰੇ ਜੀਵਨ-ਵੇਰਵੇ, ਮੇਰੀ ਜੀਵਨੀ, ਮੇਰੀ ਦੁਨੀਆ ਬਾਰੇ ਬੜਾ ਕੁਝ ਦਸਦੀ ਏ।" ਇਹ ਕਿਤਾਬ ਲਿਖਣਾ ਉਹਦੇ ਲਈ ਅਨਆਈ ਮੌਤ ਮਾਰੇ ਗਏ ਆਪਣਿਆਂ ਦੀ ਅੰਤਿਮ ਰਸਮ ਸੀ ਜਿਸ ਪਿੱਛੋਂ ਤਰਵੰਜਾ ਸਾਲ ਤੋਂ ਉਹਦੇ ਮਨ ਵਿਚ ਵਿਛਿਆ ਹੋਇਆ ਸੱਥਰ ਲਪੇਟਿਆ ਗਿਆ।

ਇਸ ਦੌਰਾਨ ਉਹਦਾ ਸੰਪਰਕ ਨਵਾਂ ਸ਼ਹਿਰ ਰਹਿੰਦੇ ਕਹਾਣੀਕਾਰ ਅਜਮੇਰ ਸਿੱਧੂ ਨਾਲ਼ ਹੋ ਗਿਆ। ਨਵਾਂ ਸ਼ਹਿਰ ਤੋਂ ਸਿੰਬਲੀ ਦਾ ਫ਼ਾਸਲਾ ਕੁੱਲ ਛੇ ਕਿਲੋਮੀਟਰ ਹੈ ਜਿਸ ਸਦਕਾ ਉਹਨੇ ਅਫ਼ਜ਼ਲ ਤੌਸੀਫ਼ ਨੂੰ ਭੂਆ ਬਣਾ ਲਿਆ। ਇਸ ਵਾਰ ਗੋਦ ਲੈ ਕੇ ਪੁੱਤਰ ਬਣਾਏ ਭਤੀਜੇ, 'ਦਿ ਪਾਕਿਸਤਾਨ ਟਾਈਮਜ਼' ਦੇ ਚੀਫ਼ ਨਿਊਜ਼ ਐਡੀਟਰ, ਰਾਣਾ ਨਵੀਦ ਇਕਬਾਲ ਨਾਲ ਆਈ ਤਾਂ ਮਨ ਪੁਰਾਣੇ ਪਿੰਡ ਜਾਣ ਜੋਗਾ ਤਕੜਾ ਕਰ ਕੇ ਆਈ। ਅਜਮੇਰ ਦੇ ਦੱਸੇ ਤੋਂ ਉਸ ਤੋਂ ਖੋਹੇ ਗਏ ਉਹਦੇ ਪਿੰਡ ਦੇ ਲੋਕ ਉਹਨੂੰ ਬਾਂਹਾਂ ਖੋਲ੍ਹ ਕੇ ਉਡੀਕ ਰਹੇ ਸਨ।

ਅਜਮੇਰ ਲਿਖਦਾ ਹੈ, "ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫ਼ਜ਼ਲ ਤੌਸੀਫ਼ ਤੇ ਰਾਣਾ ਨਵੀਦ ਇਕਬਾਲ ਨੂੰ ਲੈ ਕੇ ਕਤਲਾਮ ਵਾਲ਼ੀ ਜਗਾਹ 'ਤੇ ਪੁੱਜਿਆ ਤਾਂ... ਖੰਡਰ ਬਣੀਆਂ ਇਮਾਰਤਾਂ ਦੇਖ ਕੇ ਉਸ ਨੇ ਹਉਕਾ ਲਿਆ। ਅੱਗੇ ਉਹ ਖੂਹ ਸੀ ਜਿਸ ਵਿਚ ਕੁੜੀਆਂ ਨੇ ਆਪਣੀ ਆਬਰੂ ਬਚਾਉਣ ਲਈ ਛਾਲ਼ਾਂ ਮਾਰੀਆਂ ਸਨ। ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਉਹਨੂੰ ਆਪਣਾ ਵਿਹੜਾ ਲਾਸ਼ਾਂ ਨਾ਼ਲ ਭਰਿਆ ਦਿੱਸਿਆ। ਅਗਵਾ ਹੋਈਆਂ ਭੈਣਾਂ ਦਿੱਸੀਆਂ। ਲਹੂ ਦੇ ਛੱਪੜ ਵਿਚ ਤੈਰਦੀਆਂ ਬੱਤਖ਼ਾਂ ਦਿੱਸੀਆਂ। ਉਹ ਆਪਣੇ ਘਰ ਸੁੰਨ ਹੋਈ ਖੜ੍ਹੀ ਸੀ। ਉਹਦੇ ਵਡੇਰਿਆਂ ਦੇ ਜਾਣਕਾਰ ਮਰਦ-ਔਰਤਾਂ ਉਹਦੇ ਨਾ਼ਲ ਯਾਦਾਂ ਸਾਂਝੀਆਂ ਕਰਦੇ ਰਹੇ।"

ਸੋਚ ਦੇ ਪੱਖੋਂ ਉਹ ਪੱਕੀ ਮਾਰਕਸਵਾਦੀ ਸੀ। ਤੇ ਦਲਦਲੀ ਜੀਵਨ ਜਿਉਂਦੇ ਲੋਕਾਂ ਨੂੰ ਦੇਖ ਕੇ ਇਹ ਸੋਚ ਉਹਨੂੰ ਚੈਨ ਨਹੀਂ ਸੀ ਲੈਣ ਦਿੰਦੀ। ਉਹ ਜੂਝਦੇ ਲੋਕਾਂ ਦੇ ਨਾ਼ਲ ਹੀ ਨਹੀਂ ਸੀ ਖਲੋਂਦੀ, ਉਨ੍ਹਾਂ ਦੇ ਝੰਡਾਬਰਦਾਰਾਂ ਵਿਚ ਸ਼ਾਮਲ ਹੁੰਦੀ ਸੀ। ਉਸ ਨੂੰ ਦੇਸ-ਵਿਰੋਧੀ ਆਖ ਕੇ ਮੁਕੱਦਮਿਆਂ ਵਿਚ ਫਸਾਇਆ ਤੇ ਇੰਟੈਰੋਗੇਸ਼ਨ ਸੈਂਟਰਾਂ ਦੇ ਤਸੀਹਿਆਂ ਵਿਚੋਂ ਲੰਘਾਇਆ ਜਾਂਦਾ ਰਿਹਾ। ਯਾਹੀਆ ਖਾਂ ਦੇ ਮਾਰਸ਼ਲ ਲਾਅ ਦਾ ਵਿਰੋਧ ਕਰਨ ਕਰਕੇ ਉਹਨੂੰ ਕੈਦ ਤਾਂ ਹੋਈ ਹੀ, ਕੋੜਿਆਂ ਦੀ ਸਜ਼ਾ ਵੀ ਮਿਲੀ। ਪਰ ਇਹ ਸਭ ਉਹਦੇ ਵਿਸ਼ਵਾਸ ਤੇ ਸਿਦਕ-ਸਿਰੜ ਦੀ ਕੋਈ ਚਿੱਪਰ ਲਾਹੁਣ ਵਿਚ ਵੀ ਕਾਮਯਾਬ ਨਾ ਹੋ ਸਕਿਆ। ਉਹ 30 ਦਸੰਬਰ 2014 ਨੂੰ ਲਏ ਆਖ਼ਰੀ ਸਾਹ ਤੱਕ ਆਪਣੇ ਲੋਕ-ਹਿਤੈਸ਼ੀ ਨਜ਼ਰੀਏ ਉੱਤੇ ਅਡੋਲ ਰਹੀ।

ਉਹ ਕਲਮ ਦੀ ਹਥਿਆਰੀ ਸਮਰੱਥਾ ਨੂੰ ਅਤੇ ਲਫ਼ਜ਼ ਦੀ ਅਸਰਦਾਰ ਤਾਕਤ ਨੂੰ ਭਲੀਭਾਂਤ ਸਮਝਦੀ ਸੀ। ਉਹ ਕਲਮ ਨੂੰ ਵੀ ਆਪਣੇ ਵਾਂਗ ਚੈਨ ਨਹੀਂ ਸੀ ਲੈਣ ਦਿੰਦੀ। ਉਹਨੇ ਉਰਦੂ ਤੇ ਸ਼ਾਹਮੁਖੀ ਪੰਜਾਬੀ ਵਿਚ ਉੱਚ-ਮਿਆਰੀ ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ। ਉਹ ਪੰਜਾਬੀ ਦੀ ਬੜੀ ਸ਼ਕਤੀਸ਼ਾਲੀ ਗਲਪਕਾਰ ਸੀ। 'ਮਾਈ ਅਨਾਰਾਂ ਵਾ਼ਲੀ' ਉਹਦੀ ਪਹਿਲੀ ਕਹਾਣੀ ਸੀ ਜੋ ਮੈਨੂੰ ਪੜ੍ਹਨ ਨੂੰ ਮਿਲੀ। ਉਹਦੀ ਅਹਿਸਾਸ ਦੀ ਗਹਿਰਾਈ ਤੇ ਉਸ ਅਹਿਸਾਸ ਨੂੰ ਪਾਠਕ ਸਾਹਮਣੇ ਪੇਸ਼ ਕਰਨ ਦੀ ਕਲਾ ਨੇ ਮੈਨੂੰ ਧੁਰ ਅੰਦਰ ਤੱਕ ਕੀਲ ਲਿਆ। ਸਾਹਿਤ ਜਿੰਨਾ ਹੀ ਅਹਿਮ ਉਹਦਾ ਪੱਤਰਕਾਰਾਨਾ ਕੰਮ ਸੀ। ਪਾਕਿਸਤਾਨ ਦੇ ਮੋਹਰੀ ਅਖ਼ਬਾਰਾਂ ਵਿਚ ਸਮਾਜਕ ਤੇ ਸਿਆਸੀ ਮਸਲਿਆਂ ਨੂੰ ਲੈ ਕੇ ਲਿਖੇ ਹੋਏ ਉਹਦੇ ਕਾਲਮ ਲਗਾਤਾਰ ਛਪਦੇ ਰਹੇ। ਉਨ੍ਹਾਂ ਦੀ ਚਾਰ ਹਜ਼ਾਰ ਤੋਂ ਵੱਧ ਦੀ ਗਿਣਤੀ ਬੇਆਸਰੇ ਤੇ ਬੇਓਟੇ ਲੋਕਾਂ ਵਾਸਤੇ ਆਪਣੀ ਕਲਮੀ ਜ਼ਿੰਮੇਦਾਰੀ ਦੇ ਉਹਦੇ ਅਹਿਸਾਸ ਦਾ ਸਬੂਤ ਹੈ ਜਿਨ੍ਹਾਂ ਵਿਚੋਂ ਬਹੁਤ ਸਾਰੇ ਕਿਤਾਬਾਂ ਵਿਚ ਵੀ ਸੰਗ੍ਰਹਿਤ ਹੋਏ।

ਉਹਦੇ ਸ਼ਾਹਮੁਖੀ ਲਿਪੀ ਵਿਚ ਛਪੇ ਹੋਏ ਪੰਜਾਬੀ ਕਹਾਣੀ-ਸੰਗ੍ਰਹਿ 'ਟਾਹਲੀ ਮੇਰੇ ਬੱਚੜੇ', 'ਮਾਈ ਅਨਾਰਾਂ ਵਾ਼ਲੀ', 'ਪੰਝੀਵਾਂ ਘੰਟਾ', 'ਅਮਨ ਵੇ਼ਲੇ ਮਿਲਾਂਗੇ' ਤੇ 'ਦਰਦਮੰਦਾਂ ਦੀਆਂ ਆਹੀਂ' ਇਧਰ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਿਤ ਹੋਏ। 'ਕੀਹਦਾ ਨਾਂ ਪੰਜਾਬ' ਤੇ 'ਹੱਥ ਨਾ ਲਾ ਕਸੁੰਭੜੇ' ਨਾਂ ਦੇ ਦੋ ਲੇਖ-ਸੰਗ੍ਰਹਿ ਵੀ ਗੁਰਮੁਖੀ ਵਿਚ ਛਪੇ। ਸਵੈਜੀਵਨੀ 'ਮਨ ਦੀਆਂ ਬਸਤੀਆਂ' ਤਾਂ ਇਧਰ ਛਪ ਕੇ ਬਹੁਤ ਪਾਠਕ-ਪਿਆਰੀ ਹੋਈ। ਸ਼ਾਹਮੁਖੀ ਤੇ ਗੁਰਮੁਖੀ ਵਿਚ ਛਪੀਆਂ ਪੰਜਾਬੀ ਪੁਸਤਕਾਂ ਤੋਂ ਇਲਾਵਾ ਉਹਨੇ ਉਰਦੂ ਵਿਚ ਵੀ ਲਗਾਤਾਰ ਲਿਖਿਆ। ਉਹਦੀਆਂ ਕਈ ਪੁਸਤਕਾਂ ਨੂੰ ਵੀ ਸਨਮਾਨਿਆ ਗਿਆ ਤੇ ਉਹਨੂੰ ਸਮੁੱਚੀ ਰਚਨਾ ਲਈ ਵੀ ਕਈ ਸਨਮਾਨ ਮਿਲੇ। ਪਰ ਉਹਦਾ ਸਭ ਤੋਂ ਵੱਡਾ ਸਨਮਾਨ ਹੁਣ ਦੋ ਟੋਟਿਆਂ ਵਿਚ ਵੰਡੇ ਹੋਏ ਸਾਲਮ ਪੰਜਾਬ ਦੇ ਪਾਠਕਾਂ ਦੀ ਉਹਨੂੰ ਮਿਲੀ ਤੇ ਮਿਲ ਰਹੀ ਅਪਣੱਤ ਤੇ ਇੱਜ਼ਤ ਹੈ!

# ਮਿੰਨੀ ਕਹਾਣੀ: ਵੰਡ

"ਲੈ ਦੱਸੋ ਜੀ...ਇਹਦਾ ਕੀ ਹੱਕ ਐ ਬੁੜ੍ਹੇ-ਬੁੜ੍ਹੀ ਦੀ ਜ਼ਮੀਨ 'ਤੇ, ਰੋਟੀ ਤਾਂ ਇਨ੍ਹਾਂ ਨੂੰ ਮੈਂ ਦਿੰਨਾਂ", ਪੰਚਾਇਤ ਵਿਚ ਖੜ੍ਹਾ ਸ਼ੇਰਾ ਲੋਹਾ ਲਾਖਾ ਹੋ ਰਿਹਾ ਸੀ। ਉਸਦੇ ਵੱਡੇ ਭਾਈ ਨਾਲ ਜ਼ਮੀਨ ਦੇ ਰੌਲੇ ਨੂੰ ਲੈ ਕੇ ਮਸਲਾ ਚੱਲ ਰਿਹਾ ਸੀ।

"ਨਾ ਸਰਪੰਚ ਜੀ...ਰੋਟੀ ਨਾਲੇ ਜ਼ਮੀਨ ਵੰਡ ਲੈਨੇ ਐਂ, ਇਹ ਕੀ ਰੌਲਾ...ਦੇ ਕੇ ਬੁੜ੍ਹੇ-ਬੁੜ੍ਹੀ ਨੂੰ ਦੋ ਮੰਨੀਆਂ ਚਾਰ ਵਿੱਘੇ ਜ਼ਮੀਨ ਦੱਬੀ ਬੈਠਾ ਐ। ਸਾਰੀ ਕਮਾਈ ਖਾਂਦਾ। ਨਾ ਮੈਂ ਕੀ ਇਨ੍ਹਾਂ ਦਾ ਪੁੱਤਰ ਨ੍ਹੀਂ, ਇਹ 'ਜਦਾ ਆ ਕੋਈ ਵੱਡਾ", ਵੱਡੇ ਭਾਈ ਰਾਜੇ ਨੇ ਕਿਹਾ ਅਤੇ ਸ਼ੇਰਾ ਗਰਜਿਆ, "ਨਾ ਪੰਚਾਇਤੇ, ਬੁੜ੍ਹੇ-ਬੁੜ੍ਹੀ ਨੂੰ ਮੈਂ ਸਾਂਭਦਾ, ਦਵਾਈ ਮੇਰੇ ਪੱਲਿਓਂ। ਜਾਂ ਤਾਂ ਇਹ ਜਮ੍ਹਾਂ ਹੀ ਆਬਦੇ ਨਾਲ ਰਲਾਵੇ ਸਾਲ-ਸਾਲ ਭਰ ਲਈ"।

"ਕਿੱਥੋਂ ਇਹ ਜੁੱਲੀ ਬਿਸਤਰਾ ਰਾਹਾਂ 'ਚ ਚੱਕੀ ਫਿਰਨਗੇ", ਵੱਡੇ ਭਾਈ ਰਾਜੇ ਨੇ ਆਪਣਾ ਪੱਖ ਰੱਖਦਿਆਂ ਕਿਹਾ। "ਬੱਲੇ ਓਏ ਤੇਰੇ...ਬਾਹਲੇ ਸਿਆਣੇ ਐਂ, ਦੇਖ ਖ੍ਹਾਂ ਖਾ ਕੇ ਬੁੜ੍ਹੇ-ਬੁੜ੍ਹੀ ਦੇ ਹੱਡ ਹੁਣ ਮੰਜੇ 'ਤੇ ਪਿਆਂ ਨੂੰ ਮੇਰੇ ਕੰਨੀਂ ਧੱਕ ਦਿੰਦੇ...ਹਿੱਸਾ ਵੰਡ ਕੇ ਦੇਹ, ਦਵਾਈ 'ਚ ਅੱਧ ਦੇ ਪੈਸੇ ਦਿਆ ਕਰੂੰ", ਸ਼ੇਰੇ ਨੇ ਆਪਣੀ ਸਫਾਈ ਪੇਸ਼ ਕਰਦਿਆਂ ਕਿਹਾ।

ਇਸ ਤੋਂ ਪਹਿਲਾਂ ਸਰਪੰਚ ਕੁੱਝ ਬੋਲਦਾ ਸ਼ੇਰੇ ਤੇ ਰਾਜੇ ਦੀ ਮਾਂ ਅੱਗੇ ਹੋ ਬੋਲ ਪਈ, " ਵੇ ਬਸ ਕਰੋ ਵੱਡਿਓ ਸਪੂਤੋ, ਘੰਟਾ ਹੋ ਗਿਆ ਰੋਟੀ-ਰੋਟੀ ਲਾਈ ਐ। ਵੇ ਫੁੱਲਾਂ ਵਾਂਗੂੰ ਪਾ਼ਲੇ ਸੀ, ਤੁਸੀਂ 'ਕੱਲੀ ਰੋਟੀ...ਕੀ ਸੋਨੂੰ ਤਲੀਏ ਚੋਗ ਚੁਗਾਇਆ ਵੇ। ਜਿੰਨਾ ਚਿਰ ਥੋਡੇ ਮੂੰਹ 'ਚ ਬੁਰਕੀਆਂ ਨਾ ਪਾਉਂਦੀ ਮੈਨੂੰ ਰੋਟੀ ਚੰਗੀ ਨਾ ਲੱਗਦੀ। ਜੋ ਵੀ ਤੁਸੀਂ ਮੰਗਦੇ, ਕੀ ਖਾਣ-ਪੀਣ, ਕੱਪੜਾ-ਲੀੜਾ, ਪੜ੍ਹਾਈ-ਲਿਖਾਈ ਹਰ ਚੀਜ਼ ਹਾਜ਼ਰ ਕਰਦੇ ਤੀ। ਮੈਂ ਤੇ ਤੁਹਾਡਾ ਬਾਪੂ ਸਾਰਾ ਦਿਨ ਇਹ ਸੋਚਦੇ ਕਿ ਸਾਡੇ ਜਾਵਾਕਾਂ ਕੋਲ ਦੁਨੀਆਂ ਦੀ ਹਰ ਚੀਜ਼ ਹੋਵੇ। ਥੋਡਾ ਸਿਰ ਵੀ ਦੁਖਦਾ ਮੇਰੀ ਰਾਤਾਂ ਦੀ ਨੀਂਦ ਉਡ ਜਾਂਦੀ। ਵੇ ਅਸੀਂ ਕਿਤੇ ਅੱਖ 'ਚ ਦਵਾਈ ਦੇ ਦੋ ਤੁਪਕੇ ਪਾਉਣ ਨੂੰ ਕਹਿ ਦੇਈਏ ਸਾਰਾ ਟੱਬਰ ਨੱਕ ਬੁੱਲ੍ਹ ਕੱਢਦਾ ਰਹਿੰਦਾ। ਵੇ ਮਾਂ ਬਾਪ ਦਾ ਕੀ ਦੇਣਾ ਦੇਵੋਗੇ ਤੁਸੀਂ, ਇਹ ਦੋ ਮੰਨੀਆਂ 'ਤੇ ਵੀ ਪੰਚਾਇਤ 'ਚ ਲਿਆ ਕੇ ਖੜ'ਗੇ। ਸ਼ਰਮ ਆਉਂਦੀ ਐ ਇਹ ਨਿਕੰਮੀ 'ਲਾਦ ਮੈਂ ਜੰਮੀ ਐ। ਵੇ ਹੱਡ ਗਾ਼ਲੇ...ਦੇਹੋਂ ਖੇਹ ਕਰਲੀ ਥੋਡੀ ਖਾਤਰ, ਵੇ ਅਸੀਂ ਤਾਂ ਐਨਾ ਕਰਕੇ ਵੀ ਕਦੇ ਕਿਸੇ ਨੂੰ ਕਹਿ ਕੇ ਨਾ ਸੁਣਾਇਆ ਵੀ ਅਸੀਂ ਆਬਦੀ 'ਲਾਦ ਖਾਤਰ ਇਹ ਕਰਿਆ। ਵੇ ਤੁਸੀਂ ਦੋ ਮੰਨੀਆਂ ਦੇ ਕੇ ਸਾਰੇ ਜਹਾਨ 'ਚ ਡੰਡ ਪਾਉਂਦੇ ਫਿਰਦੇ ਹੋ, ਅਸੀਂ ਰੋਟੀ ਦਿੰਦੇ, ਰੋਟੀ ਦਿੰਦੇ ਐਂ। ਜੇ ਐਡਾ ਕਰਜ਼ਾ ਉਤਾਰਨਾ ਸਾਡਾ, ਐਡੇ ਸਪੁੱਤਰ ਕਹਾਉਣਾ ਤਾਂ ਉਵੇਂ ਸੰਭਾਲੋ ਜਿਵੇਂ ਅਸੀਂ ਦਿੱਤਾ ਉਵੇਂ ਸਾਡੀ ਫ਼ਿਕਰ ਸਾਡਾ ਮੋਹ ਕਰੋ। ਮੂੰਹ 'ਚ ਬੁਰਕੀਆਂ ਕਿੱਥੇ ਪਾ ਦੇਵੋਗੇ, ਕਦੇ ਦੋ ਵੇਲੇ ਪੁੱਛਿਆ ਕਿ ਬੇਬੇ-ਬਾਪੂ ਰੋਟੀ ਖਾ ਲਈ ਜਾਂ ਨਹੀਂ। ਸਾਰੇ ਟੱਬਰ ਦੇ ਬੋਲ ਕੁਬੋਲ ਤਾਂ ਬੁੜ੍ਹੇ-ਬੁੜ੍ਹੀ ਦੀ ਭੁੱਖ ਉਈਂ ਮਾਰੀ ਰੱਖਦੇ ਐ। ਵੇ ਕਿਹੜੀਆਂ ਰੋਟੀਆਂ ਦਾ ਗੁਮਾਨ ਚੱਕੀ ਫਿਰਦੇ ਤੁਸੀਂ, ਵੇ ਜ਼ਮੀਨਾਂ ਨਾਲ ਰੋਟੀ ਦੀ ਗੱਲ ਕਰਦੇ। ਕਿਹੜੀਆਂ ਦੌਲਤਾਂ ਨਾਲ ਲੈ ਕੇ ਜੰਮੇ ਤੀ। ਜਿਹੜੀਆਂ ਮੈਂ ਹੱਥੀਂ ਰਾੜ ਰਾੜ ਖਵਾਈਆਂ, ਮੈਂ ਤਾਂ ਕਦੇ ਕਿਹਾ ਨਾ ਕਿ ਪੈਸੇ ਜ਼ਮੀਨ ਦੇਵੋ ਪਹਿਲਾਂ, ਫਿਰ ਰੋਟੀ ਦਵਾਈ ਦੇਵਾਵਾਂਗੀ। ਅਸੀਂ ਤਾਂ ਕਿਹਾ ਵੀ ਨ੍ਹੀਂ ਅਸੀਂ ਥੋਡੀ ਖਾਤਰ ਅਰਦਾਸਾਂ ਲਈ ਮੱਥੇ ਟੇਕ ਟੇਕ ਮੱਥੇ ਘਸਾਏ, ਥੋਡੀ ਸਲਾਮਤੀ ਲਈ ਨਹੀਂ ਕਰਿਆ ਵੇ ਅਸੀਂ। ਵੇ ਤੁਸੀਂ ਮੂੰਹ ਕਦੀ ਮੋਹ ਦੇ ਬੋਲ ਨਾ ਬੋਲੇ...ਚੱਲ ਉੱਠ ਸ਼ੇਰੇ ਦੇ ਬਾਪੂ ਜਿਹੜੇ ਰੱਬ ਨੇ ਸਾਜੇ ਉਹੀ ਹੀਲਾ ਕਰੂ, ਜਦ ਏਨ੍ਹਾਂ ਦਾ ਐਨਾ ਕਰ ਸਕਦੇ ਹਾਂ, ਫਿਰ ਆਪ ਦੋ ਵਕਤ ਜੋਗਾ ਵੀ ਨਾ ਕਮਾ ਸਕਾਂਗੇ, ਚਲ ਆਪ ਕਮਾ ਕੇ ਖਾਵਾਂਗੇ...ਚਾਹੇ ਦੋ ਰੋਟੀਆਂ 'ਤੇ ਦਿਹਾੜੀ ਕਰ ਲਈਏ, ਰੋਟੀ ਵੀ ਸਾਂਭੋ ਪੁੱਤ...ਜ਼ਮੀਨਾਂ ਵੀ...", ਕਹਿ ਕੇ ਬੇਬੇ ਬਾਪੂ ਪੰਚਾਇਤੀ ਘਰ ਦੇ ਗੇਟੋਂ ਬਾਹਰ ਹੋ ਗਏ।

***-ਸੁਖਵਿੰਦਰ ਕੌਰ 'ਹਰਿਆਓ'***
***ਫੋਨ: 84274-05492***

# ਮਾਹੀਏ ਦੀ ਚਿੱਠੀ ਵਿਚ ਨਾਂ ਬੋਲਿਆ...



**ਕਲਾ ਪਰਿਕਰਮਾ**

'ਮਾਹੀਆ' ਭਾਵੇਂ ਅਜੋਕੇ ਸਮੇਂ ਵਿਚ ਜ਼ਿਆਦਾ ਪ੍ਰਚੱਲਿਤ ਨਹੀਂ ਹੈ ਪਰ ਪੰਜਾਬੀ ਲੋਕ-ਕਾਵਿ ਵਿਚ ਇਸ ਦਾ ਅਹਿਮ ਸਥਾਨ ਹੈ। ਮਾਹੀਆ ਵਧੇਰੇ ਕਰ ਕੇ ਪੱਛਮੀ ਪੰਜਾਬ ਵਿਚ ਬਹੁਤ ਪ੍ਰਚੱਲਿਤ ਰਿਹਾ ਹੈ। ਮਾਹੀਏ ਨੂੰ ਆਮ ਤੌਰ 'ਤੇ ਇਸਤਰੀਆਂ ਅਤੇ ਬਾਲੋ ਨੂੰ ਮਰਦ ਗਾਉਂਦੇ ਹਨ। ਮਾਹੀਆ ਤਿੰਨ ਸਤਰਾਂ ਦਾ ਕਾਵਿ ਰੂਪ ਹੈ। ਇਹ ਛੋਟੇ ਆਕਾਰ ਦਾ ਦੋ ਸਤਰਾਂ ਦਾ ਗੀਤ ਹੁੰਦਾ ਹੈ। ਇਸ ਦੀ ਪਹਿਲੀ ਸਤਰ ਦੂਜੀ ਸਤਰ ਨਾਲੋਂ ਅੱਧੀ ਹੁੰਦੀ ਹੈ। ਜੇ ਦੂਜੀ ਲੰਮੀ ਤੁਕ ਨੂੰ ਦੋ ਸਤਰਾਂ ਵਿਚ ਲਿਖ ਦਿੱਤਾ ਜਾਵੇ ਤਾਂ ਇਹ ਤਿੰਨ ਸਤਰਾਂ ਦਾ ਗੀਤ ਬਣ ਜਾਂਦਾ ਹੈ। ਆਮ ਤੌਰ 'ਤੇ ਸਭ ਤੋਂ ਮੂਹਰਲੀ ਸਤਰ ਤੁਕਾਂਤ ਮੇਲਣ ਲਈ ਹੀ ਹੁੰਦੀ ਹੈ ਪਰ ਕਈ ਵਾਰ ਇਨ੍ਹਾਂ ਵਿਚੋਂ ਵੀ ਕੋਈ ਭਾਵ ਪ੍ਰਗਟ ਹੁੰਦਾ ਹੈ। ਮਾਹੀਏ ਵਿਚ ਆਮ ਤੌਰ 'ਤੇ ਪਿਆਰ ਵਿਛੋੜੇ ਆਦਿ ਵਿਸ਼ੇ ਹੁੰਦੇ ਹਨ, ਭਾਵ ਪ੍ਰੇਮ ਭਾਵਾਂ ਦੀਆਂ ਨਿੱਕੀਆਂ ਨਿੱਕੀਆਂ ਛੋਹਾਂ, ਮਨ ਦੇ ਉਛਾਲੇ, ਵੇਗ, ਮਨੋਭਾਵ, ਤਾਂਘਾਂ, ਤੜਪਣੀਆਂ ਆਦਿ ਮਾਹੀਏ ਦੇ ਵਿਸ਼ੇ ਹੁੰਦੇ ਹਨ।

**ਹਰਮੀਤ ਸਿਵੀਆਂ**
**ਫੋਨ: +91-80547-57806**

ਭਾਵੇਂ ਮਾਹੀਆ ਅਜੋਕੀ ਗਾਉਣ ਸ਼ੈਲੀ ਵਿਚ ਜ਼ਿਆਦਾ ਪ੍ਰਚੱਲਿਤ ਨਹੀਂ ਹੈ ਪਰ ਅਜੇ ਵੀ ਪੁਰਾਣੇ ਗਾਇਕਾਂ ਦੁਆਰਾ ਗਾਏ ਮਾਹੀਏ ਲੋਕਾਂ ਦੀ ਜ਼ੁਬਾਨ ਉੱਪਰ ਹਨ:

-ਕੋਠੇ 'ਤੇ ਕਿੱਲ ਮਾਹੀਆ
ਲੋਕਾਂ ਦੀਆਂ ਰੋਣ ਅੱਖੀਆਂ
ਸਾਡਾ ਰੋਂਦਾ ਏ ਦਿਲ ਮਾਹੀਆ।
-ਕੋਠੇ 'ਤੇ ਗਲਾਸੀ ਏ।
ਆਏ ਦੀਆਂ ਲੱਖ ਖ਼ੁਸ਼ੀਆਂ
ਤੁਰ ਗਏ ਦੀ ਉਦਾਸੀ ਏ।

ਆਮ ਤੌਰ 'ਤੇ ਮਾਹੀਏ ਦੇ ਵਿਸ਼ਿਆਂ ਵਿਚ ਕਿਸੇ ਨਿਮਾਣੀ ਦੇ ਆਪਣੇ ਮਾਹੀਏ ਦੇ ਵਿਛੜੇ ਹੋਣ 'ਤੇ ਆਪਣੀ ਬੇਵਸੀ ਦੇ ਪ੍ਰਗਟਾਵੇ ਦਾ ਜ਼ਿਕਰ ਹੁੰਦਾ ਹੈ:

-ਕੋਠੇ 'ਤੇ ਕਾਂ ਮਾਹੀਆ
ਕਈ ਵਾਰ ਆਖਿਆ ਸੀ
ਪਰਦੇਸ ਨਾ ਜਾ ਮਾਹੀਆ।
-ਸਾਵੇਂ ਨੇ ਰੁੱਖ ਮਾਹੀਆ
ਗ਼ਮਾਂ ਦੀਆਂ ਪੀਂਘਾਂ ਪੈ ਗਈਆਂ
ਲਾਰੇ ਦਿੰਦੇ ਨੇ ਦੁੱਖ ਮਾਹੀਆ।

ਕਈ ਮਾਹੀਏ ਅਜਿਹੇ ਹਨ ਜਿਨ੍ਹਾਂ ਵਿਚ ਇੱਕ ਧਿਰ ਦੂਜੀ ਧਿਰ ਪ੍ਰਤੀ ਨਿਹੋਰੇ ਅਤੇ ਗਿਲੇ ਸ਼ਿਕਵੇ ਪ੍ਰਗਟ ਕਰਦੀ ਹੈ:

ਕੌਲੇ ਵਿਚ ਦਹੀਂ ਮਾਹੀਆ
ਉੱਜੜਦਾ ਉੱਜੜ ਗਿਆ
ਤੂੰ ਵੀ ਮਿਲਣ ਤੇ ਨਹੀਂ ਆਇਆ।

ਮਾਹੀਏ ਦੇ ਵਿਸ਼ਿਆਂ ਵਿਚ ਕਈ ਵਾਰੀ ਅਜਿਹੇ ਵਿਸ਼ੇ ਆਉਂਦੇ ਹਨ, ਜਿਨ੍ਹਾਂ ਵਿਚ ਸਾਨੂੰ ਪ੍ਰੇਮ ਦੀਆਂ ਕਈ ਗੱਲਾਂ ਤੋਂ ਵਰਜਿਆ ਹੁੰਦਾ ਹੈ, ਕਈਆਂ ਬਾਰੇ ਸਿੱਖਿਆ ਦਿੱਤੀ ਹੁੰਦੀ ਹੈ:

-ਸਿਰ ਚੋਟਾਂ ਲੱਗੀਆਂ ਨੇ
ਅਸਲ ਨਿਭਾਉਂਦੇ ਨੇ
ਨੀਚ ਕਰਦੇ ਠੱਗੀਆਂ ਨੇ।
-ਚਿੱਟਾ ਰੰਗ ਏ ਖੇਸੀ ਦਾ
ਇਨ੍ਹਾਂ ਇੱਥੋਂ ਤੁਰ ਜਾਣਾ
ਕੀ ਮਾਣ ਪ੍ਰਦੇਸੀ ਦਾ।

ਮਾਹੀਏ ਵਿਚ ਪਿਆਰ ਭਾਵਨਾ ਨਾਲ ਸਬੰਧਿਤ ਹਰੇਕ ਪੱਖ ਦਾ ਜ਼ਿਕਰ ਆਉਂਦਾ ਹੈ ਜਿਵੇਂ ਵਿਛੋੜਾ, ਮਿਲਾਪ, ਦਰਦ, ਉਡੀਕ ਆਦਿ ਆਪਣੇ ਪਰਦੇਸੀ ਮਾਹੀਏ ਦੇ ਵਿਯੋਗ ਵਿਚ ਤੜਫਦੀ ਹੋਈ ਉਸ ਦੇ ਮਿਲਾਪ ਲਈ ਕਈ ਤਰ੍ਹਾਂ ਦੇ ਭਾਵ ਪ੍ਰਗਟਾਉਂਦੀ ਹੈ:

ਸ਼ੀਸ਼ੀ ਵਿਚ ਤੇਲ ਹੋਸੀ
ਉਹ ਦਿਨ ਖੁਸ਼ੀਆਂ ਦੇ
ਜਦੋਂ ਸੱਜਣਾਂ ਦਾ ਮੇਲ ਹੋਸੀ।

ਆਪਣੇ ਪਰਦੇਸੀ ਮਾਹੀਏ ਦੇ ਕਿਸੇ ਚਿੱਠੀ-ਪੱਤਰ ਦੇ ਨਾ ਆਉਣ 'ਤੇ ਉਹ ਉਸ ਪ੍ਰਤੀ ਆਪਣੇ ਗਿਲੇ ਸ਼ਿਕਵੇ ਦੇ ਭਾਵ ਨੂੰ ਪ੍ਰਗਟਾਉਂਦੀ ਹੈ:


-ਆਈ ਦੁੱਧ 'ਤੇ ਮਲਾਈ ਏ
ਆਪ ਤਾਂ ਤੂੰ ਆਉਣਾ ਕੀ ਸੀ
ਕੋਈ ਚਿੱਠੀ ਵੀ ਨਾ ਪਾਈ ਏ।
-ਨਿੰਮ ਵਿਹੜੇ ਵਿਚ ਲਾਈ ਏ।
ਦੋਸ਼ ਦੇਵਾਂ ਡਾਕੀਏ ਨੂੰ
ਚਿੱਠੀ ਆਪ ਨਾ ਤੂੰ ਪਾਈ ਏ।

ਇਸੇ ਤਰ੍ਹਾਂ ਉਹ ਪਰਦੇਸੀ ਮਾਹੀਏ ਦੀ ਉਡੀਕ ਕਰਦੀ ਗਿਲੇ-ਸ਼ਿਕਵੇ ਪ੍ਰਗਟ ਕਰਦੀ ਰਹਿੰਦੀ ਹੈ। ਫਿਰ ਜਦੋਂ ਉਸ ਦੀ ਚਿੱਠੀ ਆਉਂਦੀ ਹੈ ਤਾਂ ਉਹ ਖੁਸ਼ੀ ਵਿਚ ਝੂਮ ਉੱਠਦੀ ਹੈ, ਨੱਚਦੀ ਹੈ ਤੇ ਕੁਝ ਅਜਿਹੇ ਭਾਵ ਪ੍ਰਗਟਾਉਂਦੀ ਹੈ:

-ਪੈਰ ਧਰਤੀ 'ਤੇ ਨਾ ਲਾਵਾਂ
ਚਿੱਠੀ ਆਈ ਮਾਹੀਏ ਦੀ
ਚੁੰਮ-ਚੁੰਮ ਕੇ ਕਲੇਜੇ ਲਾਵਾਂ।
-ਕੋਠੇ 'ਤੇ ਕਾਂ ਬੋਲੇ
ਚਿੱਠੀ ਸਾਡੇ ਮਾਹੀਏ ਦੀ
ਵਿਚ ਮੇਰਾ ਨਾਂ ਬੋਲੇ।

ਇਸੇ ਹੀ ਤਰ੍ਹਾਂ ਮਾਹੀਆ ਸਾਡੇ ਪੰਜਾਬੀ ਸੱਭਿਆਚਾਰ ਅੰਦਰ ਆਉਂਦੇ ਹਰ ਪ੍ਰੇਮ ਭਾਵਾਂ ਦੇ ਪੱਖ ਨੂੰ ਪ੍ਰਗਟਾਉਂਦਾ ਹੈ। ਮਾਹੀਆ ਸਾਡੀ ਅਜੋਕੀ ਗਾਉਣ ਸ਼ੈਲੀ ਵਿਚੋਂ ਲੋਪ ਹੋ ਰਿਹਾ ਹੈ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਮਾਹੀਆ ਸਾਡੇ ਪੰਜਾਬੀ ਲੋਕ-ਕਾਵਿ ਦਾ ਮਹੱਤਵਪੂਰਨ ਕਾਵਿ-ਰੂਪ ਹੈ।





*ਮਾਹੀਏ ਦੀ ਉਡੀਕ: ਤਿੰਨ ਵੱਖ-ਵੱਖ ਚਿੱਤਰਕਾਰਾਂ ਦੀ ਨਜ਼ਰ ਵਿਚ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਨਵੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-561



**ਸਿੱਖ ਗਿਆ ਹੈ ਕਰਨਾ ਸਿਜਦਾ, ਇਨਸਾਨ ਤੋਂ ਹੈਵਾਨ ਵੀ,
ਧਰਮ ਦੇ ਨਾਲ਼ ਧਰਮ ਹੈ ਲੜਦਾ, ਚੁੱਪ ਕਿਉਂ ਭਗਵਾਨ ਵੀ।
ਨਫ਼ਰਤ ਦੀ ਕੰਧ ਖੜ੍ਹੀ ਹੈ ਕਿਉਂ, ਹੋਏ ਬੰਦਾ ਬੇਈਮਾਨ ਵੀ,
ਝੂਠ ਦੇ ਹੱਥੋਂ ਅੱਜ ਸੱਚ ਹਾਰੇ ਕਿਉਂ, ਕੁਤਬ ਪੜ੍ਹੇ ਸ਼ੈਤਾਨ ਵੀ।**

### ਕੈਪਸ਼ਨ ਮੁਕਾਬਲਾ-559



ਵਿਚ ਹੜ੍ਹਾਂ ਦੇ ਜੀਣਾ ਔਖਾਂ,
ਚਾਰ ਚੁਫੇਰੇ ਪਾਣੀ ਹੀ ਪਾਣੀ,
ਕਿਤੇ ਗੋਡੇ-ਗੋਡੇ ਗਿੱਟੇ-ਗਿੱਟੇ,
ਕਿਤੇ ਚੜ੍ਹਿਆ ਲੱਕ ਲੱਕ ਤਾਣੀ।
ਹੜ੍ਹਦੇ ਡੁੱਬਦੇ ਕੋਠੇ ਕੱਚੇ-ਪੱਕੇ,
ਜੀਵ ਜੰਤੂ,ਪਰਿੰਦੇ ਅਤੇ ਪ੍ਰਾਣੀ,
ਪਰ ਪੜ੍ਹਾਈ ਦੇ ਸੱਚੇ ਆਸ਼ਕ,
ਪੁੱਤਰ ਨੂੰ ਪੜ੍ਹਾਉਣ ਦੀ ਠਾਣੀ।
***-ਸੇਵਾ ਸਿੰਘ ਨੂਰਪੁਰੀ।***

---

ਮਾਪੇ ਰਲ-ਮਿਲ
ਔਲਾਦ ਲਈ ਕੀ ਨ੍ਹੀਂ ਕਰਦੇ,
ਬੇਸ਼ੱਕ ਮਮਤਾ
ਤਿਲ ਤਿਲ ਕਰਕੇ ਹੈ ਮਰਦੀ।
ਪਿਓ ਛੱਡਣ ਚੱਲਿਆ ਸਕੂਲ ਪੁੱਤਰ ਨੂੰ,
ਪੈਂਡਿਆਂ ਵਿਚ ਨਾ ਮਿਲੇ ਕੋਈ ਦਰਦੀ।
ਗਰੀਬ ਨੂੰ ਹਰ ਕਦਮ 'ਤੇ
ਰੁਕਾਵਟਾਂ ਰੋਕਣ,
ਬੱਚਿਆਂ ਦੀ ਕਾਮਯਾਬੀ ਬਣਦੀ ਹਮਦਰਦੀ।
ਟਿੱਬੇ ਨਦੀਆਂ ਪਾਰ ਕਰਨਾ ਰੋਜ਼ ਦਾ ਕੰਮ,
ਬੱਚਿਆਂ ਤੋਂ ਮਿਲਦੀ ਦਲੇਰੀ
ਜਾਵੇ ਵਾਟਾਂ ਨੂੰ ਵੱਢਦੀ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ : 98784-69639***

---

ਹਰ ਮਾਪਾ ਹੈ ਇਹੋ ਚਾਹੁੰਦਾ,
ਉਸਦਾ ਬੱਚਾ ਪੜ੍ਹ ਲਿਖ ਜਾਵੇ।
ਲੱਖ ਮੁਸੀਬਤਾਂ ਸਹਿ ਕੇ ਵੀ ਉਹ
ਉਸਦੇ ਤਾਈਂ ਸਕੂਲ ਪੁਚਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

ਅਨਪੜ੍ਹਤਾ ਦਾ ਦੈਂਤ ਹੈ ਭੈੜਾ,
ਵੱਢ ਵੱਢ ਜਿਸ ਨੂੰ ਖਾਂਦਾ
ਇਸਦੇ ਦੁੱਖ ਦਾ ਪਤਾ ਉਸੇ ਨੂੰ,
ਜਿਸਦੇ ਹੱਡੀਂ ਰਚ ਜਾਂਦਾ।
ਸਾਈਕਲ ਪਿੱਛੇ ਬਿਠਾਇਆ ਪੁੱਤ ਨੂੰ
ਮੋਢੇ ਬਸਤਾ ਪਾ ਕੇ
ਘਰ ਦੀਆਂ ਗਰਜਾਂ ਅੱਤ ਗਰੀਬੀ,
ਜਾਊਂ ਦਿਹਾੜੀ ਆ ਕੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***(ਕੈਲੀਫੋਰਨੀਆ)***
***ਫੋਨ: 1-925-325-2486***

---

ਗੋਡੇ ਗੋਡੇ ਪਾਣੀ ਚਿੱਕੜ ਗਾਰਾ
ਟੁੱਟੀਆਂ ਸੜਕਾਂ, ਪਗਡੰਡੀਆਂ
ਬਾਲਕ ਦਾ ਸਕੂਲ ਜਾਣਾ ਜ਼ਰੂਰੀ
ਦੇਖੋ ਕੁਰਬਾਨੀ ਬਾਪ ਦੀ।
ਬਿਠਾ ਬੱਚੇ ਨੂੰ ਸਾਈਕਲ 'ਤੇ
ਕਰ ਮੁਕਾਬਲਾ, ਝੱਖੜ ਤੂਫ਼ਾਨਾਂ ਦਾ,
ਰੋਜ਼ ਸਕੂਲ ਛੱਡ, ਲੈ ਕੇ ਆਉਂਦਾ
ਮੁਸ਼ਕਲ ਰਸਤਾ ਨਹੀਂ ਰੋਕਦੀ
ਹੱਲ ਦਸਦੀ
ਕਿੰਝ ਕਰੋਪੀਆਂ 'ਤੇ ਕਾਬੂ ਪਾਉਣਾ।
ਜੇ ਨੁਕਸਾਨ ਹੈ ਤਾਂ ਫਾਇਦਾ ਵੀ ਹੈ
ਚੱਲਾਂ ਤਾਂ ਭਿੱਜੇ ਕੰਬਲੀ
ਰਹਾਂ ਤਾਂ ਟੁੱਟੇ ਨੇਹੁ।
***-ਦਰਸ਼ਨ ਪਾਲ ਦੋਸਾਂਝ***

*Visit us on the web:* ***www.punjabtimesusa.com***

# ਸੋਸ਼ਲ ਮੀਡੀਆ ਦੀ ਨਕਾਰਾਤਮਕ ਭੂਮਿਕਾ

**ਇੰਜ. ਈਸ਼ਰ ਸਿੰਘ**
**ਫੋਨ: 647 640 2014**



ਅੱਜ ਦੀ ਅਭੂਤ-ਪੂਰਵ ਪਦਾਰਥਕ ਤਰੱਕੀ ’ਚ ਤਕਨੌਲੋਜੀ ਦੀ ਭੂਮਿਕਾ ਮੁੱਖ ਰਹੀ ਹੈ। ਇਸ ਦੇ ਸਦਕਾ ਹੀ ਅਸੀਂ ਇੰਨਾ ਸੁਖਮਈ ਜੀਵਨ ਜਿਊਂ ਰਹੇ ਹਾਂ ਜਿੰਨਾ ਕਿ ਦੋ-ਢਾਈ ਸੌ ਸਾਲ ਪਹਿਲਾਂ ਰਾਜਿਆਂ-ਰਾਣਿਆਂ ਨੂੰ ਵੀ ਨਸੀਬ ਨਹੀਂ ਸੀ। ਪਰ ਅਚੰਭਾ ਇਹ ਹੈ ਕਿ ਸਾਡੇ ਇਹ ਸੁਖ ਸਾਨੂੰ ਅੰਤਰੀਵੀ ਖੁਸ਼ੀਆਂ ਨਹੀਂ ਦੇ ਸਕੇ। ਇਸ ਦੇ ਦੋ ਕਾਰਨ ਹਨ: ਪਹਿਲਾ ਮਨੁੱਖੀ ਸੁਭਾਅ ਅਤੇ ਦੂਜਾ ਤਕਨੌਲੋਜੀ ਦੇ ਅਣ-ਕਿਆਸੇ ਨਕਾਰਾਤਮਕ ਪ੍ਰਭਾਵ। ਇਨ੍ਹਾਂ ਕਰ ਕੇ ਲਗਭੱਗ ਹਰ ਤਕਨੌਲੋਜੀ ਲਾਭਕਾਰੀ ਹੋਣ ਦੇ ਨਾਲ਼-ਨਾਲ਼ ਮਨੁੱਖ ਲਈ ਜੰਜਾਲ਼ ਵੀ ਬਣ ਜਾਂਦੀ ਹੈ ਅਤੇ ਇਸ ਵਾਸਤੇ ਵੱਧ ਦੋਸ਼ੀ ਓਹ ਖ਼ੁਦ ਹੈ। ਤਕਨੌਲੋਜੀ ਦੇ ਨਕਾਰਾਤਮਕ ਪ੍ਰਭਾਵਾਂ ਦਾ ਤੋੜ ਲੱਭ ਕੇ, ਇਸ ਨੂੰ ਨਿਰਪੇਖਤਾ ਨਾਲ਼ ਸਰਬ-ਸਾਂਝੀ ਭਲਾਈ ਲਈ ਵਰਤਣ ਦੀ ਬਜਾਇ ਇਜ਼ਾਰੇਦਾਰ ਇਸ ਨੂੰ ਆਮ ਪਬਲਿਕ ਦੇ ਸੋਸ਼ਣ ਵਾਸਤੇ ਵਰਤਦੇ ਰਹੇ ਹਨ। ਸੋਸ਼ਲ ਮੀਡੀਆ ਦੀ ਤਕਨੌਲੋਜੀ ਨਾਲ਼ ਵੀ ਅੱਜ ਓਹੀ ਵਰਤਾਰਾ ਵਰਤ ਰਿਹਾ ਹੈ। ਇਸੇ ਕਰਕੇ ਮਨੁੱਖ ਦੀ ਤਰੱਕੀ ’ਚ ਅਹਿਮ ਯੋਗਦਾਨ ਪਾਉਣ ਦੇ ਬਾਵਜੂਦ, ਅੱਜ ਸੰਸਾਰ ’ਚ ਸੋਸ਼ਲ ਮੀਡੀਆ ਦੀ ਨਕਾਰਾਤਮਕ ਭੂਮਿਕਾ ਬਾਰੇ ਹੀ ਵੱਧ ਚਰਚਾ ਹੋ ਰਹੀ ਹੈ। ਸਭ ਨੂੰ ਇਹ ਆਭਾਸ ਤਾਂ ਹੈ ਕਿ ਇਹ ਮਾਨਸਿਕ ਸਿਹਤ, ਬੱਚਿਆਂ ਦੇ ਭਵਿੱਖ ਅਤੇ ਸਾਡੇ ਰਾਜਨੀਤਕ ਢਾਂਚੇ ਸਣੇ, ਜੀਵਨ ਦੇ ਅਨੇਕ ਪੱਖਾਂ ਵਾਸਤੇ ਹਾਨੀਕਾਰਕ ਹੈ, ਪਰ ਇਹ ਜਾਣਕਾਰੀ ਨਹੀਂ ਕਿ ਇਸ ਵਲੋਂ ਕੀਤਾ ਜਾ ਰਿਹਾ ਨੁਕਸਾਨ ਸਾਡੇ ਕਿਆਸ ਤੋਂ ਕਿਤੇ ਵੱਧ ਹੈ। ਫੇਸ-ਬੁੱਕ, ਟਵਿੱਟਰ, ਯੂ-ਟਿਊਬ ਅਤੇ ਬਾਕੀ ਸੋਸ਼ਲ ਮੀਡੀਆ ‘ਤੇ ਕਾਬਜ਼ ਕੰਪਨੀਆਂ ਮਨੁੱਖ ਦੀਆਂ ਮਨੋ-ਵਿਗਿਆਨਕ, ਨਿਜੀ ਅਤੇ ਸਮੂਹਿਕ ਕਮਜ਼ੋਰੀਆਂ ਅਤੇ ਮਜਬੂਰੀਆਂ ਦਾ ਨਾਜਾਇਜ਼ ਲਾਹਾ ਲੈ ਰਹੀਆਂ ਹਨ ਅਤੇ ਆਪਣੇ ਇਜ਼ਾਰੇਦਾਰ-ਮਾਲਕਾਂ ਨੂੰ ਅਮੀਰ ਅਤੇ ਤਾਕਤਵਰ ਬਣਾ ਰਹੀਆਂ ਹਨ। ਇਸ ਦੀ ਇੱਕ ਉਦਾਹਰਣ, ਮਹਾਂਮਾਰੀ ਦੌਰਾਨ ਅਫਵਾਹਾਂ ਫੈਲਾ ਕੇ ਪੈਦਾ ਕੀਤੀ ਬਦ-ਇੰਤਜ਼ਾਮੀ ਨੂੰ, ਧਨ ਇਕੱਠਾ ਕਰਨ ਵਾਸਤੇ ਵਰਤਿਆ ਜਾਣਾ ਹੈ ਅਤੇ ਦੂਜੀ, 2020 ਦੀਆਂ ਅਮਰੀਕੀ ਚੋਣਾਂ ਤੋਂ ਬਾਅਦ ਦੀ ਗੜਬੜ ਹੈ। ਇਹ ਸਭ ਸੋਸ਼ਲ ਮੀਡੀਆ ਰਾਹੀਂ ਹੀ ਸੰਭਵ ਹੋ ਸਕਿਆ ਸੀ।

ਆਪਣੇ ਮਾਇਕ ਲਾਭਾਂ ਵਾਸਤੇ ਇਹ ਕੰਪਨੀਆਂ ਇਕੱਲੀਆਂ-ਇਕੱਲੀਆਂ ਅਤੇ ਆਪਸੀ ਮੇਲ-ਜੋਲ ਨਾਲ਼ ਖਾਸ ਤਰ੍ਹਾਂ ਦੇ ਪ੍ਰੋਗਰਾਮ ਬਣਾ ਕੇ ਸਾਡੇ ਸਮਾਜਾਂ, ਧਰਮਾਂ ਅਤੇ ਰਾਜਨੀਤੀ ਦਾ ਧਰੁਵੀਕਰਨ ਕਰ ਰਹੀਆਂ ਹਨ। ਆਮ ਵਰਤੋਂ-ਕਾਰ (ਯੂਜ਼ਰ) ਦੀ ਸੋਚਣੀ ਨੂੰ ਅੱਤ ਵਲ ਲਿਜਾ ਰਹੀਆਂ ਅਤੇ ਉਸ ਦੀ ਵਿਚਾਰਧਾਰਾ ਨੂੰ ਦੋ-ਫਾੜ ਕਰ ਰਹੀਆਂ ਹਨ। ਅੱਜ ਬਹੁਤਿਆਂ ਦੀ ਸੋਚਣੀ ਇੱਕ-ਪਾਸੜ ਹੋ ਚੁੱਕੀ ਹੈ। ਉਨ੍ਹਾਂ ਨੂੰ ਸਿਰਫ ਸਫ਼ੈਦ ਜਾਂ ਕਾਲ਼ੇ ਦੀ ਹੀ ਪਛਾਣ ਰਹਿ ਗਈ ਹੈ ਜਦ ਕਿ ਦੁਨੀਆ ਬਹੁ-ਰੰਗੀ ਹੈ; ਬਲਕਿ ਇਕ-ਇਕ ਰੰਗ ਦੇ ਅੱਗੇ ਅਨੇਕਾਂ ਭਾਹ ਹਨ। ਓਹ ਖ਼ੁਦ ਤਾਂ ਇਸ ਬਹੁ-ਰੰਗੇ ਸੰਸਾਰ ਦੀ ਅਨੇਕਤਾ ਦਾ ਅਨੰਦ ਮਾਣਨ ਤੋਂ ਵਾਂਝੇ ਰਹਿ ਹੀ ਰਹੇ ਹਨ, ਬਲਕਿ ਹੋਰਾਂ ਲਈ ਵੀ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਸੋਸ਼ਲ ਮੀਡੀਆ ਲਾਭਕਾਰੀ ਇੰਟਰਨੈਟ ਦਾ ਸਾਧਨ ਨਾ ਰਹਿ ਕੇ ਐਸੀਆਂ ਖ਼ਬਰਾਂ ਅਤੇ ਸੂਚਨਾਵਾਂ ਦਾ ਸਾਧਨ ਬਣ ਗਿਆ ਹੈ, ਜੋ ਤੋੜੀਆਂ-ਮਰੋੜੀਆਂ, ਕੱਚ-ਘਰੜ ਅਤੇ ਕਾਰਸਤਾਨੀਆਂ-ਯੁਕਤ ਹਨ। ਇਸ ਰਾਹੀਂ ਇੱਕ ਐਸਾ ਸੰਸਾਰ ਸਿਰਜਿਆ ਜਾ ਰਿਹਾ ਹੈ ਜਿਸ ’ਚ ਇਨਸਾਨ ਨਿੱਗਰ ਯਥਾਰਥਕ ਵਿਚਾਰਧਾਰਾਵਾਂ ਦੀ ਬਜਾਇ ਗਲਤ ਸੂਚਨਾਵਾਂ, ਨਫ਼ਰਤ, ਗੁੱਸੇ ਅਤੇ ਡਰ ਦੇ ਆਧਾਰ ‘ਤੇ ਵੰਡਿਆ ਜਾ ਰਿਹਾ ਐ। ਅੱਜ ਮਨੋ-ਧਾਰਨਾਵਾਂ ਅਤੇ ਗਲਪ ਦੀ ਜੁੰਡਲੀ ਇਸ (ਮੀਡੀਆ) ਨੂੰ ਹਥਿਆਰ ਬਣਾ ਕੇ, ਸਚਾਈ ਅਤੇ ਯਥਾਰਥ ਨੂੰ ਦਬਾਉਣ ਲੱਗੀ ਹੋਈ ਹੈ।

ਸਾਨੂੰ, ਨਾ ਤਾਂ ਸੋਸ਼ਲ ਮੀਡੀਆ ਦੀਆਂ ਕੰਪਨੀਆਂ ਵਲੋਂ ਵਰਤੇ ਜਾ ਰਹੇ ਕੋਝੇ ਤਰੀਕਿਆਂ ਦੀ ਸਮਝ ਆ ਸਕਦੀ ਹੈ ਅਤੇ ਨਾ ਹੀ ਇਨ੍ਹਾਂ ਵਲੋਂ ਕੀਤੇ ਜਾ ਰਹੇ ਨੁਕਸਾਨਾਂ ਦਾ ਪਤਾ ਲੱਗ ਸਕਦਾ ਹੈ। ਅਸੀਂ ਸਮਝੀ ਬੈਠੇ ਹਾਂ ਕਿ ਇਹ (ਮੀਡੀਆ) ਸਾਨੂੰ ਸਿਰਫ ਨਿਜੀ, ਪਰਿਵਾਰਕ ਜਾਂ ਸਮਾਜਿਕ ਪੱਖੋਂ ਹੀ ਪ੍ਰਭਾਵਿਤ ਕਰ ਰਿਹਾ ਹੈ ਜਦ ਕਿ ਅਸਲ ’ਚ ਇਹ ਸੰਸਾਰ-ਵਿਆਪੀ ਵਰਤਾਰਾ ਹੈ। ਸਾਡੇ ਭੁਲੇਖੇ ਨੂੰ ਅਮਰੀਕਾ ਦੇ ਹਰਮਨ-ਪਿਆਰੇ ਰਾਸ਼ਟਰਪਤੀਆਂ ’ਚ ਗਿਣੇ ਜਾਣ ਵਾਲ਼ੇ, ਬਰਾਕ ਓਬਾਮਾ ਦੂਰ ਕਰਦੇ ਹਨ। 21 ਅਪ੍ਰੈਲ, 2022 ਨੂੰ ਅਮਰੀਕਾ ਦੇ ਅੱਡ-ਅੱਡ ਖੇਤਰਾਂ ਦੇ ਚੋਟੀ ਦੇ ਮਾਹਿਰਾਂ ਅਤੇ ਬੁੱਧੀ-ਜੀਵੀਆਂ ਦੀ ਇਕੱਤਰਤਾ ਸਾਮ੍ਹਣੇ ਦਿੱਤੇ ਆਪਣੇ ਭਾਸ਼ਣ ਵਿੱਚ ਉਨ੍ਹਾਂ ਕਿਹਾ, “ਮੇਰੇ ਰਾਜ-ਪ੍ਰਬੰਧ ਸਮੇਂ ਕੋਈ ਵੀ ਇਸ ਗੱਲ ਤੋਂ ਅਣਜਾਣ ਨਹੀਂ ਸੀ ਕਿ ਰੂਸ ਸਾਡੀਆਂ (2016 ਦੀਆਂ) ਚੋਣਾਂ ‘ਚ ਦਖ਼ਲ ਦੇਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਓਹ ਇਹ ਕੰਮ ਕਈ ਸਾਲਾਂ ਤੋਂ ਕਰ ਰਿਹਾ ਸੀ ਅਤੇ ਇਸ ਵਾਸਤੇ ਓਹ ਸੋਸ਼ਲ ਮੀਡੀਏ ਦੀ ਪੂਰੀ ਵਰਤੋਂ ਕਰ ਰਿਹਾ ਸੀ। ਚੋਣਾਂ ਤੋਂ ਪਹਿਲਾਂ ਮੈਂ ਖੁਫ਼ੀਆ ਵਿਭਾਗ ਦੇ ਪ੍ਰਮੁੱਖ ਅਫਸਰਾਂ ਨੂੰ ਹਦਾਇਤ ਕੀਤੀ ਸੀ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਪਰੈੱਸ ਅਤੇ ਪਬਲਿਕ ’ਚ ਬੇ-ਨਕਾਬ ਕੀਤਾ ਜਾਵੇ। ਪਰ ਓਸ ਸਮੇਂ ਮੈਂ ਇਸ ਗੱਲ ਦੀ ਗੰਭੀਰਤਾ ਨੂੰ ਨਹੀਂ ਸਮਝ ਸਕਿਆ। ਮੈਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਅਤੇ ਪਛਤਾਵਾ ਹੈ, ਅਤੇ ਇਹ ਮੇਰੀ ਅਸਫਲਤਾ ਹੈ। ਮੈਂ ਅੰਦਾਜ਼ਾ ਹੀ ਨਹੀਂ ਲਾ ਸਕਿਆ ਕਿ ਫੈਲਾਈਆਂ ਜਾ ਰਹੀਆਂ ਅਫਵਾਹਾਂ ਅਤੇ ਬਣਾਈਆਂ ਜਾ ਰਹੀਆਂ ਖੜਯੰਤਰ-ਸਕੀਮਾਂ ਸਾਡੀ ਪਰਜਾ-ਤੰਤਰੀ ਪ੍ਰਣਾਲੀ ’ਤੇ ਕਿੰਨਾ ਮਾੜਾ ਪ੍ਰਭਾਵ ਪਾਉਣਗੀਆਂ; ਬਾਵਜੂਦ ਇਸ ਦੇ ਕਿ ਮੈਂ ਖ਼ੁਦ ਇਸ ਤਰ੍ਹਾਂ ਦੇ ਭੰਡੀ-ਪ੍ਰਚਾਰ ਦਾ ਸਾਲਾਂ-ਬੱਧੀ ਸ਼ਿਕਾਰ ਰਹਿ ਚੁੱਕਿਆ ਸੀ।”

ਮਿ. ਓਬਾਮਾ ਇਸ ਤਕਨੌਲੋਜੀ ਨੂੰ ਬਾਹਰੀ ਦੁਸ਼ਮਣਾਂ ਨੂੰ ਦਬਾਉਣ ਵਾਸਤੇ ਤਾਂ ਕਾਰਗਰ ਤਰੀਕੇ ਨਾਲ਼ ਵਰਤ ਸਕੇ, ਪਰ ਦੇਸ਼ ਅੰਦਰ ਪਨਪ ਰਹੀ ਸੋਸ਼ਲ ਮੀਡੀਏ ਦੀ ਅਮਰ-ਵੇਲ ਤੋਂ ਅਵੇਸਲ਼ੇ ਰਹੇ। ਇਹ ਉਕਾਈ ਇਕੱਲੇ ਅਮਰੀਕਾ ਨੇ ਹੀ ਨਹੀਂ ਕੀਤੀ, ਬਲਕਿ ਬਹੁਤੇ ਦੇਸ਼ਾਂ ਨੇ ਕੀਤੀ ਹੈ। ਮਿ. ਓਬਾਮਾ ਵਰਗੀ ਸੁਹਿਰਦ ਹਸਤੀ ਅਤੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਦੀਆਂ ਉਦਾਹਰਣਾਂ ਖਾਸ ਤੌਰ ‘ਤੇ ਲਈਆਂ ਗਈਆਂ ਹਨ। ਇਨ੍ਹਾਂ ਤੋਂ ਹਿਸਾਬ ਲਾਇਆ ਜਾ ਸਕਦਾ ਹੈ ਕਿ ਸੰਸਾਰ ਦੇ ਹੋਰ ਦੇਸ਼ਾਂ ’ਚ ਸੋਸ਼ਲ ਮੀਡੀਆ ਦੀਆਂ ਕੰਪਨੀਆਂ ਕਿਵੇਂ ਸਰਕਾਰੀ ਨਿਯੰਤਰਣਾਂ ਤੋਂ ਬੇ-ਖ਼ੌਫ਼ ਮਨ-ਆਈਆਂ ਕਰ ਰਹੀਆਂ ਹੋਣਗੀਆਂ। ਨਿਰ-ਸੰਦੇਹ ਚੀਨ ਅਤੇ ਯੂਰਪੀ ਯੂਨੀਅਨ ਨੇ ਮੀਡੀਏ ਨੂੰ ਨਿਯੰਤਰਣ ਕਰਨ ’ਚ ਸ਼ਲਾਘਾ-ਯੋਗ ਕੰਮ ਕੀਤਾ ਹੈ।

ਜ਼ਿਕਰਯੋਗ ਹੈ ਕਿ ਮਿ. ਓਬਾਮਾ ਖ਼ੁਦ ਸੋਸ਼ਲ ਮੀਡੀਆ ਦੇ ਵੱਡੇ ਪ੍ਰਸ਼ੰਸਕ ਅਤੇ ਹਮਾਇਤੀ ਰਹੇ ਹਨ। ਉਨ੍ਹਾਂ ਨੇ ਇਥੋਂ ਤੱਕ ਸਵੀਕਾਰ ਕੀਤਾ ਹੈ ਕਿ ਮੇਰੇ ਵਰਗੇ ਪਿਛੋਕੜ ਦੇ ਬੰਦੇ ਦੀ ਜਿੱਤ, ਮੀਡੀਆ ਦੀ ਤਕਨਾਲੌਜੀ ਕਰ ਕੇ ਹੀ ਸੰਭਵ ਹੋ ਸਕੀ। ਪਰ ਅੱਜ ਓਹ ਇਸ ਨੂੰ ਕੋਸ ਅਤੇ ਸੁਧਰਨ ਵਾਸਤੇ ਖ਼ਬਰਦਾਰ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਧੁਨਿਕ ਇੰਟਰਨੈਟ ਦਾ ਮਹਾਂਜਾਲ ਸਰਕਾਰਾਂ ਨੂੰ ਕਮਜ਼ੋਰ ਕਰਨ ਵਾਲ਼ੇ ਸਭ ਤੋਂ ਵੱਡੇ ਕਾਰਨਾਂ ’ਚੋਂ ਇੱਕ ਹੈ ਅਤੇ ਮਨੁੱਖਤਾ ਦੀਆਂ ਨੀਚਤਮ-ਬਿਰਤੀਆਂ ਨੂੰ ਪੁਰ-ਜ਼ੋਰ ਢੰਗ ਨਾਲ਼ ਉਤੇਜਿਤ ਕਰ ਰਿਹਾ ਹੈ। ਆਪਣੇ ਭਾਸ਼ਣ ’ਚ ਮਿ. ਓਬਾਮਾ ਨੇ ਕੋਈ ਨਵਾਂ ਮੁੱਦਾ ਨਹੀਂ ਉਠਾਇਆ ਕਿਉਂਕਿ ਇਨ੍ਹਾਂ ਸਭ ਗੱਲਾਂ ਦਾ ਜਾਣਕਾਰਾਂ ਨੂੰ ਪਹਿਲਾਂ ਹੀ ਪਤਾ ਹੈ। ਪਰ ਉਨ੍ਹਾਂ ਦਾ ਇਹ ਭਾਸ਼ਣ ਇਸ ਗੱਲ ਦਾ ਪ੍ਰਤੀਕ ਹੈ ਕਿ ਹੁਣ ਤੋਂ, ਇਨ੍ਹਾਂ ਕੰਪਨੀਆਂ ਦੀਆਂ ਚਾਲਾਂ ਨੂੰ ਨਾਕਾਮ ਕਰਨਾ, ਉਨ੍ਹਾਂ ਵਾਸਤੇ ਵੀ ਇੱਕ ਮਿਸ਼ਨ ਬਣ ਗਿਆ ਹੈ।

ਆਪਣੇ ਮਨਸੂਬਿਆਂ ਨੂੰ ਢਕਣ ਵਾਸਤੇ ਸੋਸ਼ਲ ਮੀਡੀਆ ਦੀਆਂ ਇਜ਼ਾਰੇਦਾਰੀਆਂ ਦਾ ਪਹਿਲਾ ਮੁੱਖ ਬਹਾਨਾ ਸਵੈ-ਨਿਯੰਤਰਣ (ਸੈਲਫ-ਰੈਗੂਲੇਸ਼ਨ) ਹੈ। ਇਹ ਬਹਾਨਾ ਬਣਾ ਕੇ, ਇਹ ਸਮਾਜ ਅਤੇ ਸਰਕਾਰਾਂ ਦੇ ਅਸੂਲਾਂ-ਰੂਲਾਂ ਤੋਂ ਬਚਣ ’ਚ ਪੂਰੀਆਂ ਸਫਲ ਹਨ। ਅੱਜ ਦੇ ਯੁਗ ਦੀ ਇਹ ਤ੍ਰਾਸਦੀ ਹੈ ਕਿ ਹਰ ਇਜ਼ਾਰੇਦਾਰੀ, ਸਰਕਾਰਾਂ ਦੇ ਨਿਯੰਤਰਣਾਂ ਤੋਂ ਬਚਣ ਲਈ ਸਵੈ-ਨਿਯੰਤਰਣ ਦਾ ਝਾਂਸਾ ਦੇ ਕੇ ਸਰਕਾਰਾਂ ਅਤੇ ਪਬਲਿਕ ਨੂੰ ਗੁਮਰਾਹ ਰਹੀ ਹੈ। ਇਸ ਤਰ੍ਹਾਂ ਇਹ ਕੰਪਨੀਆਂ ਲੋਕ-ਭਲਾਈ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋ ਚੁੱਕੀਆਂ ਹਨ। ਉਲਟਾ ਆਰਥਿਕ ਅਤੇ ਰਾਜਨੀਤਕ ਤਾਕਤ ਹਥਿਆ ਕੇ ਇਹ ਬਰਾਬਰ ਦੀਆਂ ਸਰਕਾਰਾਂ ਬਣ ਬੈਠੀਆਂ ਹਨ। ਇਨ੍ਹਾਂ ਦਾ ਦੂਜਾ ਬਹਾਨਾ ਸੰਵਿਧਾਨ ਵਲੋਂ ਮਿਲੀ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ। ਇਸ ਦੇ ਓਹਲੇ ’ਚ ਇਹ ਭੈੜੇ ਤੋਂ ਭੈੜੇ ਅਨਸਰਾਂ ਨੂੰ ਵੀ ਆਪਣੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦਿੰਦੀਆਂ ਹਨ ਅਤੇ ਅੰਨ੍ਹੀਆਂ ਕਮਾਈਆਂ ਕਰਦੀਆਂ ਹਨ। ਮਿ. ਓਬਾਮਾ ਇਸ ਕਾਨੂੰਨ ਵਿਚ ਸੋਧ ਕਰਨ ਦੇ ਹਾਮੀ ਹਨ। ਪਹਿਲੇ ਸਮਿਆਂ ’ਚ ਨਿਜੀ ਵਿਚਾਰ ਅਤੇ ਧਾਰਨਾਵਾਂ ਦੇ ਪਸਾਰ ਦਾ ਕੰਮ ਔਖਾ ਸੀ। ਪਰ ਹੁਣ ਤਾਂ ਕੋਈ ਵੀ ਆਪਣੀ ਮਨ-ਮਰਜ਼ੀ ਅਤੇ ਆਸਾਨੀ ਨਾਲ਼ ਇਹ ਸਭ ਕਰ ਸਕਦਾ ਹੈ। ਇਸ ਨਾਲ਼ ਚੰਗੀਆਂ ਗੱਲਾਂ ਦੀ ਤੁਲਨਾ ’ਚ ਮੰਦੀਆਂ ਦਾ ਪ੍ਰਚਾਰ-ਪਸਾਰ ਕਿਤੇ ਵੱਧ ਹੋ ਰਿਹਾ ਹੈ। ਸੋਸ਼ਲ ਮੀਡੀਆ ਆਪਣੀ ਕਾਲ਼ੀ ਕਮਾਈ ਵਾਸਤੇ ਇਸ ਜੁਰਮ ’ਚ ਜਾਣ-ਬੁੱਝ ਕੇ ਬਣਿਆ ਭਾਈਵਾਲ ਹੈ। ਸੋਸ਼ਲ ਮੀਡੀਏ ਦੀ ਛਤਰ ਹੇਠ ਜੋ ਖੇਹ-ਸੁਆਹ ਅੱਜ ਸਮਾਜ ਨੂੰ ਪਰੋਸੀ ਜਾ ਰਹੀ ਹੈ ਉਸ ਬਾਰੇ ਕਿਸੇ ਨੂੰ ਕਿਸੇ ਹੋਰ ਤੋਂ ਪੁੱਛਣ ਦੀ ਲੋੜ ਨਹੀਂ।

ਆਸ਼ਾਜਨਕ ਗੱਲ ਇਹ ਹੈ ਕਿ ਸੁਧਾਰ-ਵਾਦੀ ਪਿਛਲੇ ਦੋ ਦਹਾਕਿਆਂ ਤੋਂ ਪਬਲਿਕ ਨੂੰ ਮੀਡੀਆ ਦੀਆਂ ਇਨ੍ਹਾਂ ਕਾਰਸ਼ਤਾਨੀਆਂ ਪ੍ਰਤੀ ਜਾਗਰੂਕ ਕਰ ਰਹੇ ਹਨ। ਓਹ ਕੰਪਨੀਆਂ ਦੇ ਪਾਜ ਉਘੇੜ ਰਹੇ ਹਨ ਕਿ ਇਹ ਮਨੁੱਖਤਾ ਵਿਰੁੱਧ ਕੀ-ਕੀ ਚਾਲਾਂ ਚੱਲ ਰਹੀਆਂ ਹਨ ਅਤੇ ਕਿਵੇਂ ਲੋਕਾਂ ਦੇ ਦਿਲਾਂ-ਦਿਮਾਗਾਂ ’ਚ ਜ਼ਹਿਰ ਭਰ ਰਹੀਆਂ ਹਨ। ਇਹ ਕੋਈ ਸਧਾਰਨ ਬੰਦੇ ਨਹੀਂ ਬਲਕਿ ਇਨ੍ਹਾਂ ਕੰਪਨੀਆਂ ’ਚ ਰਹਿ ਚੁੱਕੇ ਚੋਟੀ ਦੇ ਵਿਸ਼ੇਸ਼ਗ ਹਨ। ਇਸ ਦੀ ਇੱਕ ਉਦਾਹਰਣ ‘ਸੈਂਟਰ ਫਾਰ ਹਿਉਮੇਅਨ ਤਕਨਾਲੋਜੀ’ ਦੇ ਬਾਨੀ ਪ੍ਰਸਿੱਧ ਸੁਧਾਰਵਾਦੀ ‘ਟ੍ਰਿਸਟਨ ਹੈਰਿਸ’ ਹਨ। ਓਹ ਦਸਦੇ ਹਨ ਕਿ ਵਧੀਆ ਕੰਟਰੋਲ-ਰੂਮਾਂ ’ਚ ਬੈਠੇ ਸੌਅ ਕੁ ਬੰਦੇ ਹੀ, ਦੁਨੀਆਂ ਦੇ ਸੈਂਕੜੇ ਕਰੋੜ ਬੰਦਿਆਂ ਦੇ ਧਿਆਨ ਅਤੇ ਮਨੋ-ਭਾਵਾਂ ਨੂੰ ਭਟਕਾਅ, ਭੜਕਾਅ ਅਤੇ ਉਕਸਾਅ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ “ਮੈਂ ਖ਼ੁਦ ਇਸ ਤਰ੍ਹਾਂ ਦੇ ਕੰਟਰੋਲ-ਰੂਮਾਂ ’ਚ ਕੰਮ ਕੀਤਾ ਹੈ”। ਇਨ੍ਹਾਂ ਕੰਪਨੀਆਂ ਦੇ ਕਰਮਚਾਰੀ ਵੀ ਹੁਣ ਸੁਧਾਰਵਾਦੀਆਂ ਨਾਲ ਰਲ਼ ਰਹੇ ਹਨ, ਕਿਉਂਕਿ ਇਹ ਯੂਨੀਅਨ-ਵਾਦ ਨੂੰ ਦਬਾ ਰਹੀਆਂ ਹਨ। ਵੱਧ ਦਲੇਰੀ ਓਹ ਕਰ ਰਹੇ ਹਨ, ਜੋ ਇਨ੍ਹਾਂ ਕੰਪਨੀਆਂ ’ਚ ਕੰਮ ਕਰਦੇ ਹੋਏ, ਇਨ੍ਹਾਂ ਦੇ ਅੰਦਰੂਨੀ ਭੇਦ ਸਰਕਾਰਾਂ ਅਤੇ ਪਬਲਿਕ ਨੂੰ ਦੱਸ ਰਹੇ ਹਨ। ਇਨ੍ਹਾਂ ’ਚ ਫੇਸ-ਬੁੱਕ ’ਚ ਕੰਮ ਕਰ ਚੁੱਕੀ ਫ੍ਰਾਂਸਿਸ ਹਿਉਗਨ ਨਾ ਦੀ ਇੱਕ ਦਲੇਰ ਅਮਰੀਕਨ ਬੀਬੀ ਦਾ ਨਾਓਂ ਜ਼ਿਕਰਯੋਗ ਹੈ।

**ਸੋਸ਼ਲ ਮੀਡੀਆ ਦੇ ਅਨੇਕਾਂ ’ਚੋਂ ਦੋ ਮੁੱਖ ਬੁਰੇ ਪ੍ਰਭਾਵ ਇਹ ਹਨ:**

ਯੋਜਨਾ-ਬੱਧ ਅਤੇ ਸ਼ਿਸਤ-ਬੰਨਵੀਆਂ ਅਫਵਾਹਾਂ ਅਤੇ ਤੋੜੀਆਂ-ਮਰੋੜੀਆਂ ਸੂਚਨਾਵਾਂ:

ਸੋਸ਼ਲ ਮੀਡੀਆ ਸਾਨੂੰ ਓਹੀ ਕੁਛ ਦਿਖਾਉਂਦਾ ਹੈ ਜੋ ਅਸੀਂ ਦੇਖਣਾ ਚਾਹੁੰਦੇ ਹਾਂ। ਉਸ ਨੂੰ ਇਸ ਦਾ ਪਤਾ ਸਾਡੀਆਂ ਪਹਿਲੀਆਂ ਦੇਖਣੀਆਂ ਤੋਂ ਲੱਗ ਜਾਂਦਾ ਹੈ। ਸਾਡੀ ਕੁਦਰਤੀ ਬਿਰਤੀ ਇਸ ਤਰ੍ਹਾਂ ਦੀ ਹੈ ਕਿ ਅਸੀਂ ਓਹੀ ਕੁਛ ਦੇਖਦੇ-ਪੜ੍ਹਦੇ-ਸੁਣਦੇ ਹਾਂ ਜਿਹੜਾ ਸਾਡੀਆਂ ਮੌਜੂਦਾ ਧਾਰਨਾਵਾਂ ਨੂੰ ਬਲ ਦੇਵੇ, ਭਾਵੇਂ ਓਹ ਗਲਤ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਸਾਡੇ ਨੁਕਸ, ਔਗੁਣ, ਕਮਜ਼ੋਰੀਆਂ, ਝੋਰੇ, ਪਛਤਾਵੇ ਸਭ ਓਸੇ ਤਰ੍ਹਾਂ ਹੀ ਕਾਇਮ ਰਹਿੰਦੇ ਹਨ। ਸਾਨੂੰ ਮੌਕਾ ਹੀ ਨਹੀਂ ਮਿਲਦਾ ਕਿ ਅਸੀਂ ਇਨ੍ਹਾਂ ਦੀ ਤੁਲਨਾ ਕਿਸੇ ਚੰਗੀ ਚੀਜ਼ ਨਾਲ਼ ਕਰ ਕੇ ਇਨ੍ਹਾਂ ਦੀ ਦਰੁਸਤੀ ਕਰ ਸਕੀਏ। ਇਹ ਨਹੀਂ ਕਿ ਸਭ ਮੰਦੀਆਂ ਗੱਲਾਂ ਸੋਸ਼ਲ ਮੀਡੀਆ ਨੇ ਹੀ ਪੈਦਾ ਕੀਤੀਆਂ ਹਨ, ਇਹ ਸੰਸਾਰ ’ਚ ਪਹਿਲਾਂ ਵੀ ਸਨ। ਪਰ ਇਸ ਨੇ ਇਨ੍ਹਾਂ ਦੀ ਮਾਤਰਾ, ਪਸਾਰ ਦੀ ਗਤੀ ਅਤੇ ਖੇਤਰ ਨੂੰ ਅੱਤ ਦੀ ਹੱਦ ਤੱਕ ਵਧਾ ਦਿੱਤਾ ਹੈ ਅਤੇ ਇਹ ਸਾਡੇ ਲਈ ਮਾਰੂ ਬਣ ਗਈਆਂ ਹਨ। ਅਮਰੀਕਾ ਦੇ ਪ੍ਰਸਿੱਧ ਡਾਕਟਰ ਐਂਡਰਿਊ ਵ੍ਹੀਲ ਦਾ ਕਹਿਣਾ ਹੈ ਕਿ “ਦਵਾਈ ਅਤੇ ਜ਼ਹਿਰ ’ਚ, ਮਾਤਰਾ ਤੋਂ ਬਗੈਰ ਹੋਰ ਕੋਈ ਫਰਕ ਨਹੀਂ ਹੁੰਦਾ”। ਇਸ ਤਰ੍ਹਾਂ ਸੋਸ਼ਲ ਮੀਡੀਆ ਨੇ ਸਾਡੇ ਵਿਕਾਸ ਅਤੇ ਸੁਧਾਰ ਦੇ ਰਸਤੇ ਬੰਦ ਕਰ ਦਿੱਤੇ ਹਨ।

**ਮਨੁੱਖ ਦੇ ਸਰੀਰਕ ਬਲ ਅਤੇ ਦਿਮਾਗੀ ਸ਼ਕਤੀ ਨੂੰ ਬੇ-ਲੋੜਾ ਬਣਾ ਦੇਣ ਵਾਲ਼ੇ ਜੰਤਰ:**

ਬਦਲੇ ਸਮੇਂ ਨੇ ਗੁੱਲੀ, ਜੁੱਲੀ ਅਤੇ ਕੁੱਲੀ ਦੀਆਂ ਮੁਢਲੀਆਂ ਮਨੁੱਖੀ ਲੋੜਾਂ ਨੂੰ ਨਵਾਂ ਸਰੂਪ ਦਿੱਤਾ ਹੈ। ਅੱਜ ਸਾਡੀਆਂ ਲੋੜਾਂ ਹਨ-ਉਤਪਾਦ (ਸੀਮਿੰਟ, ਲੋਹਾ, ਪਲਾਸਟਿਕ, ਕੱਪੜਾ ਆਦਿ) -ਪੈਦਾਵਾਰ (ਅਨਾਜ, ਮੀਟ, ਦੁੱਧ ਆਦਿ) -ਬਿਜਲੀ -ਆਵਾਜਾਈ। ਸੋਸ਼ਲ ਮੀਡੀਆ ਨੇ, ਸਰੀਰਕ ਬਲ ’ਤੇ ਨਿਰਭਰ ਪਰ ਮਨੁੱਖੀ ਹੋਂਦ ਲਈ ਅਤੀ ਜ਼ਰੂਰੀ, ਇਨ੍ਹਾਂ ਕਿੱਤਿਆਂ ਨੂੰ ਘਟੀਆ ਗਰਦਾਨ ਦਿੱਤਾ ਹੈ। ਸੰਸਾਰ ਦਾ ਬੁੱਧੀ-ਜੀਵੀ ਵਰਗ ਮੇਨੇਜਮੇਂਟ, ਰਾਜ-ਪ੍ਰਬੰਧ, ਕੰਪਿਊਟਰ, ਆਰਥਿਕ-ਪ੍ਰਬੰਧ ਜਾਂ ਸੇਵਾ-ਖੇਤਰਾਂ ਵਲ ਖਿੱਚਿਆ ਜਾ ਰਿਹਾ ਹੈ। ਨਤੀਜੇ ਵਜੋਂ ਸਭ ਨਵੀਆਂ ਖੋਜਾਂ ਇਨ੍ਹਾਂ ਖੇਤਰਾਂ ’ਚ ਹੀ ਹੋ ਰਹੀਆਂ ਹਨ। ਮੁਢਲੀਆਂ ਮਨੁੱਖੀ ਲੋੜਾਂ ਦੇ ਖੇਤਰਾਂ ’ਚ ਖੋਜਾਂ ਬੰਦ ਵਰਗੀਆਂ ਹਨ ਅਤੇ ਇਨ੍ਹਾਂ ਦੇ ਮਾਹਰ ਦਸਦੇ ਹਨ ਕਿ ਇਨ੍ਹਾਂ ਸਭ ’ਚ ਕੰਮ ਕਰਨ ਦੇ ਢੰਗ-ਤਰੀਕੇ ਦਹਾਕਿਆਂ ਪੁਰਾਣੇ ਹਨ। ਇਹ ਸਾਡੇ ਭਵਿੱਖ ਦੀ ਅਣਗੌਲੀ ਤ੍ਰਾਸਦੀ ਹੈ ਕਿ ਇੱਕ ਪਾਸੇ ਮਨੁੱਖ ਦੀ ਸਰੀਰਕ ਕੰਮ ਕਰਨ ਦੀ ਰੁਚੀ ਅਤੇ ਸਮਰੱਥਾ ਘਟ ਰਹੀ ਹੈ ਅਤੇ ਦੂਜੇ ਪਾਸੇ ਤਕਨੌਲੋਜੀ ਬੜੀ ਤੇਜੀ ਨਾਲ਼ ਮਨੁੱਖ ਦੀ ਦਿਮਾਗੀ ਸ਼ਕਤੀ ਨੂੰ ਬੇ-ਲੋੜਾ ਬਣਾਉਣ ਦੀਆਂ ਖੋਜਾਂ ’ਚ ਲੱਗੀ ਹੋਈ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਏਹੀ ਤਾਂ ਹੈ।

ਕੀ ਸੋਸ਼ਲ ਮੀਡੀਏ ਵਿਰੁੱਧ ਕੀਤੇ ਇਸ ਤਰ੍ਹਾਂ ਦੇ ਭੰਡੀ ਪ੍ਰਚਾਰ ਦਾ ਕੋਈ ਲਾਭ ਹੈ? ਜੇ ਸਰਕਾਰਾਂ ਇਸ ਸਬੰਧ ’ਚ ਨਿਤਾਣੀਆਂ ਹਨ ਤਾਂ ਇੱਕ ਸਧਾਰਨ ਸ਼ਹਿਰੀ ਕੀ ਕਰ ਸਕਦਾ ਹੈ? ਇਸ ਤਰ੍ਹਾਂ ਦੀ ਅੰਤਰ-ਝਾਤ ਪਾਉਣੀ ਜ਼ਰੂਰੀ ਹੈ।

ਜਿਵੇਂ ਕਿ ਸ਼ੁਰੂ ’ਚ ਵਿਚਾਰ ਕੀਤੀ ਹੈ ਕਿ ਤਕਨੌਲੋਜੀ ਦੇ ਕੁਰਾਹੇ ਪੈਣ ਦੇ ਦੋ ਕਾਰਨ ਹਨ: ਇਸ ਦੇ ਅਣ-ਕਿਆਸੇ ਅਤੇ ਦੂਰ-ਰਸ ਮੰਦੇ ਪ੍ਰਭਾਵ, ਜਿਨ੍ਹਾਂ ਦਾ ਇਸ ਦੀ ਖੋਜ ਵੇਲ਼ੇ ਅਨੁਮਾਨ ਲਾਉਣਾ ਅਸੰਭਵ ਹੈ। ਦੂਸਰਾ ਅਤੇ ਮੁੱਖ ਕਾਰਨ ਮਨੁੱਖ ਖ਼ੁਦ, ਜੋ ਇਸ ਦੀ ਸਦ-ਵਰਤੋਂ ਵੀ ਕਰ ਸਕਦਾ ਹੈ ਅਤੇ ਦੁਰ-ਵਰਤੋਂ ਵੀ। ਤਕਨੌਲੋਜੀ ਦੇ ਬੁਰੇ ਪ੍ਰਭਾਵਾਂ ਦਾ ਤੋੜ ਲੱਭਣ ਵੇਲ਼ੇ ਮਨੁੱਖ ਇਸ ਦਾ ਹੀ ਸੁਧਾਰ / ਵਿਕਾਸ ਕਰਦਾ ਹੈ, ਆਪਣੇ-ਆਪ ਦਾ ਨਹੀਂ ਕਰਦਾ ਜਦਕਿ ਵੱਧ ਲੋੜ ਮਨੁੱਖੀ ਸੁਧਾਰ/ਵਿਕਾਸ ਦੀ ਹੈ। ਸਰਕਾਰਾਂ ਵਲੋਂ ਤਕਨੌਲੋਜੀ ਦੀਆਂ ਖੋਜਾਂ ਕੁਛ ਸਮੇਂ ਲਈ ਬੰਦ ਕਰ ਕੇ, ਆਪਣੇ ਸਾਧਨ ‘ਹਿਉਮਨ ਡਿਵੈਲਪਮੈਂਟ’ ਲਈ ਵਰਤਣਾ ਵੱਧ ਲਾਹੇਵੰਦ ਹੋਵੇਗਾ ਪਰ ਇਜ਼ਾਰੇਦਾਰ ਇਹ ਨਹੀਂ ਹੋਣ ਦੇਣਗੇ।

ਇਸ ਵਿਸ਼ੇ ਦੇ ਮਾਹਰ ਦਸਦੇ ਹਨ ਕਿ ਤਕਨੌਲੋਜੀ ਦਾ ਵਿਕਾਸ ਸਮੂਹਕ ਤੌਰ ’ਤੇ ਵੱਧ ਸੰਭਵ ਹੈ ਜਦਕਿ ਮਨੁੱਖੀ ਵਿਕਾਸ ਵਿਅਕਤੀਗਤ ਤੌਰ ’ਤੇ ਵੱਧ ਹੋ ਸਕਦਾ ਹੈ। ਸੋ ਸਾਨੂੰ ਸਭ ਨੂੰ ਆਪੋ-ਆਪਣੀ ਸਮਰੱਥਾ ਅਤੇ ਰੁਚੀਆਂ ਅਨੁਸਾਰ ਆਪੋ-ਆਪਣੀ ਕਾਇਆ-ਕਲਪ ਲਈ ਪੁਰ-ਜ਼ੋਰ ਉਪਰਾਲੇ ਕਰਨੇ ਚਾਹੀਦੇ ਹਨ। ਇੱਕ ਢੰਗ ਜਿਹੜਾ ਸਭ ਨੂੰ ਮਾਫ਼ਕ ਆ ਸਕਦਾ ਹੈ, ਓਹ ਹੈ ਚੰਗੀਆਂ ਕਿਤਾਬਾਂ ਅਤੇ ਵਧੀਆ ਅਖ਼ਬਾਰਾਂ ’ਚ ਲਿਖੇ ਲੇਖ ਪੜ੍ਹਨਾ। ਸੋਸ਼ਲ ਮੀਡੀਆ ’ਤੇ ਵਕਤ ਬਰਬਾਦ ਕਰਨ ਤੋਂ ਇਹ ਢੰਗ ਕਿਤੇ ਬੇਹਤਰ ਹੈ, ਕਿਉਂ ਕਿ ਇਹ ਬਹੁਤਾ ਕਰ ਕੇ ਵਿਦਵਾਨਾਂ ਵਲੋਂ ਗੰਭੀਰਤਾ ਨਾਲ਼ ਲਿਖੇ ਹੁੰਦੇ ਹਨ ਅਤੇ ਇਨ੍ਹਾਂ ਦੀ ਸਟੇਜ-ਦਰ-ਸਟੇਜ ਸੁਧਾਈ ਹੋ ਚੁੱਕੀ ਹੁੰਦੀ ਹੈ। ਪਰ ਸੋਸ਼ਲ ਮੀਡੀਆ ਤੇ ਪਈ ਕਿਸੇ ਵੀਡੀਓ ਬਾਰੇ ਇਹ ਗੱਲ ਨਹੀਂ ਕਹੀ ਜਾ ਸਕਦੀ। ਸੋਸ਼ਲ ਮੀਡੀਏ ਦੇ ਵਰਤਮਾਨ ਅਤੇ ਭਵਿੱਖ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਦਾ ਇਹ ਇੱਕ ਬਹੁਤ ਕਾਰਗਰ ਢੰਗ ਹੈ।

## ਬਚਪਨ-ਬਚਪਨ

**ਮੂਲ: ਮੀਰਾ ਜੈਨ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

ਮੈਂ ਗੁਆਂਢਣ ਮਾਲਤੀ ਦੇ ਘਰ ਬੈਠੀ ਹੋਈ ਸਾਂ। ਇਕ ਦਿਨ ਪਹਿਲਾਂ ਹੀ ਉਹਦੇ ਬੇਟੇ ਸੌਰਭ ਦਾ ਜਨਮ ਦਿਨ ਸੀ। ਉਹ ਬਰਥਡੇਅ ਵਿਚ ਆਏ ਬਹੁਤ ਸਾਰੇ ਨਵੀਂ ਤਕਨੀਕ ਦੇ ਇਲੈਕਟ੍ਰਾਨਿਕ ਖਿਡੌਣਿਆਂ ‘ਚੋਂ ਕੁਝ ਨੂੰ ਚਲਾਉਣ ਤੋਂ ਅਸਮਰੱਥ ਸੀ। ਘਰ ਦੇ ਹੋਰ ਮੈਂਬਰਾਂ ਨੇ ਵੀ ਹੱਥ ਅਜ਼ਮਾਇਆ, ਪਰ ਕਿਸੇ ਨੂੰ ਵੀ ਸਫ਼ਲਤਾ ਨਾ ਮਿਲੀ। ਉਦੋਂ ਹੀ ਕੰਮ ਵਾਲੀ ਬਾਈ ਦਾ ਦਸ ਸਾਲਾ ਮੁੰਡਾ ਕਿਸੇ ਕੰਮ ਲਈ ਘਰੇ ਆਇਆ। ਸਾਰਿਆਂ ਨੂੰ ਖਿਡੌਣਿਆਂ ਲਈ ਬੇਵਜ੍ਹਾ ਮਿਹਨਤ ਕਰਦਾ ਵੇਖ ਕੇ ਉਹ ਬੜੇ ਹੀ ਸੰਕੋਚਵੇਂ ਲਹਿਜ਼ੇ ਵਿਚ ਬੋਲਿਆ: “ਆਂਟੀ ਜੀ, ਤੁਸੀਂ ਕਹੋ ਤਾਂ ਮੈਂ ਇਨ੍ਹਾਂ ਖਿਡੌਣਿਆਂ ਨੂੰ ਚਲਾਉਣ ਦੀ ਕੋਸ਼ਿਸ਼ ਕਰਾਂ?”

ਪਹਿਲਾਂ ਤਾਂ ਮਾਲਤੀ ਉਹਦਾ ਚਿਹਰਾ ਵੇਖਦੀ ਰਹੀ। ਫਿਰ ਮਨ ਹੀ ਮਨ ਸੋਚ ਰਹੀ ਸੀ ਕਿ ਇਹਨੂੰ ਦਿੱਤਾ ਤਾਂ ਜ਼ਰੂਰ ਤੋੜ ਦੇਵੇਗਾ। ਫਿਰ ਵੀ ਕੰਮਵਾਲੀ ਦਾ ਲਿਹਾਜ਼ ਕਰਕੇ ਬੁੱਝੇ ਮਨ ਨਾਲ ਉਹਨੇ ‘ਹਾਂ’ ਕਰ ਦਿੱਤੀ ਅਤੇ ਵੇਖਦੇ ਹੀ ਵੇਖਦੇ ਮੁਸ਼ਕਿਲ ਖਿਡੌਣਿਆਂ ਨੂੰ ਉਹਨੇ ਇਕ ਵਾਰ ਵਿਚ ਹੀ ਸਟਾਰਟ ਕਰ ਦਿੱਤਾ। ਸਾਰੇ ਹੈਰਾਨ! ਮਾਲਤੀ ਨੇ ਕੰਮਵਾਲੀ ਨੂੰ ਹੱਸਦਿਆਂ ਹੋਇਆਂ ਤਾਹਨਾ ਮਾਰਿਆ: “ਵਾਹ ਬਈ ਸੰਤੀ, ਤੂੰ ਤਾਂ ਕਹਿੰਦੀ ਸੀ ਮਜ਼ਦੂਰੀ ਘੱਟ ਮਿਲਦੀ ਹੈ! ਅਤੇ ਇੰਨੇ ਮਹਿੰਗੇ ਖਿਡੌਣੇ ਮੁੰਡੇ ਨੂੰ ਲਿਆ ਕੇ ਦਿੰਦੀ ਹੈਂ ਜੋ ਮੈਂ ਅੱਜ ਤੱਕ ਨਹੀਂ ਖਰੀਦੇ!”

ਇੰਨਾ ਸੁਣਦਿਆਂ ਹੀ ਸੰਤੀ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਉਹਨੇ ਭਰੇ ਹੋਏ ਗਲੇ ਨਾਲ ਕਿਹਾ, “ਬਾਈ ਜੀ, ਇਹ ਖਿਡੌਣਿਆਂ ਨਾਲ ਖੇਡਦਾ ਨਹੀਂ, ਸਗੋਂ ਖਿਡੌਣਿਆਂ ਦੀ ਦੁਕਾਨ ’ਤੇ ਕੰਮ ਕਰਦਾ ਹੈ।” ਜੁਆਬ ਸੁਣ ਕੇ ਮਾਲਤੀ ਖ਼ੁਦ ਨੂੰ ਸ਼ਰਮਸਾਰ ਮਹਿਸੂਸ ਕਰਨ ਲੱਗੀ ਕਿ ਦੋਹਾਂ ਦੇ ਬਚਪਨ ਵਿਚ ਕਿੰਨਾ ਫ਼ਰਕ ਹੈ!

# ਦੁਬਿਧਾ ਵਿਚ ਭਟਕਦੀ ਨੌਜਵਾਨ ਪੀੜ੍ਹੀ ਦੇ ਮਸਲੇ

ਪੰਜਾਬ ਦੀਆਂ ਫਿਜ਼ਾਵਾਂ ਵਿਚੋਂ ਇਕ ਵਾਰ ਫੇਰ 1978ਵਿਆਂ ਦੇ ਦੌਰ ਵਰਗੀ ਗੰਧ ਆਉਣੀ ਸ਼ੁਰੂ ਹੋ ਚੁੱਕੀ ਹੈ। ਵੱਖ ਵੱਖ ਵੰਨਗੀ ਦੀਆਂ ਬੁਨਿਆਦਪ੍ਰਸਤ ਸ਼ਕਤੀਆਂ, ਅਮਨ ਕਾਨੂੰਨ ਕਾਇਮ ਰੱਖਣ ਵਾਲੀ ਮਸ਼ੀਨਰੀ ਦੇ ਲਾਲਚੀ ਅਧਿਕਾਰੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਨਾਪਾਕ ਗੱਠਜੋੜ ਉੱਭਰਦਾ ਦਿਖਾਈ ਦੇ ਰਿਹਾ ਹੈ। ਬੇਸ਼ੱਕ ਭੜਕਾਊ ਅਨਸਰਾਂ ਦੀ ਸਮੁੱਚੀ ਹਾਲਤ ਅਜੇ ਹਾਸ਼ੀਆਗ੍ਰਸਤ ਜਾਪਦੀ ਹੈ, ਪਰੰਤੂ ਦੇਖਿਆ ਜਾਵੇ ਤਾਂ ਇਸਦੀ ਧਮਕ ਦੂਰ ਤੱਕ ਸੁਣਾਈ ਦਿੰਦੀ ਹੈ। ਡੇਢ ਸਾਲ ਚੱਲੇ ਬੇਮਿਸਾਲ ਕਿਸਾਨ ਮੋਰਚੇ ਦੌਰਾਨ ਵੱਖ ਵੱਖ ਤਬਕਿਆਂ ਦੀ ਵਿਸ਼ਾਲ ਏਕਤਾ ਉੱਭਰੀ ਸੀ। ਉਸ ਸੰਘਰਸ਼ ਵਿਚ ਪੰਜਾਬ ਦੇ ਨੌਜਵਾਨਾਂ ਦੀ ਵਿਸ਼ੇਸ਼ ਭੂਮਿਕਾ ਰਹੀ ਸੀ। ਇਹ ਗੱਲ ਮੰਨਣ ਵਿਚ ਵੀ ਝਿਜਕ ਨਹੀਂ ਹੋਣੀ ਚਾਹੀਦੀ ਕਿ ਵਿਦੇਸ਼ਾਂ ਵਿਚ ਬੈਠੇ ਜਮਹੂਰੀ ਲੋਕਾਂ ਤੋਂ ਇਲਾਵਾ ਖਾੜਕੂ ਸਿੱਖ ਲਹਿਰ ਨਾਲ ਜੁੜੇ ਰਹੇ

**ਕਰਮ ਬਰਸਟ**
**ਫੋਨ: 94170-73831**

ਅਨੇਕਾਂ ਸਾਬਕਾ ਵਿਅਕਤੀਆਂ ਨੇ ਮਾਲੀ ਮਦਦ ਕਰਨ ਵਿਚ ਤਕੜੀ ਭੂਮਿਕਾ ਨਿਭਾਈ ਸੀ। ਇਹ ਵੀ ਸਪੱਸ਼ਟ ਤੌਰ 'ਤੇ ਸਾਹਮਣੇ ਆ ਗਿਆ ਸੀ ਕਿ ਸਿੱਖ ਖਾੜਕੂ ਲਹਿਰ ਤੋਂ ਪ੍ਰਭਾਵਿਤ ਨੌਜਵਾਨਾਂ ਨੇ ਕਿਸਾਨ ਅੰਦੋਲਨ ਉਪਰ ਕਾਠੀ ਪਾਉਣ ਲਈ ਵੀ ਪੂਰੀ ਵਾਹ ਲਾਈ ਸੀ। ਕਿਸਾਨ ਅੰਦੋਲਨ ਦੀ ਪਰੌੜ ਲੀਡਰਸ਼ਿਪ ਨੇ ਕਿਵੇਂ ਨਾ ਕਿਵੇਂ ਮੌਕਾ ਸੰਭਾਲ ਕੇ ਅੰਦੋਲਨ ਨੂੰ ਧਰਮ ਨਿਰਪੱਖ ਲੀਹਾਂ ਤੋਂ ਥਿੜਕਣ ਨਹੀਂ ਦਿੱਤਾ ਅਤੇ ਆਪਣੀ ਏਕਤਾ ਕਾਇਮ ਰੱਖਦੇ ਹੋਏ ਜਿੱਤ ਪ੍ਰਾਪਤ ਕਰਨ ਵਿਚ ਸਫਲ ਰਹੀ।

ਇਹ ਵੀ ਸੱਚ ਹੈ ਕਿ ਜ਼ਮੀਨੀ ਪੱਧਰ ਅਤੇ ਸੋਸ਼ਲ ਮੀਡੀਆ ਉਪਰ ਉਹ ਤਾਕਤਾਂ ਲਗਾਤਾਰ ਸਰਗਰਮੀ ਰੱਖ ਰਹੀਆਂ ਹਨ, ਜੋ ਕਿਸਾਨ ਲਹਿਰ ਨੂੰ ਹਿੰਸਕ ਦਿਸ਼ਾ ਦੇਣ ਲਈ ਵਚਨਬੱਧ ਸਨ ਅਤੇ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਹਨ। ਬੇਸ਼ੱਕ ਪੰਜਾਬ ਵਿਚ ਦਹਿਸ਼ਤਗਰਦੀ ਨਾਲ ਸਬੰਧਤ ਵੱਡੀਆਂ ਘਟਨਾਵਾਂ ਨਹੀਂ ਵਾਪਰੀਆਂ ਪਰ ਲੁਧਿਆਣਾ ਦੀਆਂ ਕਚਹਿਰੀਆਂ ਵਿਚ ਹੋਏ ਬੰਬ ਧਮਾਕੇ, ਪੁਲੀਸ ਦੇ ਮੁਹਾਲੀ ਸਥਿਤ ਮੁੱਖ ਦਫ਼ਤਰ ਉਪਰ ਹੋਏ ਰਾਕਟ ਹਮਲੇ ਅਤੇ ਅੰਮ੍ਰਿਤਸਰ ਵਿਚ ਇਕ ਪੁਲੀਸ ਅਧਿਕਾਰੀ ਦੀ ਗੱਡੀ ਹੇਠਾਂ ਬੰਬ ਫਿੱਟ ਕਰਨ ਵਰਗੀਆਂ ਅਸਫਲ ਕਾਰਵਾਈਆਂ ਵਿਚੋਂ ਖਾੜਕੂ ਲਹਿਰ ਨੂੰ ਮੁੜ ਸੁਰਜੀਤ ਕਰਨ ਦੀ ਧੁਨੀ ਸਪੱਸ਼ਟ ਸੁਣਾਈ ਦੇ ਰਹੀ ਹੈ। ਦੀਪ ਸਿੱਧੂ ਦੀ ਮੌਤ ਤੋਂ ਬਾਅਦ "ਵਾਰਿਸ ਪੰਜਾਬ" ਨਾਮ ਦੀ ਜਥੇਬੰਦੀ ਦੀਆਂ ਸਰਗਰਮੀਆਂ ਵੀ ਵਧ ਰਹੀਆਂ ਹਨ ਅਤੇ "ਸਿੱਖ ਕੌਮ" ਦੀ ਗੁਲਾਮੀ ਦਾ ਨਵਾਂ ਬਿਰਤਾਂਤ ਵੀ ਸਿਰਜਿਆ ਜਾ ਰਿਹਾ ਹੈ। ਇਸਦੇ ਮੁਕਾਬਲੇ ਸ਼ਿਵ ਸੈਨਾ ਵਰਗੀਆਂ ਮੂਲਵਾਦੀ ਹਿੰਦੂ ਜਥੇਬੰਦੀਆਂ ਵੀ ਹਰਕਤ ਕਰ ਰਹੀਆਂ ਹਨ। ਹੁਣੇ ਹੀ ਸ਼ਿਵ ਸੈਨਾ ਦੇ ਇਕ ਘੱਟ ਜਾਣੇ ਜਾਂਦੇ ਧੜੇ ਦੇ ਆਗੂ ਦੀ ਹੱਤਿਆ ਨਾਲ ਭਾਵੇਂ ਸਮਾਜਿਕ ਮਹੌਲ ਦੇ ਫ਼ੌਰੀ ਤੌਰ 'ਤੇ ਹੋਰ ਦੂਸ਼ਿਤ ਹੋ ਜਾਣ ਦੀਆਂ ਸੰਭਾਵਨਾਵਾਂ ਨਹੀਂ ਹਨ ਪਰ ਇਸ ਘਟਨਾ ਦੀ ਮੱਧਮ ਗੂੰਜ ਦੂਰ ਤਕ ਸਫਰ ਕਰ ਸਕਦੀ ਹੈ। ਮੋਟੇ ਤੌਰ 'ਤੇ ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਸਰਕਾਰ ਦੇ ਕੰਟਰੋਲ ਵਿਚ ਹੈ ਪਰ ਇਸ ਹਾਲਤ ਨੂੰ ਵਡੇਰੇ ਪ੍ਰਸੰਗ ਤੋਂ ਅੱਖੋਂ ਪਰੋਖੇ ਕਰ ਕੇ ਦੇਖਣਾ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਪੰਜਾਬ ਦਾ ਨੌਜਵਾਨ ਵਰਗ ਇਸ ਵੇਲੇ ਗੰਭੀਰ ਮਾਨਸਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸੈਂਕੜੇ ਨੌਜਵਾਨ ਨਸ਼ਿਆਂ ਵਿਚ ਗ਼ਲਤਾਨ ਹੋ ਕੇ ਭੰਗ ਦੇ ਭਾੜੇ ਆਪਣੀਆਂ ਜਾਨਾਂ ਗੁਆ ਰਹੇ ਹਨ। ਸੈਂਕੜੇ ਹੀ ਨਸ਼ਿਆਂ ਦੇ ਕਾਰੋਬਾਰ ਅਤੇ ਅਪਰਾਧਕ ਸਰਗਰਮੀਆਂ ਕਾਰਨ ਜੇਲ੍ਹਾਂ ਵਿਚ ਬੰਦ ਆਪਣੀ ਹੋਣੀ ਦੀ ਉਡੀਕ ਕਰ ਰਹੇ ਹਨ। ਉਹ ਇਕ ਅਨਿਸ਼ਚਿਤ ਭਵਿੱਖ ਦੇ ਸਾਏ ਹੇਠ ਆਪਣੀ ਜ਼ਿੰਦਗੀ ਦੇ ਹੁਸੀਨ ਵਰ੍ਹੇ ਬਰਬਾਦ ਕਰਨ ਲਈ ਮਜਬੂਰ ਹਨ। ਨੇੜ ਭਵਿੱਖ ਵਿਚ ਗੈਰ ਮਨੁੱਖੀ ਹਾਲਤਾਂ ਵਿਚੋਂ ਨਿਕਲਣ ਦਾ ਕੋਈ ਰਾਹ ਦਿਖਾਈ ਨਹੀਂ ਦਿੰਦਾ। ਅਜੇ ਉਹ ਸਮਾਂ ਸਾਡੇ ਚੇਤਿਆਂ ਵਿਚੋਂ ਵਿਸਰਿਆ ਨਹੀਂ ਹੈ ਜਦੋਂ ਗਰਮ ਖ਼ਿਆਲੀ ਸਿੱਖ ਆਗੂਆਂ-ਨਿਰੰਕਾਰੀ ਝਗੜੇ ਤੋਂ ਲੈ ਕੇ 1992 ਦੇ ਅਖੀਰ ਤਕ ਪੰਜਾਬ ਵਿਚ ਗੁੰਮਰਾਹ ਹੋਏ ਨੌਜਵਾਨਾਂ ਹੱਥੋਂ ਨਿਰਦੋਸ਼ ਜਨਤਾ ਦਾ ਅਤੇ ਅਮਨ ਕਾਨੂੰਨ ਦੀ ਰਾਖੀ ਕਰਨ ਵਾਲੀ ਹਕੂਮਤੀ ਮਸ਼ੀਨਰੀ ਹੱਥੋਂ "ਦਹਿਸ਼ਤਗਰਦਾਂ" ਦਾ ਖ਼ੂਨ ਡੋਲ੍ਹਿਆ ਗਿਆ ਸੀ। ਜੰਮੂ ਕਸ਼ਮੀਰ ਨੂੰ ਛੱਡ ਕੇ, 1947 ਤੋਂ ਬਾਅਦ ਭਾਰਤ ਦੇ ਕਿਸੇ ਹੋਰ ਸੂਬੇ ਵਿਚ ਸ਼ਾਇਦ ਹੀ ਅਜਿਹੀ ਮਿਸਾਲ ਮਿਲਦੀ ਹੋਵੇ।

ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿਚ ਹੋ ਚੁੱਕੇ ਖ਼ੂਨ-ਖਰਾਬੇ ਤੋਂ ਬਾਅਦ ਵੀ ਨਾ ਤਾਂ ਦੇਸ਼ ਦੇ ਹੁਕਮਰਾਨਾਂ ਨੇ ਅਤੇ ਨਾ ਹੀ ਬੁਨਿਆਦ ਪ੍ਰਸਤ ਤਾਕਤਾਂ ਨੇ ਕੋਈ ਸਬਕ ਸਿੱਖਿਆ ਹੈ। ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਹਮਦਰਦੀ ਨਾਲ ਵਿਚਾਰ ਕੇ, ਉਨ੍ਹਾਂ ਦਾ ਢੁੱਕਵਾਂ ਹੱਲ ਕਰ ਕੇ, ਨੌਜਵਾਨ ਸ਼ਕਤੀ ਨੂੰ ਉਸਾਰੂ ਕੰਮਾਂ ਵਿਚ ਲਾਉਣ ਲਈ ਭੋਰਾ ਭਰ ਵੀ ਸੰਜੀਦਾ ਯਤਨ ਨਹੀਂ ਕੀਤੇ ਜਾ ਰਹੇ। ਪੰਜਾਬ ਵਿਚ ਸ. ਭਗਵੰਤ ਮਾਨ ਦੇ ਰੂਪ ਵਿਚ ਇਕ ਨੌਜਵਾਨ ਵਲੋਂ ਸੂਬੇ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਲੋਕਾਂ ਨੇ ਆਸਾਂ ਲਾਈਆਂ ਸਨ ਕਿ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਕੁਝ ਉਸਾਰੂ ਯਤਨ ਕੀਤੇ ਜਾਣਗੇ। ਬੇਰੁਜ਼ਗਾਰੀ, ਰਸਾਇਣਕ ਨਸ਼ਿਆਂ ਦੀ ਰੋਕਥਾਮ ਅਤੇ ਅਪਰਾਧਕ ਸਰਗਰਮੀਆਂ ਨੂੰ ਠੱਲ੍ਹ ਪਵੇਗੀ ਪ੍ਰੰਤੂ ਜਨਤਾ ਦੀਆਂ ਆਸਾਂ ਨੂੰ ਉਹ ਫਲ ਨਹੀਂ ਪਏ, ਜਿਹੋ ਜਿਹੀ ਤਵੱਕੋ ਕੀਤੀ ਗਈ ਸੀ। ਜੇ ਮੌਜੂਦਾ ਸਰਕਾਰ ਨੇ ਇਸ ਦਿਸ਼ਾ ਵੱਲ ਸੰਜੀਦਗੀ ਨਾਲ ਕਦਮ ਨਾ ਪੁੱਟੇ ਤਾਂ ਮੌਜੂਦਾ ਪ੍ਰਬੰਧ ਵਿਚੋਂ ਪਹਿਲਾਂ ਹੀ ਤਿੜਕ ਰਹੇ ਵਿਸ਼ਵਾਸ ਨੂੰ ਪੂਰੀ ਤਰ੍ਹਾਂ ਟੁੱਟਣ ਤੋਂ ਬਚਾਉਣਾ ਔਖਾ ਹੋ ਜਾਵੇਗਾ।






ਫ਼ਰਵਰੀ 2022 ਦੀਆਂ ਚੋਣਾਂ ਵਿਚੋਂ ਚੁਣ ਕੇ ਆਈ ਨਵੀਂ ਅਸੈਂਬਲੀ ਵੱਲ ਨਜ਼ਰ ਮਾਰੀਏ ਤਾਂ ਇਕ ਸਿਫ਼ਤਾਂ ਤਬਦੀਲੀ ਦੀ ਆਸ ਬੱਝੀ ਸੀ। ਪੰਜਾਬ ਦੇ ਚੋਣ ਇਤਿਹਾਸ ਵਿਚ ਪਹਿਲੀ ਵਾਰ ਸਭ ਤੋਂ ਛੋਟੀ ਉਮਰ ਦਾ ਨੌਜਵਾਨ ਵਿਧਾਇਕਾਂ ਦੀ ਬਹੁਤ ਵੱਡੀ ਬਹੁਗਿਣਤੀ ਨਾਲ ਮੁੱਖ ਮੰਤਰੀ ਬਣਿਆ ਹੈ। (ਬੇਸ਼ੱਕ 1970 ਵਿਚ ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਛੋਟੀ ਉਮਰ ਦਾ ਮੁੱਖ ਮੰਤਰੀ ਸੀ ਪਰ ਉਹ ਨਿਰੋਲ ਸਿਆਸੀ ਜੋੜ-ਤੋੜ ਵਾਲੀ ਘੱਟ ਗਿਣਤੀ ਵਾਲੀ ਥੋੜ੍ਹ ਚਿਰੀ ਸਰਕਾਰ ਸੀ)। ਪੰਜਾਬ ਦੀ ਮੌਜੂਦਾ ਅਸੈਂਬਲੀ ਦੇ ਵਿਧਾਇਕਾਂ ਦੀ ਔਸਤ ਉਮਰ 50 ਸਾਲ ਹੈ, ਜੋ ਕਿ ਇਕ ਰਿਕਾਰਡ ਹੈ। 117 ਵਿਚੋਂ 85 ਵਿਧਾਇਕ ਪਹਿਲੀ ਵਾਰ ਚੁਣੇ ਗਏ ਹਨ, ਜਿਨ੍ਹਾਂ ਵਿਚੋਂ 12 ਤਾਂ ਐਮ ਬੀ ਬੀ ਐਸ ਡਾਕਟਰ ਹਨ, 11 ਦੀ ਉਮਰ 35 ਸਾਲ ਤੋਂ ਘੱਟ ਅਤੇ 39 ਦੀ ਉਮਰ 35 ਤੋਂ 45 ਸਾਲ ਦੇ ਵਿਚਕਾਰ ਹੈ। ਕੈਬਨਿਟ ਮੰਤਰੀਆਂ ਦੀ ਔਸਤ ਉਮਰ 47 ਸਾਲ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੀ ਜਨਤਾ ਨੇ ਹਰ ਪ੍ਰਕਾਰ ਤੇ ਸਿਆਸੀ ਰੰਗ ਦੀ ਬੁੱਢੀ ਲੀਡਰਸ਼ਿਪ ਨੂੰ ਨਕਾਰ ਕੇ ਨਵੇਂ ਨੌਜਵਾਨਾਂ ਨੂੰ ਮੌਕਾ ਦਿੱਤਾ ਹੈ। ਇਸ ਲਈ ਹੁਣ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਨੂੰ ਬੁੱਢੀ ਅਤੇ ਪਰਿਵਾਰ ਪ੍ਰਸਤ ਲੀਡਰਸ਼ਿਪ ਜੱਫਾ ਮਾਰੀ ਬੈਠੀ ਹੈ।

ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਭਰ ਵਿਚ ਨੌਜਵਾਨਾਂ ਦੇ ਸਰਬਪੱਖੀ ਵਿਕਾਸ, ਉਨ੍ਹਾਂ ਨੂੰ ਸਮਾਜਿਕ ਉਸਾਰੀ ਵਿਚ ਸਰਗਰਮ ਕਰਨ ਦੀਆਂ ਗੱਲਾਂ ਹੁੰਦੀਆਂ ਹਨ। ਸੰਯੁਕਤ ਰਾਸ਼ਟਰ ਸੰਘ ਵਲੋਂ 1985 ਦੇ ਵਰ੍ਹੇ ਨੂੰ 'ਯੁਵਕ ਵਰ੍ਹੇ' ਵਜੋਂ ਮਨਾਉਣਾ ਇਸੇ ਦਿਸ਼ਾ ਵੱਲ ਇਕ ਕਦਮ ਸੀ, ਜੋ ਹੁਣ ਹਰ ਦੋ ਸਾਲਾਂ ਬਾਅਦ ਸੰਸਾਰ ਪੱਧਰ 'ਤੇ ਮਨਾਇਆ ਜਾਂਦਾ ਹੈ।

ਕਹਿਣ ਨੂੰ ਤਾਂ ਸਾਡੇ ਦੇਸ਼ ਦੇ ਰਾਜਨੀਤਕ ਨੇਤਾ ਨੌਜਵਾਨਾਂ ਦੀ ਸ਼ੋਭਾ ਵਿਚ ਵਧੀਆ ਸ਼ਬਦ ਵਰਤਦੇ ਹਨ। ਉਨ੍ਹਾਂ ਨੂੰ 'ਦੇਸ਼ ਦਾ ਕੌਮੀ ਸਰਮਾਇਆ', 'ਯੁਵਾ ਸ਼ਕਤੀ' ਅਤੇ 'ਅੱਜ ਦੇ ਬੱਚੇ ਕੱਲ੍ਹ ਦੇ ਨੇਤਾ' ਕਹਿ ਕੇ ਵਡਿਆਇਆ ਜਾਂਦਾ ਹੈ। ਪਰ ਕੀ ਯੁਵਾ ਸ਼ਕਤੀ ਨੂੰ ਸਾਂਭਣ ਅਤੇ ਕੌਮੀ ਸਰਮਾਏ ਦੀ ਉਸਾਰੂ ਕੰਮਾਂ ਵਾਸਤੇ ਵਰਤੋਂ ਕਰਨ ਲਈ ਭੋਰਾ ਭਰ ਵੀ ਮੌਕੇ ਮੁਹੱਈਆ ਕੀਤੇ ਜਾਂਦੇ ਹਨ? ਇਸ ਤੱਥ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਨੌਜਵਾਨ ਕਿਸੇ ਸਮਾਜ ਦਾ ਸਭ ਤੋਂ ਵਧੇਰੇ ਸ਼ਕਤੀ ਅਤੇ ਸਮਰੱਥਾ ਵਾਲਾ ਭਾਗ ਹੁੰਦੇ ਹਨ। ਗੁਣ ਅਤੇ ਗਿਣਤੀ ਦੋਵਾਂ ਪੱਖਾਂ ਤੋਂ ਸਮਾਜ ਦੀ ਉਸਾਰੀ ਵਿਚ ਨੌਜਵਾਨਾਂ ਦਾ ਅਹਿਮ ਰੋਲ ਹੁੰਦਾ ਹੈ। ਜ਼ਿੰਦਗੀ ਦੇ ਸਫਰ ਵਿਚ ਇਹੋ ਇਕ ਪੜਾਅ ਹੁੰਦਾ ਹੈ ਜਦੋਂ ਬੰਦੇ ਵਿਚ ਕੁਝ ਕਰਨ ਦੀ ਰੀਝ ਮਚਲਦੀ ਹੈ। ਬਚਪਨ ਤਾਂ ਵੈਸੇ ਹੀ ਹੱਸਣ ਖੇਡਣ ਵਿਚ ਲੰਘ ਜਾਂਦਾ ਹੈ। ਫਿਕਰਾਂ ਤੋਂ ਰਹਿਤ ਅਤੇ ਮਾਸੂਮੀਅਤ ਦਾ ਭਰਿਆ ਹੋਇਆ। ਬੁੱਢੇ ਵਾਰੇ ਬੰਦਾ ਜ਼ਿੰਦਗੀ ਨਾਲ ਘੋਲ ਕਰਦਾ ਕਰਦਾ ਇੰਨਾ ਥੱਕ ਜਾਂਦਾ ਹੈ ਕਿ ਉਸ ਵਿਚ ਹੋਰ ਜੱਦੋ ਜਹਿਦ ਕਰਨ ਦੀ ਸ਼ਕਤੀ, ਸਮਰੱਥਾ ਅਤੇ ਇੱਛਾ ਖਤਮ ਹੋ ਜਾਂਦੀ ਹੈ। ਉਹ ਸਮਾਜਿਕ ਹਾਲਤਾਂ ਨਾਲ ਰਾਜ਼ੀਨਾਮਾ ਕਰ ਲੈਂਦਾ ਹੈ। ਇਸ ਲਈ ਸਿਰਫ ਨੌਜਵਾਨ ਹੀ ਅਜਿਹੀ ਸ਼ਕਤੀ ਹੁੰਦੇ ਹਨ, ਜੋ ਸਮਾਜ ਨੂੰ ਅੱਗੇ ਲਿਜਾਣ ਲਈ ਅਮਲੀ ਸਰਗਰਮੀ ਵਿਚ ਪਏ ਹੁੰਦੇ ਹਨ।

ਪੰਜਾਬ ਦੇ ਸਭਿਆਚਾਰ ਅਨੁਸਾਰ ਮਨੁੱਖ ਦੀ ਜ਼ਿੰਦਗੀ ਦੇ ਬਾਰ੍ਹਵੇਂ ਸਾਲ ਨੂੰ ਬਹੁਤ ਹੀ ਮਹੱਤਵਪੂਰਨ ਮੰਨਿਆ ਜਾਂਦਾ ਹੈ, ਜਿਸ ਤੋਂ ਉਸ ਦੇ ਜੀਵਨ ਦਾ ਅਹਿਮ ਪੜਾਅ ਸ਼ੁਰੂ ਹੁੰਦਾ ਹੈ। ਉਸ ਵਿਚ ਸਰੀਰਕ ਤਬਦੀਲੀ ਹੀ ਸ਼ੁਰੂ ਨਹੀਂ ਹੁੰਦੀ ਸਗੋਂ ਉਹ ਮਾਨਸਿਕ ਪੱਖੋਂ ਵੀ ਛੜੱਪਾ ਮਾਰਦਾ ਹੈ। ਇਸੇ ਪੜਾਅ ਤੋਂ ਉਸ ਦੇ ਵਿਚਾਰ ਹਕੀਕਤ ਤੋਂ ਮਨੋਚਿਤਰਨ ਅਤੇ ਸੰਕਲਪ ਤਕ ਦਾ ਸਫਰ ਤੈਅ ਕਰਦੇ ਹਨ। ਆਮ ਤੌਰ ਉਤੇ ਵਿਚਾਰਾਂ ਦਾ ਇਹ ਸਫਰ ਬਾਰਾਂ ਤੋਂ ਪੱਚੀ ਵਰ੍ਹੇ ਤਕ ਚਲਦਾ ਹੈ। ਇਹ ਉਸ ਦੀ ਸਰੀਰਕ ਅਤੇ ਮਾਨਸਿਕ ਤਬਦੀਲੀ ਦਾ ਦੌਰ ਹੁੰਦਾ ਹੈ, ਜੋ ਨਾਲ ਹੀ ਉਸ ਨੂੰ ਆਪਣੇ ਆਲੇ ਦੁਆਲੇ ਨੂੰ ਤਬਦੀਲ ਕਰਨ ਲਈ ਉਕਸਾਉਂਦਾ ਹੈ। ਸਮਾਜ ਦੀ ਬਜ਼ੁਰਗ ਪੀੜ੍ਹੀ ਲਈ ਇਹ ਪਰਖ ਦੀਆਂ ਘੜੀਆਂ ਹੁੰਦੀਆਂ ਹਨ ਕਿ ਉਹ ਇਨ੍ਹਾਂ ਚੜ੍ਹਦੇ ਸੂਰਜਾਂ ਦੀ ਸ਼ਕਤੀ ਅਤੇ ਗਰਮੀ ਨੂੰ ਉਸਾਰੂ ਕੰਮਾਂ ਲਈ ਇਸਤੇਮਾਲ ਕਰੇ। ਜੇ ਬਜ਼ੁਰਗ ਪੀੜ੍ਹੀ ਆਪਣੀ ਇਹ ਬਣਦੀ ਭੂਮਿਕਾ ਨਿਭਾਉਣ ਵਿਚ ਅਸਫਲ ਰਹਿੰਦੀ ਹੈ ਤਾਂ ਇਹ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਲਈ ਦੋਸ਼ੀ ਕਰਾਰ ਦਿੱਤੇ ਜਾਣ ਦੀ ਹੱਕਦਾਰ ਹੈ।

ਨੌਜਵਾਨ ਸ਼ਕਤੀ ਨੂੰ ਸਹੀ ਦਿਸ਼ਾ ਵਿਚ ਲਾਉਣਾ ਸਮਾਜ ਦਾ ਫਰਜ਼ ਹੈ। ਨੌਜਵਾਨਾਂ ਵਿਚ ਸੁਤੰਤਰ ਸੋਚਣੀ ਦਾ ਵਿਕਾਸ ਕਰਨਾ ਵਿਵਸਥਾ ਦੀ ਜ਼ਿੰਮੇਵਾਰੀ ਹੈ। ਜੇ ਕਿਸੇ ਸਮਾਜ ਦੇ ਨੌਜਵਾਨ ਪਛੜੇ ਹੋਏ ਹਨ ਜਾਂ ਆਪਣੀ ਸ਼ਕਤੀ ਢਾਹੂ ਪਾਸੇ ਲਾ ਰਹੇ ਹਨ ਤਾਂ ਇਹ ਕਸੂਰ ਨੌਜਵਾਨਾਂ ਦਾ ਨਹੀਂ ਸਗੋਂ ਸਮਾਜਿਕ ਵਿਵਸਥਾ ਦਾ ਹੈ, ਜੋ ਉਨ੍ਹਾਂ ਨੂੰ ਸਹੀ ਸੇਧ ਨਹੀਂ ਦਿੰਦੀ, ਉਨ੍ਹਾਂ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ, ਵਿਵਸਥਾ ਜੋ ਉਸ ਦੀ ਰੂਹ ਦੇ ਹਾਣ ਦੀ ਨਹੀਂ ਹੈ।

ਨੌਜਵਾਨਾਂ ਨੂੰ ਗਿਆਨ ਅਤੇ ਸਮਾਜਿਕ ਸੋਝੀ ਦੇਣ ਲਈ ਪਰਿਵਾਰ ਅਤੇ ਆਲੇ ਦੁਆਲੇ ਤੋਂ ਬਾਅਦ ਸਕੂਲਾਂ ਅਤੇ ਕਾਲਜਾਂ ਦੀ ਜ਼ਿੰਮੇਵਾਰੀ ਬਣਦੀ ਹੈ। ਪਰੰਤੂ ਸਾਡੀ ਵਿਦਿਅਕ ਪ੍ਰਣਾਲੀ ਨੌਜਵਾਨਾਂ ਅੰਦਰ ਰਚਨਾਤਮਕ, ਉਸਾਰੂ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਲੈ ਜਾਣ ਵਾਲੀਆਂ ਰੁਚੀਆਂ ਪੈਦਾ ਨਹੀਂ ਕਰਦੀ। ਨਾ ਹੀ ਉਨ੍ਹਾਂ ਅੰਦਰ ਤਰਕਸ਼ੀਲ ਸੋਚਣੀ ਅਤੇ ਵਿਸ਼ਲੇਸ਼ਣਾਤਮਕ ਰਵੱਈਏ ਨੂੰ ਪੈਦਾ ਕਰਦੀ ਹੈ। ਬਸਤੀਵਾਦੀ ਪਿਛੋਕੜ ਵਾਲੀ ਸਾਡੀ ਵਿਦਿਅਕ ਪ੍ਰਣਾਲੀ ਉਨ੍ਹਾਂ ਨੂੰ ਲਕੀਰ ਦੇ ਫਕੀਰ ਅਤੇ ਲਾਈਲੱਗ ਬਣਾਉਣ ਵੱਲ ਰੁਚਿਤ ਹੈ। ਵਿਸ਼ਿਆਂ ਦੀ ਚੋਣ ਜਾਂ ਪੜ੍ਹਾਉਣ ਦੇ ਪੱਖ ਤੋਂ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪਿਛੋਕੜ ਦਾ ਧਿਆਨ ਨਹੀਂ ਰੱਖਿਆ ਜਾਂਦਾ। ਮਾਤ ਭਾਸ਼ਾ ਵਿਚ ਪੜ੍ਹਾਈ ਦੀ ਅਣਹੋਂਦ ਵਿਸ਼ਿਆਂ ਨੂੰ ਹੋਰ ਨੀਰਸ, ਬੇਸੁਆਦਲੇ ਅਤੇ ਅਕਾਊ ਬਣਾ ਦਿੰਦੀ ਹੈ।

ਵਿਦਿਆਰਥੀ ਜੀਵਨ ਦੌਰਾਨ ਸਭ ਤੋਂ ਘਾਤਕ ਗੱਲ ਹੁੰਦੀ ਹੈ, ਵਿਦਿਆਰਥੀ ਅੰਦਰ ਹਨੇਰੇ ਭਵਿੱਖ ਦਾ ਅਹਿਸਾਸ। ਬੇਰੁਜ਼ਗਾਰੀ ਦਾ ਠਾਠਾਂ ਮਾਰਦਾ ਸਮੁੰਦਰ ਉਸ ਨੂੰ ਸਕੂਲ, ਕਾਲਜ ਵਿਚੋਂ ਨਿਕਲਣ ਤੋਂ ਪਹਿਲਾਂ ਹੀ ਆਪਣੇ ਕਲਾਵੇ ਵਿਚ ਲੈਣ ਲਈ ਤਿਆਰ ਖੜ੍ਹਾ ਹੁੰਦਾ ਹੈ। ਹਕੀਕਤ ਨਾਲੋਂ ਟੁੱਟਿਆ ਕਿਤਾਬੀ ਗਿਆਨ ਉਸ ਨੂੰ ਸਹੀ ਸੇਧ ਦੇਣ ਵਾਲਾ ਨਹੀਂ ਰਹਿੰਦਾ, ਉਲਟਾ ਉਸਦੇ ਗਲ ਵਿਚ ਪਏ ਰੱਸੇ ਦੇ ਵੱਟ ਜਾਂਦਾ ਹੈ। ਪੜ੍ਹਾਈ ਤੋਂ ਬਾਅਦ ਰੁਜ਼ਗਾਰ ਦੀ ਅਣਹੋਂਦ ਕਾਰਨ ਨੌਜਵਾਨ ਅੰਦਰ ਮਾਪਿਆਂ ਉਪਰ ਬੋਝ ਬਣਨ ਦਾ ਅਹਿਸਾਸ ਪ੍ਰਬਲ ਹੁੰਦਾ ਹੈ, ਜੋ ਹਰ ਵੇਲੇ ਉਸ ਨੂੰ ਬੇਚੈਨ ਕਰਦਾ ਹੈ। ਸਮਾਜ ਪ੍ਰਤੀ ਬਦਜ਼ਨ ਬਣਾਉਂਦਾ ਹੈ ਅਤੇ ਬਹੁਤ ਵਾਰੀ ਉਸ ਨੂੰ ਢਾਹੂ ਕਾਰਜਾਂ ਵੱਲ ਤੋਰ ਦਿੰਦਾ ਹੈ।

ਆਰਥਿਕ ਸੰਕਟ ਤੇ ਧੁੰਦਲਾ ਭਵਿੱਖ ਨੌਜਵਾਨਾਂ ਵਿਚ ਮਾਨਸਿਕ ਸੰਕਟ ਨੂੰ ਜਨਮ ਦਿੰਦਾ ਹੈ। ਇਕ ਖਾਸ ਪੜਾਅ 'ਤੇ ਜਾ ਕੇ ਇਹ ਸੰਕਟ ਤਿੰਨ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੰਦਾ ਹੈ। ਇਕ ਵਿਚ ਤਾਂ ਉਹ ਨਿਰਾਸ਼ ਹੋ ਕੇ ਜ਼ਿੰਦਗੀ ਤੋਂ ਹੀ ਕਿਨਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਖ਼ੁਦਕਸ਼ੀ ਕਰ ਲੈਂਦਾ ਹੈ। ਦੂਜੀ ਪ੍ਰਵਿਰਤੀ ਵਿਚ ਨੌਜਵਾਨ ਸਥਾਪਿਤ ਕਦਰਾਂ ਕੀਮਤਾਂ ਨਾਲ ਸਮਝੌਤਾ ਕਰ ਲੈਂਦਾ ਹੈ, ਜਿਸ ਵਿਚ ਉਹ ਹਰ ਗਲਤ ਜਾਂ ਠੀਕ ਗੱਲ ਨੂੰ 'ਚਲ ਹੋਊ ਛੱਡ' ਕਹਿ ਕੇ ਪਾਸਾ ਵੱਟ ਲੈਂਦਾ ਹੈ। ਇਹ ਰਾਹ ਸਮਾਜ ਤੋਂ ਮਾਯੂਸ ਹੋਣ ਦਾ ਰਾਹ ਹੈ। ਇਸ ਰਾਹ ਦਾ ਧਾਰਨੀ ਬੰਦਾ ਮਨੁੱਖ ਨਹੀਂ ਰਹਿੰਦਾ ਬਲਕਿ ਪਸ਼ੂ ਤੋਂ ਵੀ ਭੈੜਾ ਸਾਬਤ ਹੁੰਦਾ ਹੈ। ਤੀਜੀ ਪ੍ਰਵਿਰਤੀ ਬਹੁਤ ਹੀ ਘਾਤਕ ਹੈ। ਪਹਿਲੀਆਂ ਦੇ ਵਿਚ ਤਾਂ ਨੌਜਵਾਨ ਆਪਣੇ ਆਪ ਦਾ ਹੀ ਨੁਕਸਾਨ ਕਰਦਾ ਹੈ, ਸਮਾਜ ਲਈ ਘਾਤਕ ਨਹੀਂ ਹੁੰਦਾ ਪ੍ਰੰਤੂ ਇਸ ਵਿਚ ਉਹ ਆਪਣੀ ਨਿਰਾਸ਼ਾ, ਬੇਚੈਨੀ ਅਤੇ ਅਸਫਲਤਾ ਤੋਂ ਦੁਖੀ ਹੋ ਕੇ ਹਿੰਸਕ ਰੁਚੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਆਪਣੇ ਹੀ ਸਿਰਜੇ ਤਰਕ ਰਾਹੀਂ ਸਮਾਜ ਕੋਲੋਂ ਬਦਲਾ ਲੈਂਦਾ ਹੈ। ਹੌਲੀ ਹੌਲੀ ਉਹ ਅਜਿਹੀ ਅੰਨ੍ਹੀ ਗਲੀ ਵਿਚ ਵੜ ਜਾਂਦਾ ਹੈ, ਜਿੱਥੋਂ ਨਿਕਲਣ ਦੀ ਸੰਭਾਵਨਾ ਬਹੁਤ ਹੀ ਘੱਟ ਰਹਿ ਜਾਂਦੀ ਹੈ।

ਪੰਜਾਬ ਦੀ ਮੌਜੂਦਾ ਹਾਲਤ ਗੰਭੀਰ ਦਿਸ਼ਾ ਵੱਲ ਇਸ਼ਾਰਾ ਕਰ ਰਹੀ ਹੈ। ਖਾਂਦੇ ਪੀਂਦੇ ਘਰਾਂ ਦਾ ਪੜ੍ਹਿਆ ਜਾਂ ਅੱਧਪੜ੍ਹ ਨੌਜਵਾਨ ਇਸੇ ਪ੍ਰਵਿਰਤੀ ਦਾ ਸ਼ਿਕਾਰ ਬਣਨ ਵੱਲ ਵਧ ਰਿਹਾ ਹੈ। ਅਜਿਹੇ ਨੌਜਵਾਨਾਂ ਨੂੰ ਹਮਦਰਦੀ ਭਰਪੂਰ ਦਰੁਸਤ ਨੀਤੀ ਰਾਹੀਂ ਸਮਾਜ ਦੇ ਉਸਾਰੂ ਕੰਮਾਂ ਵਿਚ ਲਾ ਕੇ ਹੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਅੰਧਕਾਰ ਦੀ ਦਲਦਲ ਵਿਚ ਫਸੇ ਨੌਜਵਾਨਾਂ ਨੂੰ ਵਿਗਿਆਨਕ ਬੋਧ ਅਤੇ ਤਰਕਸ਼ੀਲ ਸੋਚਣੀ ਨਾਲ ਲੈਸ ਕਰਨਾ ਹੀ ਅਜੋਕੇ ਸਮੇਂ ਦੀ ਅਹਿਮ ਲੋੜ ਹੈ। ਮਨੁੱਖ ਵਿਚ ਤਰਕਸ਼ੀਲ ਸੋਚਣੀ ਹੋਣਾ ਹੀ ਇਕ ਮਿਆਰ ਹੈ, ਜੋ ਉਸ ਨੂੰ ਪਸ਼ੂ ਜਗਤ ਨਾਲੋਂ ਵਖਰਿਆਉਂਦਾ ਹੈ, ਉਸ ਅੰਦਰ ਹਕੀਕੀ ਬੰਦਿਆਂ ਵਾਲੀਆਂ ਹਰਕਤਾਂ ਪੈਦਾ ਕਰਦਾ ਹੈ। ਅਫਸੋਸ ਦੀ ਗੱਲ ਹੈ ਕਿ ਦੁਨੀਆਂ ਭਰ ਵਿਚ ਆਧੁਨਿਕ ਗਿਆਨ ਵਿਗਿਆਨ ਦੇ ਬੇਮਿਸਾਲ ਪਸਾਰੇ ਦੇ ਬਾਵਜੂਦ ਵੀ ਅਸੀਂ ਸਾਡੇ ਨੌਜਵਾਨਾਂ ਵਿਚ ਸਮਾਜਿਕ ਸੋਝੀ ਪੈਦਾ ਨਹੀਂ ਕਰ ਸਕੇ। ਸਾਡਾ ਸਮਾਜ ਮੱਧਯੁੱਗੀ ਕਦਰਾਂ ਕੀਮਤਾਂ ਦਾ ਸ਼ਿਕਾਰ ਹੈ। ਵਹਿਮ, ਭਰਮ ਅਤੇ ਅੰਧਵਿਸ਼ਵਾਸ ਭਾਰੂ ਹਨ। ਲੋਕਾਂ ਨੂੰ ਧਰਮ, ਜਾਤ ਅਤੇ ਭਾਸ਼ਾ ਦੇ ਨਾਂ ਉਤੇ ਬੜੀ ਅਸਾਨੀ ਨਾਲ ਲੜਾਇਆ ਜਾ ਸਕਦਾ ਹੈ।

ਅੱਜ ਵੀ ਸਾਡੇ ਸਮਾਜ ਵਿਚ ਸੰਤਾਂ, ਬਾਬਿਆਂ, ਯੋਗੀਆਂ ਅਤੇ ਮੌਲਵੀਆਂ ਦਾ ਬੋਲਬਾਲਾ ਹੈ। ਇਹ ਲੋਕ ਸੌਖਿਆਂ ਹੀ ਜਨਤਾ ਨੂੰ ਦੁੱਖਾਂ ਕਲੇਸ਼ਾਂ ਅਤੇ ਲੋਕ ਪ੍ਰਲੋਕ ਤੋਂ ਮੁਕਤੀ ਦਿਵਾਉਣ ਦਾ ਝਾਂਸਾ ਦੇ ਕੇ ਠੱਗ ਸਕਦੇ ਹਨ। ਅਧਿਆਤਮਕ ਗਿਆਨ ਦੇਣ ਦੇ ਨਾਂ ਉਤੇ ਜਨਤਾ ਨੂੰ ਅਜਿਹੇ ਨਿਰਜਿੰਦ ਫਲਸਫੇ ਨਾਲ ਜਕੜ ਲੈਂਦੇ ਹਨ ਕਿ ਨੌਜਵਾਨਾਂ ਵਿਚ ਸੁਤੰਤਰ ਸੋਚ ਵਿਕਸਤ ਹੀ ਨਹੀਂ ਹੋ ਸਕਦੀ। ਕੀ ਅਸੀਂ ਨੌਜਵਾਨ ਪੀੜ੍ਹੀ ਨੂੰ ਸਮਾਜ ਵਿਚ ਵਿਚਰਦੇ 'ਦੇਵ ਪੁਰਸ਼ਾਂ' ਅਤੇ ਅੰਧਵਿਸ਼ਵਾਸਾਂ ਤੋਂ ਮੁਕਤ ਕਰਾਉਣ ਲਈ ਕੋਸ਼ਿਸ਼ ਕਰਦੇ ਹਾਂ?

ਪੰਜਾਬ ਦੀ ਨੌਜਵਾਨ ਪੀੜ੍ਹੀ ਦੀਆਂ ਸਮੱਸਿਆਵਾਂ ਦਾ ਫੌਰੀ ਹੱਲ ਹੋਣਾ ਬੇਹੱਦ ਜ਼ਰੂਰੀ ਹੈ। ਜੇ ਮੌਜੂਦਾ ਸਥਿਤੀ ਹੀ ਜਾਰੀ ਰਹੀ, ਇਹ ਨੌਜਵਾਨਾਂ ਲਈ ਤਾਂ ਮਾਰੂ ਹੈ ਹੀ, ਸਗੋਂ ਦੇਸ਼ ਲਈ ਵੀ ਮਾਰੂ ਸਾਬਤ ਹੋਵੇਗੀ। ਪੰਜਾਬ ਦੀ ਨੌਜਵਾਨ ਲਹਿਰ ਦਾ ਬਹੁਤ ਹੀ ਸ਼ਾਨਮਈ ਇਤਿਹਾਸ ਰਿਹਾ ਹੈ। ਗਦਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਦੀ ਨੌਜਵਾਨ ਲਹਿਰ ਅਤੇ ਆਜ਼ਾਦੀ ਸੰਗਰਾਮ ਵਿਚ ਪੰਜਾਬ ਦੇ ਨੌਜਵਾਨਾਂ ਦੀਆਂ ਬੇਮਿਸਾਲ ਕੁਰਬਾਨੀਆਂ ਹਨ। ਇਸ ਸਦੀ ਦੇ ਸੱਠਵਿਆਂ ਦੇ ਅਖੀਰ ਤੇ ਸੱਤਰਵੇਂ ਦਹਾਕੇ ਵਿਚ ਨੌਜਵਾਨਾਂ ਦਾ ਜਮਹੂਰੀ ਲਹਿਰ ਵਿਚ ਬਹੁਤ ਹੀ ਵਧੀਆ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਸਿਰਫ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਘੋਲਾਂ ਦੀ ਹਮਾਇਤ ਨਹੀਂ ਕੀਤੀ, ਸਗੋਂ ਪਿੰਡ ਪਿੰਡ ਵਿਚ ਲੋਕ ਪੱਖੀ ਡਰਾਮਿਆਂ ਅਤੇ ਨਾਟਕਾਂ ਰਾਹੀਂ ਅਗਾਂਹਵਧੂ ਸਾਹਿਤ ਅਤੇ ਸਭਿਆਚਾਰ ਦਾ ਵੀ ਪ੍ਰਚਾਰ ਕੀਤਾ ਸੀ। ਇਸ ਵੇਲੇ ਢਾਹੂ ਪਾਸੇ ਵੱਲ ਜਾ ਰਹੇ ਨੌਜਵਾਨਾਂ ਨੂੰ ਮੁੜ ਕੇ ਪੁਰਾਣੀ ਲੀਹ 'ਤੇ ਲਿਆਂਦਾ ਜਾ ਸਕਦਾ ਹੈ, ਲੋੜ ਸਿਰਫ ਗਹਿਰ ਗੰਭੀਰ ਸੋਚਣੀ ਅਤੇ ਇਮਾਨਦਾਰੀ ਦੀ ਹੈ। ਸਮਾਜਿਕ ਮਸਲਿਆਂ ਨੂੰ ਸਹੀ ਪਰਿਪੇਖ ਵਿਚ ਰੱਖ ਕੇ ਢੁਕਵੇਂ ਹੱਲ ਦੀ ਲੋੜ ਹੈ। ਕੀ ਮੌਜੂਦਾ ਸਰਕਾਰ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਨੌਜਵਾਨ ਪੀੜ੍ਹੀ ਨੂੰ ਅੰਨ੍ਹੀ ਗਲੀ ਵਿਚੋਂ ਬਾਹਰ ਕੱਢਣ ਲਈ ਸੰਜੀਦਾ ਉਪਰਾਲੇ ਕਰਨਗੇ? ਇਹ ਉਨ੍ਹਾਂ ਲਈ ਵੱਡੀ ਚੁਣੌਤੀ ਹੈ।

# ਜਿਮਨਾਸਟਿਕਸ ਦੀ ਮਲਕਾ ਲਾਰੀਸਾ ਲਤੀਨੀਨਾ

ਵਿਸ਼ਵ ਦੇ ਮਹਾਨ ਖਿਡਾਰੀ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਲਾਰੀਸਾ ਲਤੀਨੀਨਾ ਬਾਰੇ ਲਿਖਣਾ ਲਫ਼ਜ਼ਾਂ ਦੀ ਜਿਮਨਾਸਟਿਕਸ ਕਰਨਾ ਹੈ। ਲਫ਼ਜ਼ਾਂ ਦੀਆਂ ਕਲਾਬਾਜ਼ੀਆਂ ਲੁਆਉਣਾ। ਉਹ 1954 ਤੋਂ 1966 ਤਕ ਜਿਮਨਾਸਟਿਕਸ ਦੇ ਆਲਮੀ ਅਖਾੜਿਆਂ 'ਚ ਛਾਈ ਰਹੀ। ਕੌਮੀ ਤੇ ਕੌਮਾਂਤਰੀ ਜਿੱਤਾਂ ਦੇ ਦਰਜਨਾਂ ਮੈਡਲ ਉਹਦੇ ਗਲ ਪੈਂਦੇ ਰਹੇ। 'ਫਲਾਈਂਗ ਫਿਸ਼' ਮਾਈਕਲ ਫੈਲਪਸ ਤੋਂ ਪਹਿਲਾਂ ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਤਗ਼ਮੇ ਜਿੱਤਣ ਦਾ ਰਿਕਾਰਡ ਯੂ ਐੱਸ ਐੱਸ ਆਰ ਦੀ ਲਾਰੀਸਾ ਲਤੀਨੀਨਾ ਦਾ ਹੀ ਸੀ। 'ਰਬੜ ਦੀ ਗੁੱਡੀ' ਕਹੀ ਜਾਂਦੀ ਲਾਰੀਸਾ ਨੂੰ ਜਿਮਨਾਸਟਿਕਸ ਦੀ ਆਲਮੀ ਮਲਕਾ ਵੀ ਕਿਹਾ ਜਾਂਦੈ। ਜਦ ਉਹ ਜਿਮਨਾਸਟਿਕਸ ਦੇ ਅਣਚਿਤਵੇ ਤੇ ਔਖੇ ਈਵੈਂਟ ਕਰਦੀ ਸੀ ਤਾਂ ਦਰਸ਼ਕ ਉਹਦੇ ਕਮਾਨ ਵਰਗੇ ਲਚਕਦਾਰ ਬਦਨ ਦੀਆਂ ਕਸਰਤਾਂ ਦੇਖਦੇ ਦੰਗ ਰਹਿ ਜਾਂਦੇ ਸਨ! ਚਾਰ ਇੰਚ ਦੇ ਬੀਮ ਉਤੇ ਉਹਨੂੰ ਟੇਢੀਆਂ-ਮੇਢੀਆਂ ਤੇ ਸਿੱਧੀਆਂ-ਪੁੱਠੀਆਂ ਛਾਲਾਂ ਲਾਉਂਦੀ ਦੇਖ ਕੇ ਦੁਆਵਾਂ ਕਰਦੇ ਸਨ ਕਿ ਕੋਈ ਚੋਟ ਨਾ ਆਵੇ ਤੇ ਐਵੇਂ ਜਾਂਹ ਜਾਂਦੀ ਨਾ ਹੋਜੇ! ਉਹਦਾ ਪਤੀ ਤਾਂ ਡਰਦਾ ਮਾਰਾ ਅੱਖਾਂ ਹੀ ਮੀਟ ਲੈਂਦਾ ਸੀ ਕਿਤੇ ਭਾਣਾ ਨਾ ਵਰਤ ਜਾਵੇ ਤੇ ਧੌਣ ਦਾ ਮਣਕਾ ਨਾ ਤੁੜਵਾ ਬੈਠੇ।

ਇਹ ਸਤਰਾਂ ਲਿਖਣ ਵੇਲੇ ਲਾਰੀਸਾ ਉਮਰ ਦੇ 87ਵੇਂ ਵਰ੍ਹੇ ਵਿਚ ਹੈ ਤੇ ਪੂਰੀ ਤਰ੍ਹਾਂ ਨੌ ਬਰ ਨੌ ਹੈ। ਉਸ ਨੇ ਮੈਲਬੌਰਨ-1956, ਰੋਮ-1960 ਤੇ ਟੋਕੀਓ-1964 ਦੀਆਂ ਓਲੰਪਿਕ ਖੇਡਾਂ 'ਚੋਂ 18 ਮੈਡਲ ਜਿੱਤੇ। ਉਨ੍ਹਾਂ ਵਿਚ 14 ਮੈਡਲ ਵਿਅਕਤੀਗਤ ਤੇ 4 ਮੈਡਲ ਟੀਮ ਵਜੋਂ ਸਨ। ਉਸ ਦਾ ਵਿਅਕਤੀਗਤ ਤੌਰ 'ਤੇ ਸਭ ਤੋਂ ਵੱਧ ਮੈਡਲ ਜਿੱਤਣ ਦਾ ਓਲੰਪਿਕ ਰਿਕਾਰਡ 1964 ਤੋਂ 2016 ਤਕ 52 ਸਾਲ ਕਾਇਮ ਰਿਹਾ ਜਦਕਿ ਵਿਅਕਤੀਗਤ ਤੇ ਟੀਮ ਵਜੋਂ ਸਭ ਤੋਂ ਵੱਧ ਮੈਡਲ ਜਿੱਤਣ ਦਾ ਰਿਕਾਰਡ ਵੀ 1964 ਤੋਂ 2012 ਤਕ 48 ਸਾਲ ਨਹੀਂ ਸੀ ਟੁੱਟਿਆ। ਓਲੰਪਿਕ ਖੇਡਾਂ ਦਾ ਇਹ ਕਾਰਨਾਮਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣ ਵਾਲਾ ਕ੍ਰਿਸ਼ਮਾ ਹੈ। ਲਾਰੀਸਾ ਨੇ ਕੇਵਲ ਓਲੰਪਿਕ ਖੇਡਾਂ ਵਿਚੋਂ ਹੀ ਸਭ ਤੋਂ ਵੱਧ ਤਗ਼ਮੇ ਜਿੱਤਣ ਦਾ ਰਿਕਾਰਡ ਨਹੀਂ ਰੱਖਿਆ, ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ ਵੀ 9 ਸੋਨੇ, 4 ਚਾਂਦੀ ਤੇ 1 ਤਾਂਬੇ ਦੇ ਤਗ਼ਮੇ ਸਮੇਤ 14 ਤਗ਼ਮੇ ਅਤੇ ਯੂਰਪੀ ਚੈਂਪੀਅਨਸ਼ਿਪਾਂ ਵਿਚੋਂ ਵੀ 14 ਤਗ਼ਮੇ ਜਿੱਤੇ ਸਨ। ਸੋਵੀਅਤ ਚੈਂਪੀਅਨਸ਼ਿਪਾਂ, ਰੂਸੀ ਕੱਪਾਂ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਜਿੱਤੇ ਸਾਰੇ ਮੈਡਲ ਗਿਣਨੇ ਹੋਣ ਤਾਂ ਗਿਣਤੀ ਸੌ ਤੋਂ ਵੀ ਵਧ ਜਾਂਦੀ ਹੈ।

ਸੱਚੀ ਗੱਲ ਹੈ ਮਨੁੱਖੀ ਸਮਰੱਥਾ ਤੇ ਸੰਭਾਵਨਾ ਦੀ ਕੋਈ ਸੀਮਾ ਨਹੀਂ। ਉਹ ਜੋ ਨਹੀਂ ਸੋ ਕਰ ਸਕਦਾ ਹੈ। ਹਰ ਓਲੰਪਿਕਸ ਵਿਚ ਨਵੇਂ ਤੋਂ ਨਵੇਂ ਸਥਾਪਤ ਹੁੰਦੇ ਰਿਕਾਰਡ, ਦੋ ਹੱਥਾਂ, ਦੋ ਪੈਰਾਂ ਤੇ ਇੱਕ ਸਿਰ ਵਾਲੇ ਮਨੁੱਖੀ ਜੀਵ ਦੀ ਇਹ ਜਿਉਂਦੀ ਜਾਗਦੀ ਮਿਸਾਲ ਹਨ। ਐਵੇਂ ਨਹੀਂ ਕਿਹਾ ਜਾਂਦੈ 'ਬੰਦਾ ਬੜੀ ਸ਼ੈਅ' ਹੈ! ਉਹ ਜਿਹੜੇ ਪਾਸੇ ਵੀ ਪੈਂਦਾ ਹੈ ਕਮਾਲਾਂ ਕਰ ਵਿਖਾਉਂਦਾ ਹੈ।

ਆਧੁਨਿਕ ਔਰਤਾਂ ਨੂੰ ਇਹ ਜਾਣ ਕੇ ਅਫਸੋਸ ਹੋਵੇਗਾ ਕਿ ਪੁਰਾਤਨ ਓਲੰਪਿਕ ਖੇਡਾਂ ਵਿਚ ਔਰਤਾਂ ਨੂੰ ਭਾਗ ਲੈਣ ਜਾਂ ਸ਼ਾਮਲ ਹੋਣ ਦੀ ਆਗਿਆ ਨਹੀਂ ਸੀ। ਯੂਨਾਨ ਦੀਆਂ ਦੇਵੀਆਂ, ਦੇਵਤਿਆਂ ਦੀ ਪੂਜਾ ਕਰ ਸਕਦੀਆਂ ਤੇ ਖੇਡਾਂ ਦੀ ਜੋਤ ਜਗਾ ਸਕਦੀਆਂ ਸਨ। ਉਨ੍ਹਾਂ ਲਈ ਓਲੰਪਿਕ ਖੇਡਾਂ ਵੇਖਣੀਆਂ ਵੀ ਵਰਜਿਤ ਸਨ। ਪੁਰਾਤਨ ਓਲੰਪਿਕ ਖੇਡਾਂ 776 ਪੂ: ਈ: ਤੋਂ ਸ਼ੁਰੂ ਹੋਈਆਂ ਸਨ। ਪਹਿਲੀ ਵਾਰ ਸਟੇਡੀਅਮ ਦੀ ਇਕੋ ਸਿੱਧੀ ਦੌੜ ਲੱਗੀ ਸੀ ਤੇ ਖੇਡਾਂ ਇਕੋ ਦਿਨ ਵਿਚ ਸਮਾਪਤ ਹੋ ਗਈਆਂ ਸਨ। ਕੋਰੋਬਸ ਨਾਂ ਦਾ ਲਾਂਗਰੀ ਇਹ ਦੌੜ ਜਿੱਤਿਆ ਸੀ ਜਿਸ ਨੂੰ ਪ੍ਰਥਮ ਓਲੰਪਿਕ ਚੈਂਪੀਅਨ ਮੰਨਿਆ ਜਾਂਦਾ ਹੈ। ਫਿਰ ਇਹ ਖੇਡਾਂ ਪੰਜ ਦਿਨਾਂ ਦੀਆਂ ਹੋਣ ਲੱਗੀਆਂ ਤੇ ਈਵੈਂਟ ਵੀ ਪੰਜ ਹੋ ਗਏ ਜਿਨ੍ਹਾਂ ਵਿਚ ਕੁਸ਼ਤੀਆਂ ਤੇ ਰੱਥ ਦੌੜਾਂ ਵੀ ਸ਼ਾਮਲ ਸਨ। ਉਦੋਂ ਔਰਤਾਂ ਨੂੰ ਓਲੰਪਿਕ ਖੇਡਾਂ ਵਿਚ ਭਾਗ ਲੈਣ ਤੇ ਖੇਡ ਮੁਕਾਬਲੇ ਵੇਖਣ ਦੀ ਏਨੀ ਸਖ਼ਤ ਮਨਾਹੀ ਸੀ ਕਿ ਉਲੰਘਣਾ ਦੀ ਸੂਰਤ ਵਿਚ ਉੱਚੀ ਪਹਾੜੀ ਤੋਂ ਡੂੰਘੀ ਖੱਡ 'ਚ ਸੁੱਟ ਕੇ ਮਾਰਨ ਦੀ ਸਜ਼ਾ ਲਾਗੂ ਸੀ।

ਓਲੰਪਿਕ ਖੇਡਾਂ ਦੇ ਇਤਿਹਾਸ 'ਚੋਂ ਵੇਰਵਾ ਮਿਲਦਾ ਹੈ ਕਿ ਓਲੰਪਿਕ ਚੈਂਪੀਅਨਾਂ ਦੇ ਪਰਿਵਾਰ ਦੀ ਇਕ ਔਰਤ ਨੇ ਆਪਣੇ ਪੁੱਤਰ ਨੂੰ ਰੀਝਾਂ ਨਾਲ ਪਾਲ ਪੋਸ ਕੇ ਓਲੰਪਿਕ ਚੈਂਪੀਅਨ ਬਣਾਉਣ ਲਈ ਤਿਆਰ ਕੀਤਾ ਸੀ। ਜਦ ਉਹ ਓਲੰਪਿਕ ਖੇਡਾਂ ਵਿਚ ਭਾਗ ਲੈਣ ਗਿਆ ਤਾਂ ਮਾਂ ਤੋਂ ਪਿੱਛੇ ਨਾ ਰਹਿ ਹੋਇਆ। ਉਹ ਘਰੋਂ ਨਿਕਲੀ ਤੇ ਮਰਦਾਵੇਂ ਭੇਸ ਵਿਚ ਸਟੇਡੀਅਮ ਅੰਦਰ ਦਾਖਲ ਹੋ ਗਈ ਤਾਂ ਜੋ ਆਪਣੀਆਂ ਅੱਖਾਂ ਸਾਹਮਣੇ ਆਪਣੇ ਪੁੱਤਰ ਨੂੰ ਓਲੰਪਿਕ ਚੈਂਪੀਅਨ ਬਣਦਾ ਵੇਖ ਸਕੇ। ਜਦ ਉਹਦੇ ਪੁੱਤਰ ਨੇ ਅਖਾੜੇ ਵਿਚ ਆਖ਼ਰੀ ਘੋਲ ਜਿੱਤ ਲਿਆ ਤਾਂ ਉਹਤੋਂ ਖ਼ੁਸ਼ੀ ਸੰਭਾਲੀ ਨਾ ਗਈ ਤੇ ਉਹ ਆਪ ਮੁਹਾਰੇ ਅਖਾੜੇ ਵੱਲ ਭੱਜ ਟੁਰੀ। ਓਲੰਪਿਕ ਚੈਂਪੀਅਨ ਬਣੇ ਪੁੱਤਰ ਨੂੰ ਕਲਾਵੇ 'ਚ ਲੈਂਦਿਆਂ ਉਹਦਾ ਮਰਦਾਵਾਂ ਭੇਸ ਲਹਿ ਗਿਆ ਜਿਸ ਨਾਲ ਉਹਦੀ ਔਰਤ ਹੋਣ ਦੀ ਪਛਾਣ ਜ਼ਾਹਿਰ ਹੋ ਗਈ। ਉਸ ਨੂੰ ਜੱਜਾਂ ਸਾਹਵੇਂ ਪੇਸ਼ ਕੀਤਾ ਗਿਆ। ਜੱਜਾਂ ਨੇ ਸਜ਼ਾ ਤਾਂ ਉਸ ਨੂੰ ਪਹਾੜੀ ਤੋਂ ਖੱਡ ਵਿਚ ਸੁੱਟਣ ਦੀ ਦੇਣੀ ਸੀ ਪਰ ਉਹ ਓਲੰਪਿਕ ਚੈਂਪੀਅਨ ਦੀ ਮਾਂ ਹੋਣ ਕਰਕੇ ਉਹਦੇ 'ਤੇ ਰਹਿਮ ਕਰ ਗਏ ਅਤੇ ਉਸ ਦੀ ਜਾਨ ਬਖ਼ਸ਼ ਦਿੱਤੀ। ਪਰ ਇਹ ਜ਼ਰੂਰ ਕੀਤਾ ਕਿ ਇਸ ਘਟਨਾ ਤੋਂ ਬਾਅਦ ਸਟੇਡੀਅਮ ਦੇ ਦਰਾਂ 'ਤੇ ਪਹਿਰੇ ਹੋਰ ਸਖ਼ਤ ਕਰ ਦਿੱਤੇ ਗਏ ਤਾਂ ਜੋ ਕੋਈ ਹੋਰ ਔਰਤ ਮਰਦਾਵਾਂ ਭੇਸ ਧਾਰ ਕੇ ਵੀ ਖੇਡਾਂ ਵੇਖਣ ਨਾ ਆ ਸਕੇ। ਇਹ ਖੇਡਾਂ ਹਰ ਚਾਰ ਸਾਲਾਂ ਪਿਛੋਂ ਜੂਨ-ਜੁਲਾਈ ਦੀ ਪੂਰਨਮਾਸ਼ੀ ਨੂੰ ਹੁੰਦੀਆਂ ਸਨ ਜਿਨ੍ਹਾਂ ਨੂੰ ਓਲੰਪੀਅਦ ਕਿਹਾ ਜਾਂਦਾ ਸੀ। ਯੂਨਾਨ ਵਿਚ ਉਦੋਂ ਸਮਾਂ/ਸੰਨ ਓਲੰਪੀਅਦਾਂ ਵਿਚ ਹੀ ਗਿਣਿਆ ਜਾਂਦਾ ਸੀ।

ਲਾਰੀਸਾ ਦੇ ਜੀਵਨ ਅਤੇ ਖੇਡ ਕੈਰੀਅਰ ਉਪਰ ਝਾਤ ਮਾਰਦੇ ਹਾਂ ਤਾਂ ਕਈ ਗੱਲਾਂ ਅਚੰਭੇ ਭਰੀਆਂ ਲੱਗਦੀਆਂ ਹਨ। ਉਹ 1930ਵਿਆਂ ਦੀ ਭੁੱਖਮਰੀ ਦੌਰਾਨ ਯੂਕਰੇਨ ਦੇ ਇਕ ਗ਼ਰੀਬ ਪਰਿਵਾਰ ਵਿਚ ਜੰਮੀ ਸੀ। ਉਹਦਾ ਜਨਮ ਸੈਮੀਓਨ ਆਂਦਰੇ ਵਿਚ ਡੀਰੀ ਦੇ ਘਰ ਮਾਤਾ ਅਨੀਸੀਮੋਵਨਾ ਬਾਰਾਬਿਮੁਕ ਡੀਰੀ ਦੀ ਕੁੱਖੋਂ 27 ਦਸੰਬਰ 1934 ਦੀ ਬਰਫੀਲੀ ਰਾਤ ਨੂੰ ਯੂਕਰੇਨ ਦੇ ਸ਼ਹਿਰ ਕੀਵ ਨੇੜੇ ਖੇਰਸਨ ਵਿਚ ਹੋਇਆ ਸੀ। ਉਦੋਂ ਸੋਵੀਅਤ ਰੂਸ ਵਿਚ ਇਨਕਲਾਬ ਆ ਚੁੱਕਾ ਸੀ ਤੇ ਯੂਕਰੇਨ ਸੋਵੀਅਤ ਸੰਘ ਦਾ ਅੰਗ ਬਣਿਆ ਹੋਇਆ ਸੀ। ਜਦੋਂ ਯੂਕਰੇਨ ਵਿਚ ਖੇਤੀਬਾੜੀ ਦੇ ਸਾਂਝੇ ਫਾਰਮ ਬਣਨ ਲੱਗੇ ਤਾਂ ਬਹੁਤੇ ਕਿਸਾਨਾਂ ਨੇ ਆਪੋ ਆਪਣੇ ਡੰਗਰ ਵੱਛੇ ਵੱਢ ਕੇ ਖਾਣੇ ਸ਼ੁਰੂ ਕਰ ਲਏ ਸਨ ਕਿ ਹੁਣ ਤਾਂ ਸਭ ਕੁਝ ਸਾਂਝਾ ਹੋ ਜਾਣਾ ਹੈ। ਕੁਝ ਸਮਾਂ ਸਥਿਤੀ ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ ਵਰਗੀ ਬਣੀ ਰਹੀ ਸੀ। ਇਉਂ ਕਰਨ ਨਾਲ ਖੇਤੀ ਫਸਲਾਂ ਦੇ ਉਤਪਾਦਨ ਦਾ ਕਾਲ਼ ਪੈ ਗਿਆ ਸੀ। ਰੂਸੀ ਨਾਵਲ 'ਨਵੀਂ ਧਰਤੀ ਨਵੇਂ ਸਿਆੜ' ਵਿਚ ਇਸ ਦਾ ਭਰਪੂਰ ਜ਼ਿਕਰ ਹੈ।

ਭੁੱਖ ਨੰਗ ਦਾ ਸਤਾਇਆ ਸੈਮੀਓਨ ਆਂਦਰੇ ਵਿਚ ਆਪਣੀ 11 ਮਹੀਨਿਆਂ ਦੀ ਦੁੱਧ ਚੁੰਘਦੀ ਧੀ ਲਾਰੀਸਾ ਤੇ ਜੁਆਨ ਜਹਾਨ ਪਤਨੀ ਨੂੰ ਛੱਡ ਕੇ ਫੌਜ ਵਿਚ ਭਰਤੀ ਹੋ ਗਿਆ ਸੀ। ਮੁੜ ਕਦੇ ਉਹ ਪਤਨੀ ਤੇ ਧੀ ਦਾ ਮੂੰਹ ਵੇਖਣ ਵਾਪਸ ਨਾ ਆ ਸਕਿਆ। ਪਿੱਛੋਂ ਉਹਦੀ ਧੀ ਕਿਵੇਂ ਪਲ਼ੀ, ਕਿਵੇਂ ਪੜ੍ਹੀ ਅਤੇ ਕਿਵੇਂ ਓਲੰਪਿਕ ਖੇਡਾਂ ਦੀ ਸਰਵੋਤਮ ਜਿਮਨਾਸਟ ਬਣੀ ਤੇ ਸਭ ਤੋਂ ਵੱਧ ਤਗ਼ਮੇ ਜਿੱਤੀ, ਇਹ ਵਿਸ਼ਵ ਭਰ ਦੇ ਬੱਚਿਆਂ, ਕਿਸ਼ੋਰਾਂ ਤੇ ਨੌਜੁਆਨਾਂ ਲਈ ਉਤਸ਼ਾਹਜਨਕ ਤੇ ਪ੍ਰੇਰਨਾਦਾਇਕ ਕਹਾਣੀ ਹੈ। ਇਸ ਤੋਂ ਸਬਕ ਮਿਲਦੈ ਕਿ ਹਾਲਾਤ ਭਾਵੇਂ ਕਿੰਨੇ ਵੀ ਮਾੜੇ ਹੋਣ, ਉਹ ਉੱਦਮ, ਹਿੰਮਤ ਤੇ ਮਿਹਨਤ ਕਰਨ ਵਾਲਿਆਂ ਨੂੰ ਅੱਗੇ ਵਧਣੋਂ ਨਹੀਂ ਰੋਕ ਸਕਦੇ।

ਲਾਰੀਸਾ ਦੀ ਅਨਪੜ੍ਹ ਮਾਂ ਆਪਣੀ ਧੀ ਨੂੰ ਪਾਲਣ ਤੇ ਪੜ੍ਹਾਉਣ ਲਈ ਸਫਾਈ ਸੇਵਕਾ ਬਣੀ ਤੇ ਰਾਤਾਂ ਨੂੰ ਚੌਕੀਦਾਰੇ ਦਾ ਕੰਮ ਕਰਨ ਲੱਗੀ। ਪਿਤਾ ਫੌਜ ਵਿਚ ਮਸ਼ੀਨ ਗੰਨ ਆਪ੍ਰੇਟਰ ਬਣਿਆ ਜੋ ਸਤਾਲਿਨਗਰਾਦ ਦੀ ਲੜਾਈ ਵਿਚ ਮਾਰਿਆ ਗਿਆ। ਉਦੋਂ ਉਹ 37ਵੇਂ ਸਾਲ ਵਿਚ ਸੀ। ਲਾਰੀਸਾ ਲਾਗਲੇ ਸਕੂਲ ਵਿਚ ਪੜ੍ਹਨ ਲੱਗੀ ਤਾਂ ਉਹਦੀ ਰੁਚੀ ਬੇਲੇ ਡਾਂਸ ਵਿਚ ਹੋ ਗਈ। ਉਹ ਬੇਲੇ ਡਾਂਸਰ ਬਣ ਵੀ ਗਈ ਪਰ ਨਾਲ ਦੀ ਨਾਲ ਜਿਮਨਾਸਟਿਕਸ ਵੀ ਸਿੱਖਣ ਲੱਗੀ। ਮਾਂ ਔਖੀ ਸੌਖੀ ਪੰਜਾਹ ਰੂਬਲ ਫੀਸ ਤਾਰਦੀ ਰਹੀ। ਅਜੇ ਉਹ 16 ਸਾਲ ਦੀ ਸੀ



ਕਿ ਸਕੂਲਾਂ ਦੀ ਨੈਸ਼ਨਲ ਚੈਂਪੀਅਨ ਬਣ ਗਈ ਅਤੇ ਪੂਰਨ ਤੌਰ 'ਤੇ ਜਿਮਨਾਸਟਿਕਸ ਨੂੰ ਸਮਰਪਿਤ ਹੋ ਗਈ। 1953 ਵਿਚ ਉਹ ਹਾਈ ਸਕੂਲ ਤੋਂ ਆਨਰਜ਼ ਕਰਨ ਉਪਰੰਤ ਕੀਵ ਦੇ ਲੈਨਿਨ ਪੌਲੀਟੈਕਨਿਕ ਇੰਸਟੀਚਿਊਟ ਵਿਚ ਦਾਖਲ ਹੋਈ। ਉਥੇ ਉਸ ਨੂੰ ਜਿਮਨਾਸਟਿਕਸ ਦਾ ਵਧੀਆ ਕੋਚ ਮਿਸ਼ਾਕੋਵ ਮਿਲ ਗਿਆ। ਉਸੇ ਸਾਲ ਉਸ ਨੇ ਰੋਮ ਵਿਖੇ ਵਰਲਡ ਜਿਮਨਾਸਟਿਕਸ ਚੈਂਪੀਅਨਸ਼ਿਪ 'ਚੋਂ ਆਪਣੀ ਟੀਮ ਨਾਲ ਗੋਲਡ ਮੈਡਲ ਜਿੱਤ ਲਿਆ। ਲਾਰੀਸਾ ਜਿਸ ਦਾ ਪਹਿਲਾਂ ਨਾਂ ਲਾਰੀਸਾ ਸੈਮੀਓਨੋਵਨਾ ਡੀਰੀ ਸੀ ਵਿਆਹ ਕਰਾਉਣ ਨਾਲ ਲਾਰੀਸਾ ਲਤੀਨੀਨਾ ਬਣ ਗਈ ਜਿਸ ਦਾ ਯੂਕਰੇਨੀ ਉਚਾਰਣ ਲਾਤਿਯਾਨੀਨਾ ਹੈ। ਉਹਦਾ ਪਹਿਲਾ ਵਿਆਹ ਉਹਦੇ ਸਕੂਲ ਵਿਚ ਪੜ੍ਹਦੇ ਮਿੱਤਰ ਈਵਾਨ ਲਾਤੀਨਿਨ ਨਾਲ ਹੋਇਆ ਜੋ ਜਹਾਜ਼ੀ ਇੰਜਨੀਅਰ ਬਣ ਗਿਆ ਸੀ। ਪਹਿਲੇ ਵਿਆਹ 'ਚੋਂ ਬੇਟੀ ਇਵਾਨੋਵਲਾ ਤਾਤਿਆਨਾ ਨੇ 17 ਦਸੰਬਰ 1958 ਨੂੰ ਜਨਮ ਲਿਆ। ਲਾਰੀਸਾ ਚਾਰ ਮਹੀਨੇ ਦੀ ਗਰਭਵਤੀ ਸੀ ਜਦੋਂ 1958 ਦੀ ਵਰਲਡ ਜਿਮਨਾਸਟਿਕਸ ਚੈਂਪੀਅਨਸ਼ਿਪ ਵਿਚੋਂ ਪੰਜ ਮੈਡਲ ਜਿੱਤੀ। ਉਸ ਨੇ ਗਰਭਵਤੀ ਹੋਣ ਦਾ ਭੇਤ ਇਸ ਲਈ ਨਹੀਂ ਸੀ ਖੋਲ੍ਹਿਆ ਬਈ ਕਿਤੇ ਉਸ ਨੂੰ ਟੀਮ ਵਿਚੋਂ ਬਾਹਰ ਨਾ ਕੱਢ ਦਿੱਤਾ ਜਾਵੇ। 1966 ਵਿਚ ਉਸ ਨੇ ਕਿਹਾ ਕਿ ਮੇਰੀਆਂ 1958 ਦੀਆਂ ਜਿੱਤਾਂ ਦਾ ਅੱਧਾ ਸਿਹਰਾ ਮੇਰੀ ਅਣਜੰਮੀ ਧੀ ਦੇ ਸਿਰ ਹੈ। ਉਸ ਦਾ ਇਕ ਪੁੱਤਰ ਵੀ ਹੈ।

ਲਾਰੀਸਾ ਨੇ ਤਿੰਨ ਵਿਆਹ ਕੀਤੇ। ਉਸ ਦਾ ਦੂਜਾ ਪਤੀ ਉਹਦਾ ਜਿਮਨਾਸਟਿਕਸ ਕੋਚ ਹੀ ਸੀ ਤੇ ਤੀਜਾ ਪਤੀ ਯੂਰੀ ਇਜ਼ਰੇਲਵਿਚ ਫੈਲਡਮੈਨ ਰੂਸ ਦਾ ਸਾਬਕਾ ਸਾਈਕਲਿਸਟ ਚੈਂਪੀਅਨ ਹੈ। ਲਾਰੀਸਾ ਨੇ ਮੈਲਬੌਰਨ ਦੀਆਂ ਓਲੰਪਿਕ ਖੇਡਾਂ 'ਚੋਂ 4 ਸੋਨੇ, 1 ਚਾਂਦੀ, 1 ਤਾਂਬੇ ਦਾ ਤਗਮਾ ਤੇ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ 3 ਸੋਨੇ, 2 ਚਾਂਦੀ, 1 ਤਾਂਬੇ ਦਾ ਤਗ਼ਮਾ ਜਿੱਤ ਕੇ ਆਪਣੀ ਜਿਮਨਾਸਟਿਕਸ ਕਲਾ ਦਾ ਲੋਹਾ ਮਨਵਾਇਆ ਸੀ। ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚੋਂ 2 ਸੋਨੇ, 2 ਚਾਂਦੀ, 2 ਤਾਂਬੇ ਦੇ ਤਗਮੇ ਜਿੱਤ ਕੇ ਓਲੰਪਿਕ ਮੈਡਲਾਂ ਦੀ ਗਿਣਤੀ 18 ਕਰ ਦਿੱਤੀ ਸੀ ਜਿਨ੍ਹਾਂ ਦਾ ਰਿਕਾਰਡ ਅੱਧੀ ਸਦੀ ਤਕ ਕਾਇਮ ਰਿਹਾ। ਉਸ ਨੇ 1957 ਦੀ ਯੂਰਪੀਅਨ ਚੈਂਪੀਅਨਸ਼ਿਪ 'ਚੋਂ ਪੰਜ ਸੋਨ ਤਗਮੇ ਅਤੇ 1958 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ 5 ਸੋਨੇ, 1 ਚਾਂਦੀ ਅਤੇ 1962 ਦੀ ਵਿਸ਼ਵ ਚੈਂਪੀਅਨਸ਼ਿਪ ਵਿਚੋਂ ਵੀ ਛੇ ਤਗਮੇ ਜਿੱਤੇ ਸਨ। ਪਰ 1966 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਕੇਵਲ 1 ਤਗਮਾ ਜਿੱਤ ਸਕੀ ਜਿਸ ਪਿੱਛੋਂ ਰਿਟਾਇਰ ਹੋ ਗਈ ਤੇ ਮਾਸਕੋ ਵਿਚ ਵਸ ਗਈ। 1968, 1972 ਤੇ 1976 ਦੀਆਂ ਓਲੰਪਿਕ ਖੇਡਾਂ ਵਿਚ ਉਹ ਸੋਵੀਅਤ ਰੂਸ ਦੀਆਂ ਜਿਮਨਾਸਟਿਕਸ ਟੀਮਾਂ ਦੀ ਕੋਚ ਬਣੀ ਜਿਨ੍ਹਾਂ ਨੇ ਦਰਜਨਾਂ ਮੈਡਲ ਜਿੱਤੇ। ਮਾਸਕੋ ਦੀਆਂ ਓਲੰਪਿਕ ਖੇਡਾਂ-1980 ਵਿਚ ਉਹ ਜਿਮਨਾਸਟਿਕਸ ਦੇ ਮੁਕਾਬਲਿਆਂ ਦੀ ਮੁੱਖ ਪ੍ਰਬੰਧਕ ਸੀ। ਸਰਗਰਮ ਮੁਕਾਬਲਿਆਂ ਸਮੇਂ ਉਹਦਾ ਸਰੀਰਕ ਵਜ਼ਨ 52 ਕਿਲੋਗਰਾਮ ਰਿਹਾ ਤੇ ਕੱਦ 5 ਫੁੱਟ 3 ਇੰਚ। ਸਿਡਨੀ ਦੀਆਂ ਓਲੰਪਿਕ ਖੇਡਾਂ ਸਮੇਂ ਓਲੰਪਿਕ ਪਿੰਡ ਦੀ ਇਕ ਸੜਕ ਦਾ ਨਾਂ ਲਾਰੀਸਾ ਲਤੀਨੀਨਾ ਵੇਅ ਰੱਖਿਆ ਗਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਉਸ ਨੂੰ ਓਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ ਤੇ ਉਸ ਦੀ ਤਸਵੀਰ ਓਲੰਪਿਕ ਹਾਲ ਆਫ਼ ਫੇਮ ਵਿਚ ਲਾਈ ਗਈ। ਉਸ ਨੂੰ ਆਰਡਰ ਆਫ਼ ਲੈਨਿਨ ਅਵਾਰਡ, ਸੋਵੀਅਤ ਬੈਜ ਆਫ਼ ਆਨਰ ਤੇ ਯੂਕਰੇਨ ਸਟਾਰ ਦੇ ਅਵਾਰਡ ਵੀ ਮਿਲੇ। ਸ਼ਾਲਾ! ਉਹ ਹੋਰ ਲੰਮੀ ਉਮਰ ਜੀਵੇ ਤੇ ਖਿਡਾਰੀਆਂ ਦੀ ਪ੍ਰੇਰਨਾ ਸਰੋਤ ਬਣੀ ਰਵ੍ਹੇ!



## .ਗ਼ਜ਼ਲ

ਨਗਰ ਵਿੱਚ ਚਰਚਾ ਬੜਾ ਅਜੇ ਵੀ ਇਸ ਕਿਆਮਤ ਦਾ,
ਨਦੀ ਨੂੰ ਵਹਿਮ ਲੈ ਡੁੱਬਾ ਸਮੁੰਦਰ ਦੀ ਮੁਹੱਬਤ ਦਾ।

ਕਲਮ ਸੀ ਹੱਥ ਵਿੱਚ ਕਿਸ ਦੇ, ਤੇ ਕਿਸ ਦੇ ਹੱਥ ਵਿੱਚ ਖ਼ੰਜਰ,
ਨਿਤਾਰਾ ਕਰਨਗੇ ਲੋਕੀਂ ਕਦੇ ਸਾਡੀ ਇਬਾਰਤ ਦਾ।

ਤੁਸੀ ਇਤਰਾਜ਼ ਕਰਦੇ ਹੋ ਹਵਾ ਕਿਉਂ ਬਣ ਗਈ ਨ੍ਹੇਰੀ,
ਅਸਰ ਆਖਿਰ ਤਾਂ ਹੋਣਾ ਸੀ ਇਹ ਰੁੱਖਾਂ ਦੀ ਸ਼ਹਾਦਤ ਦਾ।

ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ,
ਤੁਹਾਨੂੰ ਕੀ ਦਿਆਂ ਪਰਮਾਣ ਮੈ ਆਪਣੀ ਸ਼ਨਾਖ਼ਤ ਦਾ।

ਦਰਾਂ ਨੂੰ ਹੈ ਅਜੇ ਵੀ ਆਸ ਇਕ ਦਿਨ ਦੇਣਗੇ ਦਸਤਕ,
ਉਨ੍ਹਾਂ ਨੂੰ ਫਿਕਰ ਜੇ ਹੋਇਆ ਕਦੇ ਆਪਣੀ ਵਿਰਾਸਤ ਦਾ।

ਹਨੇਰਾ ਚੀਰਨੇ ਦਾ ਵਲ ਅਸੀਂ ਸਿੱਖਿਆ ਟਟਹਿਣੇ ਤੋਂ।
ਤੁਸੀਂ ਕਿਉ ਫਿਕਰ ਕਰਦੇ ਹੋ ਭਲਾ ਸਾਡੀ ਹਿਫ਼ਾਜ਼ਤ ਦਾ।

ਉਪੇਂਦਰ ਨਾਥ, ਮੰਟੋ, ਕਾਸਮੀ, ਦੁਸ਼ਮਣ ਰਹੇ ਭਾਵੇਂ,
ਅਜੇ ਵੀ ਝੂਲਦਾ ਹੈ ਪਰਚਮ, ਤਿੰਨਾਂ ਦੀ ਮੁਹੱਬਤ ਦਾ।

ਦਿਲਾਂ ਤੇ ਰਾਜ ਕਰਦਾ ਹੈ ਅਜੇ ਵੀ ਇਸ ਲਈ ਪੋਰਸ,
ਜ਼ਮਾਨੇ ਨੂੰ ਪਤਾ ਸਾਰਾ ਸਿਕੰਦਰ ਦੀ ਸਿਆਸਤ ਦਾ।

ਬੁਦੇ ਖੱਦਰ ਦੀਆਂ ਲੀਰਾਂ 'ਚ ਠਰਦੇ ਬਾਲ ਸੜਕਾਂ ਤੇ,
ਦੁਸ਼ਾਲੇ ਮੰਦਰਾਂ ਵਿੱਚ ਵੰਡਦਾ ਮਾਲਕ ਰਿਆਸਤ ਦਾ।

**-ਅਜੈ ਤਨਵੀਰ**

# ਬਾਕੂ ਦਾ ਅਗਨੀ ਮੰਦਰ ਤੇ ਉਦਾਸੀ ਸੰਪ੍ਰਦਾਇ

ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਲੰਘਿਆ ਹਫ਼ਤਾ ਬਾਬਾ ਨਾਨਕ ਦੇ ਜਨਮ ਨੂੰ ਪਰਨਾਇਆ ਹੋਇਆ ਸੀ। ਇਹ ਸਬੱਬ ਦੀ ਗੱਲ ਹੈ ਕਿ ਦਿੱਲੀ ਯੂਨੀਵਰਸਟੀ ਦੇ ਬੋਧੀ ਅਧਿਐਨ ਵਿਭਾਗ ਦੇ ਮੁਖੀ ਵਲੋਂ ਪੇਸ਼ ਕੀਤਾ ਗਿਆ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਨ ਵੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੂਤ ਬਾਬਾ ਸ਼੍ਰੀ ਚੰਦ ਵਲੋਂ ਅਪਣਾਈ ਉਦਾਸੀ ਭਾਵਨਾ ਨਾਲ ਸਬੰਧਤ ਸੀ। ਭਾਸ਼ਣ ਦੇਣ ਵਾਲਾ ਕਰਮ ਤੇਜ ਸਿੰਘ ਸਰਾਓ ਪਿੰਡ ਚੱਠਾ ਗੋਬਿੰਦਪੁਰਾ ਜ਼ਿਲ੍ਹਾ ਸੰਗਰੂਰ ਦਾ ਜੰਮਪਲ ਹੈ। ਉਹਦੇ ਵਲੋਂ ਪੇਸ਼ ਕੀਤੀ ਗਈ ਬਾਕੂ ਦੇ ਅਗਨੀ ਮੰਦਰ ਦੀ ਨਕਸ਼ ਨੁਹਾਰ ਸਰਾਓ ਦੀਆਂ ਪੰਜ ਗੇੜੀਆਂ ਉੱਤੇ ਆਧਾਰਤ ਹੈ। 1975 ਵਿਚ ਅਜਾਇਬ ਘਰ ਵਜੋਂ ਪਰਿਵਰਤਤ ਇਹ ਮੰਦਰ ਪੰਜ-ਭੁਜੀ ਕੰਧਾਂ ਵਿਚ ਘਿਰਿਆ ਹੋਇਆ ਹੈ ਤੇ ਏਥੇ 24 ਕੋਠੜੀਆਂ ਬਣੀਆਂ ਹੋਈਆਂ ਹਨ, ਜਿੱਥੇ ਸੰਨਿਆਸੀ, ਸ਼ਰਧਾਲੂ ਤੇ ਲਾਦੂ ਜਾਨਵਰਾਂ ਦੇ ਵਪਾਰੀ ਰੈਣ ਬਸੇਰਾ ਕਰਦੇ ਹਨ। ਇਹ ਦੱਸਣਾ ਵੀ ਯੋਗ ਹੋਵੇਗਾ ਕਿ ਬਾਕੂ ਆਜ਼ੇਰ ਬਾਈਜਾਨ ਦੀ ਰਾਜਧਾਨੀ ਹੈ।

ਨੋਟ ਕਰਨ ਵਾਲੀ ਗੱਲ ਇਹੀ ਹੈ ਕਿ ਇਨ੍ਹਾਂ ਕੋਠੜੀਆਂ ਦੇ ਦਰਾਂ ਦਰਵਾਜ਼ਿਆਂ ਉੱਤੇ ਲੱਗੀਆਂ ਹੋਈਆਂ ਪੱਟੀਆਂ ਦੇਵਨਾਗਰੀ ਤੇ ਲੰਡਾ ਲਿਪੀ ਤੋਂ ਬਿਨਾ ਗੁਰਮੁਖੀ ਲਿਪੀ ਵਿਚ ਵੀ ਹਨ। ਕੋਠੜੀ ਨੰਬਰ 7 ਤੇ 10 ਦੇ ਦਰਵਾਜ਼ੇ ਗੁਰਮੁਖੀ ਲਿਪੀ ਵਾਲੇ ਹਨ। ਸਰਾਓ ਨੇ ਜਿਨ੍ਹਾਂ ਦੀਆਂ ਤਸਵੀਰਾਂ ਆਪਣੇ ਭਾਸ਼ਣ ਸਮੇਂ ਸਰੋਤਿਆਂ ਨੂੰ ਪਿਆਰ ਨਾਲ ਦਿਖਾਈਆਂ। ਇਨ੍ਹਾਂ ਵਿਚ ਗੁਰਮੁਖੀ ਅੱਖਰ ਤੇ ਸ਼ਬਦ ਇਕ ਦੂਜੇ ਨਾਲ ਜੁੜਵੇਂ ਹਨ। ਏਥੋਂ ਤਕ ਕਿ ਚੇਲਾ ਸ਼ਬਦ ਦਾ 'ਚੇ' ਭਾਗ ਇਕ ਸਤਰ ਦੇ ਅੰਤ ਉੱਤੇ ਹੈ ਤੇ 'ਲਾ' ਭਾਗ ਅਗਲੀ ਸਤਰ ਦੇ ਆਰੰਭ ਵਿਚ। ਇਨ੍ਹਾਂ ਦਾ ਲਿਖਣ ਸਮਾਂ 1668 ਤੋਂ 1816 ਈਸਵੀ ਦਾ ਮਿੱਥਿਆ ਗਿਆ ਹੈ। ਦੇਵਨਾਗਰੀ ਵਾਲੀ ਕੋਠੜੀ ਨੰਬਰ 12 ਦੇ ਦਰਵਾਜ਼ੇ ਸਮੇਤ ਸਤਵੀਂ ਤੇ ਦਸਵੀਂ ਕੋਠੜੀ ਦਾ ਸਬੰਧ ਗੁਰੂ ਬਾਬਾ ਨਾਨਕ ਦੀ ਤੀਸਰੀ ਉਦਾਸੀ ਨਾਲ ਜੁੜਦਾ ਮੰਨਿਆ ਗਿਆ ਹੈ।

ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਸੰਨਿਆਸ ਧਾਰਨ ਵਾਲੇ ਸਨਿਆਸੀ ਆਰਾਮਾਂ, ਵਿਹਾਰਾਂ ਤੇ ਡੇਰਿਆਂ ਵਿਚ ਰਹਿਣ ਵਾਲੇ ਵੀ ਸਨ ਤੇ ਜੰਗਲਾਂ, ਗੁਫਾਵਾਂ ਤੇ ਰੇਗਿਸਤਾਨਾਂ ਵਿਚ ਵੀ। ਸਪੱਸ਼ਟ ਹੈ ਕਿ ਬਾਬਾ ਨਾਨਕ ਨੇ ਗ੍ਰਹਿਸਤੀ ਸੰਪਰਦਾਇ ਸਥਾਪਤ ਕਰ ਕੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਜਿਹੜੀ ਸਮਾਂ ਪਾ ਕੇ ਵਧੇਰੇ ਮਕਬੂਲ ਹੋਈ।



*ਹੱਥ ਨਾਲ ਬਣਾਈ ਗਈ ਪ੍ਰਤੀਲਿੱਪੀ- 1862*

ਭਾਵੇਂ ਉਦਾਸੀ ਸੰਪ੍ਰਦਾਇ ਦੇ ਕਈ ਰੀਤੀ-ਰਿਵਾਜਾਂ ਅਤੇ ਜੀਵਨ-ਸ਼ੈਲੀ ਨੂੰ ਸਿੱਖੀ-ਸਿਧਾਂਤਾਂ ਦੇ ਵਿਰੋਧੀ ਮੰਨਿਆ ਗਿਆ ਹੈ ਪਰ ਇਸ ਵਿਚ ਸ਼ੱਕ ਨਹੀਂ ਕਿ ਉਦਾਸੀ ਸੰਤ ਸਿੱਖ ਧਰਮ ਦੇ ਪ੍ਰਥਮ ਸੰਤ ਹਨ ਤੇ ਸਿੱਖ ਧਰਮ ਉਨ੍ਹਾਂ ਦਾ ਕਰਜ਼ਈ ਹੈ। ਕੋਠੜੀ ਨੰਬਰ 7 ਤੇ 10 ਦੇ ਦੋਵਾਂ ਸ਼ਿਲਾਲੇਖਾਂ ਦਾ ਪਹਿਲਾ ਭਾਗ ਜਪੁਜੀ ਸਾਹਿਬ ਦੀਆਂ ਆਰੰਭਕ ਪੰਕਤੀਆਂ ਨਾਲ ਮੇਲ ਖਾਂਦਾ ਹੈ ਜਿਸਨੂੰਸਿੱਖ ਧਰਮ ਦਾ ਮੂਲ ਮੰਤਰ ਕਿਹਾ ਜਾਂਦਾ ਹੈ। ਪ੍ਰੋ. ਸਰਾਓ ਦਾ ਉੱਦਮ ਤੇ ਸਿਰੜ ਉਸਨੂੰ ਮੁਬਾਰਕ!

**ਬ੍ਰਿਟਿਸ਼ ਕੋਲੰਬੀਆ ਦਾ ਇਕ ਦਿਨ ਤੇ ਪੰਜਾਬ ਦੇ ਤੀਹ ਦਿਨ**

ਸਾਰੀ ਦੁਨੀਆਂ ਦੇ ਪੰਜਾਬੀ ਪਿਆਰੇ ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਵਜੋਂ ਮਨਾਉਂਦੇ ਹਨ। ਇਸ ਦਿਨ ਵਰਤਮਾਨ ਪੰਜਾਬ ਹੋਂਦ ਵਿਚ ਆਇਆ ਸੀ। 1947 ਵਿਚ ਜਿਹੜਾ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਦੇ ਟੁਕੜੇ ਹੋਣ ਪਿੱਛੋਂ ਢਾਈ ਦਰਿਆਵਾਂ ਦਾ ਹੋ ਕੇ ਰਹਿ ਗਿਆ ਸੀ ਪਹਿਲੀ ਨਵੰਬਰ 1966 ਨੂੰ ਇਸ ਵਿਚੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦਾ ਕੁਝ ਹਿੱਸਾ ਬਾਹਰ ਕੱਢ ਕੇ ਵਰਤਮਾਨ ਪੰਜਾਬ ਦੀ ਸਿਰਜਣਾ ਕੀਤੀ ਗਈ ਸੀ। ਪੰਜਾਬ ਨੇ ਕੀ ਖੱਟਿਆ ਤੇ ਕੀ ਗੰਵਾਇਆ ਇਤਿਹਾਸ ਦਾ ਭਾਗ ਬਣ ਚੁੱਕਿਆ ਹੈ। ਇਹ ਵੀ ਕਿ ਉਸ ਦਿਨ ਤੋਂ ਪਿੱਛੋਂ ਅਨੇਕਾਂ ਪੰਜਾਬੀ ਗੱਭਰੂ ਤੇ ਮੁਟਿਆਰਾਂ ਆਪਣੀ ਜਨਮ ਭੋਂ ਨੂੰ ਅਲਵਿਦਾ ਕਹਿ ਕੇ ਬਾਹਰਲੇ ਦੇਸ਼ਾਂ ਦੇ ਵਸਨੀਕ ਹੋ ਗਏ ਹਨ। ਰੋਜ਼ੀ ਰੋਟੀ ਦੀ ਭਾਲ ਵਿਚ ਪਰਾਈ ਧਰਤੀ ਨੂੰ ਅਪਨਾਉਣਾ ਉਨ੍ਹਾਂ ਦੀ ਮਜਬੂਰੀ ਮਾਤ੍ਰ ਹੈ।

ਆਪਾਂ ਇਸ ਵਰ੍ਹੇ ਦੇ ਪੰਜਾਬ ਦਿਵਸ ਤਕ ਹੀ ਸੀਮਤ ਰਹੀਏ। ਪੰਜਾਬ ਨੇ ਇਹ ਦਿਨ ਭਾਸ਼ਾ ਵਿਭਾਗ ਦੇ ਵਿਹੜੇ ਪਟਿਆਲਾ ਸ਼ਹਿਰ ਵਿਚ ਮਨਾਇਆ। ਸੱਦਾ ਪੱਤਰ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਥੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨੀ ਸੀ। ਉਨ੍ਹਾਂ ਨੂੰ ਕੇਵਲ ਇਕ ਦਿਨ ਪਹਿਲਾਂ ਕਿਸੇ ਹੋਰ ਪ੍ਰੋਗਰਾਮ ਵਾਲੇ ਭਰਮਾ ਕੇ ਆਪਣੇ ਪ੍ਰੋਗਰਾਮ ਦੀ ਸ਼ਾਨ ਵਧਾਉਣ ਉਥੇ ਲੈ ਗਏ। ਉਨ੍ਹਾਂ ਨੂੰ, ਸ਼ਾਇਦ, ਏਨੀ ਸੋਝੀ ਵੀ ਨਹੀਂ ਸੀ ਕਿ ਪੰਜਾਬ ਦਿਵਸ ਤਾਂ ਪਹਿਲੀ ਨਵੰਬਰ ਨੂੰ ਹੀ ਮਨਾਇਆ ਜਾਣਾ ਸੀ ਤੇ ਉਹ ਆਪਣੇ ਵਾਲਾ ਪ੍ਰੋਗਰਾਮ ਅੱਗੇ ਪਿੱਛੇ ਕਰ ਸਕਦੇ ਸਨ। ਨਤੀਜੇ ਵਜੋਂ ਮੁੱਖ ਮੰਤਰੀ ਮਿੱਥੇ ਪ੍ਰੋਗਰਾਮ ਅਨੁਸਾਰ ਪਟਿਆਲਾ ਨਹੀਂ ਪਹੁੰਚ ਸਕੇ ਤੇ ਉਨ੍ਹਾਂ ਨੇ ਉਚੇਰੀ ਸਿੱਖਿਆ ਵਾਲੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਵੀ ਦੋ ਘੰਟੇ ਲੇਟ ਭੇਜਿਆ। ਦੂਰੋਂ ਨੇੜਿਓਂ ਹੁੰਮ-ਹੁਮਾ ਕੇ ਇਸ ਪ੍ਰੋਗਰਾਮ ਲਈ ਪਹੁੰਚੇ ਬੁੱਧੀਜੀਵੀਆਂ, ਦਰਸ਼ਕਾਂ ਤੇ ਸਰੋਤਿਆਂ ਨੂੰ ਪੂਰੇ ਦੋ ਘੰਟੇ ਉਡੀਕ ਕਰਨੀ ਪਈ।

ਇਸਦੇ ਉਲਟ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਨੇ ਇਹ ਵਾਲਾ ਪ੍ਰੋਗਰਾਮ ਆਪਣੇ ਸੂਬੇ ਦੀ ਰਾਜਧਾਨੀ ਵਿਕਟੋਰੀਆ ਵਿਚ ਮਨਾਇਆ, ਜਿੱਥੇ ਬੀ.ਸੀ. ਦਾ ਸਪੀਕਰ ਉਥੋਂ ਦੀ ਪਾਰਲੀਮੈਂਟਰੀ ਸੈਕਟਰੀ ਐਨ ਸਮੇਂ ਸਿਰ ਪਹੁੰਚੇ ਤੇ ਵੇਲੇ ਸਿਰ ਕਾਰਗੁਜ਼ਾਰੀ ਕੀਤੀ। ਪੰਜਾਬੀ ਪਿਆਰਿਆਂ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਥੋਂ ਦੀ ਪਾਰਲੀਮੈਂਟੀ ਸੈਕਟਰੀ ਰਚਨਾ ਸਿੰਘ ਸਿੱਖ ਪਰਿਵਾਰ ਵਿਚੋਂ ਹੈ। ਜਗਰਾਉਂ ਨੇੜਲੇ ਪਿੰਡ ਭਮੀਪੁਰਾ ਵਾਲੇ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਸਵਰਗਵਾਸੀ ਪੰਜਾਬੀ ਮਹਾਰਥੀ ਤੇਰਾ ਸਿੰਘ ਚੰਨ ਦੀ ਦੋਹਤਰੀ।

ਰਚਨਾ ਸਿੰਘ ਵਿਚ ਆਪਣੇ ਪੁਰਖਿਆਂ ਦਾ ਖ਼ੂਨ ਏਸ ਹਦ ਤੱਕ ਰਚਿਆ ਹੋਇਆ ਹੈ ਕਿ ਉਸ ਨੇ ਆਪਣਾ ਭਾਸ਼ਣ, ਸਪੀਕਰ ਤੋਂ ਆਗਿਆ ਲੈ ਕੇ, ਪੰਜਾਬੀ ਵਿਚ ਸ਼ੁਰੂ ਕੀਤਾ। ਉਸਨੇ ਆਪਣੇ ਸ਼ਬਦਾਂ ਵਿਚ ਆਪਣੀ ਮਾਤ ਭਾਸ਼ਾ ਨੂੰ ਹੀ ਨਹੀਂ ਵਡਿਆਇਆ ਕੈਨੇਡਾ ਵਾਲਿਆਂ ਦੀ ਵੀ ਉਸਤਤ ਕੀਤੀ, ਜਿਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੇ ਕੇ ਅੰਤ ਪੰਜਾਬੀਆਂ ਨੂੰ ਆਵਾਸ ਦੇ ਰੱਖਿਆ ਹੈ ਤੇ ਉਹ ਬੀ ਸੀ ਦੇ ਉੱਚਤਮ ਅਹੁਦਿਆਂ ਉੱਤੇ ਬਿਰਾਜਮਾਨ ਰਹੇ ਹਨ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੀਡੀਆ ਨੇ ਰਚਨਾ ਸਿੰਘ ਦੀ ਪਹਿਲਕਦਮੀ ਦਾ ਭਰਵਾਂ ਸਵਾਗਤ ਕੀਤਾ ਹੈ।

**ਅੰਤਿਕਾ**

ਫੈਜ ਅਹਿਮਦ ਫੈਜ
ਮੈਦਾਨ ਏ ਵਫਾ ਦਰਬਾਰ ਨਹੀਂ,
ਯਾਂ ਨਾਮ ਓ ਨਸਬ ਕੀ ਪੂਛ ਕਹਾਂ
ਆਸ਼ਕ ਤੋ ਕਿਸੀ ਕਾ ਨਾਮ ਨਹੀਂ,
ਕੁੱਛ ਇਸ਼ਕ ਕਿਸੀ ਕੀ ਜ਼ਾਤ ਨਹੀਂ।

# ਰੂਸ ਤੇ ਤੀਹ ਹੋਰ ਦੇਸ਼ਾਂ ਦਾ ਠੀਕ ਮਤਾ, ਭਾਰਤ ਵੱਲੋਂ ਠੀਕ ਹਮਾਇਤ, ਪਰ ਇਸ ਤੋਂ ਬਾਅਦ...

ਸਿਆਸਤ ਦਾ ਪਿੜ



**ਜਤਿੰਦਰ ਪਨੂੰ**
ਫੋਨ: 91-98140-68455

ਸਾਡੇ ਭਾਰਤ ਦੇਸ਼ ਵਿਚ ਜਿਸ ਤਰ੍ਹਾਂ ਦੀ ਨਿਰਾਸ਼ਾ ਪੈਦਾ ਕਰਨ ਵਾਲੀ ਰਾਜਨੀਤੀ ਚੱਲਦੀ ਹੈ, ਅਸਲ ਵਿਚ ਚਲਾਈ ਜਾਂਦੀ ਹੈ, ਓਦਾਂ ਦੀ ਦੁਨੀਆ ਦੇ ਹੋਰ ਕਈ ਦੇਸ਼ਾਂ ਵਿਚ ਵੀ ਚੱਲਦੀ ਹੈ ਤੇ ਇਹ ਰਾਜਨੀਤੀ ਮਨੁੱਖਤਾ ਲਈ ਅੰਤਲੇ ਨਤੀਜੇ ਵਜੋਂ ਹਰ ਦੇਸ਼ ਵਿਚ ਘਾਤਕ ਹੀ ਸਿੱਧ ਹੁੰਦੀ ਰਹਿੰਦੀ ਹੈ। ਭਾਰਤ ਅਤੇ ਇਸ ਦੇ ਕਈ ਗਵਾਂਢੀ ਦੇਸ਼ਾਂ ਵਿਚ ਚੱਲਦੀ ਆਮ ਦਿਸਦੀ ਰਾਜਨੀਤੀ ਦੀ ਇਹ ਵੰਨਗੀ ਸੰਸਾਰ ਭਰ ਦੇ ਹੋਰ ਇਲਾਕਿਆਂ ਦੇ ਦੇਸ਼ਾਂ ਤੋਂ ਕੁਝ ਪੱਖਾਂ ਤੋਂ ਅਲੋਕਾਰ ਹੈ, ਕਿਉਂਕਿ ਇਹ ਦੇਸ਼ ਬਹੁਤਾ ਕਰਕੇ ਕਿਸੇ ਨਾ ਕਿਸੇ ਵਕਤ ਮੂਲ ਭਾਰਤ ਦੀ ਧਰਤੀ ਨਾਲ ਜੁੜੇ ਰਹੇ ਸਨ ਤੇ ਇਸ ਨਾਲੋਂ ਵੱਖ ਹੋਣ ਵੇਲੇ ਇਹਦੇ ਸੱਭਿਆਚਾਰ ਵਿਚਲਾ ਜਾਤ-ਪਾਤ ਅਤੇ ਹੋਰ ਕਈ ਤਰ੍ਹਾਂ ਦਾ ਕੂੜ-ਕਬਾੜ ਵੀ ਆਪਣੀ ਵਿਰਾਸਤ ਵਜੋਂ ਨਾਲ ਲੈ ਗਏ ਸਨ। ਦੂਸਰੇ ਪਾਸੇ ਦੁਨੀਆ ਦੇ ਕੁਝ ਦੇਸ਼ਾਂ ਵਿਚ ਇਸ ਤੋਂ ਵੱਖਰੀ ਤਰ੍ਹਾਂ ਦੀ ਰਾਜਨੀਤਕ ਕਚ੍ਹਿਆਣ ਦੇ ਰੂਪ ਉੱਭਰਦੇ ਰਹੇ ਹਨ, ਪਰ ਉਨ੍ਹਾਂ ਦਾ ਅੰਤਲਾ ਅਸਰ ਵੀ ਮਨੁੱਖਤਾ ਦੇ ਘਾਣ ਵਿਚ ਲਗਭਗ ਓਸੇ ਤਰ੍ਹਾਂ ਨਿਕਲਦਾ ਰਿਹਾ ਹੈ, ਜਿੱਦਾਂ ਭਾਰਤੀ ਸਮਾਜ ਵਿਚ ਨਿਕਲਦਾ ਰਿਹਾ ਤੇ ਅਜੇ ਤੱਕ ਨਿਕਲਦਾ ਰਹਿੰਦਾ ਹੈ। ਕਿਸੇ ਥਾਂ ਇਹ ਨਸਲਵਾਦੀ ਰੂਪ ਵਿਚ ਹੈ, ਕਿਸੇ ਥਾਂ ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੇ ਖ਼ਿਲਾਫ ਸਿੱਧੀ ਜਾਂ ਅਸਿੱਧੀ ਨਫਰਤ ਦੇ ਰੂਪ ਵਿਚ ਅਤੇ ਕਿਸੇ ਹੋਰ ਥਾਂ ਉਸ ਦੇਸ਼ ਵਿਚ ਕਿਸੇ ਵੀ ਹੋਰ ਦੇਸ਼ ਤੋਂ ਆਣ ਕੇ ਵੱਸਦੇ ਲੋਕਾਂ ਨੂੰ ਬਾਹਰੀ ਹਮਲਾ ਸਮਝਣ ਅਤੇ ਪ੍ਰਚਾਰਨ ਦੇ ਰੂਪ ਵਿਚ ਇਹ ਗੰਦੀ ਸੋਚ ਭਾਰੂ ਹੁੰਦੀ ਵਿਖਾਈ ਦੇਂਦੀ ਹੈ। ਜਰਮਨੀ ਦੇ ਹਿਟਲਰ ਤੇ ਇਟਲੀ ਦੇ ਮੁਸੋਲਿਨੀ ਦੀ ਅਗਵਾਈ ਹੇਠ ਚੱਲੀ ਜਿਸ ਮਨੁੱਖ-ਮਾਰੂ ਲਹਿਰ ਨੇ ਦੂਸਰੀ ਸੰਸਾਰ ਜੰਗ ਦੌਰਾਨ ਕਰੋੜਾਂ ਲੋਕ ਮਰਵਾਏ ਸਨ, ਉਸ ਦੇ ਪਿੱਛੇ ਵੀ ਇਸ ਤੋਂ ਕੁਝ ਕੁ ਵੱਖਰੇ ਰੂਪ ਵਿਚ ਇਹੋ ਗੰਦੀ ਸੋਚ ਭਾਰੂ ਸੀ, ਜਿਹੜੀ ਉਸ ਪਿੱਛੋਂ ਅੱਜ ਤੱਕ ਵੀ ਗਲ਼ੋਂ ਨਹੀਂ ਲੱਥ ਸਕੀ।

ਇਸ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਵਿਚ ਸੰਸਾਰ ਦੀ ਸੱਥ ਸਮਝੀ ਜਾਂਦੀ ਯੂ ਐੱਨ ਓ ਦੀ ਜਰਨਲ ਅਸੈਂਬਲੀ ਨੇ ਇੱਕ ਮਤਾ ਪਾਸ ਕੀਤਾ ਸੀ, ਜਿਸ ਨੂੰ ਪੱਛਮੀ ਮੁਲਕਾਂ ਨੇ ਯੂਕਰੇਨ ਨਾਲ ਜੰਗ ਵਿਚ ਫਸੇ ਹੋਏ ਰੂਸ ਦੀ ਚਾਲ ਕਹਿ ਕੇ ਭੰਡਿਆ ਤੇ ਉਸ ਦਾ ਡਟਵਾਂ ਵਿਰੋਧ ਕੀਤਾ ਤੇ ਕਰਵਾਇਆ ਸੀ। ਉਹ ਮਤਾ ਇਕੱਲੇ ਰੂਸ ਨੇ ਪੇਸ਼ ਨਹੀਂ ਸੀ ਕੀਤਾ, ਉਸ ਨਾਲ ਤੀਹ ਦੇਸ਼ ਹੋਰ ਸਨ ਅਤੇ ਇਕੱਤੀ ਦੇਸ਼ਾਂ ਦੇ ਉਸ ਮਤੇ ਨੂੰ ਭਾਰਤ ਸਮੇਤ ਇੱਕ ਸੌ ਪੰਜ ਦੇਸ਼ਾਂ ਨੇ ਵੋਟਾਂ ਪਾ ਕੇ ਪਾਸ ਕਰਨ ਵਿਚ ਹਿੱਸਾ ਪਾਇਆ ਸੀ। ਪੱਛਮੀ ਦੇਸ਼ਾਂ ਦੇ ਲਲਕਾਰੇ ਉੱਤੇ ਬਵੰਜਾ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਪੰਦਰਾਂ ਦੇਸ਼ਾਂ ਨੇ ਕਿਸੇ ਪਾਸੇ ਵੋਟ ਨਹੀਂ ਸੀ ਪਾਈ। ਸੰਸਾਰ ਦੇ ਸੌ ਤੋਂ ਵੱਧ ਦੇਸ਼ ਬੇਵਕੂਫ ਨਹੀਂ ਸੀ ਕਿ ਰੂਸ ਦੀ ਕਿਸੇ ਚਾਲ ਵਿਚ ਫਸ ਕੇ ਇਹੋ ਜਿਹੇ ਮਸਲੇ ਉੱਤੇ ਅਮਰੀਕਾ ਅਤੇ ਉਸ ਦੇ ਜੋੜੀਦਾਰਾਂ ਨਾਲ ਪੇਚਾ ਪਾਉਣ ਤੁਰ ਪੈਂਦੇ। ਅਸਲ ਵਿਚ ਇਹ ਮਤਾ ਜਿਸ ਮਨੁੱਖਵਾਦੀ ਸੋਚ ਉੱਤੇ ਆਧਰਤ ਸੀ, ਉਸ ਦਾ ਵਿਰੋਧ ਕਰ ਕੇ ਉਹ ਦੇਸ਼ ਮਨੁੱਖਤਾ ਦੇ ਭਵਿੱਖ ਲਈ ਆਪਣੇ ਆਪ ਨੂੰ ਗੁਨਾਹਗਾਰਾਂ ਦੀ ਸੂਚੀ ਵਿਚ ਨਹੀਂ ਸਨ ਲਿਖਵਾਉਣਾ ਚਾਹੁੰਦੇ। ਹੈਰਾਨੀ ਦੀ ਗੱਲ ਹੈ ਕਿ ਭਾਰਤ ਨੇ ਵੋਟ ਰੂਸ ਤੇ ਉਸ ਦੇ ਸਾਥੀਆਂ ਦੇ ਇਸ ਸੁਲੱਖਣੇ ਮਤੇ ਦੇ ਪੱਖ ਵਿਚ ਪਾ ਦਿੱਤੀ, ਪਰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਖਬਰ ਨੂੰ ਜਾਂ ਤਾਂ ਛਾਪਣ ਤੋਂ ਗੁਰੇਜ਼ ਕੀਤਾ, ਜਾਂ ਇਸ ਤਰ੍ਹਾਂ ਪੇਸ਼ ਕੀਤੀ ਕਿ ਰਸਮ ਪੂਰੀ ਵੀ ਹੋ ਜਾਵੇ ਤੇ ਇਸ ਦੇਸ਼ ਦੇ ਲੋਕਾਂ ਨੂੰ ਗੱਲ ਦੀ ਕੋਈ ਸਮਝ ਵੀ ਨਾ ਆਵੇ। ਏਦਾਂ ਕਰਨ ਨਾਲ ਸੰਸਾਰ ਦੀ ਸੱਥ ਮੂਹਰੇ ਨੇਕ ਸੋਚ ਨਾਲ ਭਾਰਤ ਖੜੋ ਗਿਆ, ਪਰ ਇਹ ਗੱਲ ਹਿੱਕ ਠੋਕ ਕੇ ਕਹਿਣ ਤੋਂ ਵੀ ਕੰਨੀ ਕਤਰਾ ਗਿਆ, ਤਾਂ ਕਿ ਆਪਣੇ ਦੇਸ਼ ਵਿਚ ਚੱਲਦੇ ਵਰਤਾਰਿਆਂ ਦੇ ਗਲਤ ਵਹਿਣ ਵਿਚ ਕੋਈ ਅੜਿੱਕਾ ਨਾ ਪਵੇ ਅਤੇ ਏਥੇ ਸਭ ਕੁਝ ਜਿੱਦਾਂ ਚੱਲਦਾ ਹੈ, ਓਸੇ ਤਰ੍ਹਾਂ ਚੱਲਦਾ ਰਹੇ।

ਰੂਸ ਅਤੇ ਉਸ ਨਾਲ ਜੁੜੇ ਦੇਸ਼ਾਂ ਦਾ ਮਤਾ ਸਿਰਫ ਨਸਲਵਾਦ ਦਾ ਵਿਰੋਧ ਨਹੀਂ ਸੀ ਕਰਦਾ, ਇਹ ਇਸਲਾਮ ਬਾਰੇ ਗਲਤ ਧਾਰਨਾਵਾਂ ਹੇਠ ਸੰਸਾਰ ਭਰ ਵਿਚ ਚੱਲਦੀ ਫਿਰਕੂ ਪਾੜੇ ਨੂੰ ਵਧਾਉਣ ਵਾਲੀ ਸੋਚ ਦਾ ਵੀ ਵਿਰੋਧ ਕਰਦਾ ਸੀ ਅਤੇ ਭਾਰਤ ਸਮੇਤ ਕਈ ਦੇਸ਼ਾਂ ਵਿਚ ਚੱਲ ਰਹੀ ਈਸਾਈ ਵਿਰੋਧਤਾ ਦੀ ਵੀ ਨਿੰਦਾ ਕਰਦਾ ਸੀ। ਇਹ ਮਤਾ ਅਫਰੀਕੀ ਲੋਕਾਂ ਅਤੇ ਸਥਾਪਤ ਧਰਮਾਂ ਤੋਂ ਵੱਖਰੇ ਵਿਸ਼ਵਾਸਾਂ ਵਾਲੇ ਲੋਕਾਂ ਦਾ ਵਿਰੋਧ ਕਰਨ ਨੂੰ ਮਨੁੱਖੀ ਭਵਿੱਖ ਲਈ ਗਲਤ ਮੰਨਦਾ ਸੀ ਅਤੇ ਨਾਲ ਹਿਟਲਰ ਤੇ ਮੁਸੋਲਿਨੀ ਦੇ ਦੌਰ ਵਾਲੀ ਨਾਜ਼ੀਵਾਦੀ ਸੋਚ ਦੇ ਸੋਹਲੇ ਗਾਉਣ ਜਾਂ ਉਸ ਨਾਲ ਸੰਬੰਧਤ ਯਾਦਗਾਰਾਂ ਬਣਾਉਣ ਨੂੰ ਗਲਤ ਆਖਦਾ ਸੀ। ਬਾਕੀ ਸਭ ਗੱਲਾਂ ਛੱਡ ਕੇ ਸਿਰਫ ਇਟਲੀ ਦੇ ਅਜੋਕੇ ਹਾਲਾਤ ਹੀ ਵੇਖ ਲਈਏ ਤਾਂ ਉਸ ਤੋਂ ਇਸ ਮਤੇ ਦੀ ਸਾਰਥਿਕਤਾ ਪੱਲੇ ਪੈ ਜਾਂਦੀ ਹੈ। ਬੀਤੇ ਦਿਨੀਂ ਇਟਲੀ ਵਿਚ ਹੋਈਆਂ ਚੋਣਾਂ ਵਿਚ ਜਿਹੜੀ ਬੀਬੀ ਜਾਰਜੀਆ ਮੇਲੋਨੀ ਜਿੱਤ ਕੇ ਪ੍ਰਧਾਨ ਮੰਤਰੀ ਬਣੀ ਹੈ, ਉਹ ਅਸਲੋਂ ਸੱਜੇ ਪੱਖ ਦੀ ਰਾਜਨੀਤੀ ਕਰਨ ਵਾਲੀ ਹੈ ਅਤੇ ਉਸ ਦੇ ਪਿਛਲੱਗਾਂ ਵਿਚ ਵੱਡੀ ਗਿਣਤੀ ਹਿਟਲਰ ਅਤੇ ਮੁਸੋਲਿਨੀ ਦੇ ਵਕਤਾਂ ਦੀ ਨਾਜ਼ੀ ਸੋਚਣੀ ਨੂੰ ਦਿਲੋਂ ਮਾਨਤਾ ਦੇਣ ਵਾਲੀ ਹੈ। ਪਿਛਲੇ ਦਿਨੀਂ ਉਸ ਨੇ ਗਲੈਜ਼ੋ ਬਿਗਨਾਮੀ ਨਾਂਅ ਦਾ ਇੱਕ ਮੰਤਰੀ ਬਣਾਇਆ ਹੈ, ਜਿਹੜਾ ਨਾਜ਼ੀ-ਪੱਖੀ ਮੁਜ਼ਾਹਰਿਆਂ ਵਿਚ ਨਾਜ਼ੀਆਂ ਦਾ ਬੈਜ ਸਵਾਸਤਿਕਾ ਆਪਣੇ ਮੋਢੇ ਉੱਤੇ ਲਾ ਕੇ ਸ਼ਾਮਲ ਹੁੰਦਾ ਰਿਹਾ ਹੈ। ਇਸ ਗੱਲ ਦਾ ਸੰਸਾਰ ਭਰ ਦੇ ਉਨ੍ਹਾਂ ਲੋਕਾਂ ਵਿਚ ਰੋਸ ਹੈ, ਜਿਨ੍ਹਾਂ ਨੇ ਖੁਦ ਜਾਂ ਉਨ੍ਹਾਂ ਦੇ ਵੱਡਿਆਂ ਨੇ ਨਾਜ਼ੀਵਾਦੀ ਕਹਿਰ ਝੱਲਿਆ ਹੋਇਆ ਸੀ ਜਾਂ ਜਿਹੜੇ ਇਸ ਦੀ ਉਠਾਣ ਦੇ ਭਵਿੱਖੀ ਖਤਰੇ ਬਾਰੇ ਸੋਚ ਸਕਦੇ ਹਨ। ਇਟਲੀ ਦੀ ਆਗੂ ਵੱਲੋਂ ਨਾਜ਼ੀਵਾਦ ਨੂੰ ਦਿੱਤੀ ਗਈ ਏਹੋ ਜਿਹੀ ਸ਼ਹਿ ਕਈ ਹੋਰ ਦੇਸ਼ਾਂ ਵਿਚ ਇਸ ਦੇ ਉਭਾਰ ਦਾ ਕਾਰਨ ਬਣ ਸਕਦੀ ਹੈ।

ਭਾਰਤ ਸਮੇਤ ਦੁਨੀਆ ਦੇ ਇੱਕ ਸੌ ਪੰਜ ਦੇਸ਼ਾਂ ਦੀ ਹਮਾਇਤ ਨਾਲ ਪਾਸ ਕੀਤੇ ਗਏ ਮਤੇ ਵਿਚ ਵੱਡੀ ਗੱਲ ਇਹ ਵੀ ਹੈ ਕਿ ਦੁਨੀਆ ਭਰ ਵਿਚ 'ਬਾਹਰੋਂ ਆਏ' ਲੋਕਾਂ ਦੇ ਵਿਰੋਧ ਨੂੰ ਗਲਤ ਕਿਹਾ ਗਿਆ ਹੈ। ਅੱਜ-ਕੱਲ੍ਹ ਇਹ ਰੁਝਾਨ ਜ਼ੋਰਾਂ ਉੱਤੇ ਹੈ ਕਿ ਜਿਹੜਾ ਵੀ ਵਿਅਕਤੀ ਕਿਸੇ ਦੂਸਰੇ ਦੇਸ਼ ਜਾਂ ਫਿਰ ਆਪਣੇ ਹੀ ਦੇਸ਼ ਦੇ ਕਿਸੇ ਦੂਸਰੇ ਰਾਜ ਵਿਚਲੀ ਚਲਾ ਜਾਂਦਾ ਹੈ, ਉਸ ਨੂੰ ਖਾਸ ਕਿਸਮ ਦੀ ਨਫਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਅਮਰੀਕਾ, ਇੰਗਲੈਂਡ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵੱਲ ਗਏ ਸਾਡੇ ਭਾਰਤੀ ਲੋਕ ਏਦਾਂ ਦਾ ਨਸਲਵਾਦ ਕਈ ਵਾਰੀ ਝੱਲ ਚੁੱਕੇ ਹਨ। ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀ ਗੋਰਿਆਂ ਨੂੰ ਇਹ ਆਪਣੇ ਦੇਸ਼ ਵਿਚ 'ਬਾਹਰੋਂ ਆਏ' ਲੋਕਾਂ ਦੀ ਘੁਸਪੈਠ ਜਾਪਦੀ ਹੈ, ਜਦਕਿ ਆਦਿ ਕਾਲ ਤੋਂ ਆਪਣੀ ਹੋਂਦ ਕਾਇਮ ਰੱਖਣ ਵਾਸਤੇ ਮਨੁੱਖ ਇੱਕ ਤੋਂ ਦੂਸਰੀ ਥਾਂ ਪਰਵਾਸ ਕਰਦਾ ਰਿਹਾ ਹੈ। ਖੁਦ ਗੋਰੀ ਚਮੜੀ ਵਾਲੇ ਲੋਕ ਆਪਣੇ ਮੂਲ ਯੂਰਪੀ ਦੇਸ਼ਾਂ ਤੋਂ ਦੁਨੀਆ ਭਰ ਵਿਚ ਫੈਲ ਗਏ ਸਨ ਅਤੇ ਉਹ ਜਿੱਥੇ ਵੀ ਗਏ, ਓਥੇ ਕੋਈ ਛੋਟਾ ਜਿਹਾ ਲੰਡਨ, ਕਿਤੇ ਕੋਈ ਛੋਟਾ-ਵੱਡਾ ਜਾਰਜੀਆ, ਕੋਲੰਬੀਆ ਜਾਂ ਹੈਮਿਲਟਨ ਵਸਾ ਲੈਂਦੇ ਰਹੇ ਸਨ। ਜਦੋਂ ਕੋਲੰਬਸ ਤੋਂ ਤੁਰਦੇ ਹੋਏ ਗੋਰਿਆਂ ਦੇ ਵਡੇਰੇ ਸਾਰੀ ਦੁਨੀਆ ਵਿਚ ਛਾ ਗਏ ਸਨ, ਉਹ ਠੀਕ ਸਮਝੇ ਜਾਂਦੇ ਹਨ, ਪਰ ਜਦੋਂ ਦੂਸਰੀ ਚਮੜੀ ਵਾਲੇ ਲੋਕ ਗੋਰਿਆਂ ਦੇ ਦੇਸ਼ਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਉੱਤੇ ਹਮਲਾ ਜਾਪਣ ਲੱਗ ਜਾਂਦਾ ਹੈ। ਸਦੀਆਂ ਤੱਕ ਉਨ੍ਹਾਂ ਨੇ ਕਾਲੇ ਲੋਕ ਆਪਣੇ ਗੁਲਾਮ ਬਣਾ ਕੇ ਉਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ ਸੀ, ਪਰ ਅੱਜ ਜਦੋਂ ਉਹੀ ਲੋਕ ਆਪਣੀ ਹਿੰਮਤ ਅਤੇ ਲੋਕਤੰਤਰੀ ਰਵਾਇਤਾਂ ਸਦਕਾ ਇਨ੍ਹਾਂ ਨਾਲ ਬਰਾਬਰੀ ਦਾ ਯਤਨ ਕਰਨ ਜੋਗੇ ਹੋਣ ਲੱਗੇ ਹਨ ਤਾਂ ਇਨ੍ਹਾਂ ਤੋਂ ਉਨ੍ਹਾਂ ਦੀ ਅੱਗੇ ਵਧਣ ਦੀ ਭਾਵਨਾ ਸਹਾਰੀ ਨਹੀਂ ਜਾਂਦੀ। ਏਸੇ ਤਰ੍ਹਾਂ ਦਾ ਵਿਹਾਰ ਏਸ਼ੀਅਨ ਮੂਲ ਦੇ ਲੋਕਾਂ ਨਾਲ ਵੀ ਕੀਤਾ ਜਾਂਦਾ ਹੈ। ਰੂਸ ਅਤੇ ਤੀਹ ਹੋਰ ਦੇਸ਼ ਜਿਹੜਾ ਮਤਾ ਲਿਆਏ ਹਨ, ਉਸ ਮਤੇ ਵਿਚ ਇੱਕ ਸ਼ਬਦ 'ਜ਼ੇਨੋਫੋਬਿਕ' (xenophobic) ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ ਕਿ ਉਨ੍ਹਾਂ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦੀ ਨਫਰਤ ਜਾਂ ਡਰ ਪੈਦਾ ਕਰਨਾ, ਜਿਨ੍ਹਾਂ ਨੂੰ ਵਿਦੇਸ਼ੀ ਜਾਂ ਓਪਰੇ ਮੰਨਿਆ ਤੇ ਪ੍ਰਚਾਰਿਆ ਜਾਂਦਾ ਹੈ। ਭਾਰਤੀ ਮੂਲ ਦੇ ਲੋਕਾਂ ਨਾਲ ਅਮਰੀਕਾ ਵਰਗੇ ਕਈ ਦੇਸ਼ਾਂ ਵਿਚ ਏਦਾਂ ਦਾ ਨਸਲਵਾਦੀ ਵਿਹਾਰ ਹੋਣ ਦੀਆਂ ਖਬਰਾਂ ਨਿੱਤ ਦਿਨ ਆਉਂਦੀਆਂ ਰਹਿੰਦੀਆਂ ਹਨ, ਜਿਸ ਨੂੰ ਰੂਸ ਦੇ ਮਤੇ ਵਿਚ ਨਿੰਦਿਆ ਗਿਆ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਮਤਾ ਦੁਨੀਆ ਭਰ ਵਿਚ ਨਸਲਵਾਦ, ਨਾਜ਼ੀਵਾਦ ਜਾਂ 'ਬਾਹਰੀ ਲੋਕ' ਹੋਣ ਦੇ ਠੱਪੇ ਦੀ ਮਾਰ ਹੇਠ ਆਉਂਦੇ ਲੋਕਾਂ ਦੀ ਹਮਾਇਤ ਵਾਲਾ ਸੀ ਜਾਂ ਰੂਸ ਦੀਆਂ ਜੰਗੀ ਲੋੜਾਂ ਦੀ ਪੂਰਤੀ ਵਾਲਾ? ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਜੋ ਮਰਜ਼ੀ ਆਖੀ ਜਾਣ, ਦੁਨੀਆ ਭਰ ਵਿਚ ਉੱਠ ਰਹੇ ਨਸਲਵਾਦੀ ਅਤੇ 'ਆਪਣੀ ਧਰਤੀ' ਦੇ ਵਰਤਾਰਿਆਂ ਵਿਰੁੱਧ ਇਹ ਮਤਾ ਇਸ ਸਮੇਂ ਦੀ ਲੋੜ ਸੀ। ਯੂਕਰੇਨ ਨਾਲ ਰੂਸ ਦੀ ਜੰਗ ਵੱਖਰਾ ਮੁੱਦਾ ਹੈ। ਭਾਰਤ ਨੇ ਕਦੇ ਵੀ ਯੂਕਰੇਨ ਨਾਲ ਰੂਸ ਦੀ ਜੰਗ ਠੀਕ ਨਹੀਂ ਮੰਨੀ ਅਤੇ ਆਮ ਤੌਰ ਉੱਤੇ ਕਿਸੇ ਵੀ ਮਤੇ ਉੱਤੇ ਨਿਰਪੱਖ ਰਹਿ ਕੇ ਆਪਣੀ ਆਜ਼ਾਦ ਹੋਂਦ ਪ੍ਰਗਟ ਕਰਦਾ ਰਿਹਾ ਹੈ। ਕਦੇ ਕਿਸੇ ਮਤੇ ਉੱਤੇ ਉਸ ਨੇ ਅਮਰੀਕੀਆਂ ਨਾਲ ਰੂਸ ਦੇ ਵਿਰੁੱਧ ਵੋਟ ਵੀ ਪਾਈ ਹੈ ਤੇ ਕਦੀ ਰੂਸ ਵੱਲੋਂ ਪੇਸ਼ ਕੀਤੇ ਕਿਸੇ ਮਤੇ ਦੀ ਹਮਾਇਤ ਵੀ ਕੀਤੀ ਹੈ ਅਤੇ ਹਰ ਵਾਰੀ ਹਮਾਇਤ ਅਤੇ ਵਿਰੋਧ ਦਾ ਕਾਰਨ ਵੀ ਸਾਫ ਸ਼ਬਦਾਂ ਵਿਚ ਦੱਸਿਆ ਹੈ। ਇਸ ਵਾਰੀ ਵੀ ਉਸ ਨੇ ਰੂਸ ਸਣੇ ਇਕੱਤੀ ਦੇਸ਼ਾਂ ਵੱਲੋਂ ਪੇਸ਼ ਕੀਤੇ ਗਏ ਮਤੇ ਦੀ ਹਮਾਇਤ ਕਰ ਕੇ ਗਲਤ ਨਹੀਂ ਕੀਤਾ, ਪਰ ਇਸ ਮਤੇ ਬਾਰੇ ਭਾਰਤ ਵਿਚ ਭਾਰਤ ਸਰਕਾਰ ਅਤੇ ਭਾਰਤੀ ਮੀਡੀਏ ਦੀ ਚੁੱਪ ਦਾ ਕਾਰਨ ਕਿਸੇ ਦੇ ਸਮਝ ਨਹੀਂ ਪੈ ਸਕਦਾ। ਠੀਕ ਕੰਮ ਕਰਨ ਦੇ ਬਾਅਦ ਚੁੱਪ ਰਹਿਣਾ ਇਹ ਦੱਸਦਾ ਹੈ ਕਿ ਭਾਰਤ ਨੇ ਇਸ ਮਤੇ ਦੀ ਹਮਾਇਤ ਦੁਨੀਆ ਦੀ ਸੱਥ ਵਿਚ ਆਪਣੇ ਆਪ ਨੂੰ ਠੀਕ ਪਾਸੇ ਖੜੋਤਾ ਦੱਸਣ ਲਈ ਭਾਵੇਂ ਕਰ ਦਿੱਤੀ ਹੈ, ਭਾਰਤ ਵਿਚ ਇਨ੍ਹਾਂ ਗੱਲਾਂ ਲਈ ਖੁੱਲ੍ਹ ਕੇ ਖੜੋਣ ਦੀ ਲੋੜ ਨਹੀਂ ਸਮਝਦਾ। ਇਹ ਸੋਚਣੀ ਵੋਟ-ਰਾਜਨੀਤੀ ਦੇ ਕਾਰਨ ਚੱਲਦੀ ਹੋ ਸਕਦੀ ਹੈ ਅਤੇ ਜਦੋਂ ਗੁਜਰਾਤ ਵਰਗੇ ਸੰਵੇਦਨਸ਼ੀਲ ਰਾਜ ਵਿਚ ਵੋਟਾਂ ਲਈ ਜੰਗ ਚੱਲ ਰਹੀ ਹੋਵੇ ਤਾਂ ਕਾਰਨ ਕੋਈ ਵੀ ਰਿਹਾ ਹੋਵੇ, ਇਸ ਨੀਤੀ ਨੂੰ ਉਸ ਚੋਣ ਪ੍ਰਕਿਰਿਆ ਤੋਂ ਵੱਖਰਾ ਕਰ ਕੇ ਨਹੀਂ ਵੇਖਿਆ ਜਾ ਸਕਦਾ।

# ਗੁਰਬਾਣੀ ਦੇ ਚਾਨਣ ਵਿੱਚੋਂ ਸਿੱਖੀ ਦੇ ਦਰਸ਼ਨ ਕਰਵਾਉਂਦੀ ਉਂਕਾਰਪ੍ਰੀਤ ਦੀ ਪੁਸਤਕ, 'ਅਣ-ਫਿਰਿਆ ਮੱਕਾ'


ਸਾਹਿਬ ਸਿੰਘ ਵੱਲੋਂ ਬਰੈਂਪਟਨ ਵਿਚ 'ਧੰਨ ਲੇਖਾਰੀ ਨਾਨਕਾ!' ਨਾਟਕ ਖੇਡਿਆ ਗਿਆ। ਨਾਟਕ ਤੋਂ ਬਾਅਦ ਉਂਕਾਰਪ੍ਰੀਤ ਦਾ ਸੱਜਰਾ ਕਾਵਿ-ਸੰਗ੍ਰਹਿ 'ਅਣ-ਫਿਰਿਆ ਮੱਕਾ' ਡਾ. ਵਰਿਆਮ ਸਿੰਘ ਸੰਧੂ ਹੁਰਾਂ ਲੋਕ-ਅਰਪਣ ਕੀਤਾ। ਸਮਾਗਮ ਤੋਂ ਬਾਅਦ ਉਂਕਾਰਪ੍ਰੀਤ, ਉਹਦੀ ਧੀ ਰਾਵੀ ਤੇ ਮੇਰਾ ਭਤੀਜਾ ਪ੍ਰਸਿੱਧ ਰੰਗ-ਕਰਮੀ ਜਸਪਾਲ ਢਿੱਲੋਂ ਸਾਡੇ ਘਰ ਆਏ। ਏਥੇ ਹੀ ਉਂਕਾਰਪ੍ਰੀਤ ਨੇ ਸਾਨੂੰ ਦੋਵਾਂ ਜੀਆਂ ਨੂੰ ਆਪਣਾ ਕਾਵਿ-ਸੰਗ੍ਰਹਿ ਦੇਣ ਵੇਲੇ ਕੁਝ ਬਹੁਤ ਪਿਆਰੇ ਸ਼ਬਦ ਲਿਖੇ:

'ਸਤਿਕਾਰ ਸਹਿਤ-ਡਾ. ਵਰਿਆਮ ਸਿੰਘ ਸੰਧੂ ਤੇ ਰਜਵੰਤ ਕੌਰ ਸੰਧੂ ਹੁਰਾਂ ਲਈ, ਜਿਨ੍ਹਾਂ ਦੇ ਆਸ਼ੀਰਵਾਦ ਦੀ ਲੋਅ ਮੇਰੀਆਂ ਇਨ੍ਹਾਂ ਬਹੁਤ ਸਾਰੀਆਂ ਨਜ਼ਮਾਂ ਤੇ ਮੇਰੀਆਂ ਹੋਰ ਰਚਨਾਵਾਂ ਵਿਚ ਰਚੀ ਹੋਈ ਹੈ-ਉਂਕਾਰਪ੍ਰੀਤ-16-10-2022'

**ਰਜਵੰਤ ਕੌਰ ਸੰਧੂ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰਾ ਆਸ਼ੀਰਵਾਦ ਵੀ ਸਦਾ ਉਹਦੇ ਨਾਲ ਰਿਹਾ ਹੈ। ਇਹ ਆਸ਼ੀਰਵਾਦ ਉਹਨੇ ਆਪਣੇ ਸਾਊ, ਮਿਲਾਪੜੇ ਤੇ ਦੂਜੇ ਦੇ ਕੰਮ ਆਉਣ ਦੇ ਨੇਕ ਸੁਭਾਅ ਕਰ ਕੇ ਕਮਾਇਆ ਹੈ। ਇਨ੍ਹਾਂ ਪਿਆਰੇ ਸ਼ਬਦਾਂ ਵਿਚ ਆਪਣੇ ਆਪ ਨੂੰ ਸ਼ਾਮਲ ਵੇਖ ਕੇ ਮੇਰਾ ਮਨ ਉਹਦੇ ਲਈ ਮੋਹ ਨਾਲ ਭਰ ਗਿਆ। ਮੇਰੇ ਮਨ ਵਿਚ ਆਇਆ ਕਿ ਮੈਨੂੰ ਵੀ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ ਤੇ ਮੈਨੂੰ ਜਿਵੇਂ ਮਹਿਸੂਸ ਹੋਵੇ, ਕੁਝ ਸ਼ਬਦ ਵੀ ਜ਼ਰੂਰ ਲਿਖਣੇ ਚਾਹੀਦੇ ਹਨ।

ਇਨ੍ਹਾਂ ਨਜ਼ਮਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਡਾ ਉਂਕਾਰਪ੍ਰੀਤ ਨਾਲ ਰਿਸ਼ਤਾ ਪੰਦਰਾਂ ਸਾਲ ਪੁਰਾਣਾ ਹੈ, ਉਦੋਂ ਦਾ ਹੀ, ਜਦੋਂ ਦੇ ਅਸੀਂ ਕਨੇਡਾ ਆਏ ਹਾਂ। ਪੰਦਰਾਂ ਵਿਚੋਂ ਅੱਠ ਸਾਲ ਤਾਂ ਅਸੀਂ ਨੇੜਲੇ ਗਵਾਂਢੀ ਵੀ ਰਹੇ। ਉਹ ਮੈਨੂੰ ਸਦਾ ਆਪਣਾ ਛੋਟਾ ਭਰਾ ਜਾਂ ਭਤੀਜਾ ਹੀ ਲੱਗਦਾ ਹੈ। ਸਾਡੇ ਦੁਖ-ਸੁਖ ਦਾ ਸਾਥੀ। ਉਂਕਾਰਪ੍ਰੀਤ ਤੇ ਕੁਲਵਿੰਦਰ ਖਹਿਰਾ ਦੋਵੇਂ ਆਪਸ ਵਿਚ ਭਰਾਵਾਂ ਵਰਗੇ ਰਿਸ਼ਤੇ ਵਿਚ ਬੱਝੇ ਹੋਏ ਨੇ ਤੇ ਦੋਵੇਂ ਸਾਡੇ ਪਰਿਵਾਰ ਦਾ ਵੀ ਆਪਣਾ ਹੀ ਜੀਅ ਜਾਪਦੇ ਹਨ। ਦੋਵੇਂ ਮੈਨੂੰ ਆਪਣੇ ਸਕੇ ਭਤੀਜਿਆਂ ਜਸਪਾਲ ਅਤੇ ਰਾਜਵਿੰਦਰ ਵਰਗੇ ਹੀ ਲੱਗਦੇ ਹਨ। ਜਦੋਂ ਲੋੜ ਹੋਵੇ ਜਾਂ ਕੋਈ ਕੰਮ ਹੋਵੇ ਤਾਂ, ਉਂਕਾਰ ਹੋਵੇ ਜਾਂ ਕੁਲਵਿੰਦਰ ਅਸੀਂ ਬੜੇ ਮਾਣ ਨਾਲ ਬੇਝਿਜਕ ਆਖਦੇ ਹਾਂ, "ਆਈਂ ਜ਼ਰਾ ਸਾਡੇ ਵੱਲ!




ਤੇਰੀ ਲੋੜ ਹੈ। ਇੱਕ ਕੰਮ ਤੇਰੇ ਗੋਚਰੇ ਕਰਨ ਵਾਲਾ ਹੈ।"

ਦੋਵਾਂ ਵਿਚੋਂ ਜਿਸ ਨੂੰ ਵੀ ਸੁਨੇਹਾ ਦਿੱਤਾ ਹੋਵੇ, ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਨਾ ਆਵੇ! ਮੈਨੂੰ ਕੋਈ ਇਕ ਵੀ ਵੇਲਾ ਯਾਦ ਨਹੀਂ ਜਦੋਂ ਉਨ੍ਹਾਂ ਵਿਚੋਂ ਕਿਸੇ ਨੇ ਵੀ 'ਨਾਂਹ' ਕੀਤੀ ਹੋਵੇ। ਦੋਵਾਂ ਦੇ ਪਰਿਵਾਰ ਸਾਡੇ ਪਰਿਵਾਰ ਦਾ ਹਿੱਸਾ ਹੀ ਜਾਪਦੇ ਹਨ। ਦੋਵੇਂ ਮੈਨੂੰ 'ਆਂਟੀ' ਆਖਦੇ ਹਨ। ਪਰ ਮੈਨੂੰ ਲੱਗਦਾ ਹੈ, ਮੈਂ 'ਆਂਟੀ' ਦੀ ਥਾਂ ਉਨ੍ਹਾਂ ਲਈ ਮਾਵਾਂ ਵਰਗੇ ਪਿਆਰ ਜਾਂ ਵੱਡੀ ਭੈਣ ਵਾਲੇ ਪਿਆਰ ਨਾਲ ਭਰੀ ਹੋਈ ਹਾਂ।

ਅੱਜ ਗੱਲ ਉਂਕਾਰਪ੍ਰੀਤ ਦੀ ਅਤੇ ਉਹਦੀ ਕਵਿਤਾ ਦੀ ਕਰਨੀ ਹੈ। 'ਅਣ-ਫਿਰਿਆ ਮੱਕਾ' ਦੀਆਂ ਲਗਭਗ ਸਾਰੀਆਂ ਕਵਿਤਾਵਾਂ ਵਿਚ ਮਨਮੁੱਖ, ਮੂੜ੍ਹ-ਮਨ, ਆਸ਼ੇ ਤੋਂ ਭਟਕੇ ਮਨੁੱਖਾਂ, ਸਿੱਖੀ ਦੇ ਨਾਂ 'ਤੇ ਵਰਤਾਏ ਜਾਂਦੇ ਅਣਮਨੁੱਖੀ ਭਾਣਿਆਂ, ਸਿੱਖੀ ਦੇ ਸੱਚੇ ਰਾਹ ਤੋਂ ਭਟਕੇ ਤੇ ਅਸਲੀ ਸਿੱਖ ਦੀ ਪਛਾਣ ਤੋਂ ਵਿਹੂਣੇ ਤੇ ਅਣਜਾਣ ਲੋਕਾਂ ਬਾਰੇ, ਜਿਹੜੇ ਆਪਣੇ ਆਪ ਨੂੰ ਹੀ ਜਾਣੀ-ਜਾਣ ਸਮਝੀ ਬੈਠੇ ਹਨ, ਜਿਹੜੇ ਮਨ-ਮੱਕੇ ਦੇ ਚਾਨਣ ਤੋਂ ਦੂਰ ਆਪਣੇ-ਆਪਣੇ ਮੱਕੇ ਬਣਾਈ ਬੈਠੇ ਹਨ, ਜਿਨ੍ਹਾਂ ਲਈ ਸਿੱਖੀ ਸਿਰਫ਼ ਪਹਿਰਾਵੇ ਦੀ ਸਿੱਖੀ ਹੈ, ਵਿਖਾਵੇ ਦੀ ਸਿੱਖੀ ਹੈ, ਪਰ ਦੱਸਦੇ ਹਨ 'ਸੱਚੀ ਸਿੱਖੀ' ਅਤੇ ਹੋਰ ਅਨੇਕਾਂ ਸਵਾਲਾਂ ਬਾਰੇ ਆਪਣਾ ਦ੍ਰਿਸ਼ਟੀਕੋਨ ਪੇਸ਼ ਕੀਤਾ ਹੈ।



ਉਂਕਾਰਪ੍ਰੀਤ ਸਿੰਘ, ਡਾ. ਵਰਿਆਮ ਸਿੰਘ ਸੰਧੂ, ਰਜਵੰਤ ਕੌਰ ਸੰਧੂ ਤੇ ਜਸਪਾਲ ਢਿੱਲੋਂ

ਮੈਂ ਇਹ ਨਹੀਂ ਕਹਿੰਦੀ ਕਿ ਸਿੱਖੀ-ਪਹਿਰਾਵਾ ਨਾ ਪਹਿਨਿਆਂ ਜਾਵੇ। ਪਹਿਰਾਵਾ ਵੀ ਸਿੱਖ ਦੀ ਪਛਾਣ ਹੈ। ਕਦੀ ਇਸ ਪਹਿਰਾਵੇ ਵੱਲ ਵੇਖ ਕੇ ਦੁਖੀ ਤੇ ਮੁਸ਼ਕਿਲ ਵਿਚ ਫਸੇ ਲੋਕ ਸੌ ਬੰਦਿਆਂ ਦੀ ਭੀੜ ਵਿਚ ਸਿੱਖ ਦੀ ਸ਼ਕਲ ਵੇਖ ਕੇ, ਸਿੱਖ ਵੱਲ ਭੱਜੇ ਆਉਂਦੇ ਸਨ ਕਿ ਇਹ ਸਾਡੀ ਮਦਦ ਜ਼ਰੂਰ ਕਰੇਗਾ, ਤੇ ਉਹ ਕਰਦੇ ਵੀ ਸਨ। ਪਰ ਨਿਰ੍ਹਾ ਪਹਿਰਾਵਾ ਹੀ ਤਾਂ ਸਿੱਖੀ ਨਹੀਂ। ਸਿੱਖੀ ਦਾ ਅਸਲ ਪਹਿਰਾਵਾ ਤਾਂ ਗੁਰਬਾਣੀ ਹੈ। ਜਿਸਨੇ ਆਪਣੀ ਰੂਹ ਵਿਚ ਗੁਰਬਾਣੀ ਨਹੀਂ ਰਚਾਈ, ਉਹ ਸਿਰਫ਼ ਬਾਹਰੀ ਪਹਿਰਾਵੇ ਦੇ ਜ਼ੋਰ 'ਤੇ ਸਿੱਖ ਨਹੀਂ ਅਖਵਾ ਸਕਦਾ। ਸਿੱਖ ਭਾਵੇਂ ਪੱਗ ਵਾਲਾ ਹੋਵੇ ਜਾਂ ਨਾ ਹੋਵੇ, ਅਸਲ ਨਿਬੇੜਾ ਤਾਂ ਪੱਗ ਹੇਠਲੇ ਸਿਰ ਵਿਚ, ਸੋਚ ਵਿਚ ਵੱਸੀ ਗੁਰਮਤਿ ਵਿਚ ਹੈ। ਮੇਰਾ ਮੰਨਣਾ ਹੈ ਕਿ ਪਹਿਰਾਵਾ ਵੀ ਹੋਵੇ ਤੇ ਜ਼ਰੂਰ ਹੋਵੇ, ਪਰ ਪਹਿਰਾਵੇ ਦੀ ਲਾਜ ਰੱਖਣ ਵਾਲੀ ਆਤਮਾ ਵੀ ਇਸ ਪਹਿਰਾਵੇ ਅੰਦਰ ਵੱਸਦੀ ਹੋਵੇ।

ਸਿੱਖੀ ਤਾਂ ਉਨ੍ਹਾਂ ਗੁਣਾ ਦਾ ਸਮੂਹ ਹੈ, ਜਿਨ੍ਹਾਂ ਗੁਣਾ ਨੂੰ ਗੁਰੂ ਸਾਹਿਬ ਨੇ ਮੂਲ-ਮੰਤਰ ਵਿਚ ਬਿਆਨ ਕੀਤਾ ਹੈ। ਉਂਕਾਰਪ੍ਰੀਤ ਕਹਿੰਦਾ ਹੈ ਕਿ ਮੂਲ-ਮੰਤਰ ਵਿਚ ਬਿਆਨ ਕੀਤੇ ਗੁਣ ਕੇਵਲ ਪ੍ਰਮਾਤਮਾ ਦੀ ਹੀ ਪਛਾਣ ਨਹੀਂ, ਸਗੋਂ ਸੱਚੇ ਬੰਦੇ ਤੇ ਸੱਚੇ ਸਿੱਖ ਦੀ ਪਛਾਣ ਵੀ ਹਨ। ਸੱਚਾ ਸਿੱਖ ਵੀ ਨਿਰਭਉ ਹੋਣਾ ਚਾਹੀਦਾ ਹੈ, ਨਿਰਵੈਰ ਹੋਣਾ ਚਾਹੀਦਾ ਹੈ। ਸੱਚਾ ਸਿੱਖ ਜਾਣਦਾ ਹੈ ਕਿ ਉਹ ਇੱਕੋ ਨੂਰ ਦੀ ਉਪਜ ਹੈ। ਹਰ ਇੱਕ ਬੰਦਾ ਉਹਦਾ ਹੀ ਨੂਰ ਹੈ। ਜਿਹੜਾ ਇਸ ਨੂਰ ਨੂੰ ਨਹੀਂ ਪਛਾਣਦਾ, ਉਹ ਸੱਚਾ ਸਿੱਖ ਨਹੀਂ।

ਉਂਕਾਰਪ੍ਰੀਤ ਨੇ ਸਿੱਖੀ ਦੇ ਨਾਂ 'ਤੇ ਵਰਤਾਏ ਜਾਂਦੇ ਕਹਿਰ ਅਤੇ ਅਣਮਨੁੱਖੀ ਕਾਰਿਆਂ ਦਾ ਪਾਜ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਆਪਣਾ ਮੂਲ ਪਛਾਣਨ ਦਾ ਸੁਨੇਹਾ ਦਿੱਤਾ ਹੈ। ਕਿਰਪਾਨ, ਜੋ ਗੁਰੂ ਸਾਹਿਬ ਨੇ 'ਕਿਰਪਾ' ਦਾ ਸਰੂਪ ਜਾਣ ਕੇ ਪਹਿਨਣ ਦੀ ਹਦਾਇਤ ਕੀਤੀ ਸੀ, ਜੋ ਮਜ਼ਲੂਮਾਂ ਦੀ ਰਾਖੀ ਕਰਨ ਲਈ ਬਣੀ ਸੀ, ਅੱਜ ਉਹੋ ਕਿਰਪਾਨ, ਗੁਰੂ ਦੇ ਆਪੇ ਬਣੇ ਵਾਰਿਸ, ਦਇਆ-ਹੀਣ ਹਜੂਮ ਬਣ ਕੇ ਕੁਝ ਇਸਤਰ੍ਹਾਂ ਵਰਤ ਰਹੇ ਹਨ ਕਿ ਦੁੱਖ-ਭੰਜਨੀ ਬੇਰੀ ਦਾ ਮਾਣ ਟੁੱਟ ਗਿਆ ਹੈ। ਕਵੀ ਨੂੰ ਲੱਗਦਾ ਹੈ ਕਿ ਪਾਪ ਖ਼ਤਮ ਕਰਨ ਲਈ ਵਰਤੀ ਜਾਣ ਵਾਲੀ ਤਲਵਾਰ ਅੱਜ ਸਿੱਖੀ ਦੇ ਨਾਂ 'ਤੇ ਜਦੋਂ ਪਾਪ ਕਰਨ ਲਈ ਵਰਤੀ ਜਾਂਦੀ ਹੈ ਤਾਂ ਉਹ ਵੀ ਉਦਾਸ ਹੋ ਜਾਂਦੀ ਸੀ। ਉਹ ਸੋਚਦੀ ਹੈ ਕਿ ਹੇ ਗੁਰੂ ਜੀ, ਤੁਸੀਂ ਮੈਨੂੰ ਇਹ ਕੁਝ ਕਰਨ ਲਈ ਤਾਂ ਨਹੀਂ ਸੀ ਆਖਿਆ!

ਇਸ ਕਿਤਾਬ ਦੀ ਹਰ ਇੱਕ ਕਵਿਤਾ ਏਨੇ ਡੂੰਘੇ ਵਿਚਾਰ ਦੀ ਮੰਗ ਕਰਦੀ ਹੈ ਕਿ ਹਰ ਇੱਕ ਬਾਰੇ ਕਈ ਸਫ਼ੇ ਲਿਖੇ ਜਾ ਸਕਦੇ ਹਨ। ਜੇ ਥੋੜੇ ਵਿਚ ਗੱਲ ਮੁਕਾਉਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਂਕਾਰਪ੍ਰੀਤ ਸਿੱਖੀ ਨੂੰ ਗੁਰੂ ਦੀ ਸਿੱਖਿਆ, ਗੁਰਬਾਣੀ ਦੇ ਮੂਲ ਅਰਥਾਂ ਵਿਚੋਂ ਵੇਖਣ, ਪਛਾਣਨ ਅਤੇ ਧਾਰਨ ਕਰਨ 'ਤੇ ਜ਼ੋਰ ਦਿੰਦਾ ਹੈ। ਉਸ ਅਨੁਸਾਰ ਸੱਚਾ ਸਿੱਖ ਉਹੋ ਹੈ, ਜੋ ਨਿਰਭਉ ਹੈ, ਨਿਰਵੈਰ ਹੈ, ਦਇਆਵਾਨ ਹੈ, ਸਭ ਦਾ ਭਲਾ ਚਾਹੁਣ ਵਾਲਾ ਹੈ, ਕਰਮ-ਕਾਂਡਾਂ ਤੇ ਵਹਿਮਾ-ਭਰਮਾ ਤੋਂ ਮੁਕਤ ਹੈ। ਸੱਚਾ ਸਿੱਖ ਹਰ ਬੰਦੇ ਵਿਚੋਂ ਰੱਬ ਦੀ ਮੂਰਤ ਵੇਖਦਾ ਹੈ। ਦੂਜੇ ਪਾਸੇ ਉਹਦਾ ਜ਼ੋਰ ਸਿੱਖੀ ਦੇ ਨਾਂ 'ਤੇ ਫੈਲਣ ਵਾਲੇ ਦੰਭ, ਪਾਖੰਡ ਅਤੇ ਅਣਮਨੁੱਖੀ ਵਿਹਾਰ ਅਤੇ ਵਰਤਾਰੇ ਨੂੰ ਨੰਗਾ ਕਰਨਾ ਹੈ। ਇਹ ਕੁਝ ਕਰਦਿਆਂ ਉਹ ਆਪਣੀ ਕਲਮ ਨੂੰ ਵਿਅੰਗ ਦੀ ਤਿੱਖੀ ਕਟਾਰ ਬਣਾ ਲੈਂਦਾ ਹੈ। ਕਾਲੇ ਪਰਦੇ ਚੀਰ ਕੇ ਉਹਲੇ ਵਿਚ ਲੁਕੋ ਦਿੱਤੀ ਸਿੱਖੀ ਨੂੰ ਗੁਰੂ ਤੇ ਗੁਰਬਾਣੀ ਦੇ ਚਾਨਣ ਦੇ ਸਾਹਮਣੇ ਲਿਆ ਖੜ੍ਹਾ ਕਰਦਾ ਹੈ।

ਮੇਰੇ ਥੋੜੇ ਨੂੰ ਹੀ ਬਹੁਤ ਕਰ ਕੇ ਜਾਣਿਆ ਜਾਵੇ। ਮੈਂ ਆਪਣੇ ਛੋਟੇ ਵੀਰ ਉਂਕਾਰਪ੍ਰੀਤ ਨੂੰ ਇਸ ਪੁਸਤਕ ਦੇ ਛਪਣ ਦੀ ਬਹੁਤ ਬਹੁਤ ਮੁਬਾਰਕ ਭੇਜਦੀ ਹਾਂ।

# ਜਦੋਂ ਇੰਦਰਾ ਗਾਂਧੀ ਨੇ ਕਿਹਾ ਕਿ ਸਿੱਖ ਖਿਡਾਰੀ ਹੀ ਕਿਉਂ ਭਾਰਤੀ ਹਾਕੀ ਟੀਮ ਵਿਚ ਖੇਡਦੇ ਹਨ?

ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੂੰ ਹਾਕੀ ਖੇਡਣ ਦੀ ਚਿਣਗ ਅੰਗਰੇਜ਼ ਫੌਜੀਆਂ ਤੋਂ ਲੱਗੀ। ਪੰਜਾਬੀਆਂ ਦਾ ਹਮੇਸ਼ਾ ਹੀ ਭਾਰਤੀ ਹਾਕੀ ਟੀਮ ਵਿਚ ਦਬਦਬਾ ਰਿਹਾ ਪਰ ਹਿੰਦ ਦੇ ਹੁਕਮਰਾਨਾਂ ਨੂੰ ਇਹ ਦਬਦਬਾ ਹਮੇਸ਼ਾ ਹੀ ਚੁੱਭਦਾ ਰਿਹਾ ਹੈ, ਇਸੇ ਕਰਕੇ ਕਈ ਵਾਰ ਸਿੱਖ ਖਿਡਾਰੀਆਂ ਨੂੰ ਭਾਰਤੀ ਹਾਕੀ ਟੀਮ ਦੀ ਚੋਣ ਮੌਕੇ ਬੇਇਨਸਾਫ਼ੀ ਦਾ ਸ਼ਿਕਾਰ ਹੋਣਾ ਪਿਆ। ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਾਰੇ ਮੈਂ ਇਹ ਤਾਂ ਨਹੀਂ ਆਖਾਂਗਾ ਕਿ ਸਿੱਖ ਕੌਮ ਦੀ ਕੱਟੜ ਦੁਸ਼ਮਣ ਸੀ ਕਿਉਂਕਿ ਉਸ ਨੇ ਕਈ ਸਿੱਖ ਚਿਹਰਿਆਂ ਨੂੰ ਦੇਸ਼ ਦਾ ਰਾਸ਼ਟਰਪਤੀ ਵੀ ਬਣਾਇਆ, ਗ੍ਰਹਿ ਮੰਤਰੀ ਵੀ, ਮੁੱਖ ਮੰਤਰੀ ਵੀ ਅਤੇ ਕਈਆਂ ਨੂੰ ਹੋਰ ਵੀ ਵੱਡੇ ਵੱਡੇ ਅਹੁਦੇ ਤੇ ਪਦਵੀਆਂ ਦਿੱਤੇ। ਇਹ ਅਹੁਦੇ ਉਨ੍ਹਾਂ ਨੂੰ ਮਿਲੇ ਜਿਹੜੇ ਉਸ ਦੀ ਚਾਪਲੂਸੀ ਕਰਦੇ ਸਨ। ਅਸਲ ਵਿਚ 1971 ਦੀ ਭਾਰਤ-ਪਾਕਿਸਤਾਨ ਦੀ ਜੰਗ ਜਿੱਤਣ ਤੋਂ ਬਾਅਦ ਉਸ ਵਿਚ ਇੰਨਾ ਹੰਕਾਰ ਆ ਗਿਆ ਸੀ ਕਿ ਉਹ ਹਰ ਇਕ ਨੂੰ ਆਪਣੀ ਅਧੀਨਗੀ ਮਨਾਉਣਾ ਚਾਹੁੰਦੀ ਸੀ। ਇਸੇ ਘਮੰਡ ਵਿਚ ਉਸ ਨੇ 1975 ਵਿਚ ਐਮਰਜੈਂਸੀ ਲਗਾਈ ਅਤੇ ਫਿਰ 1984 ਵਿਚ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ।

**ਜਗਰੂਪ ਸਿੰਘ ਜਰਖੜ**
**ਫੋਨ: 98143-00722**

ਗੱਲ ਸਾਲ 2006 ਅਪ੍ਰੈਲ ਮਹੀਨੇ ਦੀ ਹੈ ਜਦੋਂ ਪੰਜਾਬ ਪੁਲੀਸ ਅਤੇ ਬੀ ਐਸ ਐਫ ਦੇ ਸਾਬਕਾ ਮੁਖੀ ਸ੍ਰੀ ਅਸ਼ਵਨੀ ਕੁਮਾਰ ਨੇ ਨਵੀਂ ਦਿੱਲੀ ਵਿਖੇ 10 ਸਿੱਖ ਓਲੰਪੀਅਨ ਖਿਡਾਰੀਆਂ ਦੇ ਇਕ ਸਨਮਾਨ ਸਮਾਰੋਹ ਵਿਚ ਬੋਲਦਿਆਂ ਇੰਦਰਾ ਗਾਂਧੀ ਦੇ ਹੰਕਾਰ ਦਾ ਇਕ ਹੋਰ ਚਿੱਠਾ ਖੋਲ੍ਹਿਆ। ਸਵ: ਸ੍ਰੀ ਅਸ਼ਵਨੀ ਕੁਮਾਰ ਜੋ ਪੁਲੀਸ ਮੁਖੀ ਹੋਣ ਦੇ ਨਾਲ ਨਾਲ 1954 ਤੋਂ 1974 ਤਕ ਭਾਰਤੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ, ਉਹ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਦੱਸਦੇ ਹਨ, '1974 ਵਿਚ ਜਦੋਂ ਮੈਂ ਬਾਰਡਰ ਸਕਿਉਰਿਟੀ ਫੋਰਸ ਵਿਚ ਇੰਸਪੈਕਟਰ ਜਨਰਲ ਸੀ ਮੈਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਫੋਨ ਆਇਆ ਕਿ ਸ੍ਰੀਮਤੀ ਇੰਦਰਾ ਗਾਂਧੀ ਤੁਹਾਨੂੰ ਤੁਰੰਤ ਮਿਲਣਾ ਚਾਹੁੰਦੇ ਹਨ। ਮੈਂ ਗੁਲਮਰਗ ਨੇੜੇ ਕਸ਼ਮੀਰ ਦੀਆਂ ਕੁਝ ਸਰਹੱਦੀ ਚੌਕੀਆਂ ਦਾ ਮੁਆਇਨਾ ਕਰ ਰਿਹਾ ਸੀ। ਮੈਂ ਪ੍ਰਧਾਨ ਮੰਤਰੀ ਦੇ ਮਿਲੇ ਸੁਨੇਹੇ ਤੋਂ ਹੈਰਾਨ ਸੀ। ਇਕ ਹੈਲੀਕਾਪਟਰ ਨੇ ਮੈਨੂੰ ਗੁਲਮਰਗ ਤੋਂ ਸ੍ਰੀਨਗਰ ਪੁੰਚਾਇਆ ਫੇਰ ਮੈਂ ਇੰਡੀਅਨ ਏਅਰਲਾਈਨਜ਼ ਦੀ ਉਡਾਣ ਰਾਹੀਂ ਨਵੀਂ ਦਿੱਲੀ ਪਹੁੰਚਿਆ। ਮੈਂ ਆਪਣੇ ਸੰਮਨ ਦੇ ਕਾਰਨ ਦਾ ਅੰਦਾਜ਼ਾ ਨਹੀਂ ਲਗਾ ਸਕਦਾ ਸੀ।' ਦੁਆ ਸਲਾਮ ਹੋਣ ਤੋਂ ਬਾਅਦ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਮੈਂ ਤੁਹਾਨੂੰ ਇੱਥੇ ਬੁਲਾਉਣ ਦਾ ਇਕੋ ਕਾਰਨ ਦੱਸ ਰਹੀ ਹਾਂ ਕਿ ਸਿੱਖਿਆ ਮੰਤਰੀ ਐਸ ਨੂਰੁਲ ਹਸਨ ਨੇ ਹਾਲ ਹੀ ਵਿਚ ਮੈਨੂੰ ਦੱਸਿਆ ਕਿ ਤੁਸੀਂ ਬਹੁਤ ਸਾਰੇ ਸਿੱਖ ਹਾਕੀ ਖਿਡਾਰੀਆਂ ਨੂੰ ਹੀ ਭਾਰਤੀ ਟੀਮ ਵਿਚ ਰੱਖਦੇ ਹੋ ਬਾਕੀਆਂ ਨੂੰ ਕਿਉਂ ਨਹੀਂ? ਪਰ ਮੈਂ ਉੱਥੇ ਸਿੱਖਾਂ ਦੇ ਹਾਕੀ ਹੁਨਰ ਨਾਲ ਬੇਇਨਸਾਫੀ ਨਹੀਂ ਕਰ ਸਕਦਾ ਸੀ। ਮੈਂ ਚੁੱਪ ਰਿਹਾ ਪਰ ਮੈਂ ਪ੍ਰੇਸ਼ਾਨ ਬਹੁਤ ਸੀ ਮੈਂ ਗੈਸਟ ਹਾਊਸ ਵਾਪਸ ਆਇਆ ਅਤੇ ਇੰਡੀਆ ਹਾਕੀ ਫੈਡਰੇਸ਼ਨ (ਆਈ ਐਚ ਐਫ) ਦੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਲਿਖ ਕੇ ਤੁਰੰਤ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਤਤਕਾਲੀ ਪ੍ਰਧਾਨ ਰਾਜਾ ਭਲਿੰਦਰ ਸਿੰਘ ਨੂੰ ਭੇਜਿਆ ਹਾਲਾਂਕਿ ਮੇਰੇ ਬਹੁਤ ਸਾਰੇ ਦੋਸਤਾਂ ਨੇ ਮੈਨੂੰ ਅਸਤੀਫਾ ਨਾ ਦੇਣ ਦੀ ਸਲਾਹ ਦਿੱਤੀ ਪਰ ਮੈਂ ਆਪਣੇ ਫੈਸਲੇ 'ਤੇ ਦ੍ਰਿੜ੍ਹ ਸੀ। ਮੈਂ ਆਪਣੇ ਸਿੱਖ ਖਿਡਾਰੀਆਂ ਦੇ ਹਾਕੀ ਹੁਨਰ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ ਸੀ। ਭਾਰਤੀ ਹਾਕੀ ਵਿਚ ਸਿੱਖਾਂ ਦਾ ਯੋਗਦਾਨ ਹਮੇਸ਼ਾਂ ਹੀ ਬਹੁਤ ਵੱਡਾ ਰਿਹਾ ਹੈ ਅਤੇ ਮੈਂ ਉਨ੍ਹਾਂ ਨੂੰ



ਹਮੇਸ਼ਾ ਸਲਾਮ ਕਰਦਾ ਹਾਂ। ਉਨ੍ਹਾਂ ਸਿੱਖ ਹਾਕੀ ਖਿਡਾਰੀਆਂ ਦੀ ਖੇਡ ਪ੍ਰਤੀ ਲਗਨ, ਵਚਨਬੱਧਤਾ, ਸੁਹਿਰਦਤਾ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਉਨ੍ਹਾਂ ਆਖਿਆ ਸਿੱਖਾਂ ਦਾ ਹਾਕੀ ਯੋਗਦਾਨ ਇਕੱਲੇ ਭਾਰਤ ਵਿਚ ਹੀ ਨਹੀਂ ਸਗੋਂ ਦੂਸਰੇ ਮੁਲਕ ਕੀਨੀਆ, ਮਲੇਸ਼ੀਆ, ਇੰਗਲੈਂਡ, ਯੁਗਾਂਡਾ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿਚ ਵੀ ਹੈ ਜਿੱਥੇ ਅੱਜ ਵੀ ਸਿੱਖ ਉੱਥੋਂ ਦੀਆਂ ਕੌਮੀ ਹਾਕੀ ਟੀਮਾਂ ਦਾ ਹਿੱਸਾ ਬਣਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਬਾਰਸੀਲੋਨਾ ਓਲੰਪਿਕ 1992 ਦੌਰਾਨ ਮੈਂ ਐੱਫਆਈਐੱਚ ਦੇ ਉਸ ਵੇਲੇ ਦੇ ਪ੍ਰਧਾਨ ਏਟੀਐੱਨ ਗਲੀਚਿਚ ਨੂੰ ਮਿਲਿਆ ਉਨ੍ਹਾਂ ਨੇ ਮੈਨੂੰ ਕੁਝ ਸਾਬਕਾ ਭਾਰਤੀ ਖਿਡਾਰੀ ਖ਼ਾਸ ਕਰਕੇ ਸਿੱਖ ਖਿਡਾਰੀਆਂ ਦੀ ਤੰਦਰੁਸਤੀ ਬਾਰੇ ਪੁੱਛਿਆ ਜਿਨ੍ਹਾਂ ਨਾਲ ਉਸ ਨੇ ਓਲੰਪਿਕ ਅਤੇ ਹੋਰ ਅੰਤਰਰਾਸ਼ਟਰੀ ਹਾਕੀ ਮੈਚ ਖੇਡੇ ਸਨ। ਉਸ ਨੇ ਉਚੇਚੇ ਤੌਰ 'ਤੇ ਪ੍ਰਿਥੀਪਾਲ ਸਿੰਘ, ਬਲਵੀਰ ਸਿੰਘ, ਧਰਮ ਸਿੰਘ, ਗੁਰਦੇਵ ਸਿੰਘ ਅਤੇ ਹੋਰ ਸਿੱਖ ਖਿਡਾਰੀਆਂ ਨੂੰ ਯਾਦ ਕੀਤਾ ਜਦੋਂ ਮੈਂ ਉਨ੍ਹਾਂ ਨੂੰ ਪਨੈਲਟੀ ਕਾਰਨਰ ਦੇ ਕਿੰਗ ਪ੍ਰਿਥੀਪਾਲ ਸਿੰਘ ਦੀ 1983 ਵਿਚ ਹੋਈ ਹੱਤਿਆ ਬਾਰੇ ਦੱਸਿਆ ਤਾਂ ਉਹ ਬਹੁਤ ਦੁਖੀ ਹੋਏ। ਭਰੇ ਮਨ ਨਾਲ ਉਨ੍ਹਾਂ ਕਿਹਾ ਉਹ ਬਹੁਤ ਮਹਾਨ ਖਿਡਾਰੀ ਸੀ, ਮੇਰੀ ਉਸ ਨੂੰ ਇਹੀ ਸ਼ਰਧਾਂਜਲੀ ਹੈ, ਸਿੱਖਾਂ ਦੀ ਵਿਸ਼ਵ ਹਾਕੀ ਵਿਚ ਇੰਨੀ ਧਾਂਕ ਹੈ। ਬ੍ਰਿਟਿਸ਼ ਸਾਮਰਾਜ ਮੌਕੇ ਵੀ ਸਿੱਖ ਫੌਜੀ ਜਦੋਂ ਦੁਨੀਆਂ ਦੇ ਕਿਸੇ ਮੁਲਕ 'ਚ ਜਾਂਦੇ ਸਨ ਤਾਂ ਆਪਣੀ ਹਾਕੀ ਸਟਿੱਕ ਨਾਲ ਲੈ ਕੇ ਜਾਂਦੇ ਸਨ। ਬੇਸ਼ਕ ਦੇਸ਼ ਦੇ ਹੁਕਮਰਾਨ ਸਿੱਖਾਂ ਦੀ ਦੇਸ਼ ਪ੍ਰਤੀ ਦੇਣ ਨੂੰ ਅਣਗੌਲਿਆ ਕਰਨ ਪਰ ਮੈਂ ਉਨ੍ਹਾਂ ਦੀ ਕਾਬਲੀਅਤ ਅਤੇ ਹਾਕੀ ਪ੍ਰਤੀ ਦੇਣ ਨੂੰ ਦਿਲੋਂ ਸਲੂਟ ਕਰਦਾ ਹਾਂ। ਸ੍ਰੀ ਅਸ਼ਵਨੀ ਕੁਮਾਰ ਦੇ ਭਾਸ਼ਣ ਦਾ ਦੂਸਰਾ ਹਿੱਸਾ ਇਹ ਸੀ ਕਿ ਕਿਵੇਂ ਉਸ ਨੇ ਅਤੇ ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੇ 1984 ਵਿਚ ਦਿੱਲੀ ਵਿਚ ਇੰਦਰਾ ਗਾਂਧੀ ਦੇ ਕਤਲ ਵੇਲੇ ਦੰਗਕਾਰੀਆਂ ਦਾ ਮੁਕਾਬਲਾ ਕੀਤਾ।

ਸ੍ਰੀ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਤੋਂ ਬਾਅਦ ਵਾਕਿਆ ਹੀ ਭਾਰਤੀ ਹਾਕੀ ਵਿਚ ਸਿੱਖ ਖਿਡਾਰੀਆਂ ਨਾਲ ਬੇਇਨਸਾਫ਼ੀ ਦਾ ਦੌਰ ਸ਼ੁਰੂ ਹੋਇਆ। 1978 ਵਿਸ਼ਵ ਕੱਪ ਹਾਕੀ ਵੇਲੇ ਜਦੋਂ ਭਾਰਤੀ ਹਾਕੀ ਦੇ ਉੱਚ ਅਧਿਕਾਰੀਆਂ ਨੇ ਸਿੱਖ ਖਿਡਾਰੀਆਂ ਅਤੇ ਸਿੱਖਾਂ ਪ੍ਰਤੀ ਮੰਦੀ ਸ਼ਬਦਾਵਲੀ ਬੋਲੀ ਤਾਂ ਉਸ ਵੇਲੇ ਦੇ ਨਾਮੀ ਖਿਡਾਰੀ ਸੁਰਜੀਤ ਸਿੰਘ ਰੰਧਾਵਾ, ਬਲਦੇਵ ਸਿੰਘ ਅਤੇ ਵਰਿੰਦਰ ਸਿੰਘ ਕੋਚਿੰਗ ਕੈਂਪ ਵਿਚ ਵਿਚਾਲੇ ਛੱਡ ਕੇ ਟੀਮ ਤੋਂ ਬਾਹਰ ਆ ਗਏ ਸਨ। ਫਿਰ ਜੋ 1978 ਵਿਸ਼ਵ ਕੱਪ ਵਿਚ ਭਾਰਤੀ ਹਾਕੀ ਦਾ ਹਸ਼ਰ ਹੋਇਆ ਉਸ ਦਾ ਦੁਨੀਆਂ ਨੂੰ ਪਤਾ ਹੀ ਹੈ। ਉਸ ਵਕਤ ਦੁਨੀਆਂ ਦਾ ਚੈਂਪੀਅਨ ਮੁਲਕ 6ਵੇਂ ਨੰਬਰ 'ਤੇ ਆਇਆ। ਉਸ ਤੋਂ ਬਾਅਦ 1982 ਏਸ਼ੀਅਨ ਖੇਡਾਂ ਮੌਕੇ ਵੀ ਕਪਤਾਨ ਫੁੱਲ ਬੈਕ ਸੁਰਜੀਤ ਸਿੰਘ ਰੰਧਾਵਾ ਅਤੇ ਸੁਰਿੰਦਰ ਸਿੰਘ ਸੋਢੀ ਨੂੰ ਐਨ ਮੌਕੇ 'ਤੇ ਹੀ ਟੀਮ ਤੋਂ ਬਾਹਰ ਕੀਤਾ ਅਤੇ ਹੋਰ ਸਿੱਖ ਸੀਨੀਅਰ ਖਿਡਾਰੀਆਂ ਨੂੰ ਏਸ਼ੀਅਨ ਖੇਡਾਂ 'ਤੇ ਸੱਦਣਾ ਵਾਜਬ ਹੀ ਨਹੀਂ ਸਮਝਿਆ, ਫਿਰ ਪਾਕਿਸਤਾਨੀ ਹਾਕੀ ਟੀਮ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਾਜ਼ਰੀ ਵਿਚ ਜੋ ਭਾਰਤੀ ਹਾਕੀ ਟੀਮ ਨੂੰ 7-1 ਗੋਲਾਂ ਦੀ ਧੂੜ ਚਟਾਈ ਸੀ ਉਹ ਸਦਮਾ ਅਜੇ ਵੀ ਦੇਸ਼ ਵਾਸੀਆਂ ਅਤੇ ਹਾਕੀ ਪ੍ਰੇਮੀਆਂ ਨੂੰ ਭੁੱਲਿਆ ਨਹੀਂ ਹੈ। ਅਸਲ ਵਿਚ ਬੀਬੀ ਇੰਦਰਾ ਨੇ ਚੋਲਾ ਤਾਂ ਧਰਮ ਨਿਰਪੱਖਤਾ ਦਾ ਪਾਇਆ ਸੀ ਪਰ ਰਾਜਨੀਤੀ ਮਜ਼ਬ੍ਹਾਂ ਦੇ ਆਧਾਰ 'ਤੇ ਕਰਦੀ ਸੀ। ਜਿਹੜੇ ਉਸ ਦੇ ਤਲਵੇ ਚੱਟਦੇ ਸਨ, ਚਾਪਲਸੀ ਕਰਦੇ ਸਨ, ਉਹ ਭਾਵੇਂ ਸਿੱਖ ਹੋਣ ਜਾਂ ਹਿੰਦੂ ਉਸ ਨੂੰ ਚੰਗੇ ਲੱਗਦੇ ਸਨ ਪਰ ਇਤਿਹਾਸ ਹਮੇਸ਼ਾ "ਟਕਰਾਉਣ ਵਾਲਿਆਂ ਦਾ ਬਣਦਾ, ਨਾ ਕਿ ਤਲਵੇ ਚੱਟਣ ਵਾਲਿਆਂ ਦਾ।" ਜੋ ਇੰਦਰਾ ਗਾਂਧੀ ਨਾਲ ਆਪਣੀ ਅਣਖ ਖਾਤਰ ਟਕਰਾਏ ਨੇ ਉਹ ਅੱਜ ਵੀ ਸਿੱਖ ਇਤਿਹਾਸ ਦੇ ਪਾਤਰ ਹਨ ਇਸੇ ਕਰਕੇ ਜਦੋਂ ਵੀ 20ਵੀਂ ਸਦੀ ਦਾ ਸਿੱਖ ਇਤਿਹਾਸ ਪੜ੍ਹਿਆ ਜਾਵੇਗਾ ਬੀਬੀ ਇੰਦਰਾ ਹੋਰਾਂ ਦਾ ਨਾਮ ਅਬਦਾਲੀ, ਮੱਸੇ ਰੰਘੜ ਹੋਰਾਂ ਵਾਲੀ ਕਤਾਰ ਵਿਚ ਹੀ ਆਵੇਗਾ ਕਿਉਂਕਿ ਬੀਬਾ ਸਿੱਖ ਕੌਮ ਨਾਲ ਨਾ ਭੁੱਲਣ ਵਾਲੇ ਭਾਣੇ ਕਈ ਵਰਤਾ ਗਈ ਹੈ। ਰਹੀ ਗੱਲ ਸਿੱਖਾਂ ਦੀ ਇਨ੍ਹਾਂ ਦੀ ਭਲੀ ਕਰੂ ਕਰਤਾਰ।

# ਕੀ ਆਰ.ਐਸ.ਐਸ. ਵੀ ਸਿੱਖ ਕਤਲੇਆਮ 'ਚ ਸ਼ਾਮਿਲ ਸੀ?

***1984 ਵਿਚ ਹੋਏ ਸਿੱਖ ਕਤਲੇਆਮ ਦੇ ਤਾਰ ਸਿੱਧੇ ਕਾਂਗਰਸ ਪਾਰਟੀ ਦੇ ਲੀਡਰਾਂ ਨਾਲ ਜੁੜਦੇ ਹਨ ਪਰ ਇਸ ਕਤਲੇਆਮ ਵਿਚ ਆਰ.ਐਸ.ਐਸ. ਦਾ ਕੀ ਰੋਲ ਰਿਹਾ ਹੈ, ਇਸ ਬਾਰੇ ਬਹੁਤੀ ਛਾਣ-ਬੀਣ ਨਹੀਂ ਹੋਈ। ਡਾ. ਹਰਗੁਰਪਰਤਾਪ ਸਿੰਘ ਦੇ ਇਸ ਲੇਖ ਵਿਚ ਇਹੀ ਵਿਚਾਰ-ਚਰਚਾ ਕੀਤੀ ਗਈ ਹੈ।***

ਨਵੰਬਰ ਮਹੀਨਾ ਚੜ੍ਹਨ 'ਤੇ ਫ਼ਸਲਾਂ ਪੱਕਣ, ਝੋਨੇ ਦੀ ਆਮਦ, ਪਰਾਲੀ ਪ੍ਰਦੂਸ਼ਣ, ਪ੍ਰਦੂਸ਼ਣ ਸੂਚਕ ਅੰਕ, ਦਿੱਲੀ ਦੀ ਹਵਾ ਆਦਿ ਸਵਾਲ ਅਖ਼ਬਾਰੀ ਸੁਰਖ਼ੀਆਂ ਦੇ ਨਾਲ-ਨਾਲ ਹਰ ਬੰਦੇ ਦੇ ਦਿਮਾਗ ਉੱਪਰ ਛਾਏ ਹੋਏ ਹਨ; ਜਾਂ ਫਿਰ ਬਹੁਤਿਆਂ ਨੂੰ ਬਸ ਫਿਲਮਾਂ, ਗੈਂਗਸਟਰਾਂ, ਗਾਇਕਾਂ, ਟਰੈਕਟਰਾਂ, ਕੈਨੇਡਾ-ਇੰਗਲੈਂਡ ਦੇ ਹੀ ਵਿਚਾਰ ਆ ਰਹੇ ਹੋਣਗੇ। ਪੰਜਾਬ ਵਿਚ ਵੀ ਇਹੀ ਹਾਲ ਹੈ! ਬਾਕੀ ਦੇਸ਼ ਦੀ ਤਾਂ ਗੱਲ ਛਡੋ ਪਰ ਕੁਝ ਪੰਜਾਬੀਆਂ ਜਾਂ ਪੰਜਾਬ ਨਾਲ ਜੁੜੇ ਲੋਕਾਂ ਨੂੰ ਯਾਦ ਹੋਣਾ ਹੈ ਕਿ ਨਵੰਬਰ ਮਹੀਨਾ, 31 ਅਕਤੂਬਰ 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ, ਕਾਨਪੁਰ (ਉੱਤਰ ਪ੍ਰਦੇਸ਼), ਹਰਿਆਣੇ ਆਦਿ 'ਚ ਸਿੱਖ ਕਤਲੇਆਮ ਨਾਲ ਵੀ ਜੁੜਿਆ ਹੋਇਆ ਹੈ। ਉਹ ਕਤਲੇਆਮ ਜਿਸ ਦੇ ਤਾਰ ਸਿੱਧੇ ਕਾਂਗਰਸ ਪਾਰਟੀ ਦੇ ਅਨੇਕਾਂ ਲੀਡਰਾਂ ਨਾਲ ਜੁੜਦੇ ਸਨ/

**ਡਾ. ਹਰਗੁਰਪਰਤਾਪ ਸਿੰਘ**
**ਨਿਹਾਲ ਸਿੰਘ ਵਾਲਾ (ਮੋਗਾ)**
**ਫੋਨ: +91-98149-16171**

ਹਨ। ਬਹੁਤ ਸਾਰੇ ਲੇਖਕਾਂ ਬੁਧੀਜੀਵੀਆਂ ਨੇ ਇਸ ਨੂੰ ਕਾਂਗਰਸ ਦੇ ਇੰਤਜ਼ਾਮ ਕੀਤਾ ਸਿੱਖ ਕਤਲੇਆਮ ਵੀ ਕਿਹਾ ਹੈ। ਇੰਦਰਾ ਗਾਂਧੀ ਦੇ ਸੁਰੱਖਿਆ ਗਾਰਡਾਂ ਵੱਲੋਂ ਕੀਤੇ ਕਤਲ ਦੇ ਪ੍ਰਤੀਕਰਮ ਵਜੋਂ ਦਿੱਲੀ ਅਤੇ ਹੋਰ ਥਾਵਾਂ 'ਤੇ ਸਿੱਖ ਘੱਟਗਿਣਤੀ ਦਾ ਬੜੇ ਹੀ ਵਹਿਸ਼ੀਆਨਾ ਤਰੀਕੇ ਨਾਲ ਕਤਲ ਕੀਤਾ ਗਿਆ ਸੀ।

ਉਂਝ, ਸੋਚਣ ਅਤੇ ਘੋਖਣ ਵਾਲੀ ਗੱਲ ਇਹ ਹੈ ਕਿ ਜਦੋਂ ਮੁਲਕ ਦੀ ਵੱਡੀ ਪਾਰਟੀ ਕਾਂਗਰਸ ਜਿਸ ਦੇ ਲੀਡਰ ਇਸ ਨੂੰ 'ਧਰਮ ਨਿਰਪੱਖ ਪਾਰਟੀ' ਹੋਣ ਦਾ ਦਾਅਵੇ ਕਰਦੇ ਰਹੇ ਸਨ, ਸਿੱਖਾਂ ਨੂੰ ਇਸ ਕਰ ਕੇ ਕਤਲ ਕਰ ਰਹੀ ਸੀ ਕਿ ਉਸ ਦੇ ਗਾਰਡਾਂ ਵਿਚੋਂ ਇੱਕ ਦੋ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਸੀ ਤਾਂ ਉਸ ਵਕਤ ਘੋਰ ਬ੍ਰਾਹਮਣਵਾਦੀ ਧਿਰਾਂ, ਉੱਚ ਜਾਤਿ ਹਿੰਦੂ ਮੂਲ ਦੇ ਅਮੀਰਾਂ ਦੀ ਨੁਮਾਇੰਦਗੀ ਕਰਦੀ ਆਰ.ਐੱਸ.ਐੱਸ., ਇਸ ਦਾ ਰਾਜਨੀਤਕ ਵਿੰਗ ਭਾਜਪਾ ਅਤੇ ਸੰਘ ਪਰਿਵਾਰ ਕੀ ਕਰ ਰਿਹਾ ਸੀ?

ਆਰ.ਐੱਸ.ਐੱਸ. ਅਤੇ ਜਨ ਸੰਘ (ਮਗਰੋਂ ਨਾਮ ਬਦਲ ਨੇ ਭਾਰਤੀ ਜਨਤਾ ਪਾਰਟੀ ਰੱਖਿਆ) ਉਦੋਂ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ ਤੇ ਪੰਜਾਬ ਵਿਚ ਬਹੁਤ ਸਰਗਰਮ ਸਨ; ਸਿਰਫ਼ ਆਪਣੇ ਰਾਜਨੀਤਕ ਏਜੰਡੇ ਨੂੰ ਲੈ ਕੇ ਹੀ ਨਹੀਂ ਬਲਕਿ ਘੱਟਗਿਣਤੀ ਸਿੱਖ ਭਾਈਚਾਰੇ ਨੂੰ ਚਿੜਾਉਣ, ਉਨ੍ਹਾਂ ਨੂੰ ਨੀਵਾਂ ਦਿਖਾਉਣ ਲਈ ਵੀ।

ਇੰਟਰਨੈੱਟ ਉੱਪਰ 'ਸਿੱਖ ਕਤਲੇਆਮ 'ਚ ਆਰ.ਐੱਸ.ਐੱਸ. ਅਤੇ ਭਾਜਪਾ ਦੇ ਰੋਲ' ਨੂੰ ਸਰਚ ਕਰਨ 'ਤੇ ਸਾਡੇ ਸਾਹਮਣੇ ਚਾਰ-ਪੰਜ ਖ਼ਬਰਾਂ ਦਿਖਾਈ ਦੇਣ ਲੱਗਦੀਆਂ ਹਨ। ਕੁਝ ਫੋਟੋਆਂ, ਕੁਝ ਨਾਂ ਸਾਹਮਣੇ ਆ ਜਾਂਦੇ ਹਨ। ਇੱਕ ਤਸਵੀਰ ਆਰ.ਐੱਸ.ਐੱਸ. ਨਾਲ ਸਬੰਧਤ ਦੋ ਸੀਨੀਅਰ ਆਗੂਆਂ ਅਟਲ ਬਿਹਾਰੀ ਬਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਮਿਲਦੀ ਹੈ ਜਿਨ੍ਹਾਂ ਦੀ ਅਗਵਾਈ ਹੇਠ ਪਹਿਲਾਂ ਜਨ ਸੰਘ ਅਤੇ ਮੌਜੂਦਾ ਭਾਰਤੀ ਜਨਤਾ ਪਾਰਟੀ ਬਣੀ ਜਿਸ ਦਾ ਅੱਜ ਪੂਰੇ ਮੁਲਕ ਉੱਪਰ ਰਾਜ ਹੈ। ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹਨਾਂ ਦਾ ਹੀ ਚੇਲਾ ਚਾਟੜਾ ਹੈ। ਉਕਤ ਦੋਵੇਂ ਲੀਡਰ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ, ਦਰਬਾਰ ਸਾਹਿਬ ਉੱਪਰ ਫੌਜ ਚਾੜ੍ਹਨ ਦੀ ਮੰਗ ਕਰਦਿਆਂ ਮੁਜ਼ਾਹਰਾ ਕਰ ਰਹੇ ਹਨ। ਅਡਵਾਨੀ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ 03 ਮਈ 1984 ਨੂੰ ਭਾਜਪਾਈਆਂ ਨੇ ਦਿੱਲੀ ਵਿਚ ਬੜਾ ਵੱਡਾ ਧਰਨਾ ਪ੍ਰਦਰਸ਼ਨ ਕੀਤਾ। ਅਡਵਾਨੀ ਅਤੇ ਵਾਜਪਾਈ ਦੀ ਅਗਵਾਈ ਹੇਠ ਲਾਏ ਇਸ ਧਰਨੇ ਵਿਚ ਉਹਨਾਂ ਬਹੁਤ ਗਰਮ ਸੁਰ 'ਚ ਉਪਰੋਕਤ ਮੰਗ ਕੀਤੀ ਸੀ। ਇੰਦਰਾ ਗਾਂਧੀ ਵੱਲੋਂ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਤੋਂ ਬਾਅਦ ਅਗਸਤ ਮਹੀਨੇ ਵਾਜਪਾਈ ਨੇ ਪੰਜਾਬ ਪੁੱਜ ਕੇ ਸਿੱਖਾਂ ਦੇ ਜ਼ਖਮਾਂ 'ਤੇ ਨਮਕ ਰਗੜਣ ਵਾਲਾ ਬਿਆਨ ਦਿੱਤਾ ਕਿ ਇਹ ਕੰਮ ਤਾਂ ਅਜੇ ਲੇਟ ਹੋਇਆ ਹੈ, ਇਹ ਕੰਮ ਤਾਂ ਸਰਕਾਰ ਨੂੰ ਛੇ ਮਹੀਨੇ ਪਹਿਲਾਂ ਕਰ ਦੇਣਾ ਚਾਹੀਦਾ ਸੀ। ਅਸਲ ਵਿਚ ਅਡਵਾਨੀ ਇਹ ਕਹਿਣਾ ਚਾਹੁੰਦਾ ਸੀ ਕਿ ਇਹ ਸਾਰਾ ਕੁਝ ਉਨ੍ਹਾਂ ਦੇ ਦਬਾਓ ਤਹਿਤ ਹੋਇਆ, ਉਹ ਤਾਂ ਇਹ ਕਾਰਵਾਈ ਛੇ ਮਹੀਨੇ ਪਹਿਲਾਂ ਹੀ ਕਰਵਾਉਣ ਦੇ ਹੱਕ ਵਿਚ ਸਨ, ਪ੍ਰਧਾਨ ਮੰਤਰੀ (ਇੰਦਰਾ ਗਾਂਧੀ) ਨੇ ਹੀ ਇਹ ਲੇਟ ਕੀਤਾ।

ਦੂਜੀ ਫੋਟੋ 'ਪਾਇਨੀਅਰ' ਅਖਬਾਰ ਵਿਚ ਛਪੀ ਖਬਰ ਦੀ ਕਟਿੰਗ ਦੀ ਮਿਲਦੀ ਹੈ ਕਿ ਆਰ.ਐੱਸ.ਐੱਸ. ਅਤੇ ਸੰਘ ਪਰਿਵਾਰ ਦੇ ਅਨੇਕਾਂ ਬੰਦੇ ਵੀ ਦਿੱਲੀ ਕਤਲੇਆਮ 'ਚ ਸ਼ਾਮਿਲ ਸਨ। 11 ਅਪਰੈਲ 1994 ਨੂੰ ਦਿੱਲੀ 'ਚ ਭਾਜਪਾ ਦੀ ਸਰਕਾਰ ਸੀ। ਉਸ ਦੇ ਹਵਾਲਿਆਂ ਨਾਲ ਉਪਰੋਕਤ ਅਖਬਾਰ ਨੇ ਇਹ ਖ਼ਬਰ ਛਾਪੀ ਸੀ ਕਿ ਜਿਹੜੇ-ਜਿਹੜੇ ਪਾਰਟੀ ਵਰਕਰਾਂ ਦੇ ਨਾਮ 1984 ਕਤਲੇਆਮ 'ਚ ਆਏ ਹਨ, ਉਹਨਾਂ ਨੂੰ ਕਲੀਨ ਚਿੱਟ ਦਿੱਤੀ ਜਾਵੇ ਤੇ ਉਹਨਾਂ ਨੂੰ ਦੋਸ਼ਾਂ ਤੋਂ ਬਰੀ ਕੀਤਾ ਜਾਵੇ। ਅਸੀਂ ਦੇਖ ਸਕਦੇ ਹਾਂ ਕਿ ਕੇਸ ਖ਼ਤਮ ਕਰਾਉਣ ਅਤੇ ਕਲੀਨ ਚਿੱਟ ਲੈਣ ਲਈ ਭਾਜਪਾ ਕਿੰਨੀ ਤਰਲੋਮੱਛੀ ਹੋ ਰਹੀ ਸੀ।

ਇਸੇ ਪ੍ਰਕਾਰ 2 ਫਰਵਰੀ 2002 ਨੂੰ 'ਹਿੰਦੋਸਤਾਨ ਟਾਈਮਜ਼' ਵਿਚ ਖਬਰ ਛਪੀ ਕਿ 1984 ਦੇ ਕਤਲੇਆਮ ਵਿਚ ਭਾਜਪਾਈਆਂ ਦਾ ਨਾਮ ਵੀ ਬੋਲਦਾ ਹੈ; ਤੇ ਉਹਨਾਂ ਵਿਚੋਂ ਇੱਕ ਤਾਂ ਅਟਲ ਬਿਹਾਰੀ ਵਾਜਪਾਈ ਦੀ ਚੋਣ ਮੁਹਿੰਮ ਵੀ ਸੰਭਾਲਦਾ ਰਿਹਾ ਹੈ। ਦਿੱਲੀ ਦੇ ਹਰਦਿਆਲ ਸਿੰਘ ਸਾਹਨੀ ਦੀ ਦਰਖਾਸਤ 'ਤੇ ਅਮਲ ਕਰਦਿਆਂ ਪੁਲਿਸ ਨੇ ਐਫ.ਆਈ.ਆਰ. ਵਿਚ ਭਾਜਪਾਈ ਲੀਡਰਾਂ ਅਤੇ ਵਰਕਰਾਂ ਨੂੰ ਦੋਸ਼ੀ ਨਾਮਜ਼ਦ ਕੀਤਾ। ਜਾਂਚ ਚੱਲ ਰਹੀ ਹੈ। ਭਾਜਪਾਈਆਂ ਨੂੰ ਨਾਮਜ਼ਦ ਕਰਦੀਆਂ ਐਸੀਆਂ ਘੱਟੋ-ਘੱਟ 14 ਐਫ.ਆਈ.ਆਰ. ਦੱਖਣੀ ਦਿੱਲੀ ਦੇ ਥਾਣਿਆਂ ਵਿਚ, ਮੁੱਖ ਰੂਪ ਵਿਚ ਸਿਰੀ-ਨਿਵਾਸਪੁਰੀ ਥਾਣੇ ਵਿਚ ਦਰਜ ਹੋਈਆਂ ਸਨ। ਇਨ੍ਹਾਂ ਵਿਚ ਭਾਜਪਾ ਅਤੇ ਆਰ ਐਸ ਐਸ ਦੇ 49 ਲੀਡਰ ਅਤੇ ਵਰਕਰ ਨਾਮਜ਼ਦ ਕੀਤੇ ਗਏ। ਇਨਾਂ ਵਿਚ ਰਾਮ ਕੁਮਾਰ ਜੈਨ, ਰਤਨ ਲਾਲ, ਰਾਮ ਚੰਦਰ ਗੁਪਤਾ, ਗਿਆਨ ਲਾਲ ਜੈਨ, ਚੰਦਰ ਸੈਨ, ਪ੍ਰੀਤਮ ਸਿੰਘ, ਪ੍ਰਦੀਪ ਕੁਮਾਰ ਜੈਨ, ਹੰਸ ਰਾਜ ਗੁਪਤਾ, ਬਾਬੂ ਲਾਲ, ਵੇਦ ਮਹੀਪਾਲ ਸ਼ਰਮਾ, ਪਦਮ ਕੁਮਾਰ ਜੈਨ, ਸੁਰੇਸ਼ ਚੰਦ ਜੈਨ ਆਦਿ ਦੇ ਨਾਮ ਸਾਹਮਣੇ ਆਉਂਦੇ ਹਨ।

ਹਰੀ ਨਗਰ ਦਿਲੀ ਦਾ ਵਸਨੀਕ ਰਾਮ ਕੁਮਾਰ ਜੈਨ ਆਰ.ਐੱਸ.ਐੱਸ. ਦਾ ਪ੍ਰਮੁੱਖ ਆਗੂ ਸੀ। ਇਸੇ ਨਗਰ ਦੇ ਹਰਦਿਆਲ ਸਿੰਘ ਸਾਹਨੀ ਵੱਲੋਂ ਉਸ ਖਿਲਾਫ ਕੇਸ ਦਰਜ ਕਰਵਾਇਆ ਗਿਆ। ਦਰਖ਼ਾਸਤ ਕਰਤਾ ਨੇ ਦੱਸਿਆ ਗਿਆ ਸੀ ਕਿ ਉਸ ਦੇ ਕੱਪੜੇ ਦੇ ਸ਼ੋਅਰੂਮ ਨੂੰ ਨਵੰਬਰ 1984 ਵਿਚ ਅੱਗ ਲਾ ਕੇ ਸਾੜ ਦਿਤਾ ਗਿਆ ਸੀ ਅਤੇ ਸਾੜਨ ਵਾਲਿਆਂ ਵਿਚ ਰਾਮ ਕੁਮਾਰ ਜੈਨ ਪ੍ਰਮੁੱਖ ਸੀ। ਐੱਫ.ਆਈ.ਆਰ. ਨੰਬਰ 315/92 ਅਤੇ 446/93 ਵਿਚ ਉਸ ਵਿਰੁੱਧ ਦੰਗੇ ਭੜਕਾਉਣ, ਅੱਗਜ਼ਨੀ, ਡਕੈਤੀ ਅਤੇ ਇਰਾਦਾ ਕਤਲ ਆਦਿ ਧਾਰਾਵਾਂ ਤਹਿਤ ਪਰਚੇ ਦਰਜ ਹੋਏ।

ਇਸੇ ਤਰ੍ਹਾਂ 'ਪੰਜਾਬ ਕੇਸਰੀ' ਦੇ ਲੁਧਿਆਣਾ ਐਡੀਸ਼ਨ ਦੀ 25 ਦਸੰਬਰ 2009 ਦੀ ਖ਼ਬਰ ਹੈ ਕਿ ਇਕੱਲੀ ਕਾਂਗਰਸ ਨੂੰ ਹੀ 1984 ਦੇ ਕਤਲੇਆਮ ਖਾਤਰ ਜ਼ਿੰਮੇਵਾਰ ਠਹਿਰਾਉਣਾ ਠੀਕ ਨਹੀਂ ਹੈ। ਹੁਣ ਵੀ ਆਰ.ਐੱਸ.ਐੱਸ. ਅਤੇ ਭਾਜਪਾ ਦੇ ਅਨੇਕਾਂ ਆਗੂਆਂ ਅਤੇ ਵਰਕਰਾਂ ਉਪਰ ਵੱਖੋ-ਵੱਖਰੀਆਂ ਅਦਾਲਤਾਂ ਵਿਚ ਉਪਰੋਕਤ ਕਤਲੇਆਮ ਵਿਚ ਸ਼ਾਮਿਲ ਹੋਣ ਦੇ ਕੇਸ ਚੱਲ ਰਹੇ ਹਨ।

ਇਹੀ ਨਹੀ, ਆਰ.ਐੱਸ.ਐੱਸ. ਨਾਲ ਸਬੰਧਿਤ ਲੇਖਕ, ਬੁੱਧੀਜੀਵੀ ਆਦਿ ਸਿੱਖਾਂ ਦੇ ਜ਼ਖ਼ਮਾਂ ਉੱਪਰ ਮਿਰਚਾਂ ਭੁੱਕਣ ਵਾਲੇ ਲੇਖ ਲਿਖਣ ਅਤੇ ਬਿਆਨ ਦੇਣ 'ਚ ਲਗਾਤਾਰ ਲੱਗੇ ਰਹੇ ਸਨ। ਇਹਨਾਂ ਵਿਚੋਂ ਸਭ ਤੋਂ ਪ੍ਰਮੁੱਖ ਨਾਮ ਸੰਘ ਦੇ ਕੱਦਾਵਾਰ ਆਗੂ ਨਾਨਾ ਜੀ ਦੇਸ਼ਮੁਖ ਦਾ ਹੈ ਜਿਸ ਨੇ ਆਪਣੇ 8 ਨਵੰਬਰ 1984 ਨੂੰ ਲਿਖੇ ਲੇਖ ਵਿਚ ਸਿੱਖਾਂ ਨੂੰ ਚੁੱਪ-ਚਾਪ ਜ਼ੁਲਮ ਸਹਿਣ ਅਤੇ ਚੁੱਪ ਰਹਿਣ ਦੀ ਨਸੀਹਤ ਦਿੱਤੀ। ਉਸ ਅਨੁਸਾਰ ਸਾਰਾ ਦੋਸ਼ ਸਿੱਖ ਬੁੱਧੀਜੀਵੀਆਂ ਦਾ ਸੀ ਜਿਨ੍ਹਾਂ ਨੇ ਸਿੱਖਾਂ ਨੂੰ ਉਹਨਾਂ ਦੇ 'ਹਿੰਦੂ ਮੂਲ' ਤੋਂ ਵੱਖ ਕਰ ਦਿੱਤਾ; ਨਤੀਜੇ ਵਜੋਂ ਜੋ ਘਟਨਾਵਾਂ ਹੋਈਆਂ, ਉਹਨਾਂ ਕਰ ਕੇ 'ਰਾਸ਼ਟਰਵਾਦੀ ਹਿੰਦੂ' ਗੁੱਸੇ ਹੋ ਗਏ ਅਤੇ ਹੁਣ ਰਾਸ਼ਟਰਵਾਦੀ ਹਿੰਦੂਆਂ ਦਾ ਗੁੱਸਾ ਸ਼ਾਂਤ ਹੋਣ ਤੱਕ ਚੁੱਪ ਰਹਿਣਾ ਹੀ ਸਿੱਖਾਂ ਵਾਸਤੇ ਠੀਕ ਰਹੇਗਾ।



*ਦਿੱਲੀ ਵਿਚ ਸਿੱਖ ਕਤਲੇਆਮ ਦੌਰਾਨ ਮਚਾਈ ਤਬਾਹੀ ਦਾ ਮੰਜ਼ਰ।*



Sikh riots: BJP names figure in records

Rajnish Sharma
New Delhi, February 2

*ਅਖਬਾਰ ਦੀ ਕਟਿੰਗ ਜਿਸ ਵਿਚ ਆਰ.ਐੱਸ.ਐੱਸ. ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੇ ਦਿੱਲੀ ਕਤਲੇਆਮ ਵਿਚ ਸ਼ਾਮਿਲ ਹੋਣ ਬਾਰੇ ਵੇਰਵੇ ਹਨ।*

ਦੂਜੇ ਪਾਸੇ, ਇਸ ਕਤਲੇਆਮ ਵੇਲੇ ਕਾਮਰੇਡਾਂ, ਨਕਸਲੀਆਂ, ਚੰਗੇ ਨਾਗਰਿਕਾਂ, ਦੱਖਣ ਭਾਰਤੀਆਂ, ਆਦਿਵਾਸੀਆਂ, ਅੰਬੇਦਕਰਵਾਦੀ ਧਿਰਾਂ ਨੇ ਅਚੇਤ ਅਤੇ ਸੁਚੇਤ ਰੂਪ ਵਿਚ ਸਿੱਖਾਂ ਦਾ ਸਾਥ ਦਿੱਤਾ। ਇਸ ਦੀਆਂ ਬਥੇਰੀਆਂ ਉਦਾਹਰਨਾਂ ਸਾਨੂੰ ਖੋਜਣ 'ਤੇ ਮਿਲ ਜਾਣਗੀਆਂ। ਕੇਂਦਰ ਦੀ ਕਾਂਗਰਸ ਸਰਕਾਰ ਨਾਲ ਟਕਰਾਉਂਦੇ ਹੋਏ ਕਾਮਰੇਡ ਜੋਤੀ ਬਾਸੂ ਦੀ ਅਗਵਾਈ ਵਾਲੀ ਪੱਛਮੀ ਬੰਗਾਲ ਸਰਕਾਰ ਨੇ ਆਪਣੇ ਰਾਜ ਵਿਚ ਸਿੱਖ ਘੱਟਗਿਣਤੀਆਂ ਦੀ ਡਟ ਕੇ ਹਿਫਾਜ਼ਤ ਕੀਤੀ। ਭਿੰਡਰਾਂਵਾਲਾ ਸਮਰਥਕ ਅਤੇ ਹੋਰ ਹਥਿਆਰਬੰਦ ਸਿੱਖ ਨੌਜਵਾਨ ਭਾਵੇਂ ਪੰਜਾਬ ਵਿਚ ਕਮਿਊਨਿਸਟ ਪਾਰਟੀਆਂ ਦੇ ਵਰਕਰਾਂ ਅਤੇ ਕਾਡਰਾਂ ਨੂੰ ਕਤਲ ਕਰ ਰਹੇ ਸਨ ਪਰ ਸੀ.ਪੀ.ਐੱਮ. ਦੀ ਅਗਵਾਈ ਵਾਲੀ ਬੰਗਾਲ ਸਰਕਾਰ ਨੇ ਬੜੀ ਦਲੇਰੀ ਨਾਲ ਘੱਟਗਿਣਤੀ ਸਿੱਖਾਂ ਦੀ ਹਿਫਾਜ਼ਤ ਕੀਤੀ। ਨਾ ਸਿਰਫ ਪੁਲਿਸ-ਤੰਤਰ ਨੂੰ ਇਸ ਬਾਰੇ ਸਪਸ਼ਟ ਨਿਰਦੇਸ਼ ਦਿਤੇ ਬਲਕਿ ਕਮਿਊਨਿਸਟ ਕਾਡਰ ਦੀਆਂ ਵੀ ਇਸ ਕੰਮ ਲਈ ਡਿਊਟੀਆਂ ਲਗਾਈਆਂ। ਬੰਗਾਲ ਦੇ ਸਿੱਖ ਬਜ਼ੁਰਗਾਂ ਨਾਲ ਰਾਬਤਾ ਕਾਇਮ ਕਰ ਕੇ ਇਸ ਸਬੰਧੀ ਵਿਸੇਸ਼ ਤੱਥ ਖੋਜ ਰਿਪੋਰਟਾਂ ਬਣਾਈਆਂ ਜਾ ਸਕਦੀਆਂ ਹਨ।

ਆਰ.ਐੱਸ.ਐੱਸ. ਨੇ ਵੀ ਸ਼ੁਰੂਆਤੀ ਸ਼ਮੂਲੀਅਤ ਤੋਂ ਬਾਅਦ ਰਾਜਨੀਤਕ ਫੈਸਲਾ ਕਰਦੇ ਹੋਏ ਸਿੱਖਾਂ ਨੂੰ ਕਾਤਲ ਭੀੜਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਨ ਦਾ ਦਿਖਾਵਾ ਕੀਤਾ ਹੋ ਸਕਦਾ ਹੈ। ਇਹ ਸਭ ਢੂੰਡਿਆ ਵਿਚਾਰਿਆ ਜਾਣਾ ਚਾਹੀਦਾ ਹੈ। ਦੇਸ਼ ਵਿਚ ਇੱਕ ਘੱਟਗਿਣਤੀ ਭਾਈਚਾਰੇ ਦਾ ਬਹੁਗਿਣਤੀ ਭੀੜਾਂ ਵੱਲੋਂ ਯੋਜਨਾਬੱਧ ਕਤਲੇਆਮ ਹੋਵੇ ਤੇ ਆਰ.ਐਸ.ਐਸ. ਦਾ ਕੋਈ ਰੋਲ ਹੀ ਨਾ ਹੋਵੇ, ਇਹ ਖੋਜ ਦਾ ਵਿਸ਼ਾ ਹੈ; ਬਿਲਕੁਲ ਉਵੇਂ ਹੀ ਜਿਵੇਂ ਮੋਦੀ ਦੇ ਰਾਜ ਵਿਚ 2002 ਦੇ ਗੁਜਰਾਤ ਕਤਲੇਆਮ ਵਿਚ ਕੀ ਕਾਂਗਰਸੀ ਉਚ ਜਾਤੀ ਹਿੰਦੂ ਲੀਡਰਾਂ ਨੇ ਵੀ ਸ਼ਮੂਲੀਅਤ ਕੀਤੀ ਸੀ? ਇਹ ਵੀ ਖੋਜ ਦੀ ਮੰਗ ਕਰਦਾ ਹੈ। ਕੀ ਕਾਂਗਰਸ-ਭਾਜਪਾ-ਆਰ.ਐੱਸ.ਐੱਸ. ਇੱਕ ਦੂਜੇ ਦੀਆਂ ਜੁੜਵੀਆਂ ਕੜੀਆਂ ਹੀ ਹਨ? ਇਹ ਵੀ ਵਿਚਾਰਨ ਦੀ ਜ਼ਰੂਰਤ ਹੈ।

ਇਸ ਸਾਲ ਵੀ ਨਵੰਬਰ ਦੇ ਪਹਿਲੇ ਹਫਤੇ ਪੂਰੇ ਪੰਜਾਬ ਵਿਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਦੇ ਧਰਨੇ ਪ੍ਰਦਰਸ਼ਨ ਹੋਏ। ਅਕਾਲੀ ਦਲ, ਰਵਾਇਤੀ ਸਿੱਖ ਸੰਸਥਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਟਕਸਾਲਾਂ, ਰਵਾਇਤੀ ਕਮਿਊਨਿਸਟ ਪਾਰਟੀਆਂ, ਸਾਧੂ ਸੰਪਰਦਾਵਾਂ ਵਗੈਰਾ ਨੇ ਕਤਲੇਆਮ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਵਿਰੁੱਧ ਆਵਾਜ਼ ਉਠਾਈ। ਇਸ ਦੇ ਨਾਲ ਹੀ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਆਵਾਜ਼ ਨੂੰ ਮਜ਼ਬੂਤ ਕਰਨ ਲਈ ਇਸ ਦੇ ਤੱਥ ਲੱਭਣ ਅਤੇ ਜਨਤਕ ਤੌਰ 'ਤੇ ਪ੍ਰਚਾਰਨ ਲਈ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਉਪਰੋਕਤ ਕਤਲੇਆਮ 'ਚ ਕਿਹੜੀ ਕਿਹੜੀ ਥਾਂ ਕਾਂਗਰਸ ਦੇ ਨਾਲ-ਨਾਲ ਹੋਰ ਬ੍ਰਾਹਮਣਵਾਦੀ ਮਨੂੰਵਾਦੀ ਉੱਚ ਜਾਤਿ ਹੰਕਾਰੀ ਧਿਰਾਂ ਦੀ ਵਿਸ਼ੇਸ਼ ਸ਼ਮੂਲੀਅਤ ਰਹੀ ਹੈ। ਆਰ.ਐੱਸ.ਐੱਸ. ਅਤੇ ਭਾਜਪਾ ਦੇ ਕਿਹੜੇ ਕਿਹੜੇ ਲੀਡਰ 'ਤੇ ਕਿਹੜੇ ਸ਼ਹਿਰ ਵਿਚ, ਕਿਹੜੇ ਥਾਣੇ ਵਿਚ ਪਰਚਾ ਦਰਜ ਹੋਇਆ। ਕੁੱਲ ਕਿੰਨੇ ਦੋਸ਼ੀ ਨਾਮਜ਼ਦ ਕੀਤੇ ਗਏ। ਕੀ ਕੇਸ ਰਫਾ-ਦਫਾ ਹੋ ਗਏ ਜਾਂ ਅਜੇ ਵੀ ਚੱਲ ਰਹੇ ਹਨ? ਜੇ ਚੱਲ ਰਹੇ ਹਨ ਤਾਂ ਕਿਹੜੀ ਅਦਾਲਤ ਵਿਚ ਹਨ? ਕਿਸ ਹਾਲਤ ਵਿਚ ਹਨ? ਦਰਖਾਸਤ ਕਰਤਾ ਕੌਣ ਹੈ? ਕੀ ਉਸ ਦੀ ਕਦੇ ਕਿਸੇ ਖਬਰ ਚੈਨਲ ਨੇ ਇੰਟਰਵਿਊ ਕੀਤੀ ਹੈ ਜਾਂ ਨਹੀ? ਇਹ ਸਭ ਕੁਝ ਖੋਜਣਾ, ਲੱਭਣਾ, ਛਾਪਣਾ ਬਣਦਾ ਹੈ।

ਹਰੀ ਨਗਰ ਦਿੱਲੀ ਵਾਲੇ ਜਿਸ ਹਰਦਿਆਲ ਸਿੰਘ ਸਾਹਨੀ ਦਾ ਜ਼ਿਕਰ ਆਇਆ ਸੀ, ਉਹ ਕੌਣ ਹੈ? ਕਿੱਥੇ ਹੈ? ਉਸ ਦੇ ਬੱਚੇ ਕਿੱਥੇ ਹਨ? ਕੀ ਇਹ ਲੱਭਣਾ ਅੱਜ ਦੇ ਸਮੇ ਵਿਚ ਮੁਸ਼ਕਿਲ ਕਾਰਜ ਹੈ? ਬਿਲਕੁਲ ਨਹੀਂ ਤਹਿ-ਦਰ-ਤਹਿ ਖੁੱਲ੍ਹਦੀ ਜਾਣੀ ਹੈ।

ਅੱਜ ਪੰਜਾਬ ਵਿਚ ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਦਾ ਚੰਗਾ ਉਤਸ਼ਾਹ-ਵਧਾਊ ਮਾਹੌਲ ਹੈ। ਪੰਜਾਬ ਤੇ ਹਰਿਆਣੇ ਦੇ ਲੋਕ, ਵੱਖ ਵੱਖ ਧਰਮਾਂ, ਜਾਤਾਂ ਦੇ ਲੋਕ ਇਕ ਦੂਜੇ ਦੇ ਨੇੜੇ ਆਏ ਹਨ। ਹਾਕਮ ਜਮਾਤਾਂ ਵਲੋਂ ਆਪਣੇ ਸੌੜੇ ਹਿਤ ਪੂਰਨ ਖ਼ਾਤਰ ਸਿੱਖਾਂ, ਕਾਮਰੇਡਾਂ ਤੇ ਅੰਬੇਦਕਰਵਾਦੀਆਂ ਵਿਚਕਾਰ, ਜੱਟਾਂ ਤੇ ਦਲਿਤਾਂ ਵਿਚਕਾਰ, ਜੱਟਾਂ ਤੇ ਜਾਟਾਂ ਵਿਚਕਾਰ ਪਾਈਆਂ ਝੂਠੀਆਂ ਵੰਡੀਆਂ ਮੁਕਾਬਲਤਨ ਘਟੀਆਂ ਹਨ। ਰਵਾਇਤੀ ਲੀਡਰਾਂ ਅਤੇ ਰਵਾਇਤੀ ਪਾਰਟੀਆਂ ਦੇ ਛਲ ਕਪਟ ਤੋਂ ਆਮ ਜਨਤਾ ਸੁਚੇਤ ਹੋਈ ਹੈ। ਕਿਸਾਨ ਅੰਦੋਲਨ ਵਿਚ ਦਿੱਲੀ ਮੋਰਚੇ ਦੀ ਜਿੱਤ ਤੋਂ ਬਾਅਦ ਦੇ ਬਾਕੀ ਰਹਿੰਦੇ ਕਾਰਜਾਂ ਨੂੰ ਪੂਰਾ ਕਰਨ ਦਾ ਅਜੇ ਯੂਨੀਅਨਾਂ ਕੋਲ 2024 ਤੱਕ ਦਾ ਸਮਾਂ ਪਿਆ ਹੈ।

ਇਸ ਮੌਕੇ ਕਿਸਾਨਾਂ ਦੀ ਜੁਝਾਰੂ ਅਤੇ ਸ਼ਕਤੀਸ਼ਾਲੀ ਜਥੇਬੰਦੀ ਕਿਰਤੀ ਕਿਸਾਨ ਯੂਨੀਅਨ ਨੇ ਤਿੰਨ ਨਵੰਬਰ ਨੂੰ ਸਿੱਖ ਕਤਲੇਆਮ ਵਿਰੁੱਧ ਪੰਜਾਬ ਵਿਚ ਜ਼ੋਰਦਾਰ ਧਰਨੇ ਪ੍ਰਦਰਸ਼ਨ ਕੀਤੇ ਹਨ। ਇਹ ਬਹੁਤ ਚੰਗਾ ਅਤੇ ਉਸਾਰੂ ਕਦਮ ਹੈ। ਪੰਜਾਬ ਅਤੇ ਪੰਜਾਬ ਤੋਂ ਬਾਹਰ ਵਸਦੇ ਹਰ ਪੰਜਾਬ ਪੱਖੀ ਵੀਰ ਭੈਣ ਇਨਸਾਫ਼ ਦੀ ਇਸ ਲੜਾਈ ਦਾ ਸਮਰਥਨ ਕਰਨਾ ਬਣਦਾ ਹੈ।

ਸਿੱਖਾਂ ਵਿਚਲੇ ਸੁਚੇਤ ਤੇ ਸੱਚੇ ਸੁੱਚੇ ਹਿੱਸਿਆਂ ਨੂੰ ਵੀ ਰਵਾਇਤੀ ਸੰਸਥਾਵਾਂ ਦਾ ਲੜ ਛੱਡ ਕੇ, ਆਪਣੇ ਦੋਸਤ ਅੰਬੇਦਕਰਵਾਦੀ ਵੀਰਾਂ, ਘੱਟਗਿਣਤੀ ਮੁਸਲਿਮ ਵੀਰਾਂ, ਇਸਾਈ ਵੀਰਾਂ ਨੂੰ ਨਾਲ ਲੈ ਇਨਸਾਫ਼ ਦੀ ਇਸ ਲੜਾਈ ਦੀ ਹਮਾਇਤ ਕਰਨੀ ਚਾਹੀਦੀ ਹੈ। ਪੰਜਾਬ ਦੇ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਵਿਦਵਾਨਾਂ, ਨਾਟਕਕਾਰਾਂ, ਡਾਕਟਰਾਂ, ਇੰਜਨੀਅਰਾਂ, ਵਿਗਿਆਨੀਆਂ, ਪ੍ਰੋਫੈਸਰਾਂ, ਆਮ ਸ਼ਹਿਰੀਆਂ, ਜਿਗਿਆਸੂ, ਵਿਗਿਆਨਕ ਤੇ ਤਰਕਵਾਦੀ ਧਿਰਾਂ, ਔਰਤਾਂ ਜਥੇਬੰਦੀਆਂ, ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੂੰ ਵੀ ਇਸ ਸੰਘਰਸ਼ ਨਾਲ ਜੁੜਨਾ ਚਾਹੀਦਾ ਹੈ। ਬੌਧਿਕ ਹਿੱਸਿਆਂ ਨੂੰ ਸਮਰਥਨ ਕਰਨ ਦੇ ਨਾਲ-ਨਾਲ ਨਵੰਬਰ 1984 ਸਿੱਖ ਕਤਲੇਆਮ ਵਿਚ ਆਰ.ਐੱਸ.ਐੱਸ.-ਭਾਜਪਾ ਦੀ ਭੂਮਿਕਾ ਨੂੰ ਵਿਸ਼ੇਸ਼ ਤੌਰ 'ਤੇ ਖੋਜਣਾ ਚਾਹੀਦਾ ਹੈ ਤਾਂ ਜੋ ਲੋਕ ਕਚਿਹਰੀ ਵਿਚ ਨਰਿੰਦਰ ਮੋਦੀ ਦੇ ਸੰਘ ਪਰਿਵਾਰ ਦਾ ਤੇ ਉਸ ਨਾਲ ਜੁੜਨ ਵਾਲੇ ਸਿੱਖ ਭੇਖਧਾਰੀ ਪਰ ਦਿਲੋਂ ਮਨੂੰਵਾਦੀ ਲੁੰਗ-ਲਾਣੇ ਦਾ ਹੀਜ-ਪਿਆਜ ਨੰਗਾ ਕੀਤਾ ਜਾ ਸਕੇ।

# ਭਾਰਤੀ ਅਰਥਚਾਰੇ ਨੂੰ ਦਰਪੇਸ਼ ਚੁਣੌਤੀਆਂ ਅਤੇ ਮੋਦੀ ਸਰਕਾਰ ਦੀ ਕਾਰਗੁਜ਼ਾਰੀ

***ਭਾਰਤ ਦੇ ਆਰਥਿਕ ਸੰਕਟ ਦਾ ਸਭ ਤੋਂ ਮਾੜਾ ਅਸਰ ਇੱਥੋਂ ਦੀ ਬਹੁਗਿਣਤੀ ਕਿਰਤੀ ਆਬਾਦੀ 'ਤੇ ਪਿਆ ਹੈ। ਸ਼ਹਿਰੀ ਤੇ ਪੇਂਡੂ ਮਜ਼ਦੂਰਾਂ ਦੀ ਹਾਲਤ ਜਿੱਥੇ ਹੋਰ ਦੁੱਭਰ ਹੋ ਰਹੀ ਹੈ, ਉੱਥੇ ਮੱਧਵਰਗ ਦੇ ਵੱਡੇ ਹਿੱਸੇ ਦੇ ਵੀ ਬਿਹਤਰ ਨੌਕਰੀ, ਬਿਹਤਰ ਜ਼ਿੰਦਗੀ ਦੇ ਸੁਪਨੇ ਟੁੱਟ ਰਹੇ ਹਨ। ਅਜਿਹੀ ਸੂਰਤ ਵਿਚ ਵੀ ਮੋਦੀ ਸਰਕਾਰ ਆਮ ਲੋਕਾਂ ਲਈ ਫਿਕਰਮੰਦੀ ਦੀ ਥਾਂ ਸਿਰਫ਼ ਸਰਮਾਏਦਾਰਾਂ ਨੂੰ ਹਰ ਸੰਭਵ ਰਿਆਇਤਾਂ ਦੇ ਰਹੀ ਹੈ। ਆਮ ਲੋਕਾਂ ਨੂੰ ਮਿਲਣ ਵਾਲੀਆਂ ਨਿਗੂਣੀਆਂ ਰਿਆਇਤਾਂ ਨੂੰ ਰਿਉੜੀਆਂ ਕਹਿ ਕੇ ਭੰਡਣ ਵਾਲੀ ਮੋਦੀ ਸਰਕਾਰ ਸਰਮਾਏਦਾਰਾਂ ਨੂੰ ਖਰਬਾਂ ਦੇ ਸਸਤੇ ਕਰਜ਼ੇ, ਸਬਸਿਡੀਆਂ ਦੇ ਰਹੀ ਹੈ।***

**ਮਾਨਵ**
**ਫੋਨ: +91-98888-08188**

ਕੁਝ ਸਾਲਾਂ ਤੋਂ ਇਹ ਦਸਤੂਰ ਬਣ ਚੱਲਿਆ ਹੈ ਕਿ ਗੰਭੀਰ ਮਸਲਿਆਂ 'ਤੇ ਚਰਚਾ ਨੂੰ ਨਫ਼ਰਤੀ ਨਾਅਰਿਆਂ ਅਤੇ ਮੀਡੀਆ ਦੇ ਰੌਲ਼ੇ-ਗੌਲ਼ੇ ਹੇਠ ਦਬਾ ਦਿੱਤਾ ਜਾਂਦਾ ਹੈ। ਅਜਿਹਾ ਹੀ ਮਸਲਾ ਭਾਰਤ ਦਾ ਗੰਭੀਰ ਹੁੰਦਾ ਆਰਥਿਕ ਸੰਕਟ ਹੈ ਜਿਸ ਨੂੰ ਹੁਣ ਭਾਰਤ ਦੇ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣਨ ਦੇ ਰੌਲੇ ਪਿੱਛੇ ਦਬਾਇਆ ਜਾ ਰਿਹਾ ਹੈ। 'ਅੰਮ੍ਰਿਤ ਕਾਲ' ਦੇ ਹਵਾਈ ਦਾਅਵਿਆਂ ਦੇ ਉਲਟ ਹਕੀਕਤ ਇਹ ਹੈ ਕਿ ਨਵੇਂ ਸਾਲ ਦੀ ਆਮਦ ਭਾਰਤ ਦੇ ਕਿਰਤੀ ਲੋਕਾਂ ਲਈ ਹੋਰ ਵੱਡੀਆਂ ਮੁਸੀਬਤਾਂ ਲਿਆਉਣ ਵਾਲ਼ੀ ਹੈ ਪਰ ਦਿਨੋ-ਦਿਨ ਬਦਤਰ ਹੁੰਦੀ ਹਾਲਤ ਅੱਗੇ ਕੇਂਦਰ ਸਰਕਾਰ ਨਾ ਸਿਰਫ਼ ਚੁੱਪ ਹੈ ਸਗੋਂ ਕਿਰਤੀ ਲੋਕਾਂ ਦੇ ਉਲਟ ਮੁੱਠੀ ਭਰ ਖਾਸ ਤਬਕੇ ਦੀ ਧਿਰ ਮੱਲੀ ਖੜ੍ਹੀ ਹੈ।

**ਆਰਥਿਕ ਸੰਕਟ ਕਿਉਂ ਆਉਂਦੇ ਹਨ?**

ਅਸੀਂ ਆਪਣੀਆਂ ਜਿਊਣ ਲੋੜਾਂ ਲਈ ਰੋਜ਼ਾਨਾ ਕਿੰਨੀਆਂ ਹੀ ਜਿਣਸਾਂ ਦੀ ਵਰਤੋਂ ਕਰਦੇ ਹਾਂ, ਉਹਨਾਂ ਨੂੰ ਖਪਾਉਂਦੇ ਹਾਂ। ਕਿਸੇ ਵੀ ਜਿਣਸ ਦੀ ਕਦਰ ਉਸ ਵਿਚ ਲੱਗੀ ਕਿਰਤ ਤੋਂ ਤੈਅ ਹੁੰਦੀ ਹੈ। ਮਸ਼ੀਨਾਂ, ਕੱਚਾ ਮਾਲ ਆਪਣੇ ਆਪ ਵਿਚ ਕੋਈ ਚੀਜ਼ ਨਹੀਂ ਬਣਾ ਸਕਦਾ। ਸਿਰਫ ਮਨੁੱਖੀ ਕਿਰਤ ਹੀ ਕਦਰ ਸਿਰਜ ਸਕਦੀ ਹੈ ਤੇ ਨਾਲ਼ੋ-ਨਾਲ਼ ਇਹ ਮਸ਼ੀਨਾਂ ਤੇ ਕੱਚੇ ਮਾਲ ਵਿਚ ਮੌਜੂਦ ਮ੍ਰਿਤ ਕਦਰ ਨੂੰ ਵੀ ਵਰਤ ਕੇ ਨਵਾਂ ਰੂਪ ਦੇ ਸਕਦੀ ਹੈ। ਇਸੇ ਲਈ ਮਨੁੱਖੀ ਕਿਰਤ ਹੀ ਕੁੱਲ ਮੁਨਾਫੇ ਦਾ ਸਰੋਤ ਹੈ। ਇਸੇ ਲਈ ਕਿਰਤ ਸ਼ਕਤੀ ਦੀ ਵਰਤੋਂ ਵਿਚ ਲੱਗੇ ਸਰਮਾਏ ਨੂੰ 'ਬਦਲਵਾਂ ਸਰਮਾਇਆ' ਜਦਕਿ ਮਸ਼ੀਨਾਂ ਤੇ ਕਿਰਤ ਦੇ ਸਾਧਨਾਂ 'ਤੇ ਲੱਗੇ ਸਰਮਾਏ ਨੂੰ 'ਸਥਿਰ ਸਰਮਾਇਆ' ਕਿਹਾ ਜਾਂਦਾ ਹੈ।

ਇਹਨਾਂ ਦੋਹਾਂ ਦੇ ਅਨੁਪਾਤ ਨੂੰ 'ਸਰਮਾਏ ਦੀ ਜੁੱਟ ਬਣਤਰ' ਕਹਿੰਦੇ ਹਨ। ਸਰਮਾਏਦਾਰਾ ਪੈਦਾਵਾਰੀ ਢੰਗ ਦੀ ਬੁਨਿਆਦੀ ਸਮੱਸਿਆ ਇਹ ਹੈ ਕਿ ਜਿਉਂ ਜਿਉਂ ਇਹ ਵਧਦਾ ਜਾਂਦਾ ਹੈ, ਉਵੇਂ ਉਵੇਂ ਸਥਿਰ ਸਰਮਾਏ ਦੇ ਮੁਕਾਬਲੇ ਬਦਲਵੇਂ ਸਰਮਾਏ ਵਿਚ ਮੁਕਾਬਲਤਨ ਗਿਰਾਵਟ ਆਉਂਦੀ ਜਾਂਦੀ ਹੈ; ਭਾਵ, ਸਮੁੱਚੀ ਕਦਰ ਸਿਰਜਣ ਵਾਲ਼ਾ ਬਦਲਵਾਂ ਸਰਮਾਇਆ ਮੁਕਾਬਲਤਨ ਘਟਦਾ ਜਾਂਦਾ ਹੈ। ਇਸ ਦਾ ਸਿੱਧਾ ਅਸਰ ਮੁਨਾਫ਼ੇ ਦੀ ਦਰ ਘਟਣ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹੀ ਮੁਨਾਫ਼ੇ ਦੀ ਦਰ ਦੇ ਡਿੱਗਣ ਦੇ ਰੁਝਾਨ ਦਾ ਨੇਮ ਅਖਵਾਉਂਦਾ ਹੈ ਤੇ ਆਰਥਿਕ ਸੰਕਟ ਦਾ ਬੁਨਿਆਦੀ ਕਾਰਨ ਹੁੰਦਾ ਹੈ।

**ਭਾਰਤ ਵਿਚ ਡਿੱਗਦੀਆਂ ਮੁਨਾਫਾ ਦਰਾਂ ਦਾ ਸੰਕਟ**

'ਭਾਰਤੀ ਅਰਥਚਾਰੇ ਦੇ ਨਿਰੀਖਣ ਕੇਂਦਰ' ਵੱਲੋਂ 2019 ਦੇ ਮੱਧ ਵਿਚ ਵੀਹ ਹਜ਼ਾਰ ਛੋਟੀਆਂ-ਵੱਡੀਆਂ, ਵਿੱਤੀ ਤੇ ਗੈਰ ਵਿੱਤੀ ਕੰਪਨੀਆਂ ਦਾ ਸਰਵੇਖਣ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਇਹ ਸਾਹਮਣੇ ਆਇਆ ਕਿ ਇਹਨਾਂ ਵਿਚੋਂ ਬਹੁਤੀਆਂ ਕੰਪਨੀਆਂ ਪਿਛਲੇ ਇੱਕ ਦਹਾਕੇ ਤੋਂ ਮੁਨਾਫਿਆਂ ਦੀ ਡਿੱਗਦੀ ਦਰ ਦਾ ਸਾਹਮਣਾ ਕਰ ਰਹੀਆਂ ਹਨ। ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਿਚ ਮੁਨਾਫ਼ੇ ਦੀ ਦਰ 2008 ਵਿਚ 7.8% ਦੀ ਆਪਣੀ ਸਿਖਰ ਨੂੰ ਛੋਹਣ ਤੋਂ ਬਾਅਦ ਲਗਾਤਾਰ ਨਿਵਾਣ ਵੱਲ ਜਾਂਦਿਆਂ ਅੱਜ ਸਿਰਫ 3% ਰਹਿ ਚੁੱਕੀ ਹੈ। ਇਸੇ ਲਈ ਬੁਰਜੂਆ ਅਰਥਸ਼ਾਸਤਰੀ 2010 ਤੋਂ 2020 ਤੱਕ ਦੇ ਦਹਾਕੇ ਨੂੰ 'ਗੁਆਚੇ ਦਹਾਕੇ' ਨਾਲ਼ ਵੀ ਸੰਬੋਧਨ ਕਰਦੇ ਹਨ।

**ਤੁਹਾਨੂੰ ਨਿਵੇਸ਼ ਕਰਨੋਂ ਕਿਹੜੀ ਚੀਜ਼ ਰੋਕ ਰਹੀ ਹੈ?**

13 ਸਤੰਬਰ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਸਰਮਾਏਦਾਰਾਂ ਨੂੰ ਕਾਨਫਰੰਸ ਵਿਚ ਨਿਹੋਰਾ ਮਾਰਦਿਆਂ ਪੁੱਛਿਆ ਸੀ ਕਿ ਸਰਮਾਏਦਾਰ ਅਰਥਚਾਰੇ ਵਿਚ ਨਿਵੇਸ਼ ਕਿਉਂ ਨਹੀਂ ਕਰ ਰਹੇ? ਸਰਕਾਰ ਵੱਲੋਂ ਦਿੱਤੀਆਂ ਤਮਾਮ ਸਹੂਲਤਾਂ ਦੇ ਬਾਵਜੂਦ ਉਹਨਾਂ ਨੂੰ ਕਿਹੜੀ ਚੀਜ਼ ਨਿਵੇਸ਼ ਕਰਨੋਂ ਰੋਕ ਰਹੀ ਹੈ। ਭਾਰਤ ਵਿਚ ਨਿਵੇਸ਼ ਦਾ ਘਟਣਾ ਇਸ ਦੇ ਆਰਥਿਕ ਸੰਕਟ ਦਾ ਸ਼ਿਕਾਰ ਹੋਣ ਦਾ ਪ੍ਰਤੱਖ ਪ੍ਰਮਾਣ ਹੈ। 2007-08 ਵਿਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ ਨਿਵੇਸ਼ ਦਰ 35.8% ਦੀ ਸਿਖਰ ਛੋਹਣ ਮਗਰੋਂ ਲਗਾਤਾਰ ਘਟਦੀ ਹੋਈ 2021-22 ਤੱਕ 28.6% ਹੀ ਰਹਿ ਗਈ ਹੈ। ਨਿਵੇਸ਼ ਦੇ ਅਹਿਮ ਸੂਚਕ- ਨਿਵੇਸ਼ ਦਰ, ਬੈਂਕਾਂ ਦੇ ਕਰਜ਼ੇ, ਨਵੇਂ ਨਿਵੇਸ਼ ਪ੍ਰੋਜੈਕਟ ਆਦਿ - ਸਭਨਾਂ ਵਿਚ ਗਿਰਾਵਟ ਆਈ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਮੁਤਾਬਕ ਮਾਰਚ 2022 ਨੂੰ ਖਤਮ ਹੋਈ ਤਿਮਾਹੀ ਤੱਕ ਭਾਰਤ ਵਿਚ ਸਨਅਤਾਂ ਆਪਣੀ ਸਮਰੱਥਾ ਦੇ ਸਿਰਫ਼ 75.3% 'ਤੇ ਹੀ ਚੱਲ ਰਹੀਆਂ ਸਨ। ਸੋ ਸੁਭਾਵਿਕ ਹੈ ਜੇਕਰ ਪਹਿਲੋਂ ਲਾਈ ਸਮਰੱਥਾ ਹੀ ਪੂਰੀ ਵਰਤੀ ਨਹੀਂ ਜਾ ਰਹੀ ਤਾਂ ਸਰਮਾਏਦਾਰ ਨਵਾਂ ਨਿਵੇਸ਼ ਕਿਉਂ ਕਰਨਗੇ?




ਡਿੱਗਦੇ ਨਿਵੇਸ਼ ਦਾ ਅਸਰ ਬੇਰੁਜ਼ਗਾਰੀ ਦੇ ਹੋਰ ਗੰਭੀਰ ਹੋਣ ਵਿਚ ਵੀ ਦਿਸ ਰਿਹਾ ਹੈ। 'ਭਾਰਤੀ ਅਰਥਚਾਰੇ ਦੇ ਨਿਰੀਖਣ ਕੇਂਦਰ' ਦੀ ਹੀ ਰਿਪੋਰਟ ਮੁਤਾਬਕ ਭਾਰਤ ਵਿਚ ਕਿਰਤੀਆਂ ਦੀ ਹਿੱਸੇਦਾਰੀ ਦਰ ਇਸ ਵੇਲੇ ਮਹਿਜ਼ 40% ਹੈ; ਭਾਵ, ਕੰਮ ਕਰਨ ਯੋਗ ਆਬਾਦੀ ਦਾ 60% ਹਿੱਸਾ ਰੁਜ਼ਗਾਰ ਮੰਡੀ ਵਿਚੋਂ ਬਾਹਰ ਬੈਠਣ 'ਤੇ ਮਜਬੂਰ ਹੈ। ਖੁੱਸ ਰਹੇ ਰੁਜ਼ਗਾਰਾਂ ਦਾ ਸਭ ਤੋਂ ਮਾੜਾ ਅਸਰ ਕਿਰਤੀ ਔਰਤਾਂ 'ਤੇ ਪਿਆ ਹੈ। ਔਰਤਾਂ ਲਈ ਇਹ ਦਰ ਮਹਿਜ਼ 20% ਹੈ ਤੇ 2004 ਤੋਂ ਬਾਅਦ 4 ਕਰੋੜ ਤੋਂ ਵੀ ਵੱਧ ਔਰਤਾਂ ਰੁਜ਼ਗਾਰ ਮੰਡੀ ਵਿਚੋਂ ਬਾਹਰ ਹੋਈਆਂ ਹਨ। ਹੁਣ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਦਸ ਲੱਖ ਨੌਕਰੀਆਂ ਦਾ ਐਲਾਨ ਕਰ ਕੇ ਸਿਰਫ਼ ਮਲ੍ਹਮ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਭਿਅੰਕਰ ਰੁਜ਼ਗਾਰ ਸੰਕਟ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**ਮੱਧਵਰਗ ਦੇ ਟੁੱਟਦੇ ਸੁਪਨੇ!**

ਵੀਹ ਕੁ ਸਾਲ ਪਹਿਲਾਂ ਜਦੋਂ ਨਵ-ਉਦਾਰੀਕਰਨ ਦੀਆਂ ਨੀਤੀਆਂ ਨੇ ਜ਼ੋਰ ਫੜਿਆ ਤਾਂ ਸਰਕਾਰਾਂ ਵੱਲੋਂ ਮੱਧਵਰਗ ਨੂੰ ਬਹੁਤ ਸਬਜ਼ਬਾਗ ਦਿਖਾਏ ਗਏ। ਬਾਹਰਲੇ ਮੁਲਕਾਂ ਜਿਹੀ ਜ਼ਿੰਦਗੀ ਹੋਣ ਦੀਆਂ ਗੱਲਾਂ ਤੁਰੀਆਂ, ਟੈਲੀਵਿਜ਼ਨ ਦੀਆਂ ਚਰਚਾਵਾਂ ਵਿਚ ਰੋਟੀ-ਕੱਪੜੇ ਤੋਂ ਵਧ ਕੇ ਨਵੇਂ ਮੋਬਾਈਲ, ਕੰਪਿਊਟਰ, ਗੱਡੀਆਂ ਆਦਿ ਜਿਹੀਆਂ ਸ਼ੈਆਂ ਜੁੜ ਗਈਆਂ ਪਰ ਦੋ ਦਹਾਕਿਆਂ ਤੋਂ ਵੀ ਘੱਟ ਸਮੇਂ ਅੰਦਰ ਇਹ ਸਭ ਚਰਚਾਵਾਂ ਫੋਕੀਆਂ ਸਾਬਤ ਹੋਈਆਂ ਹਨ। ਗੱਡੀਆਂ, ਮੋਬਾਈਲਾਂ, ਘਰਾਂ ਦੀ ਵਿਕਰੀ ਦੇ ਅੰਕੜੇ ਸਾਫ ਸਪੱਸ਼ਟ ਕਰ ਰਹੇ ਹਨ ਕਿ 'ਵਿਕਾਸ' ਦੀ ਦੌੜ ਨੇ ਮੱਧਵਰਗ ਨੂੰ ਵੀ ਬਾਹਰ ਧੱਕ ਦਿੱਤਾ ਹੈ।

'ਸਿਆਮ' ਦੇ ਅੰਕੜਿਆਂ ਮੁਤਾਬਕ ਜਨਵਰੀ-ਜੂਨ 2022 ਵਿਚ ਜਿੱਥੇ ਲਗਜ਼ਰੀ ਗੱਡੀਆਂ ਦੀ ਵਿਕਰੀ ਪਿਛਲੇ ਸਾਲ ਨਾਲੋਂ 55% ਵਧ ਕੇ 17000 ਨੂੰ ਪਹੁੰਚੀ, ਉਥੇ ਹੀ ਛੋਟੀਆਂ ਗੱਡੀਆਂ ਦੀ ਵਿਕਰੀ ਪਿਛਲੇ ਚਾਰ ਸਾਲਾਂ ਅੰਦਰ 25% ਤੇ ਛੋਟੇ ਦੋਪਹੀਆ ਵਾਹਨਾਂ (110 ਤੇ 125 ਸੀ.ਸੀ.) ਦੀ ਵਿਕਰੀ ਕ੍ਰਮਵਾਰ 42% ਤੇ 36% ਦੀ ਵੱਡੀ ਗਿਰਾਵਟ ਨਾਲ ਦਸ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ਨੂੰ ਪਹੁੰਚ ਗਈ ਹੈ। ਇਸੇ ਤਰ੍ਹਾਂ ਜੂਨ ਤਿਮਾਹੀ ਵਿਚ ਮਹਿੰਗੇ ਮੋਬਾਈਲਾਂ (40,000 ਤੋਂ ਉੱਪਰ ਕੀਮਤ ਵਾਲੇ) ਦੀ ਵਿਕਰੀ ਤਾਂ 83% ਤੱਕ ਵਧ ਗਈ ਪਰ 10000 ਤੱਕ ਦੀ ਕੀਮਤ ਵਾਲ਼ੇ ਮੋਬਾਈਲਾਂ ਦੀ ਵਿਕਰੀ ਵਿਚ 25% ਦੀ ਵੱਡੀ ਗਿਰਾਵਟ ਆਈ ਹੈ। ਇਹੀ ਹਾਲ ਵੱਡੇ-ਛੋਟੇ ਸ਼ਹਿਰਾਂ ਦੇ ਆਲ਼ੇ-ਦੁਆਲ਼ੇ ਬਣ ਰਹੇ ਮਕਾਨਾਂ, ਕਲੋਨੀਆਂ ਦਾ ਹੈ। 2022 ਦੀ ਪਹਿਲੀ ਛਿਮਾਹੀ ਵਿਚ ਡੇਢ ਕਰੋੜ ਤੋਂ ਉੱਪਰ ਦੀਆਂ ਲਗਜ਼ਰੀ ਕੋਠੀਆਂ ਦੀ ਵਿਕਰੀ ਵਿਚ ਤਾਂ 100% ਵਾਧਾ ਹੋਇਆ ਪਰ 40 ਲੱਖ ਤੋਂ ਘੱਟ ਕੀਮਤ ਵਾਲ਼ੇ ਮਕਾਨਾਂ ਦੀ ਮੰਡੀ ਬੇਹੱਦ ਸੁਸਤ ਪਈ ਹੈ।

ਉਸਾਰੀ, ਆਟੋ ਤੇ ਦੂਰਸੰਚਾਰ ਭਾਰਤ ਦੇ ਅਰਥਚਾਰੇ ਦੇ ਅਹਿਮ ਖੇਤਰ ਹਨ ਤੇ ਮੱਧਵਰਗ ਦੀ ਮੰਗ 'ਤੇ ਹੀ ਵੱਡੀਆਂ ਕੰਪਨੀਆਂ ਦੀਆਂ ਬਹੁਤੀਆਂ ਆਸਾਂ ਟਿਕੀਆਂ ਹੁੰਦੀਆਂ ਹਨ, ਇਸੇ ਤੋਂ ਉਹ ਆਪਣਾ ਨਿਵੇਸ਼ ਤੈਅ ਕਰਦੇ ਹਨ। ਇਹੀ ਮੱਧਵਰਗ ਪਿਛਲੇ ਪੰਦਰਾਂ-ਵੀਹ ਸਾਲਾਂ ਦੀ ਅਖੌਤੀ ਖੁਸ਼ਹਾਲੀ ਤੇ ਸ਼ਹਿਰਾਂ ਦੇ ਵਧਣ-ਫੈਲਣ ਵਿਚ ਵੱਡਾ ਕਾਰਕ ਸੀ ਤੇ ਹੁਣ ਆਰਥਿਕ ਸੰਕਟ ਦਾ ਸਿੱਧਾ ਅਸਰ ਇਸ ਤਬਕੇ 'ਤੇ ਵੀ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਮੱਧਵਰਗ ਦਾ ਵੱਡਾ ਹਿੱਸਾ ਮਹਿਜ਼ ਆਪਣੇ ਗੁਜ਼ਾਰੇ ਜੋਗਾ ਜੁਗਾੜ ਕਰਨ ਦੀ ਭੱਜ-ਨੱਠ ਵਿਚ ਹੀ ਉਲਝ ਕੇ ਰਹਿ ਗਿਆ ਹੈ।

**ਕੁੱਲ ਘਰੇਲੂ ਪੈਦਾਵਾਰ ਦਾ ਘਟਣਾ**

ਮੁਨਾਫ਼ੇ ਦੀ ਡਿੱਗਦੀ ਦਰ, ਘਟਦੇ ਨਿਵੇਸ਼, ਬੇਰੁਜ਼ਗਾਰੀ ਦੀ ਭਿਅੰਕਰ ਹਾਲਤ - ਇਸ ਸਭ ਕਾਸੇ ਦਾ ਅਸਰ ਕੁੱਲ ਘਰੇਲੂ ਪੈਦਾਵਾਰ ਦੀ ਦਰ ਦੇ ਹੇਠਾਂ ਡਿੱਗਣ ਵਿਚ ਵੀ ਦਿਸ ਰਿਹਾ ਹੈ। ਪਿਛਲੇ 6-7 ਸਾਲਾਂ ਤੋਂ ਹੀ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਖੜ੍ਹੋਤ ਦਾ ਸ਼ਿਕਾਰ ਹੈ। ਵਾਧੇ ਦੇ ਚਾਰ ਇੰਜਣ ਮੰਨੇ ਜਾਂਦੇ ਕਾਰਕ - ਬਰਾਮਦਾਂ, ਨਿੱਜੀ ਨਿਵੇਸ਼, ਖਪਤ ਤੇ ਸਰਕਾਰੀ ਖਰਚ - ਵੱਧ-ਘੱਟ ਖੜ੍ਹੋਤ ਮਾਰੇ ਹਨ। ਮੋਦੀ ਸਰਕਾਰ ਨੇ ਇਸ ਭਿਅੰਕਰ ਹਾਲਤ ਨੂੰ ਢਕਣ ਲਈ 2015 ਦੇ ਸ਼ੁਰੂ ਵਿਚ ਕੁੱਲ ਘਰੇਲੂ ਪੈਦਾਵਾਰ ਮਾਪਣ ਦਾ ਪੈਮਾਨਾ ਹੀ ਬਦਲ ਦਿੱਤਾ ਸੀ ਜਿਸ ਬਾਰੇ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਰਹੇ ਅਰਵਿੰਦ ਸੁਬਰਮਨਿਅਮ ਨੂੰ ਵੀ ਇਹ ਕਹਿਣਾ ਪਿਆ ਸੀ ਕਿ ਭਾਰਤ ਵਿਚ ਕੁੱਲ ਘਰੇਲੂ ਪੈਦਾਵਾਰ ਦੇ ਅੰਕੜੇ ਹੱਦੋਂ ਵੱਧ ਫੁਲਾਏ ਗਏ ਹਨ।

ਅਗਸਤ ਦੇ ਅਖੀਰ ਵਿਚ ਪਹਿਲੀ ਤਿਮਾਹੀ ਦੀ ਵਿਕਾਸ ਦਰ ਦੇ 13.5% ਰਹਿਣ ਤੇ ਭਾਰਤ ਸਰਕਾਰ ਨੇ ਆਪਣੀ ਪਿੱਠ ਥਾਪੜੀ ਪਰ ਸੱਚਾਈ ਇਹ ਸੀ ਕਿ ਇਹ ਪਿਛਲੇ ਸਾਲ ਲੌਕਡਾਊਨ ਕਾਰਨ ਇਕਦਮ ਡਿੱਗੀ ਵਿਕਾਸ ਦਰ ਦੇ ਮੁਕਾਬਲੇ ਵਿਚ ਵੱਧ ਸੀ। ਹੁਣ ਜਿਵੇਂ ਜਿਵੇਂ ਅਗਲੀਆਂ ਤਿਮਾਹੀਆਂ ਦੇ ਅੰਕੜੇ ਆਉਣਗੇ ਤਾਂ ਭਾਰਤ ਦੀ ਵਿਕਾਸ ਦਰ ਸਪੱਸ਼ਟ ਤੌਰ 'ਤੇ ਡਿੱਗੇਗੀ ਤੇ ਵੱਖ ਵੱਖ ਏਜੰਸੀਆਂ ਨੇ ਇਸ ਦੀ ਪੇਸ਼ੀਨਗੋਈ ਵੀ ਕਰ ਦਿੱਤੀ ਹੈ। 'ਅੰਕਟਾਡ' ਦੀ ਰਿਪੋਰਟ ਮੁਤਾਬਕ ਸਾਲ 2022 ਵਿਚ ਭਾਰਤ ਦੀ ਵਿਕਾਸ ਦਰ ਮਹਿਜ਼ 5.7% ਤੇ 2023 ਵਿਚ ਹੋਰ ਘਟਕੇ 4.7% ਰਹਿ ਜਾਵੇਗੀ। ਜੇ ਅਸਲ ਅਰਥਾਂ ਵਿਚ ਦੇਖਣਾ ਹੋਵੇ; ਭਾਵ, ਲੌਕਡਾਊਨ ਤੋਂ ਪਹਿਲਾਂ ਦੀ ਹਾਲਤ ਦੀ ਤੁਲਨਾ ਵਿਚ ਤਾਂ ਮਾਰਚ 2023 ਤੱਕ ਅਸਲ ਵਿਕਾਸ ਦਰ ਮਹਿਜ਼ 4% ਹੀ ਹੋਵੇਗੀ। ਮਾਹਿਰਾਂ ਮੁਤਾਬਕ ਭਾਰਤ ਦੀ ਰੁਜ਼ਗਾਰ ਮੰਡੀ ਵਿਚ ਹਰ ਸਾਲ ਦਾਖਲ ਹੋ ਰਹੇ ਕਰੋੜਾਂ ਨੌਜਵਾਨਾਂ ਨੂੰ ਜੇ ਰੁਜ਼ਗਾਰ ਦੇਣਾ ਹੈ ਤਾਂ ਘੱਟੋ-ਘੱਟ 6.5% ਦੀ ਵਿਕਾਸ ਦਰ ਲੋੜੀਂਦੀ ਹੈ। ਕਹਿਣ ਦਾ ਭਾਵ ਹੈ ਕਿ ਤਮਾਮ ਹਵਾਈ ਦਾਅਵਿਆਂ ਦੇ ਬਾਵਜੂਦ ਭਾਰਤ ਦੀ ਵਿਕਾਸ ਦਰ ਕਰੋੜਾਂ ਆਸਵੰਦ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੋਂ ਅਸਮਰੱਥ ਰਹੇਗੀ ਤੇ ਆਉਂਦੇ ਸਾਲਾਂ ਵਿਚ ਭਾਰਤ ਅੰਦਰ ਬੇਰੁਜ਼ਗਾਰੀ ਦਾ ਸੰਕਟ ਹੋਰ ਡੂੰਘਾ ਹੋਵੇਗਾ।

**ਭਾਰਤ ਦਾ ਖੁਰਦਾ ਵਿਦੇਸ਼ੀ ਮੁਦਰਾ ਭੰਡਾਰ**

ਅਮਰੀਕਾ ਦੇ ਕੇਂਦਰੀ ਬੈਂਕ ਵੱਲੋਂ ਵਿਆਜ ਦਰਾਂ ਵਿਚ ਕੀਤੇ ਜਾ ਰਹੇ ਵਾਧੇ ਕਾਰਨ ਹੋਰਾਂ ਮੁਦਰਾਵਾਂ ਦੇ ਮੁਕਾਬਲੇ ਡਾਲਰ ਦੀ ਕਦਰ ਤੇਜ਼ੀ ਨਾਲ ਵਧ ਰਹੀ ਹੈ। ਡਾਲਰ ਮੁਕਾਬਲੇ ਭਾਰਤ ਦਾ ਰੁਪਿਆ ਵੀ ਡਿੱਗਦਾ ਹੋਇਆ 83 ਦੇ ਨੀਵੇਂ ਪੱਧਰ ਨੂੰ ਛੋਹ ਗਿਆ ਹੈ। ਭਾਰਤ ਦੇ ਰਿਜ਼ਰਵ ਬੈਂਕ ਵੱਲੋਂ ਡਿੱਗਦੇ ਰੁਪਏ ਨੂੰ ਸਹਾਰਾ ਦੇਣ ਲਈ ਆਪਣੇ ਡਾਲਰ ਅਸਾਸਿਆਂ ਨੂੰ ਵੇਚਿਆ ਜਾ ਰਿਹਾ ਹੈ ਜਿਸ ਕਾਰਨ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਲਗਾਤਾਰ ਖੁਰ ਰਿਹਾ ਹੈ। ਪਿਛਲੇ ਸਾਲ ਇਹ ਭੰਡਾਰ 642.4 ਅਰਬ ਡਾਲਰ ਦੇ ਰਿਕਾਰਡ ਪੱਧਰ 'ਤੇ ਸੀ ਪਰ 14 ਅਕਤੂਬਰ 2022 ਤੱਕ ਇਹ 114 ਅਰਬ ਡਾਲਰ ਦੀ ਗਿਰਾਵਟ ਨਾਲ 528.4 ਅਰਬ ਡਾਲਰ ਰਹਿ ਗਿਆ ਪਰ ਡਾਲਰ ਅਸਾਸੇ ਵੇਚਣ ਦੇ ਬਾਵਜੂਦ ਭਾਰਤ ਸਰਕਾਰ ਰੁਪਏ ਦੀ ਗਿਰਾਵਟ ਨੂੰ ਥੰਮਣੋਂ ਨਾਕਾਮ ਰਹੀ ਹੈ। ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਇਸ ਵਿਚ ਵਪਾਰਕ ਕਰਜ਼ਿਆਂ ਤੇ ਪੋਰਟਫੋਲੀਓ ਨਿਵੇਸ਼ਕਾਂ ਦਾ ਵੱਡਾ ਹਿੱਸਾ ਹੋਣਾ ਹੈ। ਇਹ ਉਹ ਨਿਵੇਸ਼ ਹੈ ਜਿਹੜਾ ਥੋੜ੍ਹੀ-ਬਹੁਤੀ ਹਲਚਲ 'ਤੇ ਵੀ ਤੇਜ਼ੀ ਨਾਲ ਭਾਰਤ ਦੇ ਸ਼ੇਅਰ ਬਜ਼ਾਰਾਂ ਵਿਚੋਂ ਨਿੱਕਲ ਕੇ ਅਮਰੀਕਾ ਜਾਂ ਵਧੇਰੇ ਸੁਰੱਖਿਅਤ ਥਾਂਵਾਂ 'ਤੇ ਜਾ ਸਕਦਾ ਹੈ। ਇਸ ਲਈ ਕਹਿਣ ਨੂੰ ਭਾਰੀ ਦਿਸਦਾ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਕਮਜ਼ੋਰ ਬੁਨਿਆਦ 'ਤੇ ਹੀ ਖੜ੍ਹਾ ਹੈ ਤੇ ਇਹ ਬੁਨਿਆਦ ਕਦੇ ਵੀ ਡੋਲ ਸਕਦੀ ਹੈ।

**ਕਿਸ ਦਾ ਸਾਥ, ਕਿਸ ਦਾ ਵਿਕਾਸ?**

ਭਾਰਤ ਦੇ ਆਰਥਿਕ ਸੰਕਟ ਦਾ ਸਭ ਤੋਂ ਮਾੜਾ ਅਸਰ ਇੱਥੋਂ ਦੀ ਬਹੁਗਿਣਤੀ ਕਿਰਤੀ ਆਬਾਦੀ 'ਤੇ ਪਿਆ ਹੈ। ਸ਼ਹਿਰੀ ਤੇ ਪੇਂਡੂ ਮਜ਼ਦੂਰਾਂ ਦੀ ਹਾਲਤ ਜਿੱਥੇ ਹੋਰ ਦੁੱਭਰ ਹੋ ਰਹੀ ਹੈ, ਉੱਥੇ ਮੱਧਵਰਗ ਦੇ ਵੱਡੇ ਹਿੱਸੇ ਦੇ ਵੀ ਬਿਹਤਰ ਨੌਕਰੀ, ਬਿਹਤਰ ਜ਼ਿੰਦਗੀ ਦੇ ਸੁਪਨੇ ਟੁੱਟ ਰਹੇ ਹਨ। ਉਂਝ, ਅਜਿਹੀ ਸੂਰਤ ਵਿਚ ਵੀ ਮੋਦੀ ਸਰਕਾਰ ਆਮ ਲੋਕਾਂ ਲਈ ਫਿਕਰਮੰਦੀ ਦੀ ਥਾਂ ਸਿਰਫ਼ ਸਰਮਾਏਦਾਰਾਂ ਨੂੰ ਹਰ ਸੰਭਵ ਰਿਆਇਤਾਂ ਦੇ ਰਹੀ ਹੈ। ਸਰਕਾਰੀ ਖਰਚੇ 'ਤੇ ਬੁਨਿਆਦੀ ਢਾਂਚਾ ਖੜ੍ਹਾ ਕਰ ਕੇ ਸਰਮਾਏਦਾਰਾਂ ਨੂੰ ਵੇਚਣਾ; ਰੇਲ, ਹਵਾਈ ਅੱਡੇ, ਬੰਦਰਗਾਹਾਂ, ਬਿਜਲੀ, ਪਾਣੀ ਤੇ ਹੋਰ ਕੁਦਰਤੀ ਸਰੋਤ ਆਦਿ ਸਭ ਕੁਝ ਵੱਡੇ ਸਰਮਾਏਦਾਰਾਂ ਹਵਾਲੇ ਕਰਨਾ, ਸਭ ਕਿਰਤ ਕਾਨੂੰਨਾਂ ਨੂੰ ਰੱਦ ਕਰਕੇ ਚਾਰ ਕਿਰਤ ਕੋਡ ਲਿਆਉਣੇ ਇਹ ਸਭ ਸਰਮਾਏਦਾਰਾਂ ਦੇ ਮੁਨਾਫ਼ਿਆਂ ਖਾਤਰ ਹੀ ਕੀਤਾ ਗਿਆ। ਆਮ ਲੋਕਾਂ ਨੂੰ ਮਿਲਣ ਵਾਲੀਆਂ ਨਿਗੂਣੀਆਂ ਰਿਆਇਤਾਂ ਨੂੰ ਰਿਉੜੀਆਂ ਕਹਿ ਕੇ ਭੰਡਣ ਵਾਲੀ ਮੋਦੀ ਸਰਕਾਰ ਸਰਮਾਏਦਾਰਾਂ ਨੂੰ ਖਰਬਾਂ ਦੇ ਸਸਤੇ ਕਰਜ਼ੇ, ਸਬਸਿਡੀਆਂ ਦੇ ਰਹੀ ਹੈ। ਸਰਮਾਏਦਾਰਾਂ ਨੂੰ ਸਹੂਲਤਾਂ ਕਾਰਨ ਸਰਕਾਰੀ ਆਮਦਨ ਵਿਚ ਜੋ ਘਾਟਾ ਪੈ ਰਿਹਾ ਹੈ, ਉਸ ਨੂੰ ਭਾਂਤ-ਸੁਭਾਂਤੇ ਸਿੱਧੇ-ਅਸਿੱਧੇ ਕਰ ਲਾ ਕੇ ਆਮ ਲੋਕਾਂ ਤੋਂ ਵਸੂਲਿਆ ਜਾ ਰਿਹਾ ਹੈ।

ਸਰਮਾਏਦਾਰਾਂ ਦੀ ਇਸੇ ਸੇਵਾ ਦਾ ਨਤੀਜਾ ਹੈ ਕਿ ਭਾਰਤ ਵਿਚ ਨਾ-ਬਰਾਬਰੀ ਵਿਸਫੋਟਕ ਹਾਲਤ ਨੂੰ ਪਹੁੰਚ ਗਈ ਹੈ। ਨਵ-ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਤੋਂ ਬਾਅਦ ਕੁੱਲ ਘਰੇਲੂ ਪੈਦਾਵਾਰ ਵਿਚ ਜਿੰਨਾ ਵਾਧਾ ਹੋਇਆ, ਉਸ ਦਾ 30% ਤੋਂ ਵੱਧ ਫਾਇਦਾ ਸਿਰਫ਼ ਉੱਪਰਲੇ 1% ਧਨਾਢਾਂ ਨੂੰ ਗਿਆ ਹੈ ਜਦਕਿ ਹੇਠਲੀ 50% ਆਬਾਦੀ ਸਿਰਫ਼ 11% ਆਮਦਨ 'ਤੇ ਗੁਜ਼ਾਰਾ ਕਰਨ ਨੂੰ ਮਜਬੂਰ ਹੈ।

ਹੋਰ ਤਾਂ ਹੋਰ ਲੌਕਡਾਊਨ ਵਾਲੇ ਸਾਲ 2020-21 ਦੌਰਾਨ ਜਿੱਥੇ ਭਾਰਤ ਦੇ ਕਿਰਤੀਆਂ ਦੀ ਆਮਦਨ ਠੱਪ ਹੋ ਗਈ, ਬੱਚਤਾਂ ਸੁੱਕ ਗਈਆਂ, ਉੱਥੇ ਹੀ ਭਾਰਤ ਦੇ 100 ਅਮੀਰ ਘਰਾਣਿਆਂ ਦੀ ਦੌਲਤ ਵਿਚ 50% ਤੋਂ ਵੱਧ ਵਾਧਾ ਹੋਇਆ। ਜਾਣੀ ਸਪੱਸ਼ਟ ਤੌਰ 'ਤੇ ਅੱਜ ਦੋ ਭਾਰਤ ਹੋਂਦ ਵਿਚ ਆ ਚੁੱਕੇ ਹਨ; ਇੱਕ ਗਰੀਬੀ, ਬਦਹਾਲੀ, ਬੇਰੁਜ਼ਗਾਰੀ ਦੇ ਸੰਕਟ ਵਿਚ ਘਿਰਿਆ ਬਹੁਗਿਣਤੀ ਕਿਰਤੀ ਲੋਕਾਂ ਦਾ ਭਾਰਤ ਤੇ ਦੂਜਾ ਗਰੀਬੀ ਦੇ ਇਸ ਸਮੁੰਦਰ ਦਰਮਿਆਨ ਉੱਸਰਿਆ ਛੋਟੇ ਜਿਹੇ ਤਬਕੇ ਦਾ ਅਮੀਰ ਭਾਰਤ।

ਅੱਜ ਜਿਸ ਮੋੜ 'ਤੇ ਭਾਰਤ ਦਾ ਆਰਥਿਕ ਤੇ ਸਿਆਸੀ ਸੰਕਟ ਪਹੁੰਚ ਚੁੱਕਾ ਹੈ, ਇਸ ਨੂੰ ਮੌਜੂਦਾ ਸਰਮਾਏਦਾਰਾ ਨਿਜ਼ਾਮ ਅੰਦਰ ਹੱਲ ਕੀਤਾ ਹੀ ਨਹੀਂ ਜਾ ਸਕਦਾ। ਆਰਥਿਕ ਸੰਕਟ ਸਰਮਾਏਦਾਰਾ ਪ੍ਰਬੰਧ ਵਿਚ ਹੀ ਵਜੂਦ ਸਮੋਇਆ ਹੈ। ਇਸ ਲਈ ਬਹੁਗਿਣਤੀ ਦੀ ਪੁੱਗਤ ਵਾਲਾ ਸਮਾਜ ਬਣਾਉਣ ਲਈ ਅੱਜ ਇਸ ਲੁੱਟ ਆਧਾਰਿਤ ਢਾਂਚਾ ਬਦਲਣਾ ਪਵੇਗਾ।

ਕਹਾਣੀ

# ਸੇਫਟੀ ਕਿੱਟ

**ਜਿੰਦਰ**
**ਫੋਨ: 98148-03254**

'ਸਮਾਂਥਾ, ਤੈਨੂੰ ਬੇਗਾਨੀਆਂ ਥਾਵਾਂ 'ਤੇ ਇਕੱਲੀ ਜਾਂਦਿਆਂ ਡਰ ਨ੍ਹੀਂ ਲੱਗਦਾ?' ਮੈਂ ਪੁੱਛਿਆ ਤਾਂ ਉਸ ਨੇ ਅੱਗੋਂ ਮੈਥੋਂ ਪੁੱਛ ਲਿਆ, 'ਯੂ ਆਰ ਸਕੇਅਰਡ ਆਫ ਰੇਪ, ਡੌਂਟ ਯੂ?' ਮੈਂ ਉਸ ਵੱਲ, ਜਿੱਦਾਂ ਪਹਿਲਾਂ ਉਸ ਦੀਆਂ ਗੱਲਾਂ ਸੁਣ ਕੇ ਦੇਖਦੀ ਸੀ, ਉੱਦਾਂ ਹੀ ਹੁਣ ਵੀ ਦੇਖਿਆ। ਰੇਪ ਤੋਂ ਕਿਸ ਨੂੰ ਡਰ ਨਹੀਂ ਲੱਗਦਾ। ਰੇਪ ਤੋਂ ਬਾਅਦ ਕਾਹਦੀ ਜ਼ਿੰਦਗੀ ਰਹਿ ਜਾਂਦੀ ਹੈ? ਮੇਰਾ ਕੀ, ਹਰ ਕੁੜੀ ਦਾ ਇਹੋ ਤਾਂ ਸਭ ਤੋਂ ਵੱਡਾ ਡਰ ਹੁੰਦਾ ਕਿ ਪਤਾ ਨਹੀਂ ਕਿਹੜੇ ਵੇਲੇ ਜਾਹ-ਜਾਂਦੀ ਹੋ ਜਾਵੇ। ਜਿੱਦਣ ਦਾ ਮੰਮੀ ਦਾ ਫੋਨ ਆਇਆ, ਮੈਂ ਮੁੜ ਤੋਂ ਡਰਣ ਲੱਗੀ ਹਾਂ। ਉਨ੍ਹਾਂ ਨੇ ਕੰਬਦੀ ਹੋਈ ਆਵਾਜ਼ 'ਚ ਦੱਸਿਆ ਸੀ, 'ਮਰ ਜਾਣ ਸਾਡੇ ਜੱਜ, ਅਜੇ ਤਾਈਂ ਨਿਰਭਯਾ ਜਬਰ-ਜਨਾਹ ਦੇ ਕਾਤਲਾਂ ਨੂੰ ਫਾਂਸੀ ਨ੍ਹੀਂ ਦਿੱਤੀ। ਹੁਣ ਨਵਾਂ ਹੀ ਪੰਗਾ ਖੜਾ ਹੋ ਗਿਆ। ਕਹਿੰਦੇ ਚਹੁੰਆਂ 'ਚੋਂ ਇਕ ਨਾਬਾਲਿਗ ਆ। ਮੁਕੇਸ਼, ਪਵਨ, ਵਿਨੈ, ਅਕਸ਼ੈ...ਮੇਰੇ ਵੱਸ 'ਚ ਹੋਵੇ ਤਾਂ ਤਿਲੰਗਾਨਾ ਕਾਂਡ ਵਾਂਗ ਇਨ੍ਹਾਂ ਨੂੰ ਇਕ ਕਤਾਰ 'ਚ ਖੜੇ ਕਰ ਕੇ ਗੋਲੀ ਮਾਰ ਦਿਆਂ। ਜਿੰਨਾ ਚਿਰ ਅਰਬ ਕੰਟਰੀਆਂ ਵਾਂਗ ਇੱਥੇ ਸਜ਼ਾਵਾਂ ਨ੍ਹੀਂ ਹੁੰਦੀਆਂ, ਕੁਸ਼ ਨ੍ਹੀਂ ਹੋਣਾ।' ਗੱਲਾਂ ਕਰਦਿਆਂ-ਕਰਦਿਆਂ ਉਨ੍ਹਾਂ ਨੂੰ ਸਾਹ ਚੜ੍ਹ ਗਿਆ ਸੀ। ਮੈਂ ਕਿਹਾ ਸੀ, 'ਮੈਨੂੰ ਪਤਾ। ਤੁਸੀਂ ਕੋਈ ਹੋਰ ਗੱਲ ਦੱਸੋ।' ਉਨ੍ਹਾਂ ਦੀ ਆਵਾਜ਼ ਭਾਰੀ ਹੁੰਦੀ ਗਈ, 'ਇਸ ਤੋਂ ਵੱਡੀ ਕਿਹੜੀ ਗੱਲ ਹੋ ਸਕਦੀ। ਮੈਂ ਤਾਂ ਨੀਲੀ ਛਤਰੀ ਵਾਲੇ ਦੀ ਸ਼ੁਕਰਗੁਜ਼ਾਰ ਹਾਂ ਕਿ ਤੂੰ ਬਾਹਰਲੇ ਮੁਲਕ ਚਲੀ ਗਈ। ਸਾਡਾ ਮੁਲਕ ਤਾਂ ਗਰਕਣ 'ਤੇ ਆਇਆ...ਫੇਰ ਵੀ ਧੀਏ ਆਪਣਾ ਖਿਆਲ ਰੱਖੀਂ। ਕਿਸੇ 'ਤੇ ਬਹੁਤਾ ਇਤਬਾਰ ਕਰਨ ਦਾ ਸਮਾਂ ਨ੍ਹੀਂ ਰਿਹਾ।'

ਇਸ ਵਾਰ ਸਮਾਂਥਾ ਦੋ ਹਫਤਿਆਂ ਲਈ ਅਫਗਾਨਿਸਤਾਨ ਗਈ ਸੀ। ਉਸ ਕੋਲ ਬਹੁਤ ਸਾਰੀਆਂ ਗੱਲਾਂ ਦੱਸਣ ਵਾਲੀਆਂ ਸਨ। ਅੱਜ ਨਹੀਂ ਤਾਂ ਕੱਲ੍ਹ ਉਸ ਨੇ ਆਪਣੇ ਤਜਰਬੇ ਮੇਰੇ ਨਾਲ ਸਾਂਝੇ ਕਰਨੇ ਹੀ ਸਨ। ਜਿੱਥੇ ਵੀ ਜਾਂਦੀ, ਜਾਂ ਤਾਂ ਆਪਣੀ ਡਾਇਰੀ 'ਤੇ ਨੋਟ ਕਰੀ ਜਾਂਦੀ ਜਾਂ ਮੋਬਾਈਲ 'ਚ ਸੇਵ ਕਰ ਲੈਂਦੀ। ਉਹ ਉਤਸ਼ਾਹ ਨਾਲ ਭਰੀ ਜਾਂਦੀ। ਤਰੋਤਾਜ਼ਾ ਹੋ ਕੇ ਮੁੜਦੀ। ਇਕ ਦੋ ਦਿਨ ਆਰਾਮ ਕਰਦੀ ਤੇ ਫਿਰ ਦੌੜਣ-ਭੱਜਣ ਲੱਗਦੀ। ਇਨ੍ਹਾਂ ਦਿਨਾਂ ਵਿਚ ਉਹ 'ਏਂਸ਼ੀਐਂਟ ਏਸ਼ੀਅਨ ਹਿਸਟਰੀ' 'ਤੇ ਕੋਈ ਰਿਸਰਚ ਦਾ ਕੰਮ ਕਰ ਰਹੀ ਸੀ।

'ਮੈਂ...।' ਮੈਂ ਕੁਝ ਕਹਿਣ ਹੀ ਲੱਗੀ ਸੀ ਕਿ ਉਸ ਦੇ ਮੋਬਾਈਲ 'ਤੇ ਰਿੰਗ ਹੋਈ। 'ਸੌਰੀ ਜੈਸ, ਆਈ ਹੈਵ ਟੂ ਅਟੈਂਡ ਦਿਸ ਕਾਲ।' ਕਹਿੰਦਿਆਂ ਉੱਠ ਖੜੀ ਤੇ ਫਰੰਟ-ਰੂਮ ਵਿਚ ਜਾ ਵੜੀ। ਉਸ ਦੇ ਬੁਆਏ ਫਰੈਂਡ ਡੋਮਨਿਕ ਦਾ ਫੋਨ ਹੋਣਾ। ਜੇ ਕਿਸੇ ਹੋਰ ਦਾ ਹੁੰਦਾ ਤਾਂ ਸ਼ਾਇਦ ਨਾ ਸੁਣਦੀ। ਮੈਸੇਜ ਛੱਡ ਦਿੰਦੀ, 'ਕਾਲ ਯੂ ਲੇਟਰ।'

ਮੈਂ ਮੁੜ ਲੱਤਾਂ ਪਸਾਰ ਲਈਆਂ। ਜੂਨ ਦੇ ਐਤਵਾਰ ਦੀ ਧੁੱਪ ਦਾ ਮਜ਼ਾ ਲੈਣ ਲੱਗੀ। ਸੰਧੂ ਅੰਕਲ ਨੂੰ ਮੈਂ ਰਾਤ ਹੀ ਦੱਸ ਆਈ ਸੀ ਕਿ ਕੱਲ੍ਹ ਮੈਂ ਨਹੀਂ ਆਉਣਾ। ਕੱਪੜੇ ਧੋਣੇ ਸਨ। ਕਮਰੇ ਦੀ ਸਫ਼ਾਈ ਤੇ ਥੋੜ੍ਹੀ-ਬਹੁਤ ਸ਼ੌਪਿੰਗ ਵੀ ਕਰਨੀ ਸੀ। ਖਿੜੀ ਧੁੱਪ ਨੇ ਮੈਨੂੰ ਮੱਲੋ-ਮੱਲੀ ਅੰਦਰੋਂ ਬਾਹਰ ਖਿੱਚ ਲਿਆਂਦਾ। ਗਾਰਡਨ ਵੱਲ ਤੇਜ਼ ਹਵਾ ਵਗ ਰਹੀ ਸੀ। ਬਾਹਰਲੀ ਕੰਧ ਕੋਲ ਪੁਰਾਣੀ ਚਾਦਰ ਉਪਰ ਸ਼ਾਲ ਵਿਛਾ ਕੇ, ਮੈਂ ਕੰਧ ਨਾਲ ਢੋਅ ਲਾ ਕੇ ਬੈਠ ਗਈ। ਸੂਰਜ ਕਦੋਂ ਨਿਕਲਦਾ ਤੇ ਕਦੋਂ ਛਿਪ ਜਾਂਦਾ, ਇਸ ਪਾਸੇ ਕਦੇ ਮੇਰਾ ਧਿਆਨ ਹੀ ਨਹੀਂ ਗਿਆ। ਸੱਤੇ ਦਿਨ ਨੱਠ-ਭੱਜ ਲੱਗੀ ਰਹਿੰਦੀ।

ਚਾਰ ਕੁ ਮਹੀਨੇ ਦਾਦੀ ਸ਼ਾਮ ਕੌਰ ਕੋਲ ਰਹੀ ਸੀ। ਜਦੋਂ ਦਾਦੀ ਇੰਡੀਆ ਆਉਂਦੀ ਤਾਂ ਜ਼ਿਆਦਾ ਸਮਾਂ ਸਾਡੇ ਘਰ ਹੀ ਰਹਿੰਦੀ। ਉਨ੍ਹਾਂ ਦੀ ਜ਼ਮੀਨ ਦੀ ਸਾਂਭ-ਸੰਭਾਈ ਡੈਡੀ ਹੀ ਕਰਦੇ। ਬੈਂਕ ਖਾਤੇ ਵੀ ਸਾਂਝੇ ਸਨ। ਨਾ ਕਦੇ ਦਾਦੀ ਨੇ ਹਿਸਾਬ ਮੰਗਿਆ ਨਾ ਹੀ ਡੈਡੀ ਨੇ ਹੱਥ ਘੁੱਟਿਆ। ਦਾਦੀ ਡੈਡੀ ਨੂੰ ਆਪਣਾ ਤੀਜਾ ਪੁੱਤ ਹੀ ਮੰਨਦੀ ਸੀ। ਜਦੋਂ ਮੈਂ ਆਉਣਾ ਸੀ, ਅੰਕਲ ਸੁਰਜਨ ਸਿੰਘ ਦਾ ਡੈਡੀ ਨੂੰ ਫੋਨ ਆਇਆ, 'ਜਸਪ੍ਰੀਤ ਸਾਡੇ ਕੋਲ ਰਹੂਗੀ। ਤੁਸੀਂ ਕੋਈ ਚਿੰਤਾ ਨ੍ਹੀਂ ਕਰਨੀ। ਦਾਦੀ-ਪੋਤੀ ਦੋਵੇਂ ਇਕੋ ਕਮਰੇ 'ਚ ਸੌਂਇਆ ਕਰਨਗੀਆਂ। ਸਮਝ ਲਓ ਉਹ ਇਕ ਘਰੋਂ ਉੱਠ ਕੇ ਦੂਜੇ ਘਰ ਆ ਗਈ। ਜਿੰਨਾ ਚਿਰ ਪੜ੍ਹਾਈ ਖਤਮ ਨ੍ਹੀਂ ਹੁੰਦੀ-ਸਾਰੀ ਜ਼ੁੰਮੇਵਾਰੀ ਸਾਡੀ। ਬਾਅਦ 'ਚ ਇਹਦੀ ਮਰਜ਼ੀ।' ਅੰਕਲ-ਅੰਟੀ ਮੈਨੂੰ ਬਰਮਿੰਘਮ ਏਅਰਪੋਰਟ ਤੋਂ ਲੈ ਆਏ ਸਨ। ਦਸ ਕੁ ਦਿਨ ਅੰਕਲ ਕਾਲਜ ਛੱਡਣ ਜਾਂਦੇ ਰਹੇ। ਫੇਰ ਉਨ੍ਹਾਂ ਮੈਨੂੰ ਬੱਸ ਦਾ ਰੂਟ ਸਮਝਾ ਦਿੱਤਾ। ਦੂਜੇ ਦੇ ਘਰ ਜਾ ਕੇ ਰਹਿਣਾ ਕਿੰਨਾ ਮੁਸ਼ਕਲ ਹੁੰਦਾ-ਇਹ ਇੱਥੇ ਆ ਕੇ ਜਾਣਿਆ। ਮੈਂ ਵੇਲੇ ਸਿਰ ਸੌਣਾ ਹੁੰਦਾ ਪਰ ਦਾਦੀ ਦੀਆਂ ਬੇ-ਸਿਰ-ਪੈਰ ਗੱਲਾਂ ਨਾ ਮੁੱਕਦੀਆਂ। ਮੋੜ-ਘੋੜ ਕੇ ਸੂਈ ਇਸ ਗੱਲ 'ਤੇ ਆ ਖੜਦੀ, 'ਧੀਏ, ਜਿੰਨਾ ਚਿਰ ਸਾਡੇ ਕੋਲ ਆਂ-ਦੇਖੀਂ ਕਿਤੇ ਕੋਈ ਉਲ੍ਹਾਮਾ ਨਾ ਆਵੇ। ਜੇ ਤੈਥੋਂ ਕੋਈ ਗਲਤੀ ਹੋ ਗਈ ਤਾਂ ਤੇਰੀ ਮੰਮੀ ਨੇ ਮੇਰਾ ਜੀਉਣਾ ਹਰਾਮ ਕਰ ਦੇਣੈ। ਘਰੋਂ ਕਾਲਜ ਤੇ ਕਾਲਜੋਂ ਘਰ। ਜਦੋਂ ਤੈਨੂੰ ਇੱਥੋਂ ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ ਤਦ ਹੀ ਤੈਨੂੰ ਇਕੱਲੀ ਛੱਡਾਂਗੇ। ਬੰਦਾ ਤਾਂ ਖੋਤਾ ਹੁੰਦੈ, ਚਹੁੰ ਘੰਟਿਆਂ ਮਗਰੋਂ ਹਿਣਕਣ ਲੱਗ ਜਾਂਦਾ।'

ਮੈਂ ਤਿੰਨ ਮਹੀਨਿਆਂ ਮਗਰੋਂ ਹੀ ਮੰਮੀ ਨੂੰ ਕਿਹਾ, 'ਹੁਣ ਮੈਂ ਇਨ੍ਹਾਂ ਦੇ ਘਰ ਨ੍ਹੀਂ ਰਹਿ ਸਕਦੀ। ਮੈਂ ਕਿਸੇ ਨਾਲ ਰੂਮ ਸ਼ੇਅਰ ਕਰਨ ਬਾਰੇ ਸੋਚ ਲਿਆ।'

ਉਨ੍ਹਾਂ ਵੀ ਝਟਪਟ ਹਾਂ ਕਰ ਦਿੱਤੀ, 'ਹੈਥੋਂ ਦਾ ਤੈਨੂੰ ਪਤਾ ਹੋਊ। ਕੋਈ ਆਪਣੇ ਇਲਾਕੇ ਦੀ ਕੁੜੀ ਮਿਲ ਜਾਵੇ ਤਾਂ ਤੈਨੂੰ ਸੌਖ ਰਹੂ।'

ਜਿੱਦਾਂ ਦਾ ਕਮਰਾ ਮੈਂ ਚਾਹੁੰਦੀ ਸੀ ਉੱਦਾਂ ਦਾ ਹੀ ਮਿਲ ਗਿਆ। ਮੇਰੇ ਕਮਰੇ ਦੇ ਸੱਜੇ ਪਾਸੇ ਵਾਲਾ ਘਰ ਦਾ ਫਰੰਟ-ਰੂਮ ਸੀ ਜਿਸ ਦਾ ਦਰਵਾਜ਼ਾ ਅੰਦਰ ਵੜਦਿਆਂ ਪੌੜੀਆਂ ਤੋਂ ਪਹਿਲਾਂ ਸੀ। ਪੌੜੀਆਂ ਉਪਰਲੇ ਬੈੱਡ-ਰੂਮਾਂ ਨੂੰ ਜਾਂਦੀਆਂ ਸਨ। ਹੇਠਾਂ ਸਾਹਮਣੇ ਬਾਥਰੂਮ ਤੇ ਖੱਬੇ ਪਾਸੇ ਮੇਨ ਫਰੰਟ-ਰੂਮ, ਜਿਸ ਦੇ ਪਿੱਛੇ ਡਾਈਨਿੰਗ-ਟੇਬਲ ਤੇ ਕਿਚਨ। ਕਿਚਨ ਮੇਰੇ ਕਮਰੇ ਨਾਲ ਵੀ ਜੁੜਦੀ ਸੀ। ਇਹ ਦਰਵਾਜ਼ਾ ਮੈਂ ਕਿਚਨ ਨੂੰ ਵਰਤਣ ਵੇਲੇ ਹੀ ਖੋਲ੍ਹਦੀ। ਮੈਂ ਆਪਣੇ ਕਮਰੇ ਨੂੰ ਬਹੁਤਾ ਸਮਾਂ ਲੌਕ ਲਾ ਕੇ ਰੱਖਦੀ। ਡੌਮਨਿਕ ਆਉਂਦਾ ਤਾਂ ਖਾੜ-ਖਾੜ ਕਰਦਾ ਪੌੜੀਆਂ ਚੜ੍ਹਦਾ। ਸਮਾਂਥਾ ਦਾ ਕਮਰਾ ਮੇਰੇ ਕਮਰੇ ਦੇ ਇਕਦਮ ਉਪਰ ਸੀ। ਡੌਮਨਿਕ ਉਸ ਦੇ ਕਮਰੇ ਵਿਚ ਹੁੰਦਾ ਤਾਂ ਐਦਾਂ ਲੱਗਦਾ ਜਿੱਦਾਂ ਕੋਈ ਉਪਰਲੇ ਫੱਟਿਆਂ 'ਤੇ ਛਾਲਾਂ ਮਾਰ ਰਿਹਾ ਹੋਵੇ। ਕਦੇ-ਕਦੇ ਮੈਂ ਉਠ ਕੇ ਦੇਖਦੀ ਕਿ ਕਿਤੇ ਮੇਰੇ ਵਾਲੇ ਪਾਸੇ ਦਾ ਦਰਵਾਜ਼ਾ ਖੁੱਲ੍ਹਾ ਤਾਂ ਨਹੀਂ ਰਹਿ ਗਿਆ।

ਬੰਦ ਦਰਵਾਜ਼ਾ ਦੇਖ ਸਮਾਂਥਾ ਕਹਿੰਦੀ, 'ਤੂੰ ਸਾਰੇ ਫਿਕਰ ਇਕ ਪਾਸੇ ਰੱਖ ਕੇ ਡੀਪ ਸਲੀਪ ਲੈਨੀ ਐਂ।'

ਮੈਂ ਹੱਸਦੀ ਹੋਈ ਕਹਿੰਦੀ, 'ਮੈਂ ਥੱਕੀ ਹੁੰਨੀ ਆਂ ਇਸੇ ਲਈ ਬਹੁਤ ਨੀਂਦ ਆਉਂਦੀ।'

'ਐਨੇ ਲੌਕ ਨ੍ਹੀਂ ਲਾਈਦੇ। ਇੱਥੇ ਤੁਹਾਡੀ ਮਰਜ਼ੀ ਬਿਨਾਂ ਤੁਹਾਡੇ ਕਮਰੇ 'ਚ ਕੋਈ ਨ੍ਹੀਂ ਆਉਂਦਾ।'

ਮੈਂ ਉਸ ਨੂੰ ਪਿਛਲੇ ਕਮਰੇ, ਜਿੱਥੇ ਮੈਂ ਛੇ ਮਹੀਨੇ ਰਹੀ ਸੀ, ਬਾਰੇ ਕੁਝ ਨਹੀਂ ਸੀ ਦੱਸਿਆ। ਜਿਨ੍ਹਾਂ ਨੂੰ ਤੁਸੀਂ ਆਪਣੇ ਸਮਝਦੇ ਹੋ, ਉਨ੍ਹਾਂ ਤੋਂ ਹੀ ਤਾਂ ਖਤਰਾ ਹੁੰਦਾ ਹੈ-ਇਹ ਮੈਨੂੰ ਉੱਥੋਂ ਹੀ ਅਹਿਸਾਸ ਹੋਇਆ ਸੀ। ਭਾਜੀ ਤੇ ਭਾਬੀ ਜੀ ਦਾ ਵਿਹਾਰ ਤਾਂ ਠੀਕ ਸੀ ਪਰ ਉਨ੍ਹਾਂ ਦਾ ਛੋਟਾ ਭਰਾ ਕਈ ਵਾਰ ਮੇਰੇ ਕਮਰੇ ਦਾ ਦਰਵਾਜ਼ਾ ਨੌਕ ਕਰਨ ਲੱਗਦਾ। ਇਕ ਰਾਤ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੇ ਸੁਲਾਹ ਮਾਰੀ, 'ਮੈਂ ਸੋਚਿਆ, ਤੂੰ ਇਕੱਲੀ ਬੋਰ ਹੁੰਦੀ ਹੋਵੇਂਗੀ। ਟੈਲੀ 'ਤੇ 'ਇਸ਼ਕ' ਫਿਲਮ ਆਈ ਹੋਈ। ਬਹੁਤ ਰੁਮਾਂਟਿਕ ਫਿਲਮ ਆ।'


'ਮੈਂ ਟਾਇਰਡ ਆਂ। ਜਦੋਂ ਦਿਲ ਕੀਤਾ ਫਿਲਮ ਯੂਟਿਊਬ 'ਤੇ ਦੇਖ ਲਊਂ।' ਕਹਿ ਕੇ ਮੈਂ ਬੂਹਾ ਬੰਦ ਕਰ ਦਿੱਤਾ ਸੀ। ਉਸ ਰਾਤ ਉਹ ਲਗਾਤਾਰ ਮੇਰਾ ਦਰਵਾਜ਼ਾ ਨੌਕ ਕਰਦਾ ਰਿਹਾ। ਭਰਾ-ਭਰਜਾਈ ਕਿਸੇ ਪਾਰਟੀ ਵਿਚ ਗਏ ਹੋਏ ਸਨ। ਮੈਂ ਕੰਬਲ ਵਿਚ ਮੂੰਹ ਦੇ ਕੇ ਸੌਣ ਦੀ ਕੋਸ਼ਿਸ਼ ਕੀਤੀ। ਸਵੇਰੇ ਕੰਮ 'ਤੇ ਜਾਣਾ ਸੀ। ਕਿੰਨਾ ਹੀ ਚਿਰ ਮੈਨੂੰ ਨੀਂਦ ਨਹੀਂ ਸੀ ਆਈ।

ਜਦੋਂ ਮੇਰਾ ਇੰਗਲੈਂਡ ਆਉਣ ਦਾ ਪ੍ਰੋਗਰਾਮ ਬਣ ਰਿਹਾ ਸੀ ਤਾਂ ਮੰਮੀ ਬਹੁਤ ਹੀ ਫਿਕਰ ਕਰਨ ਲੱਗੇ। ਹਰ ਵੇਲੇ ਨਸੀਹਤਾਂ ਕਰਦੇ ਕਹਿੰਦੇ, 'ਤੂੰ ਆਪਣਾ ਖਿਆਲ ਰੱਖੀਂ। ਇਕੱਲੀ ਕੁੜੀ ਨੂੰ ਦੇਖ ਕੇ ਬੰਦੇ ਚਾਂਮਲ ਜਾਂਦੇ ਹੁੰਦੇ।'

ਮੈਂ ਕਿਹਾ ਸੀ, 'ਜੇ ਤੁਹਾਨੂੰ ਮੇਰੇ 'ਤੇ ਵਿਸ਼ਵਾਸ ਨ੍ਹੀਂ ਤਾਂ ਨਾ ਭੇਜੋ।'

'ਗੱਲ ਵਿਸ਼ਵਾਸ ਦੀ ਨ੍ਹੀਂ-ਕਦੇ ਮਜਬੂਰੀ ਤੇ ਕਦੇ ਮਨ ਦੀਆਂ ਲਹਿਰਾਂ 'ਚ ਪੈਰ ਖਿੜਕ ਜਾਂਦੇ ਹੁੰਦੇ।' ਉਨ੍ਹਾਂ ਦੀ ਆਵਾਜ਼ ਵਿਚ ਅਜੀਬ ਜਿਹੀ ਕੰਬਣੀ ਸੀ। ਫੇਰ ਮੈਂ ਪੁੱਛਿਆ, 'ਕਿਤੇ ਤੁਹਾਡੇ ਨਾਲ ਕੁਸ਼ ਐਦਾਂ ਦਾ ਤਾਂ ਨ੍ਹੀਂ ਵਾਪਰਿਆ ਜੋ ਤੁਹਾਨੂੰ ਮੇਰੇ ਬਾਰੇ ਬਹੁਤਾ ਹੀ ਫਿਕਰਮੰਦ ਕਰੀ ਜਾ ਰਿਹਾ?'

ਉਨ੍ਹਾਂ ਨੇ ਸੋਫੇ 'ਤੇ ਚੌਂਕੜੀ ਮਾਰ ਲਈ। ਆਲੇ-ਦੁਆਲੇ ਦੇਖਿਆ ਹੌਂਕਾ ਲੈਣ ਵਾਂਗ ਸਾਹ ਲਿਆ , 'ਤੂੰ ਮੇਰੀ ਧੀ ਹੈਂ। ਤੈਨੂੰ ਸੁਚੇਤ ਕਰਨਾ ਮੇਰਾ ਫਰਜ਼ ਆ। ਮਰਦ ਬਹੁਤ ਹੀ ਖਤਰਨਾਕ ਜਾਨਵਰ ਆ। ਨਾ ਇਹ ਰਿਸ਼ਤਾ ਦੇਖਦਾ ਤੇ ਨਾ ਉਮਰ। ਮੇਰੇ ਭਰਾ ਦੇਬੀ ਨੇ ਤੇਰੀ ਵਿਚਕਾਰਲੀ ਭੂਆ ਰਾਣੋ ਨਾਲ ਜ਼ਬਰਦਸਤੀ ਕੀਤੀ ਸੀ। ਰਾਣੋ ਨੇ ਮਾਤਾ ਜੀ ਨੂੰ ਦੱਸਿਆ। ਮਾਤਾ ਜੀ ਨੇ ਦੂਰ ਦੀ ਸੋਚੀ। ਜੇ ਗੱਲ ਨਿਕਲਦੀ ਤਾਂ ਦੋ ਪਰਿਵਾਰ ਪੱਟੇ ਜਾਣੇ ਸੀ। ਉਨ੍ਹਾਂ ਮੈਨੂੰ ਆਪਣੇ ਕੋਲ ਬੈਠਾ ਕੇ ਕਿਹਾ, 'ਰੱਜੀ ਜਾਂ ਤਾਂ ਸਹੁਰੇ ਰੱਖ ਲੈ ਜਾਂ ਪੇਕੇ।' ਮੈਂ ਸਹੁਰੇ ਰੱਖ ਲਏ। ਦੇਬੀ ਨਾਲ ਮੁੜ ਕੇ ਕਲਾਮ ਨ੍ਹੀਂ ਕੀਤੀ। ਕਲਾਮ ਕੀ, ਮੁੜ ਕੇ ਮੱਥੇ ਨ੍ਹੀਂ ਲੱਗੀ। ਅੱਜ ਤਾਈਂ ਤੇਰੇ ਡੈਡੀ ਨੂੰ ਵੀ ਇਸ ਗੱਲ ਦਾ ਪਤਾ ਨ੍ਹੀਂ ਲੱਗਣ ਦਿੱਤਾ।'



ਮੈਂ ਹੈਰਾਨ ਹੋਈ ਮੰਮੀ ਦੀ ਗੱਲ ਸੁਣ ਰਹੀ ਸੀ। ਨਾਲ ਹੀ ਭੂਆ ਦਾ ਭੋਲਾ ਜਿਹਾ ਚਿਹਰਾ ਦਿਸ ਰਿਹਾ ਸੀ।

ਮੰਮੀ ਦੀ ਗੱਲ ਸੁਣ ਕੇ ਮੈਂ ਕਈ ਰਾਤਾਂ ਸੌਂ ਨਹੀਂ ਸੀ ਸਕੀ। ਮੈਂ ਮੰਮੀ ਨੂੰ ਯਕੀਨ ਦਵਾਇਆ। ਆਪਣਾ ਧਿਆਨ ਰੱਖਾਂਗੀ। ਮੰਮੀ ਦੇ ਹਰ ਫੋਨ 'ਤੇ ਇਕ ਡਰ ਹੁੰਦਾ ਤੇ ਨਾਲ ਹੀ ਸਮਝੌਤੀਆਂ। ਡੈਡੀ ਕਹਿੰਦੇ, 'ਤੂੰ ਮੇਰਾ ਸ਼ੇਰ ਪੁੱਤ ਆਂ। ਕੋਈ ਕੰਪਲੈਕਸ ਆਵੇ, ਤੂੰ ਆਪਣੇ-ਆਪ ਨੂੰ ਮੁੰਡਾ ਚਿਤਵ ਲਿਆ ਕਰ।'

ਇਸ ਐਡਵਾਂਸ ਦੇਸ਼ ਵਿਚ ਆ ਕੇ ਮੈਂ ਆਪਣੇ ਵਿਚ ਕੁਝ ਤਬਦੀਲੀਆਂ ਮਹਿਸੂਸ ਕਰਨ ਲੱਗੀ। ਸੱਤੇ ਦਿਨ ਬੀਜ਼ੀ ਰਹਿੰਦੀ। ਚਾਰ ਦਿਨ ਕਾਲਜ ਜਾਂਦੀ ਤੇ ਤਿੰਨ ਦਿਨ ਬੇਕਰੀ ਵਿਚ। ਜਿਹੜਾ ਦਿਨ ਕਾਲਜ ਵੱਲੋਂ ਘਰ ਬੈਠ ਕੇ ਕੰਮ ਕਰਨ ਲਈ ਮਿਲਦਾ ਉਹ ਵੀ ਮੈਂ ਪੈਸੇ ਕਮਾਉਣ ਲਈ ਵਰਤ ਲੈਂਦੀ। ਮੇਰੀ ਰੇਲ ਬਣੀ ਰਹਿੰਦੀ। ਬਹੁਤੀ ਵਾਰ ਓਵਰ ਟਾਈਮ ਕਰਦੀ। ਕਦੇ-ਕਦਾਈਂ ਮੇਰੀ ਆਖਰੀ ਬੱਸ ਨਿਕਲ ਜਾਂਦੀ। ਦੋ ਮੀਲ ਤੁਰ ਕੇ ਆਉਣਾ ਪੈਂਦਾ। ਮੈਂ ਇਕੱਲੀ ਸੜਕਾਂ 'ਤੇ ਤੁਰੀ ਜਾਂਦੀ। ਜਿੱਧਰ ਪੰਜਾਬੀਆਂ ਦੀ ਵਸੋਂ ਸੀ, ਮੈਂ ਉਹ ਰੋਡ ਨਾ ਲੈਂਦੀ।

ਧੁੱਪ ਚੁਭਣ ਲੱਗੀ ਤਾਂ ਮੈਂ ਪਿੱਠ ਕਰ ਕੇ ਬੈਠ ਗਈ। ਸੋਚਣ ਲਗੀ-ਗੋਰੀਆਂ ਤਾਂ ਨੰਗੀਆਂ ਹੋ ਕੇ ਸਨ-ਬਾਥ ਲੈ ਲੈਂਦੀਆਂ, ਚਲੋ, ਮੈਂ ਕਪੜਿਆਂ ਸਣੇ ਹੀ ਲੈ ਰਹੀ ਆਂ।'

***

ਮੈਨੂੰ ਕਾਲਜ ਤੋਂ ਵਾਹਵਾ ਕੰਮ ਮਿਲਦਾ। ਅਸਾਈਨਮੈਂਟ ਤਿਆਰ ਕਰਦਿਆਂ ਨੀਂਦ ਆਉਣ ਲੱਗਦੀ ਤਾਂ ਮੈਂ ਰੁਮਾਲ ਗਿੱਲਾ ਕਰ ਕੇ ਅੱਖਾਂ 'ਤੇ ਵਾਰ-ਵਾਰ ਰੱਖਦੀ। ਜੇ ਫੇਰ ਵੀ ਨੀਂਦ ਨਾ ਟਲਦੀ ਤਾਂ ਫੋਨ 'ਤੇ ਸਪੀਕਰ, ਜੋ ਮੈਂ ਦੋ ਪੌਂਡ ਦਾ ਖਰੀਦਿਆ ਸੀ, ਹਨੀ ਸਿੰਘ ਦਾ ਕੋਈ ਗਾਣਾ ਲਾ ਕੇ ਨੱਚਣ ਲੱਗਦੀ। ਜੇ ਸਮਾਂਥਾ ਘਰ ਹੁੰਦੀ, ਉਹ ਮਿਊਜ਼ਿਕ ਸੁਣ ਕੇ ਆ ਜਾਂਦੀ। ਮੇਰੇ ਨਾਲ ਨੱਚਣ ਲੱਗਦੀ। ਉਸ ਨੂੰ ਪੰਜਾਬੀ ਡਾਂਸ ਤਾਂ ਆਉਂਦਾ ਨਹੀਂ ਸੀ। ਮੇਰੇ ਵੱਲ ਦੇਖ ਸਟੈਪ ਰਲਾਉਣ ਲੱਗਦੀ। ਮੇਰਾ ਹਾਸਾ ਨਿਕਲ ਜਾਂਦਾ। ਕਈ ਵਾਰ ਆਪਣੇ ਫੋਨ ਤੋਂ ਕਿਸੇ ਇੰਗਲਿਸ਼ ਗਾਣੇ 'ਤੇ ਡਾਂਸ ਕਰਦੀ। ਉਸ ਦੀ ਮਨਪਸੰਦ ਗਾਇਕਾ ਐਰੀਆਨ ਗਰਾਂਡੇ ਸੀ। ਉਹ ਉਸ ਦਾ ਮਸ਼ਹੂਰ ਗੀਤ 'ਨੋ ਟੀਅਰਜ਼ ਲੈਫਟ ਟੂ ਕਰਾਈ' ਸੁਣਦੀ। ਮੈਂ ਵੀ ਉਸ ਦੇ ਸਟੈਪਾਂ ਦੀ ਨਕਲ ਕਰਦੀ ਉਸ ਨਾਲ ਡਾਂਸ ਕਰਨ ਲੱਗਦੀ। ਘੰਟੇ ਕੁ ਮਗਰੋਂ ਚਾਹੁੰਦੀ ਕਿ ਹੁਣ ਉਹ ਚਲੇ ਜਾਵੇ ਤਾਂ ਜੋ ਮੈਂ ਅਸਾਈਨਮੈਂਟ ਪੂਰਾ ਕਰ ਲਵਾਂ, ਪਰ ਉਹ ਜਾਣ ਦਾ ਨਾਂ ਨਾ ਲੈਂਦੀ। ਪਿਛਲੇ ਹਫਤੇ ਉਸ ਨੇ ਅਚਾਨਕ ਮੈਨੂੰ ਪੁੱਛਿਆ, 'ਸੈਕਸ ਨੂੰ ਲੈ ਕੇ ਤੁਹਾਡੇ ਸਮਾਜ 'ਚ ਅਲੱਗ ਟੈਬੂ ਕਿਉਂ ਨੇ? ਸੈਕਸ ਨੂੰ ਐਡੀ ਵੱਡੀ ਚੀਜ਼ ਕਿਉਂ ਬਣਾ ਰੱਖਿਆ?'

'ਸਮਾਂਥਾ, ਸਾਡੇ ਸਮਾਜ ਦੇ ਕੁਸ਼ ਨੌਰਮਜ਼ ਨੇ, ਜਿਹੜੇ ਸਮਾਜ ਦੇ ਵਡੇਰਿਆਂ ਨੇ ਬਣਾਏ ਹੋਏ ਨੇ।'

'ਸੈਕਸ ਨੂੰ ਐਡੀ ਵੱਡੀ ਤੇ ਬਹੁਤ ਵਿਸ਼ੇਸ਼ ਚੀਜ਼ ਬਣਾ ਦਿੱਤਾ ਜਾਂਦਾ ਕਿ ਨੌਜਵਾਨਾਂ ਦੀ ਖਾਸ ਕਰਕੇ ਮਰਦਾਂ ਲਈ ਇਸ ਦੀ ਕਰਿਓਸਟੀ ਬਹੁਤ ਵਧ ਜਾਂਦੀ ਜਿਹਦੇ 'ਚੋਂ ਕਰਾਈਮ ਜਨਮ ਲੈਂਦਾ। ਮਾਹਰ ਕਹਿੰਦੇ ਨੇ ਕਿ ਰੇਪ ਦਾ ਇਕ ਕਾਰਨ ਸੈਕਸ ਦੀ ਘਾਟ ਵੀ ਆ।'

'ਤੂੰ ਕਹਿਣਾ ਕੀ ਚਾਹੁੰਦੀ ਆਂ?' 'ਪਹਿਲਾਂ ਨਿਰਭਯਾ ਰੇਪ। ਫੇਰ ਦਰਾਬਾਦ 'ਚ ਡਾਕਟਰ ਰੈਡੀ ਨਾਲ ਚਾਰ ਜਣਿਆਂ ਨੇ ਰੇਪ ਕੀਤਾ, ਜਿਊਂਦੀ ਨੂੰ ਸਾੜ ਦਿੱਤਾ। ਛੋਟੀ ਬੱਚੀ ਆਸਿਫ਼ਾ ਨਾਲ ਮੰਦਰ 'ਚ ਰੇਪ ਹੋਇਆ। ਉੱਤਰ ਪ੍ਰਦੇਸ਼ ਦੇ ਉਨਾਓ 'ਚ ਤੇਈ ਸਾਲਾਂ ਦੀ ਕੁੜੀ ਨੂੰ ਅੱਗ ਲਾ ਦਿੱਤੀ। ਹੁਣ ਗੁਜਰਾਤ ਦੇ ਅਰਾਵਲੀ ਜ਼ਿਲ੍ਹੇ ਦੇ ਪਿੰਡ ਸਾਇਰਾ ਦੀ ਦਲਿਤ ਕੁੜੀ ਨੂੰ ਰੇਪ ਕਰਕੇ, ਫਾਹ ਦੇ ਕੇ ਮਾਰ ਦਿੱਤਾ। ਜਿਸ ਦਰੱਖਤ ਨਾਲ ਉਸ ਕੁੜੀ ਦੀ ਲਾਸ਼ ਲਟਕਾਈ, ਉਸ ਹੇਠ ਕੋਈ ਧਾਰਮਿਕ ਮਟੀ ਸੀ। ਤੁਹਾਡੇ ਦੇਸ਼ 'ਚ ਇਹ ਕਿਉਂ ਹੋ ਰਿਹਾ?'

ਮੈਂ ਦੋਵੇਂ ਹੱਥ ਕੰਨਾਂ 'ਤੇ ਰੱਖ ਲਏ। ਮੈਂ ਕੁਝ ਵੀ ਹੋਰ ਨਹੀਂ ਸੀ ਸੁਣਨਾ ਚਾਹੁੰਦੀ। ਮੈਂ ਇੰਨਾ ਹੀ ਕਿਹਾ, 'ਸਮਾਂਥਾ, ਮੇਰੀ ਕੰਟਰੀ ਦੀ ਬੜੀ ਖ਼ਬਰ ਰਖਦੀ ਆਂ।... ਐਦਾਂ ਤਾਂ ਮਿਲਬੌਰਨ 'ਚ ਰਾਹ ਭੁੱਲੀ ਇਕ ਇੰਡੀਅਨ ਕੁੜੀ ਦਾ ਗੋਰੇ ਨੇ ਰੇਪ ਕੀਤਾ ਸੀ।...ਮੈਂ ਐਦਾਂ ਦੀਆਂ ਖ਼ਬਰਾਂ ਘੱਟ ਪੜ੍ਹਦੀ-ਸੁਣਦੀ ਆਂ। ਪਲੀਜ਼ ਮੈਨੂੰ ਹੋਰ ਨਾ ਡਰਾ ।'

'ਸੌਰੀ ਜੈਸ, ਮੈਂ ਤਾਂ ਸਿਰਫ ਮਸਲੇ ਨੂੰ ਡਿਸਕਸ ਕਰਨਾ ਚਾਹੁੰਦੀ ਸੀ। ਮੇਰਾ ਮਤਲਬ ਤੈਨੂੰ ਹਰਟ ਕਰਨਾ ਨ੍ਹੀਂ ਸੀ।' ਕਹਿੰਦੀ ਉਹ ਆਪਣੇ ਕਮਰੇ ਵਿਚ ਚਲੇ ਗਈ।

ਸਮਾਂਥਾ ਬਹੁਤ ਸੁਹਣੀ ਕੁੜੀ ਸੀ। ਤੀਹ ਤੋਂ ਟੱਪੀ ਉਮਰ। ਕੱਕੇ-ਭੂਰੇ ਮੋਢਿਆਂ ਤੀਕ ਕੱਟੇ ਵਾਲ। ਪਤਲਾ ਜਿਹਾ ਜਿਸਮ। ਉਹਨੂੰ ਦੇਖ ਕੇ ਮੈਨੂੰ ਆਪਾ ਮੋਟਾ ਲੱਗਣ ਲੱਗਦਾ। ਰੰਗ ਇੰਨਾ ਗੋਰਾ ਕਿ ਗਲ ਰਾਹੀਂ ਜਾਂਦਾ ਪਾਣੀ ਵੀ ਦਿਸੇ। ਭਾਵੇਂ ਸਾਰੇ ਗੋਰਿਆਂ ਦਾ ਰੰਗ ਤਾਂ ਐਦਾਂ ਦਾ ਹੀ ਹੁੰਦਾ ਹੈ ਪਰ ਸਮਾਂਥਾ ਕੁਝ ਅਲੱਗ ਸੀ। ਕਦੇ ਕਦੇ ਮੈਨੂੰ ਲੱਗਦਾ ਕਿ ਸਮਾਂਥਾ ਬਹੁਤ ਉਦਾਸ ਤੇ ਇਕੱਲੀ ਹੈ। ਜਦੋਂ ਉਹ ਖੁਸ਼ ਮੂਡ ਵਿਚ ਹੁੰਦੀ ਤਾਂ ਦਗੜ-ਦਗੜ ਕਰਦੀ ਪੌੜੀਆਂ ਉਤਰਦੀ। ਮੈਂ ਅੰਦਾਜ਼ਾ ਲਾਉਂਦੀ ਕਿ ਉਹ ਡੌਮਨਿਕ ਨੂੰ ਮਿਲਣ ਜਾ ਰਹੀ ਹੋਵੇਗੀ। ਮੈਂ ਵਿੰਡੋ ਦੇ ਪਰਦੇ ਹਟਾ ਕੇ ਦੇਖਦੀ ਕਿ ਕਿਤੇ ਡੌਮਨਿਕ ਬਾਹਰ ਤਾਂ ਨਹੀਂ ਖੜਾ।

ਇਕ ਦਿਨ ਉਸ ਨੇ ਦੱਸਿਆ ਕਿ ਉਸ ਦਾ ਪਿਤਾ ਤੇ ਮਾਂ ਇਕ ਐਕਸੀਡੈਂਟ ਵਿਚ ਚੱਲ ਵਸੇ ਸੀ। ਉਦੋਂ ਉਸ ਨੇ ਹਾਲੇ ਯੂਨੀਵਰਸਿਟੀ ਛੱਡੀ ਹੀ ਸੀ। ਮਾਂਪਿਆਂ ਦੇ ਤੁਰ ਜਾਣ ਤੋਂ ਬਾਅਦ ਉਸ ਨੂੰ ਇਹ ਦੁਨੀਆ ਓਪਰੀ-ਓਪਰੀ ਲੱਗਣ ਲੱਗੀ ਸੀ। ਘਰ ਵਿਚ ਹੀ ਇਕ ਫਲੈਟ ਬਣਾ ਕੇ ਕਿਰਾਏ 'ਤੇ ਚੜ੍ਹਾਇਆ ਹੋਇਆ ਸੀ, ਜਿਸ ਦਾ ਕਿਰਾਇਆ ਆਉਂਦਾ ਸੀ। ਲੋੜ ਪੈਣ 'ਤੇ ਹੋਰ ਕਮਰੇ ਵੀ ਸਨ ਜਿਹੜੇ ਕਿਰਾਏ 'ਤੇ ਦਿੱਤੇ ਜਾ ਸਕਦੇ ਸਨ। ਹੁਣ ਵੀ ਸਮਾਂਥਾ ਨੇ ਦੋ ਕਮਰੇ ਕਿਰਾਏ 'ਤੇ ਦਿੱਤੇ ਹੋਏ ਸਨ ਜਿਨ੍ਹਾਂ ਵਿਚੋਂ ਹੇਠਲਾ ਕਮਰਾ ਮੇਰੇ ਕੋਲ ਸੀ। ਸਮਾਂਥਾ ਨੇ ਮਨ ਬਣਾਇਆ ਕਿ ਕਿਉਂ ਨਾ ਦੁਨੀਆ ਘੁੰਮ ਕੇ ਦੇਖੀ ਜਾਵੇ। ਜਦੋਂ ਉਸ ਦਾ ਮਨ ਉਚਾਟ ਹੁੰਦਾ ਤਾਂ ਆਪਣਾ ਰੱਕ ਸੈਕ ਚੁੱਕ ਕੇ ਪਿੱਠ ਨਾਲ ਲਟਕਾਉਂਦੀ ਤੇ ਕਿਸੇ ਪਾਸੇ ਨਿਕਲ ਜਾਂਦੀ। ਸੋਸ਼ਲ ਮੀਡੀਏ 'ਤੇ ਬਹੁਤ ਸਾਰੇ ਸਮਾਂਥਾ ਵਰਗੇ ਲੋਕਾਂ ਦੇ ਗਰੁੱਪ ਸਨ ਜੋ ਦੁਨੀਆ ਘੁੰਮਦੇ। ਕਈ ਵਾਰ ਸਮਾਂਥਾ ਕਿਸੇ ਗਰੁੱਪ ਨਾਲ ਵੀ ਚਲੇ ਜਾਂਦੀ ਪਰ ਉਸ ਦਾ ਕਹਿਣਾ ਸੀ ਕਿ ਜਿਹੜਾ ਇਕੱਲੇ ਦੁਨੀਆ ਦੇਖਣ ਦਾ ਮਜ਼ਾ ਹੈ, ਉਹ ਗਰੁੱਪ ਵਿਚ ਨਹੀਂ।

ਅਸੀਂ ਅਕਸਰ ਮਰਦ ਦੀ ਧੌਂਸ ਬਾਰੇ ਗੱਲਾਂ ਕਰਦੀਆਂ। ਮੈਂ ਆਪਣੇ ਸਮਾਜ ਵਿਚ ਮਰਦ ਦੀ ਮਹੱਤਤਾ ਬਾਰੇ ਦੱਸਦੀ। ਮੇਰੀ ਪ੍ਰੋਫੈਸਰ ਮਿਸਿਜ਼ ਖੰਘੂੜਾ ਕਹਿੰਦੀ ਹੁੰਦੀ ਸੀ ਕਿ ਸਾਡੇ ਸਮਾਜ ਵਿਚ ਮਰਦ ਦੀ ਸਾਨੂੰ ਹਰ ਵੇਲੇ ਲੋੜ ਰਹਿੰਦੀ ਹੈ। ਪਤੀ ਦੇ ਰੂਪ ਵਿਚ ਜਾਂ ਪਿਤਾ, ਭਰਾ ਤੇ ਪੁੱਤ ਦੇ ਰੂਪ ਵਿਚ। ਇਕੱਲੀ ਔਰਤ ਲਈ ਸਮਾਜ ਵਿਚ ਕੋਈ ਥਾਂ ਨਹੀਂ ਪਰ ਇੱਥੇ ਸਮਾਂਥਾ ਇਕੱਲੀ ਬੁੱਕਦੀ ਫਿਰਦੀ ਸੀ। ਇਕ ਦਿਨ ਮੈਨੂੰ ਕੋਈ ਗੱਲ ਯਾਦ ਆਈ। ਮੈਂ ਸੁਣਾਉਣ ਲਈ ਸਮਾਂਥਾ ਨੂੰ ਲੱਭਣ ਲੱਗੀ। ਉਹ ਬਾਥਰੂਮ 'ਚੋਂ ਨਿਕਲਦੀ ਮਿਲ ਗਈ। ਮੈਂ ਕਿਹਾ, 'ਸਮਾਂਥਾ, ਮੈਂ ਤੇਰੇ ਨਾਲ ਆਪਣੇ ਸਮਾਜ ਦਾ ਇਕ ਰਿਵਾਜ ਸਾਂਝਾ ਕਰਨਾ ਚਾਹੁੰਦੀ ਆਂ। 'ਮੈਂ ਕੱਪੜੇ ਬਦਲ ਕੇ ਆਉਨੀ ਆਂ ਉਦੋਂ ਤੀਕ ਤੂੰ ਚਾਹ ਬਣਾ। ਇੰਡੀਅਨ ਸਟਾਈਲ।'

ਉਹਦੇ ਆਉਣ ਤਾਈਂ ਮੈਂ ਚਾਹ ਬਣਾ ਲਈ। ਉਸ ਨੇ ਚਾਹ ਵਾਲਾ ਕੱਪ ਸੁੰਘਿਆ, 'ਵਾਹ, ਉਹੀ ਖੁਸ਼ਬੂ!' ਉਸ ਨੇ ਇੰਡੀਆ ਦੇ ਇੰਨੇ ਗੇੜੇ ਮਾਰੇ ਸਨ ਕਿ ਉਸ ਨੂੰ ਦੇਸੀ ਚਾਹ ਸਵਾਦ ਲੱਗਣ ਲੱਗ ਪਈ ਸੀ। ਉਹ ਜਦੋਂ ਵੀ ਮੇਰੇ ਨਾਲ ਬੈਠਦੀ ਤਾਂ ਇਸੇ ਚਾਹ ਦੀ ਫਰਮਾਇਸ਼ ਕਰਦੀ।

'ਹਾਂ ਜੈਸ, ਕੀ ਦੱਸਣਾ ਚਾਹੁੰਦੀ ਆਂ?'

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

'ਸਮਾਂਥਾ, ਸਾਡੇ ਸਮਾਜ 'ਚ ਕਈ ਵਾਰ ਜੰਮਦੇ ਮੁੰਡੇ ਦੇ ਤੜਾਗੀ ਬੰਨ੍ਹੀ ਜਾਂਦੀ ਆ।'

'ਤਰੈਗੀ ਕੀ?'

'ਇਹ ਇਕ ਡੋਰੀ ਹੁੰਦੀ ਆ ਜੋ ਮੁੰਡੇ ਦੇ ਲੱਕ ਦੁਆਲੇ ਬੰਨ੍ਹੀ ਜਾਂਦੀ ਆ। ਇਹ ਮੁੰਡੇ ਦੀ ਮਰਦਾਨਗੀ ਲਈ ਦੁਆ ਹੁੰਦੀ ਆ।'

'ਇਹਦਾ ਮਤਲਬ ਕੁੜੀ ਦੇ ਨ੍ਹੀਂ ਬੰਨ੍ਹੀ ਜਾਂਦੀ।'

'ਨ੍ਹੀਂ।'

'ਮੈਨੂੰ ਪਤਾ, ਇੰਡੀਆ 'ਚ ਸ਼ਿਵਲਿੰਗ ਦੀ ਪੂਜਾ ਬਾਰੇ ਵੀ ਕੁਸ਼ ਐਦਾਂ ਦਾ ਹੀ ਕਿਹਾ ਜਾਂਦਾ।' ਕਹਿੰਦੀ ਉਹ ਹੱਸਣ ਲੱਗੀ। ਮੈਂ ਕਿਹਾ, 'ਸਾਡਾ ਸਮਾਜ ਹੀ ਐਦਾਂ ਦਾ। 'ਨ੍ਹੀਂ, ਸਾਡਾ ਸਮਾਜ ਵੀ ਪਹਿਲਾਂ ਐਦਾਂ ਦਾ ਹੀ ਸੀ। ਵੀਹਵੀਂ ਸਦੀ ਦੇ ਸ਼ੁਰੂ ਦੀਆਂ ਤਸਵੀਰਾਂ ਦੇਖ। ਔਰਤ ਦਾ ਜਿਸਮ ਪੂਰੀ ਤਰ੍ਹਾਂ ਢਕਿਆ ਹੁੰਦਾ ਸੀ। ਸਿਰਫ ਮੂੰਹ ਹੀ ਨੰਗਾ ਰਹਿੰਦਾ। ਸਮਾਜ 'ਚ ਔਰਤ ਨੂੰ ਦੂਜੈਲੇ ਥਾਂ ਰੱਖਿਆ ਜਾਂਦਾ। ਇਹ ਤਾਂ ਯੂਰਪ ਦੀ ਔਰਤ ਨੇ ਲੜ ਕੇ ਹੱਕ ਲਏ ਆ, ਪਰ ਦੁਨੀਆ ਦੇ ਹਾਲੇ ਵੀ ਬਹੁਤ ਸਾਰੇ ਦੇਸ਼ ਹੈਗੇ, ਜਿੱਥੇ ਔਰਤ ਸਿਰਫ ਬੱਚੇ ਪੈਦਾ ਕਰਨ ਜਾਂ ਮਰਦ ਦੀ ਹਵਸ ਪੂਰਾ ਕਰਨ ਦਾ ਸਾਧਨ ਮੰਨੀ ਜਾਂਦੀ ਆ।'

ਗੱਲਾਂ ਕਰਦੀ-ਕਰਦੀ ਸਮਾਂਥਾ ਕਈ ਵਾਰ ਬਹੁਤ ਨੰਗੀਆਂ ਗੱਲਾਂ ਕਰ ਜਾਂਦੀ। ਮੈਨੂੰ ਸੰਗ ਲਗਣ ਲੱਗਦੀ। ਇਕ ਦਿਨ ਬੋਲੀ, 'ਜੈਸ, ਤੂੰ ਆਪਣੀ ਲਵ-ਲਾਈਫ ਬਾਰੇ ਕਦੇ ਕੁਸ਼ ਨ੍ਹੀਂ ਦੱਸਿਆ। ਤੇਰਾ ਕੋਈ ਬੁਆਏ ਫਰੈਂਡ ਵੀ ਨ੍ਹੀਂ ਦੇਖਿਆ। ਕੀ ਤੇਰੇ ਨਾਲ ਮੁੰਡੇ ਨ੍ਹੀਂ ਪੜ੍ਹਦੇ ਜਾਂ ਉਹ ਤੈਨੂੰ ਅਪਰੋਚ ਨ੍ਹੀਂ ਕਰਦੇ?'

'ਬਹੁਤ ਮੁੰਡੇ ਪੜ੍ਹਦੇ ਆ ਤੇ ਅਪਰੋਚ ਵੀ ਕਰਦੇ ਆ, ਪਰ ਮੈਂ ਬੁਆਏ ਫਰੈਂਡਾਂ ਦੇ ਚੱਕਰਾਂ 'ਚ ਨ੍ਹੀਂ ਪੈਂਦੀ।'

'ਕਿਉਂ? ਤੈਨੂੰ ਕੋਈ ਮੁੰਡਾ ਚੰਗਾ ਨ੍ਹੀਂ ਲੱਗਦਾ?'

'ਇਹ ਗੱਲ ਨ੍ਹੀਂ। ਮੈਂ ਆਪਣੀ ਮਾਂ ਨਾਲ ਵਾਅਦਾ ਕੀਤਾ ਕਿ ਮੈਂ ਪਹਿਲਾਂ ਆਪਣੀ ਪੜ੍ਹਾਈ ਪੂਰੀ ਕਰਾਂਗੀ। ਫੇਰ ਕਿਸੇ ਹੋਰ ਗੱਲ ਬਾਰੇ ਸੋਚਾਂਗੀ।'

'ਕਿਸੇ ਮੁੰਡੇ ਨਾਲ ਰਿਸ਼ਤਾ ਬਣਾਉਣ ਨੂੰ ਤੂੰ ਗਲਤ ਕਹਿੰਦੀ ਆਂ? ਇਹ ਤਾਂ ਤੂੰ ਆਪਣੇ ਅੰਦਰਲੀ ਔਰਤ ਨਾਲ ਜ਼ਿਆਦਤੀ ਕਰ ਰਹੀ ਆਂ। ਮਰਦ-ਔਰਤ ਦਾ ਰਿਸ਼ਤਾ ਦੋਨ੍ਹਾਂ ਪਾਸਿਆਂ ਦਾ ਹੁੰਦਾ। ਮਰਦ ਨੂੰ ਔਰਤ ਦੀ ਲੋੜ ਹੁੰਦੀ ਆ। ਔਰਤ ਨੂੰ ਮਰਦ ਦੀ।'

'ਸਾਡੇ ਸਮਾਜ 'ਚ ਐਦਾਂ ਨ੍ਹੀਂ ਚਲਦਾ।'

'ਇਹਦਾ ਮਤਲਬ ਤੂੰ ਵਾਪਸ ਇੰਡੀਆ ਜਾਣਾ।'

'ਨ੍ਹੀਂ, ਮੈਂ ਤਾਂ ਹਰ ਹਾਲਤ 'ਚ ਪੀ. ਆਰ. ਲੈਣਾ। ਇਥੇ ਹੀ ਸੈਟਲ ਹੋਣਾ।'

***

ਇਕ ਦਿਨ ਸਮਾਂਥਾ ਬਾਹਰੋਂ ਆਈ। ਮੇਰੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਦੇਖ ਅੰਦਰ ਆ ਗਈ, 'ਜੈਸ, ਬੀਜ਼ੀ ਲੱਗਦੀ ਆਂ?'

'ਨ੍ਹੀਂ, ਰਿਵੀਜ਼ਨ ਕਰਦੀ ਆਂ। ਆ ਬੈਠ।'

'ਚਾਹ ਪੀਣ ਨੂੰ ਦਿਲ ਕਰਦੈ।'

'ਸਮਾਂਥਾ, ਦੁੱਧ ਹੈ ਨ੍ਹੀਂ। ਰਾਤੀਂ ਹਨੇਰਾ ਬਹੁਤ ਸੀ। ਬਾਹਰ ਜਾਣ ਤੋਂ ਡਰ ਲੱਗਾ।'

'ਡਰ ਕਿਉਂ?' 'ਪਤਾ ਨ੍ਹੀਂ ਕਿਹੜੇ ਮੋੜ 'ਤੇ ਕੋਈ ਸਿਰਫਿਰਿਆ ਬੈਠਾ ਹੋਵੇ।'

'ਮੈਂ ਨੋਟ ਕੀਤੈ ਕਿ ਤੂੰ ਚੰਗੇ ਮੌਸਮ 'ਚ ਵੀ ਬਾਹਰ ਘੁੰਮਣ ਨ੍ਹੀਂ ਨਿਕਲਦੀ।'

'ਹਾਂ ਸਮਾਂਥਾ, ਮੈਨੂੰ ਬਹੁਤ ਡਰ ਲੱਗਦਾ। ਮੇਰੀ ਇਕ ਕਲਾਸਮੇਟ ਨੇ ਦਸਿਆ ਕਿ ਪੰਜ-ਸਤ ਮੁੰਡਿਆਂ ਨੇ ਇਕ ਇਲਲੀਗਲ ਕੁੜੀ ਨੂੰ ਘੇਰ ਰਖਿਆ ਸੀ। ਇਕ ਪੰਜਾਬੀ ਬਜ਼ੁਰਗ ਨੇ ਉਸ ਨੂੰ ਛੁਡਾਇਆ। ਜੇ ਉਹ ਨਾ ਆਉਂਦਾ ਤਾਂ ਉਸ ਵਿਚਾਰੀ ਨਾਲ ਪਤਾ ਨ੍ਹੀਂ ਕੀ ਬੀਤਣਾ ਸੀ।' ਮੈਂ ਉਸ ਨੂੰ ਉਸ ਦ੍ਰਿਸ਼ ਬਾਰੇ ਕੁਝ ਨਹੀਂ ਦੱਸਿਆ, ਜਿਸ ਵਿਚ ਮਾਮਾ ਦੇਬੀ ਭੂਆ ਰਾਣੋ ਨਾਲ ਜ਼ਬਰਦਸਤੀ ਕਰਦਾ ਦਿਸਦਾ।

'ਅੰਦਰ ਬੈਠ ਕੇ ਐਦਾਂ ਦੀਆਂ ਗੱਲਾਂ ਸੋਚੀ ਜਾਣਾ ਤੇਰਾ ਡਰ ਵਧਾ ਰਿਹਾ। ਇਹ ਡਰ ਹੈ ਹੀ ਨਿਰਮੂਲ। ਰੇਪ ਹੁੰਦੇ ਨੇ। ਜਦੋਂ ਦੀ ਇਹ ਦੁਨੀਆ ਬਣੀ ਆ। ਮਰਦ ਦੀ ਹਰ ਵਧੀਕੀ ਦਾ ਸ਼ਿਕਾਰ ਔਰਤ ਹੀ ਬਣਦੀ ਰਹੀ। ਜਦੋਂ ਵੀ ਲੜਾਈ ਲੱਗਦੀ ਆ ਉਦੋਂ ਵੀ ਔਰਤ ਨਾਲ ਜਬਰਦਸਤੀ ਹੁੰਦੀ ਆ। ਅਰਬ ਦੀਆਂ ਮੰਡੀਆਂ 'ਚ ਏਸ਼ੀਅਨ ਔਰਤ ਕਈ ਸਦੀਆਂ ਤਾਈਂ ਵਿਕਦੀ ਰਹੀ ਆ। ਇਹਦੇ ਬਾਰੇ ਤੈਨੂੰ ਕਿਸੇ ਦਿਨ ਦੱਸਾਂਗੀ।'

ਮੈਂ ਨੋਟ ਕੀਤਾ ਕਿ ਸਮਾਂਥਾ ਮੇਰਾ ਬਹੁਤਾ ਧਿਆਨ ਰੱਖਣ ਲੱਗ ਪਈ ਸੀ। ਉਹ ਸੋਚਦੀ ਕਿ ਮੈਂ ਇਕ ਖੋਲ ਜਿਹੇ ਵਿਚ ਰਹਿ ਰਹੀ ਹਾਂ, ਉਸ ਵਿਚੋਂ ਬਾਹਰ ਨਿਕਲਾਂ।

***

'ਜੈਸ ਸੌਂ ਗਈਂ?' ਉਸ ਨੇ ਮੇਰੇ ਸਜੇ ਪਾਸੇ ਚਾਹ ਦੇ ਕਪ ਹੇਠਾਂ ਰਖ ਕੇ ਪੁਛਿਆ। ਮੈਂ ਹੜਬੜਾ ਕੇ ਉੱਠੀ ਜਿਦਾਂ ਗਲਤ ਥਾਂ 'ਤੇ ਬੇਮੌਕਾ ਸੌਂ ਗਈ ਹੋਵਾਂ।

'ਮੈਨੂੰ ਪਤਾ-ਤੈਨੂੰ ਚਾਹ ਦੀ ਲੋੜ ਆ। ਇਸੇ ਲਈ ਬਣਾ ਲਿਆਈਂ।' ਉਸ ਨੇ ਮੋਹ ਭਰੀਆਂ ਨਜ਼ਰਾਂ ਨਾਲ ਦੇਖਿਆ।

ਮੈਂ ਚਾਹ ਲਈ ਉਸ ਦਾ ਥੈਂਕਸ ਕੀਤਾ। ਉਸ ਪੁਛਿਆ, 'ਅਜ ਦੀ ਸ਼ਾਮ ਤੂੰ ਵਿਹਲੀ ਆਂ?'

'ਯੈਹ।'

'ਮੈਂ ਤੇਰਾ ਡਰ ਡੌਮਨਿਕ ਨਾਲ ਡਿਸਕਸ ਕੀਤਾ ਸੀ। ਉਸ ਕਿਹਾ ਕਿ ਸਾਨੂੰ ਤੇਰਾ ਡਰ ਦੂਰ ਕਰਨਾ ਚਾਹੀਦਾ।'

'ਮੈਂ ਇੰਨਾ ਵੀ ਨ੍ਹੀਂ ਡਰਦੀ ਜਿੰਨਾ ਤੂੰ ਸੋਚ ਰਹੀ ਆਂ।' ਮੈਂ ਉਸ ਸਾਹਮਣੇ ਕਮਜ਼ੋਰ ਨਹੀਂ ਹੋਣਾ ਚਾਹੁੰਦੀ।

'ਜਿੰਨਾ ਕੋਈ ਡਰਦਾ ਆ, ਦੁਨੀਆ ਉਸ ਨੂੰ ਹੋਰ ਡਰਾਉਂਦੀ ਆ।'

'ਇਹ ਗਲ ਮੇਰੇ ਨਾਨਾ ਜੀ ਵੀ ਕਹਿੰਦੇ ਹੁੰਦੇ।'

ਮੇਰੇ ਨਾਲ ਪੜ੍ਹਦੀਆਂ ਕੁੜੀਆਂ ਪੱਬਾਂ-ਕਲੱਬਾਂ ਵਿਚ ਜਾਂਦੀਆਂ ਪਰ ਉਹ ਇਕੱਲੀਆਂ ਨਹੀਂ ਸਨ ਜਾਂਦੀਆਂ। ਮੇਰੇ ਨਾਲ ਦੀਆਂ ਬਹੁਤੀਆਂ ਕੁੜੀਆਂ ਨੇ ਬੁਆਏ ਫਰੈਂਡ ਰੱਖੇ ਹੋਏ ਸਨ। ਕਹਿੰਦੀਆਂ ਕਿ ਐਦਾਂ ਸੇਫਟੀ ਰਹਿੰਦੀ ਹੈ। ਸਮਾਂਥਾ ਨੇ ਪੱਬ ਜਾਣ ਦੀ ਗੱਲ ਕੀਤੀ ਤਾਂ ਮੇਰੇ ਅੰਦਰ ਉਤਸੁਕਤਾ ਜਾਗ ਪਈ। ਪੱਬਾਂ ਦਾ ਇੰਨਾ ਜ਼ਿਕਰ ਹੁੰਦਾ ਸੀ ਕਿ ਮੈਂ ਦੇਖਣਾ ਚਾਹੁੰਦੀ ਸੀ ਕਿ ਆਖਰ ਪੱਬ ਹੁੰਦਾ ਕੀ ਹੈ। ਮੈਂ ਪੁੱਛਿਆ, 'ਆਪਣੇ ਨਾਲ ਹੋਰ ਕੌਣ ਹੋਊਗਾ।'

'ਕੋਈ ਵੀ ਨ੍ਹੀਂ। ਜੇ ਤੂੰ ਚਾਹੇ ਤਾਂ ਡੌਮਨਿਕ ਨੂੰ ਬੁਲਾ ਲਵਾਂ।'

'ਫੇਰ ਮੈਂ ਕਬਾਬ 'ਚ ਹਡੀ ਕਿਉਂ ਬਣਾਂ।'

'ਤੈਨੂੰ ਇਥੇ ਆਇਆਂ ਕਿੰਨਾ ਚਿਰ ਹੋ ਗਿਆ?'

'ਨੀਅਰ ਅਬਾਊਟ ਟੂ ਯੀਅਰਜ਼।'

'ਤੈਨੂੰ ਕਿਸੇ ਨੇ ਕਦੇ ਪ੍ਰਪੋਜ਼ ਨ੍ਹੀਂ ਕੀਤਾ?'

'ਕਈਆਂ ਨੇ ਕੀਤਾ।'

'ਫੇਰ ਤੇਰਾ ਕੀ ਰੀਐਕਸ਼ਨ ਰਿਹਾ?'

'ਨੋ...।'

'ਤੂੰ ਡਰਦੀ ਮਾਰੀ ਨੇ ਆਪਣੀ ਜਵਾਨੀ ਦੇ ਦਿਨ ਵੇਸਟ ਕਰ ਲੈਣੇ।'

ਮੈਂ ਉਸ ਦੀ ਗਲ ਦਾ ਹੁੰਗਾਰਾ ਨਾ ਭਰਿਆ।

'ਤੂੰ ਕਦੇ ਵਾਈਨ ਪੀਤੀ ਆ?' ਉਸ ਪੁਛਿਆ।

'ਸ਼ਰਾਬ-ਤੌਬਾ ਮੇਰੇ ਬਾਪ ਦੀ, 'ਮੇਰੇ ਜਿਸਮ ਨੇ ਧੁੰਨਧੁੰਨੀ ਲਈ।

'ਕਮਲੀਏ ਕੁੜੀਏ-ਇਹ ਸ਼ਰਾਬ ਨ੍ਹੀਂ ਹੁੰਦੀ। ਇਹ ਤਾਂ ਔਰਤਾਂ ਲਈ ਹੀ ਬਣੀ ਆ ਸਮਝ ਲੈ।'

'ਪਰ ਸ਼ਰਾਬੀ...।'

ਮੇਰੀ ਗੱਲ ਸੁਣ ਕੇ ਉਹ ਹੱਸਣ ਲੱਗੀ, 'ਇਹ ਇੰਗਲੈਂਡ ਆ। ਇੱਥੇ ਐਨੀ ਬੁਰੀ ਸਥਿਤੀ ਨ੍ਹੀਂ। ਕੋਈ ਸ਼ਰਾਬੀ ਤੰਗ ਕਰੇ ਵੀ ਤਾਂ ਸਕਿਉਰਟੀ ਹੁੰਦੀ ਆ। ਤੂੰ ਤਿਆਰ ਰਹੀਂ। ਸ਼ਾਮ ਨੂੰ ਅੱਠ ਕੁ ਵਜੇ ਚੱਲਾਂਗੀਆਂ।'

'ਪਰ ਮੈਂ ਸਿਰਫ ਜੂਸ ਪੀਵਾਂਗੀ।'

ਸਮਾਂਥਾ ਹੱਸਣ ਲੱਗੀ। ਮੈਂ ਫੇਰ ਪੁੱਛਿਆ, 'ਕਿਥੇ ਜਾਵਾਂਗੀਆਂ?'

'ਹੇਅਰ ਐਂਡ ਹਾਊਂਡ ਨਾਮੀ ਪੱਬ ਆ। ਬੈੱਲ ਟਾਵਰ ਕੋਲ। ਵਧੀਆ ਮਹੌਲ ਵਾਲਾ।'

ਉੱਥੇ ਕੁ ਤਾਂ ਮੈਂ ਇਕ ਲੌਂਡਰੀ ਵਿਚ ਕੰਮ ਕੀਤਾ ਸੀ। ਸਾਡੇ ਘਰੋਂ ਦੋ ਕੁ ਮੀਲ ਹੋਵੇਗੀ। ਬੱਸਾਂ ਦੋ ਬਦਲਣੀਆਂ ਪੈਂਦੀਆਂ ਸਨ।

ਅਸੀਂ ਅੱਠ ਵਜੇ ਤੋਂ ਕੁਝ ਬਾਅਦ ਹੀ ਘਰੋਂ ਤੁਰੀਆਂ। ਬਾਹਰ ਨਿਕਲੀਆਂ ਤਾਂ ਹਨੇਰਾ ਫੈਲਿਆ ਹੋਇਆ ਸੀ। ਬਹੁਤੀ ਠੰਢ ਤਾਂ ਨਹੀਂ ਸੀ ਪਰ ਮੈਂ ਜ਼ਰਾ ਭਾਰੇ ਕਪੜੇ ਹੀ ਪਾ ਲਏ ਸਨ। ਇੰਗਲੈਂਡ ਦੇ ਮੌਸਮ ਦਾ ਕੁਝ ਪਤਾ ਨਹੀਂ ਹੁੰਦਾ। ਘਰੋਂ ਨਿਕਲ ਕੇ ਮੇਨ ਰੋਡ 'ਤੇ ਬੱਸ ਸਟਾਪ ਸੀ। ਪਰ ਸਮਾਂਥਾ ਬੱਸ ਸਟਾਪ 'ਤੇ ਨਾ ਰੁਕੀ। ਖੱਬੇ ਪਾਸੇ ਪੈਂਦੇ ਇਕ ਪਾਰਕ ਵਿਚ ਜਾ ਵੜੀ। ਉਹਦੇ ਮਗਰੇ ਹੀ ਮੈਂ। ਇਸ ਪਾਰਕ ਵਿਚ ਤਾਂ ਡਰਦੀ ਹੋਈ ਮੈਂ ਦਿਨੇ ਵੀ ਨਹੀਂ ਸੀ ਆਉਂਦੀ। ਰਾਤ ਵੇਲੇ ਪਾਰਕ ਹੋਰ ਵੀ ਡਰਾਉਣਾ ਲੱਗ ਰਿਹਾ ਸੀ। ਸਮਾਂਥਾ ਹੱਸਦੀ ਹੋਈ ਕੋਈ ਗੱਲ ਸੁਣਾ ਰਹੀ ਸੀ। ਅੱਗੇ ਆ ਕੇ ਨਹਿਰ ਦਾ ਪੁਲ ਲੰਘ ਕੇ ਝਾੜੀਆਂ ਬਹੁਤ ਡਰਾਉਣੀਆਂ ਦਿਸਣ ਲੱਗੀਆਂ ਸਨ। ਛੋਟੇ ਛੋਟੇ ਦਰੱਖਤ ਜਿੱਦਾਂ ਭੂਤ ਖੜੇ ਹੋਣ। ਮੇਰੇ ਕੋਲੋਂ ਆਪਣੇ ਆਪ ਨੂੰ ਰੋਕ ਨਾ ਹੋਇਆ, 'ਸਮਾਂਥਾ, ਆਏ 'ਮ ਰੀਅਲੀ ਸਕੇਅਰਡ! ..ਜੇ ਕੋਈ ਸਾਨੂੰ ਇਨ੍ਹਾਂ ਝਾੜੀਆਂ 'ਚ..?'

'ਡੌਂਟ ਬੀ ਸਿੱਲੀ।' ਜਦੋਂ ਤਾਈਂ ਅਸੀਂ ਮੁੜ ਸੜਕ 'ਤੇ ਨਾ ਚੜ੍ਹ ਆਈਆਂ ਮੇਰਾ ਡਰ ਉਦਾਂ ਹੀ ਬਣਿਆ ਰਿਹਾ।

ਪੱਬ ਵਿਚ ਆ ਕੇ ਮੇਰੇ ਸਾਹ ਵਿਚ ਸਾਹ ਆਇਆ। ਸਮਾਂਥਾ ਨੇ ਰੋਜ਼ ਵਾਈਨ ਦੇ ਦੋ ਗਲਾਸ ਭਰਾ ਲਏ। ਅਸੀਂ ਖੂੰਜੇ ਦਾ ਇਕ ਮੇਜ਼ ਮੱਲ ਲਿਆ। ਪੱਬ ਦੇ ਐਲ ਸੀ ਡੀ 'ਤੇ ਸੌਕਰ ਦਾ ਮੈਚ ਚੱਲ ਰਿਹਾ ਸੀ। ਪੱਬ ਵਿਚਲੇ ਬਹੁਤੇ ਲੋਕ ਮੈਚ ਦੇਖ ਰਹੇ ਸਨ। ਸਮਾਂਥਾ ਨੇ ਆਪਣਾ ਗਲਾਸ ਚੁੱਕ ਕੇ 'ਚੀਅਰਜ਼' ਕੀਤਾ। ਕਿਹਾ, 'ਇਸ ਨਵੀਂ ਸ਼ੁਰੂਆਤ ਦੇ ਨਾਂ।' ਫੇਰ ਆਪਣਾ ਗਲਾਸ ਮੇਰੇ ਗਲਾਸ ਨਾਲ ਭੜਾਇਆ। ਰੋਅਬਦਾਰ ਆਵਾਜ਼ ਵਿਚ ਕਿਹਾ, 'ਹੈਵ ਏ ਸਿੱਪ।'

ਮੈਂ ਵਾਈਨ ਨਹੀਂ ਸੀ ਪੀਣੀ ਚਾਹੁੰਦੀ। ਉਸ ਨੂੰ ਕਈ ਵਾਰ ਜੂਸ ਲਈ ਕਿਹਾ ਵੀ ਸੀ ਪਰ ਉਸ ਨੇ ਮੇਰੀ ਗਲ ਵਲ ਧਿਆਨ ਹੀ ਨਾ ਦਿਤਾ। ਉਹ ਇਹ ਫੈਸਲਾ ਘਰੋਂ ਹੀ ਕਰ ਕੇ ਆਈ ਸੀ।

'ਚੁਕ ਲੈ ਜ਼ਹਿਰ ਨ੍ਹੀਂ।' ਉਸ ਨੇ ਰੋਹਬਦਾਰ ਆਵਾਜ਼ ਵਿਚ ਕਿਹਾ।

ਉਸ ਦੇ ਕਹਿਣ 'ਤੇ ਮੈਂ ਵਾਈਨ ਦਾ ਛੋਟਾ ਜਿਹਾ ਘੁੱਟ ਭਰ ਲਿਆ। ਜਿਦਾਂ ਤਿੱਖਾ ਜਿਹਾ ਸੋਢਾ ਹੁੰਦਾ ਹੈ, ਉੱਦਾਂ ਦਾ ਹੀ ਲਗਾ। ਮੈਂ ਦੋ ਕੁ ਹੋਰ ਘੁੱਟ ਭਰੇ। ਸਿਰ ਵਿਚ ਇਕ ਪਲ ਲਈ ਭਾਰਾਪਨ ਆਇਆ, ਫੇਰ ਠੀਕ ਹੋ ਗਿਆ।

'ਜੈਸ, ਮੈਂ ਜਾਣ-ਬੁਝ ਕੇ ਤੈਨੂੰ ਇਸ ਰਾਹ ਲੈ ਕੇ ਆਈ ਆਂ। ਤੇਰਾ ਡਰ ਲਾਹੁਣ ਲਈ। ਸਾਡੇ ਮੁਲਕ 'ਚ ਹੋਰਨਾਂ ਮੁਲਕਾਂ ਜਿਹਾ ਖਤਰਾ ਨ੍ਹੀਂ। ਰੇਪ ਦਾ ਦਹਿਲ ਹੈ ਹੀ ਅਜਿਹਾ ਕਿ ਹਰ ਔਰਤ ਇਸ ਤੋਂ ਖੌਫ ਖਾਂਦੀ ਆ। ਮਰਦ ਚਾਹੇ ਉਹ ਅਫਰੀਕਾ ਦਾ ਹੋਵੇ, ਏਸ਼ੀਆ ਦਾ ਜਾਂ ਯੂਰਪ ਦਾ। ਪਰ ਸੱਚ ਇਹ ਵੀ ਆ ਕਿ ਇਹ ਸੁਸਾਇਟੀ ਸਾਨੂੰ ਓਨਾ ਹੀ ਹੋਰ ਡਰਾਈ ਜਾਂਦੀ ਆ ਜਿੰਨਾ ਅਸੀਂ ਡਰਦੇ ਆਂ। ਨ੍ਹੀਂ ਤਾਂ ਕਿਸੇ ਦੀ ਕੀ ਮਜ਼ਾਲ ਕਿ ਔਰਤ ਨੂੰ ਉਸ ਦੀ ਮਰਜ਼ੀ ਖਿਲਾਫ ਕੋਈ ਹੱਥ ਵੀ ਲਾ ਜਾਵੇ।'

ਮੈਂ ਸਮਾਂਥਾ ਵੱਲ ਦੇਖ ਰਹੀ ਸੀ। ਉਸ ਦੇ ਮੋਢਿਆਂ ਤਾਈਂ ਕੱਕੇ-ਭੂਰੇ ਵਾਲ ਉਸ ਦੇ ਗੱਲ ਕਰਨ ਦੇ ਨਾਲ ਨਾਲ ਹਿੱਲ ਰਹੇ ਸਨ। ਉਹ ਬਹੁਤ ਪਿਆਰੀ ਲੱਗ ਰਹੀ ਸੀ। ਭਾਵੇਂ ਉਹ ਗੋਰੀ ਸੀ ਪਰ ਜਿੱਦਾਂ ਮੇਰੀ ਵੱਡੀ ਭੈਣ ਹੋਵੇ। ਮੈਂ ਸੁਣਿਆਂ ਸੀ ਕਿ ਗੋਰੇ ਸਾਡੇ ਲੋਕਾਂ ਨਾਲ ਬਹੁਤਾ ਨਹੀਂ ਘੁਲ਼ਦੇ ਪਰ ਸਮਾਂਥਾ ਵੱਖਰੀ ਕਿਸਮ ਦੀ ਕੁੜੀ ਸੀ। ਉਹ ਮੈਨੂੰ ਅਟਵਾਲ ਦੇ ਸਟੋਰ 'ਤੇ ਮਿਲੀ ਸੀ। ਕਈ ਵਾਰ। ਆਪਣੀ ਕਿਚਨ ਲਈ ਸਾਮਾਨ ਲੈਣ ਆਈ। ਮੈਂ ਉਸ ਨੂੰ ਕਮਰੇ ਬਾਰੇ ਪੁਛਿਆ ਤਾਂ ਉਸ ਕਿਹਾ ਸੀ, 'ਮੈਂ ਕਦੇ ਕਿਸੇ ਏਸ਼ੀਅਨ ਨੂੰ ਆਪਣਾ ਰੂਮ ਕਿਰਾਏ 'ਤੇ ਨ੍ਹੀਂ ਦਿਤਾ, ਤੇਰੀ ਭੋਲੀ ਜਿਹੀ ਸੂਰਤ ਦੇਖ ਕੇ ਹਾਂ ਕਰ ਰਹੀ ਆਂ। ਜਦੋਂ ਮਰਜ਼ੀ ਆ ਜਾਈਂ। ਆ ਕੇ ਦੇਖ ਲਈਂ। ਜੇ ਪਸੰਦ ਆਇਆ ਤਾਂ ਮੂਵ ਕਰ ਜਾਈਂ।' ਉਹ ਇਕ-ਇਕ ਗਲਾਸ ਵਾਈਨ ਦਾ ਹੋਰ ਭਰਾ ਲਿਆਈ। ਮੇਰੇ ਤਾਂ ਅੱਧੇ ਨਾਲੋਂ ਜ਼ਿਆਦਾ ਪਿਆ ਸੀ। ਮੈਂ ਜਾ ਕੇ ਲੀਚੀਆਂ ਦੇ ਜੂਸ ਦਾ ਗਲਾਸ ਲੈ ਆਈ।

'ਸਮਾਂਥਾ, ਤੂੰ ਐਨੇ ਦੇਸ਼ਾਂ 'ਚ ਘੁੰਮੀ ਆਂ। ਤੇਰੇ 'ਚ ਏਨੀ ਹਿੰਮਤ ਕਿਥੋਂ ਆਉਂਦੀ?'

'ਇਹ ਮੇਰੇ ਅੰਦਰ ਹੀ ਆ।'

'ਮਾੜੇ ਬੰਦਿਆਂ ਨਾਲ ਵਾਹ ਨ੍ਹੀਂ ਪਿਆ ਕਦੇ?'

'ਬਹੁਤ ਪਿਆ ਪਰ ਕਾਬੂ ਕਰ ਲਿਆ। ਬੰਦਾ ਬੱਚੇ ਵਾਂਗ ਹੁੰਦਾ। ਉਹਨੂੰ ਇਕੋ ਖਿਡਾਉਣਾ ਚਾਹੀਦਾ।...ਸਾਰੇ ਬੰਦੇ ਮਾੜੇ ਵੀ ਨ੍ਹੀਂ ਹੁੰਦੇ। ਜਦੋਂ ਅਸੀਂ ਘੁੰਮਦੇ-ਫਿਰਦੇ ਆਂ, ਉਦੋਂ ਬੜਾ ਸਿਖਦੇ ਆਂ। ਘਰ ਬੈਠਿਆਂ ਜਾਂ ਕੰਮ ਤੋਂ ਅਜਿਹਾ ਕੁਸ਼ ਨ੍ਹੀਂ ਸਿਖਣ ਨੂੰ ਮਿਲਦਾ ਜਿਹੋ-ਜਿਹਾ ਦੂਜੇ ਕੰਟਰੀਆਂ 'ਚ ਜਾ ਕੇ ਮਿਲਦਾ। ਮੈਨੂੰ ਜ਼ਿਆਦਾ ਚੰਗੇ ਹੀ ਬੰਦੇ ਮਿਲੇ। ਦੋ-ਚਹੁੰਆਂ ਨੂੰ ਛਡ ਕੇ। ਇਕ ਵਾਰੀ ਮੈਂ ਇਥੋਂ ਗਏ ਇਕ ਗਰੁੱਪ ਨਾਲ ਹਿਮਾਚਲ ਪਰਦੇਸ਼ ਚਲੇ ਗਈ। ਮੈਂ ਕੁਸ਼ ਦਿਨਾਂ 'ਚ ਪਹਾੜੀ ਥਾਂ ਦੇਖ ਲਏ। ਸਾਰੇ ਇਕੋ-ਜਿਹੇ ਲਗੇ। ਮੇਰੇ ਗਰੁੱਪ ਦੇ ਬਹੁਤੇ ਲੋਕ ਮੁਫਤ ਦੀ ਕੈਨਵਿਸ ਕਾਰਨ ਉੱਥੇ ਗਏ ਸਨ। ਮੈਂ ਆਪਣੇ ਸਾਥੀਆਂ ਨੂੰ ਛੱਡ ਕੇ ਦਿੱਲੀ ਜਾਣ ਦਾ ਫੈਸਲਾ ਕਰ ਲਿਆ। ਬੱਸ ਰਾਹ 'ਚ ਖਰਾਬ ਹੋ ਗਈ। ਹੁਣ ਦਿੱਲੀ ਕਿੱਦਾਂ ਜਾਇਆ ਜਾਵੇ? ਮੈਂ ਇਕ ਕਾਰ ਨੂੰ ਹੱਥ ਦਿੱਤਾ। ਬਾਈ ਕੁ ਸਾਲ ਦਾ ਮੁੰਡਾ ਸੀ। ਉਹ ਚੰਡੀਗੜ੍ਹ ਜਾ ਰਿਹਾ ਸੀ। ਮੈਂ ਸੋਚਿਆ ਕਿ ਉੱਥੇ ਤੀਕ ਹੀ ਸਹੀ। ਰੋਹਿਤ ਗੋਗਨਾ ਨਾਂ ਸੀ ਉਹਦਾ। ਦਸ-ਬਾਰ੍ਹਾਂ ਮੀਲਾਂ ਦੇ ਸਫ਼ਰ ਮਗਰੋਂ ਹੀ ਮੈਂ ਜਾਣ ਲਿਆ ਕਿ ਉਹ ਬਹੁਤ ਇੰਟਲੈਕਚੁਅਲ ਆ। ਉਸ ਨੇ ਨਵੀਂ-ਨਵੀਂ ਇੰਗਲਿਸ਼ ਲਿਟਰੇਚਰ ਦੀ ਮਾਸਟਰ ਡਿਗਰੀ ਕੀਤੀ ਸੀ। ਉਸ ਨੇ ਜੌਹਨ ਕੀਟਸ ਤੇ ਪੀ. ਬੀ. ਸ਼ੈਲੇ ਬਾਰੇ ਕਾਫੀ ਗੱਲਾਂ ਕੀਤੀਆਂ। ਚੰਡੀਗੜ੍ਹ ਆ ਕੇ ਉਸ ਪੁੱਛਿਆ, 'ਜੇ ਤੁਸੀਂ ਪਿੰਡ ਦੇਖਣਾ ਚਾਹੁੰਦੇ ਹੋ ਤਾਂ ਮੈਂ ਆਪਣਾ ਪਿੰਡ ਦਿਖਾ ਸਕਦਾਂ।' ਕੀ ਕਹਿੰਦੇ ਹੁੰਦੇ ਤੁਸੀਂ ਇੰਡੀਅਨ-ਅੰਨ੍ਹਾ ਕੀ ਮੰਗੂ ਦੋ ਅਖਾਂ। ਚੰਡੀਗੜ੍ਹੋਂ ਵੀਹ ਕੁ ਮੀਲਾਂ 'ਤੇ ਉਸ ਦਾ ਰਾਜੋ ਮਾਜਰਾ ਪਿੰਡ ਆ ਗਿਆ। ਸ਼ਾਮ ਦਾ ਵੇਲਾ ਸੀ। ਉਨ੍ਹਾਂ ਦੀ ਕੋਠੀ ਮੋਹਰੇ ਉਸ ਦੇ ਡੈਡ ਦੀ ਗੋਲਡ ਦੀ ਦੁਕਾਨ ਸੀ। ਡੈਡ ਪਿੰਡ ਦਾ ਸਰਪੰਚ ਸੀ। ਬੜੇ ਨਿਘ ਨਾਲ ਮਿਲਿਆ। ਰਾਤ ਨੂੰ ਉਸ ਬੋਤਲ ਖੋਲ੍ਹ ਲਈ। ਮੁੜ ਇੰਗਲਿਸ਼ ਲਿਟਰੇਚਰ ਦੀਆਂ ਗਲਾਂ ਤੋਰ ਲਈਆਂ। ਉਹ ਜੌਹਨ ਮਿਲਟਨ ਦੇ ਐਪਿਕ 'ਦੀ ਪੈਰਾਡਾਇਸ ਲੌਸਟ' ਦਾ ਫੈਨ ਸੀ। ਮੈਨੂੰ ਐਡਮ ਤੇ ਈਵ ਬਾਰੇ ਤਾਂ ਪਤਾ ਸੀ ਪਰ ਐਪਿਕ ਦੀ ਥੀਮ ਬਾਰੇ ਨ੍ਹੀਂ। ਲੋਰ 'ਚ ਆ ਕੇ ਉਹ ਸੈਟਨ ਦੀਆਂ ਲਾਇਨਸ ਗੁਣਾਉਣ ਲਗਾ: ਬੈਟਰ ਟੂ ਰੇਨ ਇਨ ਹਿਲ ਥੈਨ ਸਰਵ ਇਨ ਵਨ। ਮੈਂ ਕਿਹਾ, 'ਇਸ ਐਪਿਕ ਦੀਆਂ ਹੋਰ ਵੀ ਲਾਇਨਸ ਪਾਪੂਲਰ ਨੇ।' 'ਜੀ ਹਾਂ। ਜਦੋਂ ਸ਼ੈਤਾਨ ਨੂੰ 'ਗਾਰਡਨ ਆਫ ਈਡਨ' 'ਚੋਂ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ ਤਾਂ ਉਸ ਕਿਹਾ, 'ਵੂਈ ਲੌਸਟ ਦਾ ਵਨ ਬਟ ਨੌਟ ਦੀ ਫੀਲਡ।' ਸਾਡੇ ਬੈਠਿਆਂ 'ਤੇ ਉਸ ਦੀ ਮੌਮ ਕਈ ਵਾਰ ਆਈ। ਦੋ ਕੁ ਮਿੰਟ ਬੈਠੀ ਵੀ। ਫੇਰ ਗੋਗਨੇ ਨੇ ਕਹਿ ਦਿੱਤਾ, 'ਮੰਮੀ ਤੁਸੀਂ ਜਾ ਕੇ ਸੌਂ ਜਾਓ। ਜਿਹੜੀ ਚੀਜ਼ ਦੀ ਲੋੜ ਪਈ-ਮੈਂ ਆਪੇ ਰਸੋਈ 'ਚੋਂ ਲੈ ਲਵਾਂਗਾ।' ਸਾਰੀ ਰਾਤ ਗਲਾਂ 'ਚ ਲੰਘ ਗਈ। ਪਤਾ ਉਸ ਦੀ ਮੌਮ ਨੇ ਕਿੰਨੇ ਗੇੜੇ ਮਾਰੇ। ਉਹ ਬੜੀ ਡਰੀ-ਡਰੀ ਲਗੀ। ਸਵੇਰੇ ਬਸ ਸਟੈਂਡ 'ਤੇ ਛੱਡਣ ਆਇਆ ਤਾਂ ਮੈਂ ਪੁਛਿਆ, 'ਮੇਰੇ ਵਰਗੀ ਸੁਹਣੀ ਕੁੜੀ ਨਾਲ ਸੌਣ ਨੂੰ ਤੇਰਾ ਮਨ ਨ੍ਹੀਂ ਲਲਚਾਇਆ?' ਉਸ ਨੇ ਨੀਵੀਂ ਪਾ ਕੇ ਜੁਆਬ ਦਿਤਾ, 'ਜਿਸ ਕੁੜੀ ਨੂੰ ਮੈਂ ਪਰੌਪਰ ਵੇਅ ਨਾਲ ਜਾਣਦਾ ਨਾ ਹੋਵਾਂ, ਉਸ ਨਾਲ ਕਿਦਾਂ ਸੌਂ ਸਕਦਾਂ।' ਉਸ ਦਾ ਜੁਆਬ ਸੁਣ ਕੇ ਮੈਂ ਈਮੋਸ਼ਨਲ ਹੋ ਗਈ। ਘੁਟ ਕੇ ਜਫੀ ਪਾ ਕੇ ਕਿਹਾ, 'ਆਈ ਐਮ ਪਰਾਊਡ ਆਫ ਯੂ'

'ਗੋਗਨਾ ਮੁੜ ਕੇ ਨ੍ਹੀਂ ਮਿਲਿਆ ਕਦੇ?'

'ਨ੍ਹੀਂ।'

'ਕਦੇ ਤੂੰ ਫੋਨ ਨ੍ਹੀਂ ਕੀਤਾ?'

'ਮੈਂ ਕਿਹੜੀ ਇੰਡੀਅਨ ਸੀ ਜਿਹੜੀ ਉਸ ਨਾਲ ਜੁੜ ਜਾਂਦੀ।'

ਉਹ ਮੋਢੇ ਹਿਲਾਉਂਦੀ ਰਹੀ। ਮੈਂ ਹੈਰਾਨ ਹੁੰਦੀ ਗਈ। ਉਸ ਨੇ ਫੇਰ ਕਿਹਾ, 'ਹੈਰਾਨ ਨਾ ਹੋ। ਮੇਰੇ ਵਰਗੀਆਂ ਐਡਵੈਂਚਰਸ ਔਰਤਾਂ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਹੋ ਜਾਂਦੀਆਂ। ਇਹ ਮੈਂ ਰਿਚਡਸਨ ਅਕੈਡਮੀ ਤੋਂ ਸਿਖਿਆ ਸੀ।'

'ਰਿਚਡਸਨ ਅਕੈਡਮੀ?'

'ਯੈਹ, ਇਹ ਅਕੈਡਮੀ ਸੈਂਟਰਲ ਲੰਡਨ 'ਚ ਆ। ਇਹਦਾ ਪਤਾ ਮੈਨੂੰ ਜੈਨੀਫਰ ਨੇ ਦਿੱਤਾ ਸੀ। ਇਸ ਅਕੈਡਮੀ 'ਚ ਦੁਨੀਆ ਘੁੰਮਣ ਵਾਲੇ ਟਰੈਵਲਰਾਂ ਨੂੰ ਵਿਸ਼ੇਸ਼ ਟਰੇਨਿੰਗ ਦਿੱਤੀ ਜਾਂਦੀ ਆ। ਦੋ ਹਫਤੇ ਦੀ ਟਰੇਨਿੰਗ ਆ। ਬੜਾ ਕੁਝ ਸਿਖਾਇਆ ਜਾਂਦਾ। ਜਿੱਦਾਂ ਕਿ ਕਿਹੜੇ ਮੁਲਕ 'ਚ ਜਾਣ ਨਾਲ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ। ਟਰੈਵਲ ਕਰਨ ਲਈ ਜ਼ਰੂਰੀ ਸਾਮਾਨ ਹੀ ਲੈ ਜਾਇਆ ਜਾਵੇ ਬਗੈਰਾ-ਬਗੈਰਾ। ਸਭ ਤੋਂ ਜ਼ਰੂਰੀ ਗੱਲ ਤੁਹਾਡੀ ਸੇਫਟੀ ਬਾਰੇ ਦੱਸੀ ਜਾਂਦੀ ਆ। ਕਈ ਮੁਲਕਾਂ ਵਿਚ ਲੁੱਟੇ ਜਾਣ, ਕੁੱਟ-ਮਾਰ ਜਾਂ ਜਾਨ ਦਾ ਖਤਰਾ ਵੀ ਹੋ ਸਕਦਾ। ਸਭ ਤੋਂ ਵੱਡਾ ਖਤਰਾ ਔਰਤ ਲਈ ਰੇਪ ਦਾ ਹੁੰਦਾ। ਭਾਵੇਂ ਇਹ ਘਟਨਾ ਬਹੁਤ ਘੱਟ ਵਾਪਰਦੀ ਆ ਪਰ ਕਦੇ ਵੀ ਵਾਪਰ ਸਕਦੀ ਆ। ਜੇ ਤੁਸੀਂ ਮੇਰੇ ਵਾਂਗ ਐਡਵੈਂਚਰਸ ਬਣਨਾ ਤਾਂ ਮਾਨਸਿਕ ਤੌਰ 'ਤੇ ਐਦਾਂ ਦੀਆਂ ਗੱਲਾਂ ਲਈ ਤਿਆਰ ਰਹਿਣਾ ਪੈਣਾ। ਇਸ ਟਰੇਨਿੰਗ 'ਚ ਇਕ ਸੇਫਟੀ ਕਿੱਟ ਵੀ ਦਿੱਤੀ ਜਾਂਦੀ ਆ।'

'ਸੇਫਟੀ ਕਿੱਟ? ਕੀ ਹੁੰਦਾ ਇਹਦੇ 'ਚ?'

'ਇਹਦੇ 'ਚ ਐਂਟੀ-ਬਾਇਓਟਿਕ ਗੋਲੀਆਂ, ਮਲ੍ਹਮ, ਪਲਾਸਟਰ ਬਗੈਰਾ ਹੁੰਦਾ।'

'ਸਮਾਂਥਾ, ਰੇਪ ਲਈ ਤਿਆਰ ਰਹਿਣ ਦੀ ਗੱਲ ਤੂੰ ਐਦਾਂ ਕਰ ਰਹੀ ਆਂ ਜਿੱਦਾਂ ਕੋਈ ਕਹੇ ਕਿ ਥੱਪੜ ਖਾਣ ਲਈ ਤਿਆਰ ਹੋ ਜਾ।'

'ਸਾਡੀ ਟਰੇਨਰ ਸੂਜ਼ਨ ਸੀ। ਬਹੁਤ ਪਿਆਰ ਨਾਲ ਸਮਝਾਇਆ ਕਰਦੀ ਕਿ ਗਰੁੱਪ 'ਚ ਰਹੋ। ਖਤਰਾ ਹੋਵੇ ਤਾਂ ਭੀੜ 'ਚ ਵੜ ਜਾਵੋ ਜਾਂ ਕਿਸੇ ਨੇੜੇ ਦੀ ਸ਼ੌਪ ਜਾਂ ਸਟੋਰ 'ਚ। ਹੈਲਪ ਲਈ ਰੌਲ਼ਾ ਵੀ ਪਾਇਆ ਜਾ ਸਕਦਾ। ਕਈ ਵਾਰ ਹਾਲਾਤ ਤੁਹਾਡੇ ਕਾਬੂ ਤੋਂ ਬਾਹਰ ਵੀ ਹੋ ਸਕਦੇ।'

ਸਮਾਂਥਾ ਆਪਣੇ ਵਹਿਣ ਵਿਚ ਬੋਲੀ ਜਾ ਰਹੀ ਸੀ। ਮੈਂ ਵੀ ਉਸ ਨੂੰ ਰੋਕਣਾ ਠੀਕ ਨਾ ਸਮਝਿਆ।

'ਯੂਨੀਵਰਸਿਟੀ ਖਤਮ ਕਰਦਿਆਂ ਹੀ ਮੇਰੇ ਮਨ 'ਚ ਦੁਨੀਆ ਦੇਖਣ ਦਾ ਮਨ ਬਣ ਗਿਆ। ਉਦੋਂ ਹੀ ਰਿਚਡਸਨ ਅਕੈਡਮੀ ਜੁਆਇਨ ਕੀਤੀ। ਕੁਸ਼ ਮਹੀਨਿਆਂ ਬਾਅਦ ਪਤਾ ਚੱਲਿਆ ਕਿ ਇਕ ਗਰੁੱਪ ਬਗਦਾਦ ਜਾ ਰਿਹਾ। ਇਹ ਉਹ ਵੇਲਾ ਸੀ ਜਦੋਂ ਇਰਾਕ ਵਿਚ ਕੁਸ਼ ਅਮਨ-ਅਮਾਨ ਹੋਇਆ ਸੀ। ਸਦਾਮ ਦੇ ਖਾਤਮੇ ਤੋਂ ਬਾਅਦ। ਆਈ ਐਸ ਆਈ ਤੋਂ ਪਹਿਲੀ ਗੱਲ ਆ। ਬਹੁਤ ਲੋਕ ਤਾਂ ਢੱਠੇ ਹੋਏ ਬਗਦਾਦ ਨੂੰ ਦੇਖਣਾ ਚਾਹੁੰਦੇ ਸੀ ਪਰ ਮੈਂ ਬਗਦਾਦ ਦਾ ਉਹ ਹਿੱਸਾ ਦੇਖਣਾ ਚਾਹੁੰਦੀ ਸਾਂ ਜਿਥੇ ਔਰਤਾਂ ਦੀ ਮੰਡੀ ਲਗਿਆ ਕਰਦੀ ਸੀ। ਇੰਡੀਆ ਤੋਂ ਲਿਆਂਦੀਆਂ ਔਰਤਾਂ ਦੀ ਮੰਡੀ। ਇਹ ਭੇਡਾਂ ਵਾਂਗ ਵੇਚੀਆਂ ਜਾਂਦੀਆਂ। ਕਈ ਸਦੀਆਂ ਵੇਚੀਆਂ ਜਾਂਦੀਆਂ ਰਹੀਆਂ। ਮੈਂ ਇਹ ਗੱਲ ਯੂਨੀਵਰਸਿਟੀ 'ਚ ਪੜ੍ਹੀ ਸੀ। ਮੈਂ ਉਹ ਥਾਂ ਦੇਖਣੀ ਚਾਹੁੰਦੀ ਸੀ।'

ਸਮਾਂਥਾ ਵਾਈਨ ਦਾ ਇਕ ਗਲਾਸ ਤੇ ਮੈਂ ਵੀ ਜੂਸ ਦਾ ਇਕ ਹੋਰ ਗਲਾਸ ਲੈ ਆਈ। ਉਸ ਫੇਰ ਕਹਿਣਾ ਸ਼ੁਰੂ ਕੀਤਾ, 'ਮੈਂ ਬਗਦਾਦ ਪਹੁੰਚ ਕੇ ਉਸ ਥਾਂ ਦਾ ਪਤਾ ਕਰ ਲਿਆ। ਉਹ ਚੌਕ ਹਾਲੇ ਵੀ ਪੁਰਾਣੇ ਬਗਦਾਦ 'ਚ ਕਿਤੇ ਹੈ ਸੀ। ਇਕ ਟੈਕਸੀ ਡਰਾਈਵਰ ਟੁੱਟੀ-ਫੁੱਟੀ ਇੰਗਲਿਸ਼ 'ਚ ਕਹਿਣ ਲੱਗਾ ਕਿ ਉਹ ਮੈਨੂੰ ਉਥੇ ਲੈ ਜਾਵੇਗਾ। ਮੈਂ ਗਰੁੱਪ ਤੋਂ ਅਲੱਗ ਹੋ ਕੇ ਟੈਕਸੀ ਵਾਲੇ ਨਾਲ ਤੁਰ ਪਈ। ਕਾਰ ਪੁਰਾਣੇ ਬਗਦਾਦ ਦੇ ਮਿੱਟੀ ਦੇ ਘਰਾਂ ਵਿਚ ਦੀ ਲੰਘਣ ਲੱਗੀ। ਇਕ ਖੁੱਲ੍ਹੀ ਜਿਹੀ ਥਾਂ 'ਤੇ ਟੈਕਸੀ ਖੜੀ ਕਰ ਕੇ ਉਸ ਕਿਹਾ ਕਿ ਇਹੀ ਉਹ ਥਾਂ ਹੈ। ਬਹੁਤ ਰੁਮਾਂਚਿਤ ਸੀਨ ਸੀ। ਕਾਫੀ ਸਾਰੇ ਲੋਕ ਸਨ। ਮੈਂ ਵੀ ਕੁਸ਼ ਫੋਟੋ ਖਿਚੀਆਂ। ਵਾਪਸ ਮੁੜਦਿਆਂ ਅਚਾਨਕ ਝਟਕੇ ਨਾਲ ਟੈਕਸੀ ਇਕ ਕੱਚੇ ਘਰ ਮੁਹਰੇ ਰੁਕੀ। ਡਰਾਈਵਰ ਨੇ ਗੰਨ ਮੇਰੇ ਵੱਲ ਸਿੱਧੀ ਕੀਤੀ ਤੇ ਟੈਕਸੀ 'ਚੋਂ ਨਿਕਲ ਕੇ ਨਾਲ ਤੁਰਨ ਲਈ ਕਿਹਾ। ਮੈਨੂੰ ਲਗਾ ਕਿ ਹੁਣ ਵੀ ਗੋਲ਼ੀ ਚੱਲੀ ਕਿ ਚੱਲੀ। ਇਕ ਕੱਚੇ ਜਿਹੇ ਘਰ ਦੇ ਅੰਦਰ ਲੈ ਜਾ ਕੇ ਮੈਨੂੰ ਕਪੜੇ ਲਾਹੁਣ ਦਾ ਹੁਕਮ ਦਿੱਤਾ। ਹੁਣ ਮੇਰੇ ਕੋਲ ਦੋ ਰਾਹ ਸਨ। ਜਾਂ ਤਾਂ ਗੋਲ਼ੀ ਖਾਵਾਂ ਜਾਂ ਫਿਰ ਉਹਦਾ ਕਹਿਣਾ ਮੰਨਾਂ। ਟੈਕਸੀ ਡਰਾਈਵਰ ਨੇ ਮੇਰੇ ਨਾਲ ਜ਼ਬਰ-ਦਸਤੀ ਕੀਤੀ। ਜੇ ਮੈਂ ਰਿਚਡਸਨ ਅਕੈਡਮੀ ਜੁਆਇਨ ਨਾ ਕੀਤੀ ਹੁੰਦੀ ਤਾਂ ਮੇਰੀ ਮਨੋ-ਸਥਿਤੀ ਕਿਦਾਂ ਦੀ ਹੋਣੀ ਸੀ। ਮੈਂ ਇਸ ਸਭ ਕੁਸ਼ ਪਹਿਲਾਂ ਹੀ ਸੋਚ ਕੇ ਗਈ ਸੀ।' ਉਸਨੇ ਵਾਈਨ ਦੇ ਦੋ-ਤਿੰਨ ਘੁੱਟ ਭਰੇ ਤੇ ਮੇਰੇ ਵਲ ਦੇਖਣ ਲਗੀ।

'ਫੇਰ?'

'ਮੈਂ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ। ਅਗਾਂਹ ਉੱਥੋਂ ਦੀ ਪੁਲਿਸ ਜਾਣੇ ਕਿ ਉਸ ਕੀ ਕਾਰਵਾਈ ਕਰਨੀ ਆ।'

ਉਸ ਦੀ ਗੱਲ ਸੁਣ ਕੇ ਮੇਰੀਆ ਲੱਤਾਂ ਕੰਬਣ ਲੱਗੀਆਂ। ਮੈਨੂੰ ਲੱਗਣ ਲਗਾ ਕਿ ਬਗਦਾਦ ਦੇ ਮਿੱਟੀ ਦੇ ਘਰ ਵਿਚ ਸਮਾਂਥਾ ਨਹੀਂ ਜਿਦਾਂ ਮੈਂ ਹੋਵਾਂ।

ਮੈਂ ਜੂਸ ਦਾ ਘੁੱਟ ਭਰਿਆ। ਪੁੱਛਿਆ, 'ਇਸ ਘਟਨਾ ਤੋਂ ਬਾਅਦ ਘੁੰਮਣ ਜਾਣ ਦਾ ਹੌਸਲਾ ਕਿਦਾਂ ਪਿਆ?'

'ਮੈਂ ਦਸਿਆ ਨਾ ਕਿ ਮੈਂ ਇਕ ਐਡਵੈਂਚਰਸ ਆਂ। ਨਿੱਤ ਤਜ਼ਰਬੇ ਕਰਨੇ ਮੇਰਾ ਸ਼ੌਂਕ ਆ। ਅਜ ਐਨਾ ਹੀ ਕਾਫੀ ਆ। ਕਿਸੇ ਹੋਰ ਦਿਨ ਤੁਹਾਡੇ ਕੰਟਰੀ ਦੇ ਸ਼ਹਿਰ ਤਰਨਤਾਰਨ ਲਾਗਲੇ ਪਿੰਡ ਤੇ ਪਾਕਿਸਤਾਨ ਦੇ ਲਾਇਲਪੁਰ ਦੇ ਪਿੰਡ ਦੌਲਾ ਛੱਕ ਦੇ ਹੌਰੀਬਲ ਤਜ਼ਰਬੇ ਸਾਂਝੇ ਕਰੂੰਗੀ। ਹੋਰ ਸੁਣ ਬਰਾਜ਼ੀਲ ਤੇ ਬੋਲੀਵੀਆ ਵੀ ਗਈ ਜੋ ਬਹੁਤ ਖਤਰਨਾਕ ਮੁਲਕ ਨੇ। ਹੁਣ ਘੁੰਮਣਾ ਮੇਰੇ ਖੂਨ 'ਚ ਰਚ ਚੁੱਕਾ।'


ਉਸ ਨੇ ਮੇਰੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲਏ ਤੇ ਕਿਹਾ, 'ਮਾਈ ਡਾਰਲਿੰਗ, ਰੇਪ ਇਕ ਹਊਆ ਜ਼ਰੂਰ ਆ ਪਰ ਇਹਦੇ ਕੋਲੋਂ ਐਨਾ ਨਾ ਡਰ ਕਿ ਜਿਊਣਾ ਹੀ ਛੱਡ ਦੇਵੇਂ।'

ਪੱਬ ਦੇ ਦੂਜੇ ਹਿੱਸੇ ਜਿਧਰ ਡਾਂਸ ਫਲੋਰ ਸੀ, ਸੰਗੀਤ ਦੀ ਆਵਾਜ਼ ਜ਼ਰਾ ਉੱਚੀ ਹੋ ਗਈ। ਪੱਬ-ਕਲੱਬ ਵਿਚ ਜਾ ਕੇ ਡਾਂਸ ਕਰਨ ਬਾਰੇ ਅਕਸਰ ਮੈਂ ਸੋਚਿਆ ਕਰਦੀ ਸੀ ਪਰ ਇੰਨੀਆਂ ਗੱਲਾਂ ਕਰਕੇ ਹੁਣ ਮੇਰਾ ਡਾਂਸ ਕਰਨ ਦਾ ਮੂਡ ਨਹੀਂ ਸੀ। ਮੈਂ ਫੋਨ 'ਤੇ ਟਾਈਮ ਦੇਖਿਆ। ਉਸ ਨੂੰ ਦਿਖਾਇਆ। ਉਹ ਉੱਠ ਖੜੀ। ਅਸੀਂ ਪੱਬ 'ਚੋਂ ਬਾਹਰ ਆਈਆਂ ਤਾਂ ਪਤਾ ਨਹੀਂ ਮੇਰੇ ਮਨ ਵਿਚ ਕੀ ਆਇਆ ਕਿ ਮੈਂ ਉਸ ਨੂੰ ਜੱਫੀ ਵਿਚ ਲੈ ਕੇ ਚੁੰਮ ਲਿਆ। ਸਾਹਮਣੇ ਸਤਾਸੀ ਨੰਬਰ ਬੱਸ ਆ ਰਹੀ ਸੀ। ਉਹ ਬੋਲੀ, 'ਜੈਸ, ਚੱਲ ਦੌੜ। ਬੱਸ ਸਟਾਪ 'ਤੇ ਪੁੱਜੀਏ। ਬੱਸ ਫੜ ਸਕੀਏ।'

'ਨ੍ਹੀਂ ਸਮਾਂਥਾ, ਪਾਰਕ ਵਿਚ ਦੀ ਤੁਰ ਕੇ ਚਲਦੀਆਂ।' ਮੈਂ ਉਸ ਦਾ ਹੱਥ ਫੜੀ ਸੜਕ ਲੰਘ ਕੇ ਉਸ ਪਾਰਕ ਵਿਚ ਜਾ ਵੜੀ ਜਿਧਰ ਦੀ ਅਸੀਂ ਆਈਆਂ ਸੀ।

# ਮੇਰੇ ਸਕੂਲੀ ਪੜ੍ਹਾਈ ਦੇ ਮੁੱਢਲੇ ਦਿਨ

**ਲਿਖੀ ਜਾ ਰਹੀ ਸਵੈ-ਜੀਵਨੀ ਦਾ ਇਕ ਚੈਪਟਰ**



ਨਿਰੰਜਣ ਬੋਹਾ
ਫੋਨ: 89682-82700

ਮੇਰੇ ਸਾਧੂ ਸੁਭਾਅ ਦੇ ਪਿਤਾ ਨਾਲੋਂ ਸਾਨੂੰ ਚਾਰੋਂ ਭਰਾਵਾਂ ਨੂੰ ਪੜ੍ਹਾਉਣ-ਲਿਖਾਉਣ ਵਿਚ ਸਾਡੀ ਮਾਂ ਦੀ ਹੀ ਵੱਧ ਦਿਲਚਸਪੀ ਰਹੀ ਹੈ। ਸਾਡੇ ਪਿਤਾ ਨੇ ਤਾਂ ਸਾਡੀ ਸਕੂਲੀ ਪੜ੍ਹਾਈ ਦੌਰਾਨ ਸ਼ਾਇਦ ਹੀ ਕਦੇ ਸਾਡੇ ਸਕੂਲ ਗੇੜਾ ਮਾਰਿਆ ਹੋਵੇ। ਮਾਂ ਨੇ ਪੜ੍ਹਣ-ਲਿਖਣ ਦੀ ਮਹੱਤਤਾ ਨੂੰ ਪਛਾਣਦਿਆਂ ਉਸ ਵੇਲੇ ਵੀ ਸਾਡੀ ਪੜ੍ਹਾਈ ਦੀ ਡੋਰ ਵਿਚਾਲਿਓ ਨਹੀਂ ਟੁੱਟਣ ਦਿੱਤੀ, ਜਦੋਂ ਸਾਡੇ ਪਰਿਵਾਰ ਨੂੰ ਆਪਣੀ ਸਮਾਜਿਕ ਤੇ ਆਰਥਿਕ ਹੋਂਦ ਬਣਾਈ ਰੱਖਣ ਲਈ ਕਰੜਾ ਸੰਘਰਸ਼ ਕਰਨਾ ਪੈ ਰਿਹਾ ਸੀ। ਉਸ ਵੇਲੇ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਲਈ ਪੜ੍ਹਾਈ ਨਾਲੋਂ ਵੱਧ ਜ਼ਰੂਰਤ ਆਪਣੇ ਪਰਿਵਾਰ ਲਈ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਦੀ ਸੀ। ਉਹ ਆਪਣੀਆਂ ਆਰਥਿਕ ਜੜ੍ਹਾਂ ਨਵੀ ਥਾਂ 'ਤੇ ਲਾਉਣ ਲਈ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਬਜਾਇ ਨਿੱਕੀ ਉਮਰੇ ਹੀ ਆਪਣੇ ਨਾਲ ਕੰਮ ਕਰਨ ਲਾ ਲੈਂਦੇ ਸਨ। ਭਾਵੇਂ ਉਸ ਵੇਲੇ ਦਸ ਜਮਾਤਾਂ ਪੜ੍ਹੇ ਨੂੰ ਵੀ ਅਸਾਨੀ ਨਾਲ ਸਰਕਾਰੀ ਨੌਕਰੀ ਮਿਲ ਜਾਂਦੀ ਸੀ ਪਰ ਘੱਟ ਤਨਖਾਹਾਂ ਵਾਲੀਆਂ ਸਰਕਾਰੀ ਨੌਕਰੀਆਂ ਲਈ ਉਸ ਵੇਲੇ ਦੇ ਮਾਪੇ ਦਸ ਸਾਲ ਉਡੀਕ ਕਰਨ ਲਈ ਤਿਆਰ ਨਹੀਂ ਸਨ। ਇਹ ਮਾਂ ਦੇ ਸਿਰੜ ਦਾ ਹੀ ਨਤੀਜਾ ਸੀ ਕਿ ਅਸੀਂ ਚਾਰੇ ਹੀ ਭਰਾ ਉਨ੍ਹਾਂ ਵੇਲਿਆਂ ਵਿਚ ਦਸ ਜਮਾਤ ਪਾਸ ਕਰ ਗਏ ਗਏ ਸਾਂ, ਜਦੋਂ ਸਾਡੀ ਬਰਾਦਰੀ ਦੇ ਬਹੁਤ ਘੱਟ ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿਚ ਦਿਲਚਸਪੀ ਰੱਖਦੇ ਸਨ। ਉਸ ਤੰਗੀਆਂ-ਤੁਰਸੀਆਂ ਕੱਟ ਅਤੇ ਲੋਕਾਂ ਦੇ ਕਪੜੇ ਸਿਊਂ ਕੇ ਘਰ ਦੀ ਕਬੀਲਦਾਰੀ ਤੇ ਸਾਡੀ ਪੜ੍ਹਾਈ ਦੇ ਖਰਚਿਆਂ ਵਿੱਚ ਸਾਡੇ ਭਾਈਏ (ਪਿਤਾ) ਦਾ ਪੂਰਾ ਸਾਥ ਦਿੱਤਾ।

ਸੰਨ ਸੰਤਾਲੀ ਵਿਚ ਲਹਿੰਦੇ ਪੰਜਾਬ ਤੋਂ ਉਜੜ ਕੇ ਚੜ੍ਹਦੇ ਪੰਜਾਬ ਵੱਲ ਆਉਣ ਵੇਲੇ ਮੇਰੇ ਵੱਡੇ ਭਰਾ ਜਗਦੀਸ਼ ਰਾਏ ਦੀ ਉਮਰ ਚਾਰ ਸਾਲ ਤੇ ਉਸ ਤੋਂ ਛੋਟੇ ਜੈ ਰਾਮ ਦੀ ਕੇਵਲ ਤੇਰਾਂ ਦਿਨ ਸੀ। ਵੀਰ ਰਮੇਸ਼ ਤੇ ਮੇਰਾ ਜਨਮ ਬੋਹਾ (ਪੰਜਾਬ) ਦਾ ਹੈ। ਮੇਰਾ ਜਨਮ ਦੇਸ਼ ਨੂੰ ਅਜ਼ਾਦ ਹੋਣ ਤੋਂ ਨੌਂ ਸਾਲ ਬਾਅਦ ਹੋਇਆ। ਲਹਿੰਦੇ ਪੰਜਾਬ ਵਿੱਚ ਸਾਡੀ ਜ਼ਮੀਨ ਜਾਂ ਹੋਰ ਕੋਈ ਜਾਇਦਾਦ ਨਾ ਹੋਣ ਕਾਰਨ ਸਾਨੂੰ ਇਧਰ ਵੀ ਕੋਈ ਕਲੇਮ ਵੀ ਨਹੀਂ ਮਿਲਿਆ। ਬੋਹਾ ਵਿਚ ਮੁਸਲਮਾਨਾਂ ਵੱਲੋਂ ਖਾਲੀ ਕੀਤੇ ਜਿਸ ਮਕਾਨ ਵਿਚ ਮੇਰੇ ਮਾਪਿਆਂ ਨੇ ਵਸੇਬਾ ਕੀਤਾ, ਉਹ ਵੀ ਕਿਸੇ ਤਕੜੇ ਬੰਦੇ ਨੇ ਮੇਰੇ ਪਿਤਾ ਦੀ ਸ਼ਰਾਫ਼ਤ ਦਾ ਫਾਇਦਾ ਉਠਾ ਕੇ ਆਪਣੇ ਨਾਂ ਅਲਾਟ ਕਰਵਾ ਲਿਆ ਤੇ ਸਾਡਾ ਸਮਾਨ ਬਾਹਰ ਸੁੱਟ ਦਿੱਤਾ। ਭਲਾ ਹੋਵੇ ਸਤਯੁੱਗੀ ਪੁਰਸ਼ ਸ਼ੇਰ ਸਿੰਘ ਤੇ ਉਸਦੇ ਪਰਿਵਾਰ ਦਾ, ਜਿਨ੍ਹਾਂ ਤਰਸ ਖਾ ਕੇ ਸਾਨੂੰ ਆਪਣੇ ਅੰਦਰਕੋਟ ਮੁਹੱਲੇ ਵਾਲਾ ਮਕਾਨ ਬਿਨਾ ਕਿਰਾਏ ਤੋਂ ਦੇ ਦਿੱਤਾ। ਇਸ ਮਕਾਨ ਵਿਚ ਅਸੀਂ ਪੰਦਰਾ ਸਾਲ ਰਹੇ ਤੇ ਮੇਰਾ ਤੇ ਰਮੇਸ਼ ਦਾ ਜਨਮ ਇਸੇ ਮਕਾਨ ਵਿਚ ਹੋਇਆ। ਜਦੋਂ ਸਾਡੀ ਅਨਪੜ੍ਹ ਮਾਂ ਨੇ ਮੇਰੇ ਵੱਡੇ ਭਰਾਵਾਂ ਨੂੰ ਪੜ੍ਹਾਉਣ ਦਾ ਬੀੜਾ ਚੁੱਕਿਆ ਤਾਂ ਉਸ ਵੇਲੇ ਮੇਰੇ ਮਾਪਿਆਂ ਨੂੰ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਰ ਰੋਜ਼ ਤਾਜਾ ਖੂਹ ਪੁੱਟ ਕੇ ਪਾਣੀ ਪੀਣਾ ਪੈਂਦਾ ਸੀ ਤੇ ਮੇਰੇ ਦਸਵੀਂ ਕਰਨ ਤੱਕ ਵੀ ਹਾਲਾਤ ਅਨੁਕੂਲ ਨਹੀਂ ਸਨ ਹੋਏ। ਜਦੋਂ ਕਦੋਂ ਵੀ ਮੈਂ ਆਪਣੀ ਮਾਂ ਵੱਲੋਂ ਸਾਨੂੰ ਪੜ੍ਹਾਉਣ ਲਈ ਘਾਲੀ ਘਾਲਣਾ ਨੂੰ ਯਾਦ ਕਰਦਾ ਹਾਂ ਤਾਂ ਮੇਰੀਆਂ ਅੱਖਾ ਬਦੋ-ਬਦੀ ਨਮ ਹੋ ਜਾਂਦੀਆਂ ਹਨ।

ਇਹ ਗੱਲ ਹੁਣ ਮੇਰੇ ਚੇਤਿਆਂ ਦਾ ਹਿੱਸਾ ਨਹੀਂ ਰਹੀ ਕਿ ਮੈਨੂੰ ਪਹਿਲੀ ਜਮਾਤ ਵਿਚ ਸਕੂਲ ਕੌਣ ਦਾਖ਼ਲ ਕਰਵਾ ਕੇ ਆਇਆ ਪਰ ਅਨੁਮਾਨ ਹੈ ਕਿ ਉਹ ਮੇਰੀ ਮਾਂ ਹੀ ਹੋਵੇਗੀ। ਹੋ ਸਕਦਾ ਹੈ, ਮੇਰਾ ਵੱਡਾ ਭਰਾ ਜਗਦੀਸ਼ ਰਾਏ ਜਾਂ ਜੈ ਰਾਮ ਮੇਰੀ ਰੋਂਦੇ ਦੀ ਬਾਂਹ ਫੜ ਕੇ ਮੈਨੂੰ ਸਕੂਲ ਛੱਡ ਆਏ ਹੋਣ। ਵੱਡੇ ਭਰਾਵਾਂ ਤੋਂ ਇਸ ਬਾਰੇ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਦੇ ਚੇਤਿਆਂ ਵਿਚ ਵੀ ਮੇਰੇ ਸਕੂਲ ਵਿਚ ਦਾਖ਼ਲੇ ਦੀ ਗੱਲ ਸੁਰੱਖਿਅਤ ਨਹੀਂ ਸੀ। ਸੁਰੱਖਿਅਤ ਰਹੇ ਵੀ ਕਿਵੇਂ? ਉਦੋਂ ਕਿਹੜਾ ਅੱਜ ਵਾਂਗ ਬੱਚਿਆਂ ਨੂੰ ਨਰਸਰੀ ਵਿਚ ਦਾਖ਼ਲ ਕਰਾਉਣ ਲਈ ਸਕੂਲ ਦੀ ਚੋਣ ਕਰਨੀ ਪੈਂਦੀ ਸੀ। ਉਦੋਂ ਤਾਂ ਬੱਚਿਆਂ ਨੂੰ ਸਕੂਲ ਭੇਜਣਾ ਐਵੇਂ ਸਰਸਰੀ ਜਿਹੀ ਗੱਲ ਹੁੰਦੀ ਸੀ। ਨਾ ਕਿਸੇ ਨੂੰ ਬੱਚੇ ਦੀ ਜਨਮ ਤਾਰੀਖ਼ ਯਾਦ ਹੁੰਦੀ ਸੀ ਤੇ ਨਾ ਹੀ ਇਹ ਗੱਲ ਯਾਦ ਰਹਿੰਦੀ ਸੀ ਕਿ ਬੱਚੇ ਨੂੰ ਕਿਸ ਦਿਨ ਸਕੂਲ ਵਿਚ ਦਾਖਲ ਕਰਵਾਇਆ ਹੈ। ਮੇਰੀ ਮਾਂ ਮੇਰਾ ਜਨਮ ਸਾਵਣ ਦੀ 14 ਤਾਰੀਖ ਦਾ ਦੱਸਿਆ ਕਰਦੀ ਸੀ, ਜੋ ਮੇਰੀ ਸਕੂਲ ਵਿਚ ਦਰਜ ਕੀਤੀ ਜਨਮ ਤਾਰੀਖ (6-9-1956) ਨਾਲ ਮੇਲ ਨਹੀਂ ਖਾਂਦੀ। ਉਦੋਂ ਛੇ ਸਾਲ ਦੀ ਉਮਰ ਵਾਲੇ ਬੱਚੇ ਨੂੰ ਹੀ ਸਕੂਲ ਵਿਚ ਦਾਖ਼ਲਾ ਮਿਲਦਾ ਸੀ। ਇਸ ਲਈ ਇਹ ਨਿਸ਼ਚਿਤ ਹੈ ਕਿ ਮੇਰੀ ਜਨਮ ਮਿਤੀ ਮੇਰੀ ਪਹਿਲੀ ਕਲਾਸ ਦੇ ਅਧਿਆਪਕ ਨੇ ਦੋ ਚਾਰ ਮਹੀਨੇ ਵਧਾ ਕੇ ਲਿਖ ਦਿੱਤੀ ਹੋਵੇਗੀ।

ਜਿਸ ਵੇਲੇ ਮੇਰੇ ਵੱਡੇ ਭਰਾ ਜਗਦੀਸ਼ ਤੇ ਜੈ ਰਾਮ ਸਕੂਲ ਵਿਚ ਪੜ੍ਹਦੇ ਸਨ ਉਦੋਂ ਪਿੰਡ ਵਿਚ ਅੱਠਵੀਂ ਤੱਕ ਦਾ ਹੀ ਸਕੂਲ ਸੀ ਪਰ ਮੇਰੇ ਤੇ ਵੀਰ ਰਮੇਸ਼ ਦਾ ਪੜ੍ਹਨ ਵੇਲਾ ਆਉਣ ਤੱਕ ਇਹ ਸਕੂਲ ਹਾਈ ਸਕੂਲ ਵਿਚ ਤਬਦੀਲ ਹੋ ਚੁੱਕਾ ਸੀ। ਮੇਰੇ ਦਸਵੀਂ ਕਰ ਲਏ ਜਾਣ ਤੋਂ ਬਾਅਦ ਇਹ ਸੀਨੀਅਰ ਸੈਕੰਡਰੀ ਸਕੂਲ ਬਣ ਗਿਆ ਸੀ। ਉਦੋਂ ਪ੍ਰਾਇਮਰੀ ਸਕੂਲ ਹਾਈ ਜਾਂ ਮਿਡਲ ਸਕੂਲਾਂ ਤੋਂ ਵੱਖ ਨਹੀਂ ਸਨ ਹੁੰਦੇ, ਪਰ ਸਾਡੇ ਸਕੂਲ ਵਿਚ ਥਾਂ ਦੀ ਘਾਟ ਹੋਣ ਕਾਰਨ ਪਹਿਲੀ ਤੋਂ ਪੰਜਵੀਂ ਤੱਕ ਦੀਆਂ ਜਮਾਤਾਂ ਸ਼ਿਵ ਮੰਦਰ ਦੇ ਅਹਾਤੇ ਵਿਚ ਲੱਗਦੀਆਂ ਸਨ। ਜਿੱਥੇ ਹੁਣ ਸਰਕਾਰੀ ਪ੍ਰਾਇਮਰੀ ਸਕੂਲ (ਮੁੰਡੇ) ਹੈ, ਉਥੇ ਉਸ ਵੇਲੇ ਦਾ ਹਾਈ ਸਕੂਲ ਸੀ ਤੇ ਸਾਡਾ ਛੋਟਾ ਸਕੂਲ ਫਰਲਾਂਗ ਕੁ ਅੱਗੇ ਸੀ। ਹਾਈ ਸਕੂਲ ਨੂੰ ਉਸ ਵੇਲੇ ਵੱਡਾ ਤੇ ਸਾਡੇ ਮੰਦਰ ਵਾਲੇ ਸਕੂਲ ਨੂੰ ਛੋਟਾ ਸਕੂਲ ਆਖਿਆ ਜਾਂਦਾ ਸੀ। ਸਾਡੇ ਸਕੂਲ ਦੀ ਆਪਣੀ ਕੋਈ ਇਮਾਰਤ ਨਹੀਂ ਸੀ। ਮੰਦਰ ਦੇ ਅਹਾਤੇ ਵਿਚ ਗੇਟ ਨਾਲ ਲੱਗਦੇ ਜਾਂ ਪੰਜ ਕੁ ਕਮਰੇ ਜ਼ਰੂਰ ਸਨ ਪਰ ਉਨ੍ਹਾਂ ਵਿਚੋਂ ਦੋ ਵੱਡੇ ਕਮਰੇ ਮੈਦੇਵਾਸ ਜਾਂ ਜਖੇਪਲ ਵਾਲੇ ਸੰਤਾਂ ਤੇ ਉਨ੍ਹਾਂ ਦੇ ਜੱਥਿਆਂ ਦੀ ਠਹਿਰ ਲਈ ਰਾਖਵੇਂ ਸਨ। ਇਕ ਛੋਟੇ ਜਿਹੇ ਕਮਰੇ ਵਿਚ ਮੰਦਰ ਦੇ ਪੁਜਾਰੀ ਬਾਵਾ ਮੰਗਲ ਦਾਸ ਦੀ ਰਿਹਾਇਸ਼ ਸੀ ਤੇ ਮੰਦਰ ਕਮੇਟੀ ਨੇ ਇਕ ਹੋਰ ਛੋਟਾ ਜਿਹਾ ਕਮਰਾ ਸਕੂਲ ਮਾਸਟਰਾਂ ਨੂੰ ਦਿੱਤਾ ਹੋਇਆ ਸੀ। ਉਸ ਕਮਰੇ ਵਿਚ ਮਾਸਟਰਾਂ ਦੇ ਬੈਠਣ ਵਾਲੀਆਂ ਕੁਰਸੀਆਂ ਤੇ ਰਜਿਸਟਰ ਰੱਖੇ ਜਾਂਦੇ ਸਨ। ਅਸੀਂ ਆਪਣੇ ਬੈਠਣ ਲਈ ਬੋਰੀ ਜਾਂ ਸੀਮਿੰਟ ਵਾਲਾ ਗੱਟਾ ਘਰੋਂ ਹੀ ਲਿਜਾਂਦੇ। ਜਦੋਂ ਪੰਜਵੀਂ ਜਮਾਤ ਵਿਚ ਸਿੱਖਿਆ ਬੋਰਡ ਨੇ ਸਾਡੇ ਬੈਠਣ ਲਈ ਟਾਟ ਭੇਜ ਦਿੱਤੇ ਤਾਂ ਛੁੱਟੀ ਤੋਂ ਬਾਅਦ ਉਹ ਵੀ ਉਸੇ ਕਮਰੇ ਵਿਚ ਰੱਖੇ ਜਾਣ ਲੱਗੇ। ਇਸ ਤਰ੍ਹਾਂ ਉਹ ਛੋਟਾ ਜਿਹਾ ਕਮਰਾ ਸਕੂਲ ਦਾ ਦਫ਼ਤਰ ਵੀ ਸੀ ਤੇ ਸਟੋਰ ਵੀ। ਹਰ ਕਲਾਸ ਵਿਚ ਦੋ ਜਾਂ ਤਿੰਨ ਮੁੰਡਿਆਂ ਦੀ ਡਿਊਟੀ ਸਕੂਲ ਟਾਈਮ ਤੋਂ ਪਹਿਲਾਂ ਆ ਕੇ ਕਲਾਸ ਦੇ ਬੈਠਣ ਵਾਲੀ ਥਾਂ ਸਾਫ ਕਰਨ ਤੇ ਟਾਟ ਵਿਛਾਉਣ ਦੀ ਲੱਗਦੀ ਸੀ। ਮੇਰੀ ਡਿਊਟੀ ਵਧੇਰੇ ਕਰਕੇ ਹਰੀ (ਜੋ ਹੁਣ ਸਰੀਰਕ ਰੂਪ ਵਿਚ ਮੌਜੂਦ ਨਹੀਂ) ਨਾਲ ਲੱਗਦੀ ਸੀ।


ਮੰਦਰ ਵਾਲੇ ਸਕੂਲ ਦੀ ਕੋਈ ਚਾਰ ਦੀਵਾਰੀ ਵੀ ਨਹੀਂ ਸੀ। ਇਕ ਪਾਸੇ ਪੁਰਾਣੀ ਸ਼ਿਲਪ ਕਲਾ ਦਾ ਸੁੰਦਰ ਨਮੂਨਾ ਪੇਸ਼ ਕਰਦੀ ਸ਼ਿਵ ਮੰਦਰ ਦੀ ਇਮਾਰਤ ਤੇ ਨਾਲ ਹੀ ਹਨੂੰਮਾਨ ਦੇਵਤੇ ਦਾ ਮੰਦਰ ਸੀ। ਸਾਈਡ 'ਤੇ ਕੁਝ ਕਮਰੇ ਸਨ। ਮੰਦਰ ਦੇ ਐਨ ਸਾਹਮਣੇ ਇਕ ਖੂਹੀ ਸੀ, ਜਿਸ 'ਤੇ ਲੱਗੀ ਘੁੰਮਣ ਵਾਲੀ ਚੱਕਰੀ ਰਾਹੀਂ ਰੱਸੇ ਨਾਲ ਬੰਨੀ ਬਾਲਟੀ ਨੂੰ ਖੂਹ ਵਿਚ ਸੁੱਟ ਕੇ ਪਾਣੀ ਕੱਢਿਆ ਜਾਂਦਾ ਸੀ। ਮੰਦਰ ਵਿਚ ਧਾਰਮਿਕ ਰਸਮਾਂ ਨਿਭਾਉਣ ਆਉਂਦੇ ਲੋਕ ਇਸ਼ਨਾਨ ਕਰਦੇ ਤੇ ਸਕੂਲ ਦੇ ਬੱਚੇ ਤੇ ਅਧਿਆਪਕ ਵੀ ਇਸ ਖੂਹ ਵਿਚੋਂ ਬਾਲਟੀ ਰਾਹੀਂ ਇਕ ਛੋਟੀ ਜਿਹੀ ਟੈਂਕੀ ਵਿੱਚ ਇੱਕਠਾ ਕੀਤਾ ਪਾਣੀ ਪੀਂਦੇ। ਹੁਣ ਪਾਣੀ ਸੁੱਕ ਜਾਣ ਕਾਰਨ ਇਹ ਖੂਹ ਬੰਦ ਕਰ ਦਿੱਤਾ ਗਿਆ ਹੈ। ਖੂਹ ਦੇ ਬਰਾਬਰ ਹੀ ਟੀਨ ਦੀ ਛੱਤ ਵਾਲਾ ਇਕ ਚੌਤਰਾਂ ਸੀ, ਜਿਸ ਦੇ ਐਨ ਵਿਚਾਕਾਰ ਇਹ ਹਵਨ ਕੁੰਡ ਬਣਿਆ ਹੋਇਆ ਸੀ। ਜਖੇਪਲ ਵਾਲੇ ਸੰਤ ਆਪਣੇ ਜੱਥੇ ਨਾਲ ਬੋਹਾ ਆਉਣ 'ਤੇ ਹਫਤੇ ਦਸ ਦਿਨ ਲਈ ਇਸ ਮੰਦਰ ਵਿਚ ਠਹਿਰ ਕਰਦੇ ਤਾਂ ਮੰਦਰ ਦੇ ਅਹਾਤੇ ਵਿਚ ਸਾਡੇ ਨਾਲ ਉਨ੍ਹਾਂ ਦੇ ਸ਼ਰਧਾਲੂ ਵੀ ਰੌਣਕਾਂ ਲਾਈ ਰੱਖਦੇ। ਵੱਡੇ ਮਹੰਤ ਪਰਮਾ ਨੰਦ ਜੀ ਹਵਨ ਕੁੰਡ ਵਾਲੀ ਥਾਂ ਤੇ ਆਪਣਾ ਧੂਣਾ ਵੀ ਰਮਾਉਂਦੇ। ਮੰਦਰ ਦੇ ਐਨ ਸਾਹਮਣੇ ਵੱਡਾ ਸਾਰਾ ਛੱਪੜ ਸੀ ਤੇ ਸਾਰੇ ਪਿੰਡ ਦੇ ਬਰਸਾਤੀ ਪਾਣੀ ਦੀ ਮੁਖ ਨਿਕਾਸੀ ਇਸ ਛੱਪੜ ਵਿਚ ਹੁੰਦੀ ਸੀ। ਛੱਪੜ ਦਾ ਪਾਣੀ ਤੇ ਡੰਗਰ ਪਸ਼ੂਆ ਦਾ ਮੰਦਰ ਜਾਂ ਸਕੂਲ ਦੇ ਅਹਾਤੇ ਵਿਚ ਪ੍ਰਵੇਸ਼ ਰੋਕਣ ਲਈ ਮਿੱਟੀ ਦੀ ਉੱਚੀ ਸਾਰੀ ਵੱਟ ਸੀ ਤੇ ਇਸ ਵੱਟ 'ਤੇ ਉੱਗੇ ਪਹਾੜੀ ਕਿੱਕਰ ਇਕ ਤਰ੍ਹਾਂ ਨਾਲ ਵਾੜ ਦਾ ਕੰਮ ਵੀ ਕਰਦੇ ਸਨ।

ਸਾਰੀਆਂ ਕਲਾਸਾਂ ਬਾਹਰ ਹੀ ਲੱਗਦੀਆਂ। ਮੌਸਮ ਵਿਚ ਥੋੜ੍ਹਾ ਜਿਹਾ ਵਿਗਾੜ ਵੇਖਦਿਆਂ ਹੀ ਸਾਨੂੰ ਛੁੱਟੀ ਹੋ ਜਾਂਦੀ, ਇਸ ਲਈ ਜਦੋਂ ਕਦੇ ਬੱਦਲ ਥੋੜ੍ਹਾ ਜਿਹਾ ਵੀ ਗਰਜਦੇ ਤਾਂ ਸਾਨੂੰ ਛੁੱਟੀ ਹੋਣ ਦਾ ਚਾਅ ਚੜ੍ਹ ਜਾਂਦਾ। ਮੀਂਹ ਆਉਣ ਦੀ ਥੋੜੀ ਜਿਹੀ ਸੰਭਾਵਨਾ ਹੁੰਦੀ ਤਾਂ ਮਾਵਾਂ ਆਪ ਹੀ ਸਾਨੂੰ ਸਕੂਲ ਨਾ ਭੇਜਦੀਆਂ। ਮਾਵਾਂ ਨੂੰ ਅੱਜ ਦੀਆਂ ਮਾਵਾਂ ਵਾਂਗ ਬੱਚਿਆਂ ਦੀ ਪੜ੍ਹਾਈ ਦਾ ਬਹੁਤਾ ਫਿਕਰ ਨਹੀਂ ਸੀ ਹੁੰਦਾ। ਜੇ ਡੇਢ ਮਹੀਨੇ ਦੀਆਂ ਗਰਮੀ ਦੀਆਂ ਛੁੱਟੀਆਂ ਹੁੰਦੀਆਂ ਤਾਂ ਮੈਂ ਦੋ-ਢਾਈ ਮਹੀਨੇ ਲਾ ਕੇ ਹੀ ਨਾਨਕਿਆਂ ਤੋਂ ਮੁੜਦਾ। ਵਾਪਸੀ 'ਤੇ ਮਾਸਟਰ ਥੋੜਾ-ਬਹੁਤ ਝਿੜਕਦੇ ਜ਼ਰੂਰ, ਪਰ ਨਾ ਕੱਟਣ ਦੀ ਧਮਕੀ ਨਹੀਂ ਸਨ ਦਿੰਦੇ। ਮੇਰੀ ਮਾਂ ਮੇਰੇ ਨਾਨਕੇ ਗੰਗਾਨਗਰ ਜਾਂਦੀ ਤਾਂ ਸਾਰੇ ਭਰਾਵਾਂ ਤੋਂ ਛੋਟਾ ਹੋਣ ਕਾਰਨ ਮੈਂ ਵੀ ਉਸਦੇ ਨਾਲ ਹੀ ਜਾਂਦਾ। ਮਾਮੇ ਦੋ-ਦੋ ਮਹੀਨੇ ਸਾਨੂੰ ਮੁੜਣ ਨਾ ਦਿੰਦੇ। ਹੁਣ ਤਾਂ ਮਾਵਾਂ ਆਪਣੇ ਨਰਸਰੀ ਜਮਾਤ ਦੇ ਬੱਚੇ ਦੀ ਪੜ੍ਹਾਈ ਦਾ ਇਕ ਦਿਨ ਦਾ ਨੁਕਸਾਨ ਵੀ ਨਹੀਂ ਜਰਦੀਆਂ। ਉਹ ਐਤਵਾਰ ਵਾਲੇ ਦਿਨ ਸਵੇਰੇ ਪੇਕੇ ਘਰ ਜਾਂਦੀਆਂ ਹਨ ਤੇ ਉਸ ਘਰ ਨੂੰ ਹੱਥ ਜਿਹਾ ਲਾ ਕੇ ਸ਼ਾਮ ਨੂੰ ਮੁੜਣ ਦੀ ਕਰਦੀਆਂ ਹਨ।

ਪ੍ਰਾਇਮਰੀ ਸਕੂਲ ਵਿਚ ਪੜ੍ਹਾਉਣ ਵਾਲੇ ਸਾਰੇ ਅਧਿਆਪਕਾਂ ਦੇ ਨਾਂ ਹੁਣ ਯਾਦ ਨਹੀਂ ਹਨ। ਫਿਰ ਵੀ ਕੁਲਾਣੇ ਪਿੰਡ ਤੋਂ ਆਉਂਦੇ ਮਾਸਟਰ ਰਾਮ ਸਰੂਪ, ਲੱਧੂਵਾਸ ਵਾਲੇ ਤਾਰਾ ਸਿੰਘ, ਮਾਸਟਰ ਅਵਤਾਰ ਸਿੰਘ ਭਾਵਾ, ਮਾਸਟਰ ਹਰਨੇਕ ਸਿੰਘ, ਮਾਸਟਰ ਸੁਖਦੇਵ ਸਿੰਘ, ਭੈਣ ਜੀ ਹਰਦਾਸ ਕੌਰ, ਸੁਰਜੀਤ ਕੌਰ ਤੇ ਮਾਸਟਰ ਰਾਜਾ ਰਾਮ ਦੇ ਨਾ ਚੰਗੀ ਤਰ੍ਹਾਂ ਮੇਰੇ ਚੇਤਿਆ ਵਿੱਚ ਖੁਣੇ ਹੋਏ ਹਨ। ਮਾਸਟਰ ਰਾਮ ਚੰਦ ਨੇ ਵੀ ਪੰਜਵੀ ਜਮਾਤ ਵਿਚ ਕੁਝ ਸਮਾਂ ਪੜ੍ਹਾਇਆ ਤੇ ਫਿਰ ਉਹ ਵੱਡੇ ਸਕੂਲ ਵਿਚ ਸੱਤਵੀਂ ਤੇ ਅੱਠਵੀਂ ਜਮਾਤ ਵਿਚ ਸਾਨੂੰ ਖੇਤੀਬਾੜੀ ਦਾ ਵਿਸ਼ਾ ਵੀ ਪੜ੍ਹਾਉਂਦੇ ਰਹੇ। ਹੁਣ ਵੀ ਇਹ ਤਾਂ ਯਾਦ ਨਹੀਂ ਕਿ ਉਸ ਵੇਲੇ ਪ੍ਰਾਇਮਰੀ ਸਕੂਲ ਦਾ ਇੰਚਾਰਜ਼ ਕੌਣ ਸੀ ਪਰ ਇਹ ਜ਼ਰੂਰ ਯਾਦ ਹੈ ਕਿ ਸਕੂਲ ਵਿਚ ਸਾਰੇ ਮਾਸਟਰਾਂ ਨਾਲੋਂ ਵੱਧ ਰੋਹਬ-ਦਾਅਬ ਮਾਸਟਰ ਅਵਤਾਰ ਸਿੰਘ ਪੀ. ਟੀ. ਦਾ ਸੀ। ਪ੍ਰਾਰਥਨਾ ਵਿਚ ਸਾਨੂੰ ਵਿਸ਼ਰਾਮ ਤੇ ਸਾਵਧਾਨ ਕਰਨ ਦੀ ਡਿਊਟੀ ਉਨ੍ਹਾਂ ਦੀ ਹੀ ਸੀ ਤੇ ਉਹ ਕਦੇ ਕਦੇ ਬੱਚਿਆਂ ਨੂੰ ਪਿੱਠੂ ਜਾ ਕੱਬਡੀ ਵੀ ਖਿਡਾਇਆ ਕਰਦੇ ਸਨ। ਭਾਵੇ ਉਹ ਜੇ. ਬੀ. ਟੀ. ਮਾਸਟਰ ਸਨ, ਪਰ ਸਾਰੇ ਉਨ੍ਹਾਂ ਨੂੰ ਪੀ. ਟੀ. ਮਾਸਟਰ ਹੀ ਕਹਿੰਦੇ। ਸਕੂਲ ਦਾ ਡਿਸਿਪਲਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਵੀ ਉਹ ਹੀ ਨਿਭਾਉਂਦੇ, ਜਿਸ ਕਾਰਨ ਉਨ੍ਹਾਂ ਦੀ ਕਲਾਸ ਵਿਚ ਨਾ ਪੜ੍ਹਦਿਆਂ ਵੀ ਸਾਨੂੰ ਲੇਟ ਆਉਣ ਜਾਂ ਹੋਰ ਕਾਰਨਾਂ ਕਰਕੇ ਉਨ੍ਹਾਂ ਦੇ ਡੰਡੇ ਦਾ ਪ੍ਰਸ਼ਾਦ ਮਿਲ ਹੀ ਜਾਂਦਾ ਸੀ। ਉਦੋਂ ਸਾਡੀਆਂ ਸਕੂਲ ਦੀਆਂ ਭੈਣ ਜੀਆਂ ਨਿਆਣੇ ਵੀ ਆਪਣੇ ਨਾਲ ਹੀ ਲੈ ਆਉਂਦੀਆਂ ਤੇ ਉਨ੍ਹਾਂ ਨੂੰ ਚੁੱਕਣ ਜਾ ਖਿਡਾਉਣ ਵਿੱਚ ਸਾਨੂੰ ਵਿਸ਼ੇਸ਼ ਸੁਆਦ ਆਉਂਦਾ। ਸਾਨੂੰ ਲੱਗਦਾ ਕਿ ਅਜਿਹਾ ਕਰਨ ਨਾਲ ਹੋਮ ਵਰਕ ਨਾ ਕੀਤਾ ਹੋਵੇ ਤਾਂ ਭੈਣ ਜੀਆਂ ਘੱਟ ਕੁੱਟਣਗੀਆਂ।

ਜਦੋਂ ਮੈਂ ਆਪਣੇ ਨਾਲ ਪੰਜਵੀਂ ਤੱਕ ਪੜ੍ਹਦੇ ਰਹੇ ਜਮਾਤੀਆਂ ਦੇ ਨਾਂ ਯਾਦ ਕਰਦਾ ਹਾਂ ਤਾਂ ਲੈ-ਦੇ ਕੇ ਮੈਨੂੰ ਵਲੈਤੀ ਕਾ ਛਿੰਦਾ, ਲੰਬੜਾ ਦਾ ਸੇਵਾ, ਲੱਖਵੀਰ, ਇਕਬਾਲ ਉਰਫ ਬਾਲੂ ਨੰਬਰਦਾਰ, ਉਨ੍ਹਾਂ ਦੀ ਭੂਆ ਦਾ ਮੁੰਡਾ ਗੁਰਮੁੱਖ, ਦੀਨੇ ਕਾ ਟੋਕਣਾ, ਦੌਲੇ ਕਾ ਜਸਪਾਲ, ਕੌੜੇ ਅਰੋੜੇ ਕਾ ਤਲੋਕਾ, ਹਰੀ ਤੇ ਨੱਛਤਰ ਆਦਿ ਦੇ ਨਾਂ ਹੀ ਯਾਦ ਆਉਂਦੇ ਹਨ। ਸਰਦੂਲ ਸਰਪੰਚ ਦਾ ਭਰਾ ਇਕਬਾਲ ਜੋ ਬਾਅਦ ਵਿਚ ਬਾਲੂ ਨੰਬਰਦਾਰ ਵਜੋਂ ਜਾਣਿਆਂ ਜਾਣ ਲੱਗਾ, ਪੜ੍ਹਾਈ ਵਿਚ ਮੈਥੋਂ ਕਮਜੋਰ ਪਰ ਸਰੀਰ ਵਿਚ ਤੱਕੜਾ ਹੋਣ ਕਾਰਨ ਮਾਸਟਰਾਂ ਨੇ ਸਾਡੀ ਚੌਥੀ ਕਲਾਸ ਦਾ ਮਨੀਟਰ ਬਣਾਇਆ ਹੋਇਆ ਸੀ। ਜਦੋਂ ਮਾਸਟਰਾਂ ਨੇ ਆਪਸ ਵਿਚ ਗੱਪ-ਸ਼ੱਪ ਮਾਰਨੀ ਹੁੰਦੀ ਜਾਂ ਚਾਹ ਵਗੈਰਾ ਪੀਣੀ ਹੁੰਦੀ, ਉਹ ਸਾਡੀ ਕਲਾਸ ਬਾਲੂ ਦੇ ਹਵਾਲੇ ਕਰਕੇ ਚੱਲੇ ਜਾਂਦੇ ਤੇ ਆਪਣੇ ਹੱਥ ਵਿਚਲਾ ਡੰਡਾਂ ਵੀ ਫੜਾ ਜਾਂਦੇ। ਫਿਰ ਮਜ਼ਾਲ ਹੈ ਕਿ ਬਾਲੂ ਦੇ ਰਾਜ ਵਿਚ ਕੋਈ ਵਿਦਿਆਰਥੀ ਚੂੰ ਵੀ ਕਰ ਜਾਵੇ। ਅਸੀ ਲਾਲਿਆਂ ਦੇ ਮੁੰਡੇ ਬਾਲੂ ਤੋਂ ਵਿਸ਼ੇਸ ਤੌਰ 'ਤੇ ਡਰਦੇ ਸਾਂ। ਸਕੂਲ ਵਿਚ ਅੱਧੀ ਜਾ ਸਾਰੀ ਛੁੱਟੀ ਹੋਣ ਦੀ ਘੰਟੀ ਮਾਰਨ ਦੀ ਡਿਊਟੀ ਵੀ ਬਾਲੂ ਹੀ ਨਿਭਾਉਂਦਾ ਤੇ ਉਸਦੀ ਗੈਰਹਾਜਰੀ ਵਿਚ ਇਹ ਕੰਮ ਟੋਕਣਾ ਕਰਦਾ।

ਗਾਂਧੀ ਮਾਰਕਾ ਖੱਦਰ ਦੀ ਖਾਕੀ ਰੰਗ ਦੀ ਵਰਦੀ ਸਾਨੂੰ ਛੇਵੀ ਜਮਾਤ ਵਿਚ ਹੀ ਲੱਗੀ ਸੀ। ਪ੍ਰਾਇਮਰੀ ਕਲਾਸਾਂ ਦਾ ਕੋਈ ਡਰੈਸ ਕੋਡ ਨਹੀਂ ਸੀ ਹੁੰਦਾ। ਸਾਨੂੰ ਆਪਣੀ ਮਰਜ਼ੀ ਦੇ ਕਪੜੇ ਪਾਉਣ ਦੀ ਛੋਟ ਸੀ। ਸਾਡੇ ਕਪੜੇ ਵਧੇਰੇ ਕਰਕੇ ਵੱਡੇ ਭਰਾਵਾਂ ਵੱਲੋਂ ਹੰਢਾਏ ਅੱਧੋਰਾਣੇ ਜਿਹੇ ਹੀ ਹੁੰਦੇ। ਬਹੁਤੇ ਬੱਚੇ ਝੱਗਾ ਤੇ ਕੱਛਾ ਪਾ ਕੇ ਹੀ ਸਕੂਲ ਆਉਂਦੇ। ਕੁਝ ਅਮੀਰ ਘਰਾਂ ਦੇ ਬੱਚਿਆਂ ਨੇ ਲੰਮੀਆਂ ਲਾਈਨਾਂ ਵਾਲੀ ਛੀਟ ਦਾ ਪਜਾਮਾ ਵੀ ਪਾਇਆ ਹੁੰਦਾ ਪਰ ਮੇਰੇ ਚੇਤੇ ਅਨੁਸਾਰ ਪੰਜਵੀ ਜਮਾਤ ਦਾ ਕੋਈ ਬੱਚਾ ਪੈਂਟ ਵਗੈਰਾ ਪਾ ਕੇ ਨਹੀਂ ਸੀ ਆਉਂਦਾ। ਵਧੇਰੇ ਮਾਸਟਰ ਵੀ ਕੁਰਤਾ ਪਜਾਮਾ ਹੀ ਪਾਉਂਦੇ ਸਨ। ਮਾਂ ਨੇ ਮੈਨੂੰ ਨਵਾਂ ਕੁਰਤਾ-ਪਜਾਮਾ ਸੁਵਾ ਕੇ ਦਿੱਤਾ ਤਾਂ ਮੈਂ ਸਕੂਲ ਸਮੇਂ ਤੋਂ ਪਹਿਲਾਂ ਹੀ ਆਪਣੇ ਜਮਾਤੀਆਂ ਨੂੰ ਵਿਖਾਉਣ ਸਕੂਲ ਪਹੁੰਚ ਗਿਆ ਸਾਂ। ਅਮੀਰ ਲਾਲਿਆਂ ਦੇ ਮੁੰਡਿਆਂ ਨੂੰ ਹਰ ਰੋਜ ਹੀ ਪੰਜੀ ਖਰਚਨ ਨੂੰ ਮਿਲ ਜਾਂਦੀ ਪਰ ਮੈਨੂੰ ਉਦੋਂ ਹਫਤੇ ਵਿਚ ਮਸਾਂ ਇਕ ਵਾਰ ਹੀ ਜੇਬ ਖਰਚੀ ਮਿਲਦੀ ਸੀ। ਹਾਂ, ਕਿਸੇ ਦਿਨ ਬਰਾਤ ਵਿਚ ਸੁੱਟੀ ਭਾਨ ਦੇ ਲੁੱਟੇ ਪੈਸੇ ਮੇਰੇ ਹੱਥ ਆ ਜਾਂਦੇ ਤਾਂ ਮੈਂ ਵੀ ਬੜੀ ਸ਼ਾਨ ਨਾਲ ਮੁਨਸ਼ੀ ਤੋਂ ਫਲੂਦੇ ਵਾਲੀ ਠੰਡੀ ਮਿੱਠੀ ਬਰਫ ਲੈ ਕੇ ਖਾਂਦਾ, ਪਰ ਵਧੇਰੇ ਹੀ ਕਮਜੋਰ ਹੋਣ ਕਾਰਨ ਮੇਰਾ ਇਹ ਦਾਅ ਵੀ ਕਦੇ-ਕਦੇ ਹੀ ਲੱਗਦਾ ਸੀ।



ਕਲਾਸਾਂ ਮੰਦਰ ਦੇ ਅਹਾਤੇ ਵਿਚ ਲੱਗਣ ਕਾਰਨ ਸਾਡੇ 'ਤੇ ਉੱਥੋ ਦੇ ਧਾਰਮਿਕ ਮਾਹੌਲ ਦਾ ਵੀ ਬਹੁਤ ਅਸਰ ਪੈਂਦਾ ਸੀ, ਖਾਸ ਤੌਰ 'ਤੇ ਲਾਲਿਆਂ ਦੇ ਮੁੰਡਿਆਂ 'ਤੇ। ਜਦੋਂ ਜਖੇਪਲ ਵਾਲੇ ਸੰਤਾਂ ਨੇ ਮੰਦਰ ਵਿਚ ਠਹਿਰ ਕਰਨੀ ਤਾਂ ਸਕੂਲ ਦਾ ਮਾਹੌਲ ਵਿਸ਼ੇਸ਼ ਤੌਰ 'ਤੇ ਧਾਰਮਿਕ ਬਣ ਜਾਂਦਾ। ਸਾਡੇ ਬੋਹਾ ਖੇਤਰ ਵਿਚ ਜਖੇਪਲ ਵਾਲੇ ਸੰਤਾਂ ਦੀ ਮਾਨਤਾ ਸਾਰੇ ਫਿਰਕਿਆਂ ਵਿਚ ਸੀ ਤੇ ਕੁਝ ਘੱਟ ਰੂਪ ਵਿਚ ਅਜੇ ਵੀ ਹੈ। ਹਿੰਦੂ-ਸਿੱਖ ਦੋਹੇਂ ਉਨ੍ਹਾਂ ਵਿਚ ਅਥਾਹ ਸ਼ਰਧਾ ਰੱਖਦੇ ਸਨ। ਵੱਡੇ ਸੰਤ ਪਰਮਾ ਨੰਦ ਨੇ ਜਟਾਂ ਰੱਖੀਆਂ ਹੋਈਆਂ ਸਨ ਉਹ ਰੱਸਿਆਂ ਵਾਂਗ ਇਨ੍ਹਾਂ ਨੂੰ ਸਿਰ 'ਤੇ ਲਪੇਟਦੇ ਤਾਂ ਇਨ੍ਹਾਂ ਦਾ ਟੋਕਰੇ ਵਰਗਾ ਅਕਾਰ ਨਿਆਣਿਆ 'ਤੇ ਬਹੁਤ ਅਨੂਠਾ ਜਿਹਾ ਪ੍ਰਭਾਵ ਪਾਉਂਦਾ। ਜੱਥੇ ਦੇ ਸਾਰੇ ਸੰਤ ਲੰਮੇ ਕਾਲੇ ਚੋਲੇ ਪਾਉਂਦੇ ਸਨ। ਬੋਹਾ ਦੇ ਸ਼ਰਧਾਲੂ ਵਾਰੀ ਸਿਰ ਉਨ੍ਹਾਂ ਨੂੰ ਦੁਪਿਹਰ ਦੇ ਭੋਜਨ ਲਈ ਬੁਲਾਉਂਦੇ ਤਾਂ ਉਨ੍ਹਾਂ ਦੇ ਕਤਾਰ ਵਿਚ ਤੁਰਦਿਆਂ ਦਾ ਦ੍ਰਿਸ਼ ਵੇਖਣ ਵਾਲਾ ਹੁੰਦਾ ਸੀ। ਉਨ੍ਹਾਂ ਦੀ ਅਗਵਾਈ ਇਕ ਨਰਸਿੰਗਾਂ ਵਜਾਉਣ ਵਾਲਾ ਸੰਤ ਕਰਦਾ, ਉਸ ਤੋਂ ਪਿੱਛੇ ਵੱਡੇ ਸੰਤ ਤੇ ਫਿਰ ਦਰਜਾ-ਬਾ-ਦਰਜਾ ਹੋਰ ਸੰਤ ਕਤਾਰ ਵਿਚ ਸ਼ਾਮਿਲ ਹੁੰਦੇ। ਨਰਸਿੰਗੇ ਦੀ ਅਵਾਜ਼ ਦੂਰ ਤੱਕ ਉਨ੍ਹਾਂ ਦੇ ਆਉਣ ਦੀ ਸੂਚਨਾ ਦੇ ਦਿੰਦੀ ਤੇ ਰਾਹ ਜਾਂਦੇ ਲੋਕ ਹੱਥ ਬੰਨ੍ਹ ਕੇ ਖੜ੍ਹ ਜਾਂਦੇ। ਜਦੋਂ ਉਹ ਮੰਦਰ ਵਿੱਚੋ ਭੋਜਣ ਛੱਕਣ ਲਈ ਰਵਾਨਾ ਹੁੰਦੇ ਤਾਂ ਸਾਰੇ ਨਿਆਣੇ ਵੀ ਉਨ੍ਹਾਂ ਦੇ ਸਤਿਕਾਰ ਵਜੋਂ ਹੱਥ ਜੋੜ ਕੇ ਖੜ੍ਹੇ ਹੁੰਦੇ। ਭਾਵੇਂ ਸਮਾਂ ਬਦਲਣ ਨਾਲ ਲੋਕਾਂ ਦੀ ਸ਼ਰਧਾ-ਭਾਵਨਾ ਵਿਚ ਕਾਫੀ ਫਰਕ ਪੈ ਗਿਆ ਤੇ ਬਹੁਤ ਸਾਲਾਂ ਤੋਂ ਉਨ੍ਹਾਂ ਬੋਹਾ ਮੰਦਰ ਵਿਚ ਠਹਿਰ ਨਹੀਂ ਕੀਤੀ, ਪਰ ਇਸ ਖੇਤਰ ਵਿਚ ਉਨ੍ਹਾਂ ਦੇ ਸ਼ਰਧਾਲੂ ਅਜੇ ਵੀ ਵੱਡੀ ਗਿਣਤੀ ਵਿਚ ਮੌਜੂਦ ਹਨ।

ਉੱਥੋਂ ਦੇ ਧਾਰਮਿਕ ਮਾਹੌਲ ਦੇ ਮੇਰੇ 'ਤੇ ਪਏ ਪ੍ਰਭਾਵ ਦੀ ਇਕ ਘਟਨਾ ਬਹੁਤ ਦਿਲਚਸਪ ਹੈ। ਸਾਡੇ ਕਲਾਸ ਇੰਚਾਰਜ ਮਾਸਟਰ ਹਰਨੇਕ ਸਿੰਘ ਮਾਨ ਇਕ ਦਿਨ ਹੋਮ ਵਰਕ ਦੀ ਕਾਪੀਆਂ ਚੈਕ ਕਰ ਰਹੇ ਸਨ ਤੇ ਮੈਂ ਹੋਮ ਵਰਕ ਨਹੀਂ ਸੀ ਕੀਤਾ ਹੋਇਆ। ਮੈਂ ਕਾਪੀ ਚੈਕ ਕਰਾਉਣ ਵਾਲੀ ਲਾਈਨ ਵਿਚ ਖੜ੍ਹੇ ਹੀ ਇਹ ਸੁੱਖ ਸੁਖ ਲਈ ਕਿ ਜੇ ਅੱਜ ਮਾਸਟਰਾਂ ਦੀ ਕੁੱਟ ਤੋਂ ਬਚ ਗਿਆ ਤਾਂ ਹਨੂੰਮਾਨ ਦੇ ਮੰਦਰ ਪੰਜ ਪੈਸਿਆਂ ਦੀ ਭੇਟ ਚੜ੍ਹਾਂਵਾਂਗਾ। ਲਾਈਨ ਵਿਚ ਲੱਗੇ ਮੇਰੇ ਤੋਂ ਅਗਲੇ ਵਿਦਿਆਰਥੀ ਨੇ ਵੀ ਘਰ ਦਾ ਕੰਮ ਨਹੀਂ ਸੀ ਕੀਤਾ ਤੇ ਮਾਸਟਰ ਜੀ ਨੇ ਉਸਦੀ ਚੰਗੀ ਚਾਂਟਾ ਪਰੇਡ ਕਰ ਦਿੱਤੀ। ਇਸ ਚਾਂਟਾ ਪਰੇਡ ਲਈ ਅਗਲਾ ਨੰਬਰ ਮੇਰਾ ਸੀ। ਮਾਸਟਰ ਜੀ ਮੈਥੋਂ ਪਹਿਲਾਂ ਵਾਲੇ ਮੁੰਡੇ ਨੂੰ ਕੁੱਟ ਕੇ ਵਿਹਲੇ ਹੋਏ ਹੀ ਸਨ ਕਿ ਬਨਾਰਸੀ ਚਪੜਾਸੀ ਸਕੂਲ ਦੀ ਡਾਕ ਜਾਂ ਮਾਸਟਰ ਜੀ ਦੀ ਕੋਈ ਨਿੱਜੀ ਚਿੱਠੀ ਲੈ ਕੇ ਆ ਗਿਆ। ਮਾਸਟਰ ਜੀ ਕਾਪੀਆਂ ਚੈਕ ਕਰਨ ਦਾ ਕੰਮ ਵਿਚਾਲੇ ਛੱਡ ਕੇ ਉਹ ਚਿੱਠੀ ਪੜ੍ਹਣ ਵਿਚ ਰੁੱਝ ਗਏ। ਉਨ੍ਹਾਂ ਕਾਪੀਆਂ ਵੇਖਣ ਦਾ ਕੰਮ ਅੱਗੇ ਪਾ ਦਿੱਤਾ ਤਾਂ ਮੈਨੂੰ ਲੱਗਿਆ ਕਿ ਹਨੂੰਮਾਨ ਦੇਵਤੇ ਨੇ ਮੇਰੀ ਸੁੱਖ ਪ੍ਰਵਾਨ ਕਰ ਲਈ ਹੈ। ਅਗਲੇ ਦਿਨ ਮੈਂ ਸਕੂਲ ਦਾ ਸਾਰਾ ਕੰਮ ਕਰਕੇ ਲੈ ਗਿਆ ਤੇ ਕੁੱਟ ਤੋਂ ਬੱਚ ਗਿਆ। ਇਸ ਛੋਟੀ ਜਿਹੀ ਘਟਨਾ ਨੇ ਮੈਨੂੰ ਕਿੰਨਾ ਹੀ ਚਿਰ ਹਨੂੰਮਾਨ ਦਾ ਪੱਕਾ ਸ਼ਰਧਾਲੂ ਬਣਾਈ ਰੱਖਿਆ।

ਇਕ ਵਾਰ ਪੀ. ਟੀ ਮਾਸਟਰ ਭਾਵਾ ਨੇ ਸਕੂਲ ਲੇਟ ਆਉਣ ਕਾਰਨ ਸਵੇਰ ਦੀ ਪ੍ਰਾਰਥਨਾ ਸਭਾ ਵਿਚ ਵਿਚ ਮੇਰੀ ਥੱਪੜ ਪਰੇਡ ਕਰ ਦਿੱਤੀ ਤਾਂ ਮੈਂ ਉਸੇ ਵੇਲੇ ਪਹਿਲਾਂ ਨਾਲੋਂ ਵੀ ਦੁੱਗਣੀ ਕੀਮਤ ਦੀ ਸੁੱਖ ਸੁੱਖ ਲਈ ਕਿ ਜੇ ਪੀ. ਟੀ. ਮਾਸਟਰ ਦੋ-ਚਾਰ ਦਿਨਾਂ ਲਈ ਬਿਮਾਰ ਹੋ ਜਾਵੇ ਤਾ ਮੈਂ ਦਸ ਪੈਸਿਆਂ ਦਾ ਪ੍ਰਸ਼ਾਦ ਵੰਡਾਂਗਾ। ਮੇਰੀ ਇਸ ਵਾਰ ਦੀ ਸੁੱਖ ਹਨੂੰਮਾਨ ਨੇ ਪ੍ਰਵਾਨ ਨਾ ਕੀਤੀ ਤਾਂ ਮੇਰੀ ਸ਼ਰਧਾ ਵੀ ਪਹਿਲਾਂ ਵਾਂਗ ਕਾਇਮ ਨਾ ਰਹੀ ਤੇ ਸਮਾਂ ਪਾ ਕੇ ਮੈਨੂੰ ਆਪਣੀਆਂ ਹੀ ਸੁੱਖੀਆਂ ਸੁੱਖਾਂ 'ਤੇ ਆਪਣੇ ਬਚਪਨ ਦੇ ਭੋਲੇਪਣ 'ਤੇ ਹਾਸਾ ਆਉਣ ਲੱਗਾ। ਜਦੋਂ ਥੋੜ੍ਹੀ ਜਿਹੀ ਸਮਝ ਆਈ ਤਾਂ ਪਤਾ ਚੱਲਿਆ ਕਿ ਬਨਾਰਸੀ ਚਪੜਾਸੀ ਤਾਂ ਸਬੱਬੀਂ ਹੀ ਡਾਕ ਲੈ ਕੇ ਆ ਗਿਆ ਸੀ ਤੇ ਇਹ ਕਿਸੇ ਸੁੱਖ ਦਾ ਕਮਾਲ ਨਹੀਂ ਸੀ। ਉਸ ਤੋਂ ਬਾਅਦ ਸਾਰੀ ਉਮਰ ਮੈਂ ਕੋਈ ਸੁੱਖ ਨਹੀਂ ਸੁੱਖੀ।

# ਕਵਿਤਾ ਕ੍ਰਿਸ਼ਨਨ : ਅੱਧੇ ਅਧੂਰੇ ਸਵਾਲ ਜਾਂ ਸੰਪੂਰਨ ਪੁਨਰ ਮੁਲਾਂਕਣ

ਪਿੱਛੇ ਜਿਹੇ ਜਾਣੀ-ਪਛਾਣੀ ਸ਼ਖ਼ਸੀਅਤ, ਸਿਆਸੀ ਕਾਰਕੁਨ ਤੇ ਸੀਪੀਆਈ (ਐੱਮਐੱਲ) ਦੀ ਪੋਲਿਟ ਬਿਊਰੋ ਮੈਂਬਰ ਕਵਿਤਾ ਕ੍ਰਿਸ਼ਨਨ ਨੇ 20 ਸਾਲਾਂ ਬਾਅਦ ਪਾਰਟੀ ਵਿਚ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ। ਕਵਿਤਾ ਕ੍ਰਿਸ਼ਨਨ ਔਰਤਾਂ, ਵਿਦਿਆਰਥੀਆਂ ਤੇ ਨੌਜਵਾਨਾਂ ਦੇ ਹੱਕਾਂ ਲਈ ਜੱਦੋ-ਜਹਿਦ ਕਰਨ ਵਾਲੀ ਨੇਤਾ ਹੈ। ਔਰਤਾਂ ਵਿਰੁੱਧ ਤਸ਼ੱਦਦ ਦੇ ਮਾਮਲੇ ਨੂੰ ਲੈ ਕੇ ਉਸ ਨੇ ਬਹੁਤ ਮਹੱਤਵਪੂਰਨ ਕੰਮ ਕੀਤਾ ਹੈ। ਉਹ 'ਭਾਰਤੀ ਕਮਿਊਨਿਸਟ ਪਾਰਟੀ

**ਭਗਵਾਨ ਜੋਸ਼**
**ਫੋਨ: 98184-98464**

(ਮਾਰਕਸਿਸਟ-ਲੈਨਿਨਿਸਟ) ਲਿਬਰੇਸ਼ਨ' ਦੀ ਪੋਲਿਟ ਬਿਊਰੋ ਤੇ ਸੈਂਟਰਲ ਕਮੇਟੀ ਵਿਚ ਪਿਛਲੇ ਵੀਹ ਸਾਲਾਂ ਤੋਂ ਖੱਦਾਵਰ ਨੇਤਾ ਸੀ। ਉਹ ਸੀਪੀਆਈ (ਐੱਮਐੱਲ, ਲਿਬਰੇਸ਼ਨ) ਦੇ ਮਾਸਿਕ ਪੱਤਰ 'ਲਿਬਰੇਸ਼ਨ' ਦੀ ਵੀ ਐਡੀਟਰ ਸੀ। ਖੱਬੇ ਪੱਖੀ ਲਹਿਰ ਵਿਚ ਉਸ ਦੀ ਭੂਮਿਕਾ ਦੇ ਮੱਦੇਨਜ਼ਰ, ਕਵਿਤਾ ਕ੍ਰਿਸ਼ਨਨ ਵੱਲੋਂ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ੇ ਨੇ ਖੱਬੇ-ਪੱਖੀ ਹਲਕਿਆਂ, ਖ਼ਾਸਕਰ ਖੱਬੇ-ਪੱਖੀ ਨੌਜਵਾਨਾਂ ਵਿਚ ਇਕ ਹਲਚਲ ਮਚਾਉਣ ਦੇ ਨਾਲ ਨਾਲ ਇਕ ਜਗਿਆਸਾ ਵੀ ਪੈਦਾ ਕਰ ਦਿੱਤੀ ਹੈ। ਆਖ਼ਰ ਕਵਿਤਾ ਕ੍ਰਿਸ਼ਨਨ ਨੇ ਅਜਿਹਾ ਕਿਉਂ ਕੀਤਾ? ਕਿਸ ਉਦੇਸ਼ ਲਈ ਕੀਤਾ?

ਕਵਿਤਾ ਕ੍ਰਿਸ਼ਨਨ ਦੇ ਆਪਣੇ ਕਹਿਣ ਮੁਤਾਬਿਕ ਉਸ ਦੇ ਮਨ ਵਿਚ ਕੁਝ 'ਡੂੰਘੇ ਸਿਆਸੀ ਸਵਾਲ' ਹਨ ਜਿਨ੍ਹਾਂ ਨੂੰ ਲੈ ਕੇ ਉਹਦੇ ਮਨ ਵਿਚ ਉਥਲ-ਪੁਥਲ ਹੋ ਰਹੀ ਹੈ। ਮੁੱਖ ਵਿਚਾਰ ਜੋ ਉਸ ਨੇ ਪੇਸ਼ ਕੀਤਾ ਹੈ, ਉਹ ਇਹ ਹੈ ਕਿ ਉਦਾਰਵਾਦੀ ਜਮਹੂਰੀਅਤ (ਲਿਬਰਲ ਡੈਮੋਕ੍ਰੇਸੀ) ਵਿਚ ਭਾਵੇਂ ਕਿੰਨੇ ਵੀ ਨੁਕਸ ਹੋਣ ਤਾਂ ਵੀ ਅੱਜ ਇਸ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਅੱਜ ਭਾਰਤ ਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਉੱਭਰ ਰਹੇ ਤਾਨਾਸ਼ਾਹੀ ਅਤੇ ਬਹੁਗਿਣਤੀਵਾਦ ਵਾਲੇ ਲੋਕ-ਲੁਭਾਊ ਤੰਤਰ ਤੋਂ ਜਮਹੂਰੀਅਤ ਨੂੰ ਖ਼ਤਰਾ ਬਹੁਤ ਵੱਡਾ ਹੈ।

ਕਵਿਤਾ ਕ੍ਰਿਸ਼ਨਨ ਦੇ ਕਹਿਣ ਮੁਤਾਬਿਕ ਸੋਵੀਅਤ ਯੂਨੀਅਨ ਤੇ ਚੀਨ ਵਿਚ ਇਨਕਲਾਬਾਂ ਪਿੱਛੋਂ ਸਥਾਪਿਤ ਹੋਏ ਢਾਂਚਿਆਂ ਨੂੰ 'ਫੇਲ੍ਹ ਹੋਏ ਸਮਾਜਵਾਦ' ਕਹਿਣਾ ਹੀ ਕਾਫ਼ੀ ਨਹੀਂ। ਇਸ ਸਬੰਧ ਵਿਚ ਉਸ ਨੇ ਸਟਾਲਿਨ ਦਾ ਨਾਂ ਲੈਂਦਿਆਂ ਇਹ ਵੀ ਆਖਿਆ ਕਿ ਉਸ ਦਾ ਰਾਜ ਕਾਲ ਸੰਸਾਰ ਦੇ ਕੁਝ ਕੁ ਸਭ ਤੋਂ ਵੱਡੇ ਤਾਨਾਸ਼ਾਹੀ/ਅਥਾਰਟੇਰੀਅਨ ਢਾਂਚਿਆਂ ਵਿਚ ਸ਼ਾਮਿਲ ਸੀ। ਉਸ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਜੇਕਰ ਅਸੀਂ ਫ਼ਾਸ਼ੀਵਾਦ ਖ਼ਿਲਾਫ਼ ਜਮਹੂਰੀਅਤ ਨੂੰ ਬਚਾਉਣਾ ਹੈ ਤੇ ਭਾਰਤ ਵਿਚ ਤੇਜ਼ੀ ਨਾਲ ਉੱਭਰ ਰਹੀ 'ਤਾਨਾਸ਼ਾਹੀ/ ਟੋਟਲੇਟੇਰੀਅਨਿਜ਼ਮ' ਦੇ ਵਿਰੁੱਧ ਖੜ੍ਹੇ ਹੋਣਾ ਹੈ ਤਾਂ ਸਾਨੂੰ ਆਪਣੇ ਵਿਚਾਰਾਂ ਵਿਚ ਇਕਸੁਰਤਾ ਰੱਖਦਿਆਂ (ਕਨਸਿਸਟੈਂਟ ਰਹਿੰਦਿਆਂ) ਇਹ ਵੀ ਸਵੀਕਾਰ ਕਰਨਾ ਪਵੇਗਾ ਕਿ ਇਹ ਜਨਤਕ ਆਜ਼ਾਦੀਆਂ (ਲਿਬਰਟੀਜ਼) ਉਨ੍ਹਾਂ ਲੋਕਾਂ ਲਈ ਵੀ ਓਨੀਆਂ ਹੀ ਜ਼ਰੂਰੀ ਹਨ ਜਿਹੜੇ 'ਸਮਾਜਵਾਦੀ/ ਤਾਨਾਸ਼ਾਹੀ/ ਟੋਟਲੇਟੇਰੀਅਨ' ਸਿਆਸੀ ਪ੍ਰਬੰਧਾਂ ਹੇਠ ਰਹੇ ਜਾਂ ਰਹਿ ਚੁੱਕੇ ਹਨ। ਉਸ ਨੇ ਇਹ ਵੀ ਕਿਹਾ ਕਿ ਪਾਰਟੀ ਦੀ ਕੇਂਦਰੀ ਕਮੇਟੀ ਨੇ ਉਸ ਦੀ ਅਸਤੀਫ਼ੇ ਦੇਣ ਦੀ ਗੱਲ ਨੂੰ ਸਵੀਕਾਰ ਕਰ ਲਿਆ ਹੈ। ਉਸ ਨੇ 'ਹਿੰਦੂ' ਅਖ਼ਬਾਰ ਨੂੰ ਦੱਸਿਆ: ''ਇਨ੍ਹਾਂ ਸਵਾਲਾਂ ਦੀ ਚਰਚਾ ਕਰਦਿਆਂ ਮੇਰਾ ਪਾਰਟੀ ਦੀ ਲੀਡਰਸ਼ਿਪ ਵਿਚ ਰਹਿਣਾ ਸੰਭਵ ਨਹੀਂ। ਇਹ ਅਸਤੀਫ਼ਾ ਨਹੀਂ ਸਗੋਂ ਮੇਰਾ ਪਾਰਟੀ ਅਹੁਦਿਆਂ ਤੋਂ ਅਲੱਗ ਹੋਣ ਬਾਰੇ ਪਾਰਟੀ ਲੀਡਰਸ਼ਿਪ ਨਾਲ ਆਪਸੀ ਸਮਝੌਤਾ ਹੈ। ...ਮੈਂ ਆਉਣ ਵਾਲੇ ਸਮੇਂ ਵਿਚ ਉੱਪਰ ਜ਼ਿਕਰ ਕੀਤੇ ਮਹੱਤਵਪੂਰਨ ਸਵਾਲਾਂ ਬਾਰੇ ਲਿਖਾਂਗੀ ਜਿਵੇਂ ਜਿਵੇਂ ਮੇਰੀ ਸੋਚ ਹੋਰ ਵਿਕਸਤ ਹੋਵੇਗੀ।''

ਪਹਿਲਾ ਮਹੱਤਵਪੂਰਨ ਤੱਥ ਇਹ ਹੈ ਕਿ ਕਵਿਤਾ ਕ੍ਰਿਸ਼ਨਨ ਨੇ ਜਿਨ੍ਹਾਂ ਸਵਾਲਾਂ/ਦਰਪੇਸ਼ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਹੈ, ਉਹ ਸਵਾਲ/ ਸਮੱਸਿਆਵਾਂ ਹਮੇਸ਼ਾਂ ਹੀ ਭਾਰਤੀ ਕਮਿਊਨਿਸਟਾਂ ਦੇ ਸਾਹਮਣੇ ਰਹੀਆਂ ਹਨ। ਇਹ ਸਵਾਲ ਸੰਸਾਰ ਪੱਧਰ 'ਤੇ ਆਪਣੇ ਆਪ ਨੂੰ ਕਮਿਊਨਿਸਟ ਕਹਿਣ ਵਾਲੇ ਲੋਕਾਂ ਸਾਹਮਣੇ ਉਵੇਂ ਹੀ ਦਰਪੇਸ਼ ਹਨ ਜਿਵੇਂ ਉਹ 1930ਵਿਆਂ ਵਿਚ ਸਨ। ਦੂਸਰਾ ਤੱਥ ਇਹ ਹੈ ਕਿ ਇਹ ਗੱਲ ਬਿਲਕੁਲ ਸੰਭਵ ਨਹੀਂ ਕਿ ਕ੍ਰਿਸ਼ਨਨ ਇਕ ਇਕੱਲੀ ਨੇਤਾ ਹੈ ਜਿਸ ਦੇ ਮਨ ਵਿਚ ਇਨ੍ਹਾਂ ਸਵਾਲਾਂ ਨੂੰ ਲੈ ਕੇ ਉਥਲ-ਪੁਥਲ ਮੱਚੀ ਹੋਈ ਹੈ; ਜ਼ਰੂਰ ਹੀ, ਪਾਰਟੀ ਦੇ ਅੰਦਰ ਤੇ ਪਾਰਟੀ ਦੀ ਲੀਡਰਸ਼ਿਪ ਵਿਚ ਹੋਰ ਵੀ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਮਨਾਂ ਨੂੰ ਵੀ ਇਨ੍ਹਾਂ ਸਵਾਲਾਂ ਤੇ ਇਨ੍ਹਾਂ ਨਾਲ ਸਬੰਧਿਤ ਸਿਧਾਂਤਕ ਸੋਚਾਂ ਨੇ ਘੇਰਿਆ ਹੋਇਆ ਹੈ। ਪਰ 20 ਜਾਂ 30 ਸਾਲ ਪਾਰਟੀ ਵਿਚ ਰਹਿ ਕੇ ਉਸ ਤੋਂ ਅਲੱਗ ਹੋਣਾ ਕੋਈ ਆਸਾਨ ਕੰਮ ਨਹੀਂ। ਇੰਝ ਜ਼ਿੰਦਗੀ ਭਰ ਦੀ ਕਮਾਈ 'ਤੇ ਪਾਣੀ ਫਿਰ ਜਾਂਦਾ ਹੈ। ਇਸੇ ਕਰਕੇ ਬਹੁਤ ਸਾਰੇ ਲੋਕ ਪਾਰਟੀ ਦੇ ਅੰਦਰ ਰਹਿ ਕੇ ਹੀ ਆਪਣੇ ਸ਼ੰਕਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਉਨ੍ਹਾਂ ਦੀ ਕਾਰਜਕੁਸ਼ਲਤਾ ਘਟ ਜਾਂਦੀ ਹੈ, ਉਹ ਉਤਸ਼ਾਹਹੀਣ ਹੋ ਜਾਂਦੇ ਹਨ; ਹਾਲਾਤ ਨਾਲ ਸਮਝੌਤਾ ਕਰ ਲੈਂਦੇ ਹਨ। ਤੀਸਰਾ ਤੇ ਬਹੁਤ ਮਹੱਤਵਪੂਰਨ ਤੱਥ ਇਹ ਹੈ: ਕ੍ਰਿਸ਼ਨਨ ਦਾ ਪਾਰਟੀ ਦੀ ਲੀਡਰਸ਼ਿਪ ਨਾਲ ਇਕ ਕਿਸਮ ਦਾ ਸਮਝੌਤਾ ਹੋਇਆ ਹੈ। ਲੀਡਰਸ਼ਿਪ ਨੇ ਕ੍ਰਿਸ਼ਨਨ ਨੂੰ ਪਾਰਟੀ ਵਿਚੋਂ ਬਾਹਰ ਨਹੀਂ ਕੱਢਿਆ।

ਇੱਥੇ ਇਹ ਸਵਾਲ ਪੁੱਛਿਆ ਜਾਣਾ ਜ਼ਰੂਰੀ ਹੈ, ਜੇਕਰ ਕ੍ਰਿਸ਼ਨਨ ਵਾਕਈ ਸਾਰੇ ਮਹੱਤਵਪੂਰਨ ਸਵਾਲਾਂ ਤੇ ਮਸਲਿਆਂ ਨੂੰ ਸਮਝਣ ਸਮਝਾਉਣ ਬਾਰੇ ਪ੍ਰਤੀਬੱਧ ਸੀ ਤਾਂ ਉਸ ਨੂੰ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ਾ ਦਿੱਤੇ ਬਿਨਾਂ ਹੀ ਇਨ੍ਹਾਂ ਸਵਾਲਾਂ ਨੂੰ ਉਠਾਉਣਾ ਚਾਹੀਦਾ ਸੀ। ਕ੍ਰਿਸ਼ਨਨ ਦੀ ਇਕ ਹੋਰ ਮੰਗ ਇਹ ਸੀ ਕਿ ਪਾਰਟੀ ਦੇ ਅੰਦਰ ਇਨ੍ਹਾਂ ਸਵਾਲਾਂ ਉੱਪਰ 'ਖੁੱਲ੍ਹੀ ਬਹਿਸ' ਹੋਣੀ ਚਾਹੀਦੀ ਹੈ, ਸਿਰਫ਼ ਪਾਰਟੀ ਦੇ ਦਰਜਾ-ਬ-ਦਰਜਾ ਅਦਾਰਿਆਂ ਅੰਦਰ ਹੀ ਨਹੀਂ; ਸਿਰਫ਼ ਕੇਂਦਰੀ ਕਮੇਟੀ ਤੇ ਪੋਲਿਟ ਬਿਊਰੋ ਅੰਦਰ ਹੀ ਨਹੀਂ। ਜਾਪਦਾ ਹੈ ਕ੍ਰਿਸ਼ਨਨ ਨੂੰ ਇਹ ਡਰ ਸੀ ਕਿ ਅਗਰ ਉਹ ਆਪਣੇ ਸ਼ੰਕੇ/ਸਵਾਲ ਪਾਰਟੀ ਅਦਾਰਿਆਂ ਅੰਦਰ ਹੀ ਉਠਾਉਂਦੀ ਹੈ ਤਾਂ ਉਹਦੇ ਵਿਚ ਜ਼ਰੂਰ ਹੀ ਉਸ ਨੂੰ ਘੱਟ-ਗਿਣਤੀ ਵਿਚ ਹੋਣ ਕਰਕੇ ਬਹੁਗਿਣਤੀ ਤੋਂ ਮਾਤ ਮਿਲੇਗੀ ਤੇ ਇੰਝ ਸ਼ੰਕੇ ਦੂਰ ਕਰਨ ਵਾਲੀ ਬਹਿਸ ਤੋਂ ਬਾਅਦ ਵੀ ਉਸ ਨੂੰ ਲੋਕਾਂ ਵਿਚ ਪਾਰਟੀ ਦੀ ਬਹੁਸੰਮਤੀ ਵਾਲੀ 'ਸਿਆਸੀ ਲਾਈਨ' ਲੈਣੀ ਪਵੇਗੀ। ਉਸ ਦੇ ਸਾਹਮਣੇ ਇਕ ਵੱਡੀ 'ਦੁਬਿਧਾ' ਸੀ: ਜੇਕਰ ਇਨ੍ਹਾਂ ਜਮਹੂਰੀਅਤ ਤੇ ਕਮਿਊਨਿਜ਼ਮ ਨਾਲ ਸਬੰਧਿਤ ਸਵਾਲਾਂ ਦੀ ਤਹਿ ਤਕ ਜਾ ਕੇ, ਇਤਿਹਾਸਕ ਤੇ ਸਿਧਾਂਤਕ ਜਾਂਚ ਕਰ ਕੇ, ਲੋਕਾਂ ਵਿਚ ਖੁੱਲ੍ਹੇਆਮ ਆਪਣੇ ਵਿਚਾਰ ਰੱਖੇਗੀ ਤਾਂ ਪਾਰਟੀ ਲੀਡਰਸ਼ਿਪ ਨੂੰ ਕਵਿਤਾ ਕ੍ਰਿਸ਼ਨਨ ਨੂੰ ਇਕ ਦਿਨ ਪਾਰਟੀ ਵਿਚੋਂ ਵੀ ਕੱਢਣਾ ਪਵੇਗਾ। ਪਰ ਜੇਕਰ ਉਹ ਇਨ੍ਹਾਂ ਸਵਾਲਾਂ ਨੂੰ ਆਪਣੇ ਨਿੱਜੀ ਮਨ ਦੀ 'ਉਥਲ-ਪੁਥਲ' ਕਹਿ ਕੇ ਪੇਸ਼ ਕਰੇਗੀ, ਤਾਂ ਪਾਰਟੀ ਉਸ ਨੂੰ ਆਪਣੇ ਅੰਦਰ ਬਰਦਾਸ਼ਤ ਕਰਦੀ ਰਹੇਗੀ। ਉਸ ਦੇ ਅਖ਼ਬਾਰੀ ਬਿਆਨਾਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਉਹ ਇਨ੍ਹਾਂ ਸਵਾਲਾਂ ਨੂੰ 'ਆਪਣੀ ਨਿੱਜੀ ਸੋਚ ਦੀਆਂ ਸਮੱਸਿਆਵਾਂ ਤੇ ਮਸਲੇ' ਕਹਿ ਕੇ ਲੋਕਾਂ ਵਿਚ ਗੱਲ ਕਰੇਗੀ ਤਾਂ ਸਿਧਾਂਤਕ ਸਵਾਲ ਕੇਵਲ ਅੱਧੇ-ਅਧੂਰੇ ਤੇ ਅਸਪਸ਼ਟ ਹੀ ਰਹਿਣਗੇ। ਜਮਹੂਰੀਅਤ ਦਾ ਬਚਾਅ ਕਵਿਤਾ ਕ੍ਰਿਸ਼ਨਨ ਦਾ ਮੁੱਖ ਮੁੱਦਾ ਜਾਪਦਾ ਹੈ, ਇਸ ਲਈ ਲੱਗਦੇ ਹੱਥ ਉਸ ਨੂੰ ਹੇਠਲੇ ਦੋ ਕੁ ਸਵਾਲ ਵੀ ਪੁੱਛ ਲੈਣੇ ਚਾਹੀਦੇ ਹਨ:



1. ਭਾਰਤ ਵਿਚ ਜਮਹੂਰੀ ਪ੍ਰਬੰਧਾਂ ਦੇ ਹੁੰਦਿਆਂ, ਇਕ ਅਜਿਹੇ ਸਿਆਸੀ ਮਾਹੌਲ ਤੇ ਪ੍ਰਬੰਧ ਦੀ ਹੋਂਦ ਵਿਚ ਇਕ ਕਮਿਊਨਿਸਟ ਪਾਰਟੀ ਬਣਾਈ ਰੱਖਣ ਦਾ ਕੋਈ ਉਦੇਸ਼/ਮਕਸਦ ਹੈ?
2. ਅਜਿਹੇ ਜਮਹੂਰੀ ਸਿਆਸੀ ਪ੍ਰਬੰਧ ਹੇਠ ਕੀ ਕਿਸੇ ਕਮਿਊਨਿਸਟ ਪਾਰਟੀ ਦੀ ਕੋਈ ਸਾਰਥਿਕਤਾ ਨਜ਼ਰ ਆਉਂਦੀ ਹੈ?
3. ਮੋਦੀ ਸਰਕਾਰ ਦੁਆਰਾ ਖੇਤੀ ਨਾਲ ਸਬੰਧਿਤ ਬਣਾਏ ਗਏ ਤਿੰਨ ਕਾਨੂੰਨਾਂ ਖ਼ਿਲਾਫ਼ ਭਾਰਤੀ ਕਿਸਾਨੀ ਨੇ ਜਿਹੜਾ ਸ਼ਾਂਤਮਈ ਤੇ ਜਮਹੂਰੀ ਘੋਲ ਲੜਿਆ ਤੇ ਕਾਮਯਾਬੀ ਹਾਸਲ ਕੀਤੀ, ਉਹ ਆਪਣੀ ਮਿਸਾਲ ਆਪ ਹੈ। ਇਹ ਘੋਲ ਸੰਸਾਰ ਵਿਚ ਲੜੇ ਗਏ ਸਾਰੇ ਕਿਸਾਨੀ ਘੋਲਾਂ ਤੋਂ ਵੱਡਾ ਸੀ। ਪੀੜ੍ਹੀ-ਦਰ-ਪੀੜ੍ਹੀ ਕਮਿਊਨਿਸਟਾਂ ਨੇ ਭਾਰਤ ਵਿਚ ਕਿਸਾਨੀ ਦੀ ਇਕ ਅਜਿਹੀ ਲਹਿਰ ਖੜ੍ਹੀ ਕਰਨ ਦੇ ਸੁਪਨੇ ਲਏ ਹਨ। ਇਸ ਲਹਿਰ ਦੀ ਸ਼ਾਂਤਮਈ ਰਣਨੀਤੀ ਨੇ ਇਕ ਵਾਰ ਫਿਰ ਪੁਰਾਣੇ ਅਕਾਲੀ ਦਲ ਅਤੇ ਮਹਾਤਮਾ ਗਾਂਧੀ ਦੁਆਰਾ ਲੜੀਆਂ ਗਈਆਂ ਸ਼ਾਂਤਮਈ ਲਹਿਰਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਅਜਿਹੀ 'ਸ਼ਾਂਤਮਈ ਰਣਨੀਤੀ' ਦੀ ਕਾਮਯਾਬੀ ਕਮਿਊਨਿਸਟਾਂ ਤੋਂ ਇਹ ਸਵਾਲ ਪੁੱਛਦੀ ਹੈ: ਕੀ ਹਥਿਆਰਬੰਦ ਇਨਕਲਾਬ ਦਾ ਵਿਚਾਰ ਸਿਰਫ਼ ਹਵਾਈ ਹੀ ਨਹੀਂ? ਲੋਕ ਲਹਿਰਾਂ ਹਮੇਸ਼ਾਂ ਸ਼ਾਂਤਮਈ ਰਹਿ ਕੇ ਹੀ ਕਾਮਯਾਬੀ ਹਾਸਲ ਕਰਨਗੀਆਂ।

ਕਮਿਊਨਿਸਟ ਪਾਰਟੀ ਵਿਚ 1948-51 ਦੇ ਸਮੇਂ ਨੂੰ ਰੰਧੀਵੇ ਪੀਰੀਅਡ ਨਾਲ ਯਾਦ ਕੀਤਾ ਜਾਂਦਾ ਹੈ। ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਉਸ ਸਮੇਂ ਦੇ ਤਤਕਾਲੀਨ ਜਨਰਲ ਸਕੱਤਰ ਬੀਟੀ ਰੰਧੀਵੇ ਦੀ ਸਿਧਾਂਤਕ ਸਮਝ ਤੇ ਕੰਮ ਕਰਨ ਦੇ ਤਰੀਕੇ ਕਾਰਨ ਪਾਰਟੀ ਅੰਦਰ ਵੱਡੀ ਫੁੱਟ ਪੈ ਗਈ ਸੀ। 1955-56 ਤੱਕ ਪਾਰਟੀ ਦਾ ਇਹ ਸੰਕਟ ਕਾਫ਼ੀ ਡੂੰਘਾ ਹੋ ਗਿਆ ਸੀ। ਇਹ ਪਹਿਲੀ ਤੇ ਆਖ਼ਰੀ ਵਾਰ ਸੀ ਕਿ ਪਾਰਟੀ ਲੀਡਰਸ਼ਿਪ ਨੇ ਪਾਰਟੀ ਅਦਾਰਿਆਂ ਦੀਆਂ ਸੀਮਾਵਾਂ ਤੋਂ ਮੁਕਤ ਸਾਰੀ ਪਾਰਟੀ ਦੇ ਸਾਰੇ ਕਾਡਰਾਂ ਸਾਹਮਣੇ ਖੁੱਲ੍ਹੀ ਬਹਿਸ ਸ਼ੁਰੂ ਕੀਤੀ ਸੀ। ਇਸ ਖੁੱਲ੍ਹੀ ਬਹਿਸ ਦਾ ਨਤੀਜਾ ਇਹ ਨਿਕਲਿਆ ਕਿ 1964 ਵਿਚ ਪਾਰਟੀ ਦੋਫਾੜ ਹੋ ਗਈ। ਨਵੀਂ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀਪੀਐੱਮ) ਹੋਂਦ ਵਿਚ ਆਈ। ਫੁੱਟ ਇੱਥੇ ਹੀ ਨਹੀਂ ਰੁਕੀ। 1967 ਵਿਚ ਸੀਪੀਐੱਮ ਵਿਚ ਫੇਰ ਫੁੱਟ ਪੈ ਗਈ। ਇਸ ਤਜਰਬੇ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਕ ਲੈਨਿਨਵਾਦੀ ਢਾਂਚੇ ਦੀ ਪਾਰਟੀ ਜੋ ਇਕ ਹਥਿਆਰਬੰਦ ਇਨਕਲਾਬ ਲਈ ਪ੍ਰਤੀਬੱਧ ਹੁੰਦੀ ਹੈ, ਆਪਣੇ ਕਾਰਕੁਨਾਂ ਵਿਚ ਖੁੱਲ੍ਹੀ ਬਹਿਸ ਨਹੀਂ ਚਲਾ ਸਕਦੀ। ਜੇਕਰ ਉਹ ਪਾਰਟੀ ਖੁੱਲ੍ਹੀ ਬਹਿਸ, ਜਿਸ ਦੀ ਕ੍ਰਿਸ਼ਨਨ ਨੇ ਮੰਗ ਕੀਤੀ ਸੀ, ਚਲਾਉਣ ਲਈ ਸਹਿਮਤ ਹੋ ਜਾਂਦੀ ਹੈ ਤਾਂ ਬਹਿਸ ਦੌਰਾਨ ਉਸ ਵਿਚ ਤਿੰਨ ਰੁਝਾਨ ਉੱਭਰ ਕੇ ਸਾਹਮਣੇ ਆਉਣ ਲੱਗਦੇ ਹਨ:

1. ਪਹਿਲਾ ਰੁਝਾਨ ਪਾਰਟੀ ਦੀ ਇਨਕਲਾਬੀ ਸਿਧਾਂਤਕ ਸ਼ੁੱਧਤਾ ਨੂੰ ਬਣਾਈ ਰੱਖਣ 'ਤੇ ਜ਼ੋਰ ਦਿੰਦਾ ਤੇ ਦੂਸਰੀ ਧਿਰ ਨੂੰ ਸੰਸਦੀ ਸੋਧਵਾਦੀ (ਪਾਰਲੀਮੈਂਟਰੀ ਰਵੀਜ਼ਨਿਸਟ) ਕਹਿ ਕੇ ਕੋਸਦਾ ਹੈ; ਉਨ੍ਹਾਂ ਉੱਪਰ ਹਥਿਆਰਬੰਦ ਇਨਕਲਾਬ ਦਾ ਉਦੇਸ਼ ਤਿਆਗ ਕੇ ਸੋਧਵਾਦੀ ਬਣ ਜਾਣ ਦੀਆਂ ਊਜਾਂ ਲਾਉਂਦਾ ਹੈ।
2. ਦੂਸਰਾ ਰੁਝਾਨ ਜੋ ਇਕ ਜਮਹੂਰੀ ਸਿਆਸੀ ਪ੍ਰਬੰਧ ਦੀ ਅਸਲੀਅਤ ਤੇ ਇਸ ਲਈ ਮੁਨਾਸਿਬ ਤੌਰ-ਤਰੀਕਿਆਂ ਨੂੰ ਸਮਝਣ ਉੱਪਰ ਜ਼ੋਰ ਦਿੰਦਿਆਂ ਵਿਰੋਧੀ ਰੁਝਾਨ ਨੂੰ ਕੇਵਲ ਸਿਧਾਂਤਮੁਖੀ ਸਿਆਸਤ ਹੀ ਸਮਝਦਾ ਹੈ ਜੋ ਜਮਹੂਰੀ ਢਾਂਚੇ ਦੀ ਅਸਲੀਅਤ ਨੂੰ ਸਮਝਣ ਤੋਂ ਇਨਕਾਰੀ ਹੁੰਦੀ ਹੈ।
3. ਤੀਸਰਾ ਰੁਝਾਨ, ਜੋ ਇਨ੍ਹਾਂ ਦੋਵਾਂ ਰੁਝਾਨਾਂ ਨੂੰ ਪਾਰਟੀ ਤੋੜਨ ਤੋਂ ਰੋਕਣ ਲਈ ਪਾਰਟੀ ਏਕਤਾ ਉੱਪਰ ਜ਼ੋਰ ਦਿੰਦਾ ਹੈ। ਇਹ ਰੁਝਾਨ ਉੱਪਰ ਦੱਸੇ ਦੋਵਾਂ ਰੁਝਾਨਾਂ ਦੀਆਂ ਕੁਝ ਕੁਝ ਸਿਆਸੀ ਪੁਜ਼ੀਸ਼ਨਾਂ ਨਾਲ ਸਹਿਮਤ ਹੁੰਦਾ ਹੈ। ਪਰ ਇਕ ਅਜਿਹਾ ਮੌਕਾ ਵੀ ਆਉਂਦਾ ਹੈ, ਜਦੋਂ ਇਹ ਰੁਝਾਨ ਆਪਣੇ ਆਪ ਇਕ ਜਾਂ ਦੂਸਰੇ ਰੁਝਾਨ ਵਿਚ ਸਮਾਉਣ ਲਈ ਮਜਬੂਰ ਹੋ ਜਾਂਦਾ ਹੈ। ਇੰਝ ਇਕ ਪਾਰਟੀ ਅੰਦਰ ਦੋ ਕਮਿਊਨਿਸਟ ਪਾਰਟੀਆਂ ਦਾ ਜਨਮ ਹੋ ਜਾਂਦਾ ਹੈ। ਜੇਕਰ ਪਾਰਟੀ ਲੀਡਰਸ਼ਿਪ 'ਖੁੱਲ੍ਹੀ ਬਹਿਸ' ਲਈ ਸਹਿਮਤ ਹੋ ਜਾਂਦੀ ਹੈ ਤਾਂ ਥੋੜ੍ਹੀ ਦੇਰ ਬਾਅਦ ਫੁੱਟ ਦੇ ਤਿੱਖੇ ਹੋਣ ਕਾਰਨ ਇਕ ਕਮਿਊਨਿਸਟ ਪਾਰਟੀ ਦੀਆਂ ਦੋ ਪਾਰਟੀਆਂ ਬਣ ਜਾਂਦੀਆਂ ਹਨ।

ਇੱਥੋਂ ਇਹ ਗੱਲ ਸਪੱਸ਼ਟ ਹੈ ਕਿ ਕਵਿਤਾ ਕ੍ਰਿਸ਼ਨਨ ਦੀ ਪਾਰਟੀ ਉਸ ਦੀ ਇਸ ਮੰਗ ਕਿ ਪਾਰਟੀ ਆਪਣੇ ਕਾਰਕੁਨਾਂ ਵਿਚ ਉਨ੍ਹਾਂ ਸਵਾਲਾਂ ਨੂੰ ਲੈ ਕੇ, ਜੋ ਉਸ ਦੇ ਮਨ ਵਿਚ 'ਉਥਲ-ਪੁਥਲ' ਮਚਾਉਂਦੇ ਹਨ, ਇਕ ਖੁੱਲ੍ਹੀ ਬਹਿਸ ਚਲਾਵੇ, ਦੇ ਵਿਚਾਰ ਨੂੰ ਆਗਿਆ ਨਹੀਂ ਦੇ ਸਕਦੀ। ਲੀਡਰਸ਼ਿਪ ਜਾਣਦੀ ਹੈ ਕਿ ਅਜਿਹੀ 'ਖੁੱਲ੍ਹੀ ਬਹਿਸ' ਅੰਤ ਵਿਚ ਪਾਰਟੀ ਅੰਦਰ ਫੁੱਟ ਦੇ ਬੀਜ ਬੀਜ ਦੇਵੇਗੀ।

ਕਵਿਤਾ ਕ੍ਰਿਸ਼ਨਨ ਅਤੇ ਲੀਡਰਸ਼ਿਪ ਇਸ ਸਮਝੌਤੇ ਉੱਪਰ ਪਹੁੰਚੇ ਹਨ ਕਿ ਜੇਕਰ ਉਸ ਨੇ ਕੋਈ ਖੁੱਲ੍ਹੀ ਬਹਿਸ ਦੀ ਗੱਲ ਕਰਨੀ ਹੈ ਤਾਂ ਉਹ ਪਹਿਲਾਂ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ਾ ਦੇਵੇ; ਪਾਰਟੀ ਤੋਂ ਬਾਹਰ ਰਹਿ ਕੇ ਕਵਿਤਾ ਕ੍ਰਿਸ਼ਨਨ ਨੂੰ ਕੋਈ ਸਵਾਲ ਉਠਾਉਣ ਤੇ ਪਬਲਿਕ ਬਹਿਸ ਚਲਾਉਣ ਦੀ ਪਾਰਟੀ ਉਸ ਨੂੰ ਆਗਿਆ ਦਿੰਦੀ ਹੈ।

ਇੰਝ ਕਵਿਤਾ ਕ੍ਰਿਸ਼ਨਨ ਦੁਆਰਾ ਉਠਾਏ ਗਏ ਸਵਾਲ ਜੋ ਕਮਿਊਨਿਸਟ ਸਫ਼ਾਂ ਨੂੰ ਦਰਪੇਸ਼ ਅਹਿਮ ਸਵਾਲ ਹਨ, ਕੇਵਲ ਅੱਧੇ-ਅਧੂਰੇ ਸਵਾਲ ਬਣ ਕੇ ਹੀ ਰਹਿ ਜਾਣਗੇ। ਖੁੱਲ੍ਹੀ ਬਹਿਸ ਦੀ ਅਣਹੋਂਦ ਵਿਚ ਉਹ ਸਵਾਲ ਨਹੀਂ ਉਠਾਏ ਜਾ ਸਕਦੇ ਜੋ ਭਾਰਤੀ ਕਮਿਊਨਿਸਟ ਲਹਿਰ ਦੇ ਸੰਪੂਰਨ ਪੁਨਰ-ਮੁਲਾਂਕਣ ਲਈ ਜ਼ਰੂਰੀ ਹਨ।

ਕੀ ਖੱਬੇ ਪੱਖੀ ਪਾਰਟੀਆਂ ਅਜਿਹੀ ਬਹਿਸ ਲਈ ਤਿਆਰ ਹਨ? ਲੋਕਾਂ ਵਿਚ ਪ੍ਰਭਾਵ ਇਹ ਹੈ ਕਿ ਉਹ ਅਜਿਹੀ ਬਹਿਸ ਕਰਨ ਲਈ ਤਿਆਰ ਨਹੀਂ; ਉਹ ਸੋਵੀਅਤ ਯੂਨੀਅਨ ਅਤੇ ਚੀਨ ਵਿਚ ਜਮਹੂਰੀਅਤ ਦੇ ਨਾ ਪਨਪਣ ਦੇ ਸਵਾਲ ਨੂੰ ਵਿਚਾਰਨਾ ਹੀ ਨਹੀਂ ਚਾਹੁੰਦੀਆਂ; ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹੇ ਸਵਾਲਾਂ 'ਤੇ ਵਿਚਾਰ-ਵਟਾਂਦਰਾ ਕਰਨ ਨਾਲ ਉਨ੍ਹਾਂ ਦਾ ਬੁਨਿਆਦੀ ਢਾਂਚਾ ਬਿਖਰ ਜਾਵੇਗਾ। ਇਹ ਵਿਚਾਰਧਾਰਕ ਧਾਰਨਾ ਗਲਤ ਹੈ। ਖੱਬੇ ਪੱਖੀ ਪਾਰਟੀਆਂ ਨੂੰ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ; ਉਹ ਜਮਹੂਰੀਅਤ ਦੀਆਂ ਅਸਲੀ ਅਲੰਬਰਦਾਰ ਹਨ, ਪਰ ਅਜਿਹੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਮੁਨਕਰ ਹੋ ਕੇ ਉਸ ਇਤਿਹਾਸਕ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ।

# ਜੁੱਤਾ ਚੱਪਲ ਨਾ ਸੁੰਘਾਓ, ਜਾਗਰੂਕਤਾ ਫੈਲਾਓ

**ਰਾਸ਼ਟਰੀ ਮਿਰਗੀ ਦਿਵਸ 'ਤੇ ਵਿਸ਼ੇਸ਼**



ਹਰ ਸਾਲ 17 ਨਵੰਬਰ ਦੇ ਦਿਨ ਨੂੰ ਰਾਸ਼ਟਰੀ ਮਿਰਗੀ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਦੇ ਨਾਲ ਹੀ ਨਵੰਬਰ ਦੇ ਮਹੀਨੇ ਨੂੰ ਮਿਰਗੀ ਜਾਗਰੂਕਤਾ ਮਹੀਨੇ ਵਜੋਂ ਵੀ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਭਾਰਤੀ ਐਪੀਲੈਪਸੀ ਫਾਊਂਡੇਸ਼ਨ ਮੁੰਬਈ ਨੇ ਕੀਤੀ ਸੀ, ਜਿਸਦੀ ਸਥਾਪਨਾ 2009 ਵਿਚ ਡਾਕਟਰ ਨਿਰਮਲ ਸੂਰਿਆ ਨੇ ਕੀਤੀ ਸੀ।

**ਵਿਨੋਦ ਗਰਗ**
**ਫੋਨ: 98763-71788**

ਮਿਰਗੀ ਮਨੁੱਖੀ ਦਿਮਾਗ ਨਾਲ ਸਬੰਧਿਤ ਇੱਕ ਨਿਊਰੋਲੋਜੀਕਲ (ਨਾੜੀ) ਰੋਗ ਹੈ। ਮਿਰਗੀ ਪੀੜਤਾਂ ਨੂੰ ਵਾਰ-ਵਾਰ ਦੌਰੇ ਪੈਂਦੇ ਹਨ। ਦੌਰੇ ਦੌਰਾਨ ਪੀੜਤ ਦੇ ਦਿਮਾਗ ਦੀਆਂ ਕੋਸ਼ਿਕਾਵਾਂ (ਸੈੱਲਾਂ) ਵਿਚ ਤੀਵਰ ਗਤੀ ਨਾਲ ਬਿਜਲਈ ਸੰਚਾਲਨ ਹੁੰਦਾ ਹੈ ਅਤੇ ਕੁਝ ਹੀ ਦੇਰ ਵਿਚ ਪੀੜਤ ਬੇਹੋਸ਼ ਹੋ ਜਾਂਦਾ ਹੈ। ਮਿਰਗੀ ਰੋਗ ਕਿਸੇ ਵੀ ਉਮਰ ਵਿਚ ਪ੍ਰਭਾਵਿਤ ਕਰ ਸਕਦਾ ਹੈ ਪ੍ਰੰਤੂ ਉਮਰ ਦੇ ਵੱਖ ਵੱਖ ਪੜਾਵਾਂ ਵਿਚ ਮਿਰਗੀ ਦੇ ਲੱਛਣ ਭਿੰਨ ਹੋ ਸਕਦੇ ਹਨ।

ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਸੰਸਾਰ ਵਿਚ 50 ਲੱਖ ਤੋਂ ਵੱਧ ਅਤੇ ਭਾਰਤ ਵਿਚ 10 ਲੱਖ ਦੇ ਕਰੀਬ ਮਿਰਗੀ ਪੀੜਤ ਹਨ। 80 ਪ੍ਰਤੀਸ਼ਤ ਮਿਰਗੀ ਪੀੜਤ ਵਿਕਾਸਸ਼ੀਲ ਦੇਸ਼ਾਂ ਵਿਚ ਹਨ।

ਅਚਾਨਕ ਸਰੀਰ ਦਾ ਲੜਖੜਾ ਜਾਣਾ, ਹੱਥਾਂ ਪੈਰਾਂ ਦਾ ਕੰਬਣ ਲੱਗ ਜਾਣਾ, ਸਰੀਰ ਵਿਚ ਝਟਕੇ ਮਹਿਸੂਸ ਕਰਦੇ ਹੋਏ ਬੇਕਾਬੂ ਹੋ ਜਾਣਾ, ਹੱਥਾਂ ਪੈਰਾਂ ਦੀਆਂ ਮਾਸਪੇਸ਼ੀਆਂ ਦਾ ਜਕੜ ਜਾਣਾ ਮਿਰਗੀ ਦੇ ਲੱਛਣ ਹੁੰਦੇ ਹਨ। ਅੱਧੇ ਤੋਂ ਜ਼ਿਆਦਾ ਮਿਰਗੀ ਪੀੜਤ ਬਾਲਗਾਂ ਵਿਚ ਤਣਾਓ ਅਤੇ ਚਿੰਤਾ ਰੋਗ ਦੇ ਲੱਛਣ ਵੀ ਹੁੰਦੇ ਹਨ।

ਸਿਰ ਜਾਂ ਦਿਮਾਗ ਦੀ ਸੱਟ, ਗਰਭਵਤੀ ਮਹਿਲਾ ਦੀ ਪ੍ਰਸੂਤੀ ਦੌਰਾਨ ਸੱਟ, ਦਿਮਾਗ ਦਾ ਸੰਕ੍ਰਮਣ (ਇਨਫੈਕਸ਼ਨ), ਦਿਮਾਗ ਦਾ ਕੈਂਸਰ (ਟਿਊਮਰ), ਤੇਜ਼ ਬੁਖਾਰ ਅਤੇ ਤਪਦਿਕ ਦੀ ਬਿਮਾਰੀ (ਟੀ.ਬੀ) ਆਦਿ ਕਾਰਨ ਮਿਰਗੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

### ਦੇਖਭਾਲ ਅਤੇ ਸਾਵਧਾਨੀਆਂ:

ਜੇ ਕਿਸੇ ਪਰਿਵਾਰਕ ਮੈਂਬਰ ਨੂੰ ਮਿਰਗੀ ਦੀ ਸਮੱਸਿਆ ਹੈ ਤਾਂ ਕਿਸੇ ਵੀ ਧਾਰਦਾਰ ਜਾਂ ਨੁਕਸਾਨਦਾਇਕ ਵਸਤੂਆਂ ਨੂੰ ਪੀੜਤ ਤੋਂ ਦੂਰ ਰੱਖੋ।

ਦੌਰੇ ਦੌਰਾਨ ਜੀਭ ਬਾਹਰ ਆ ਜਾਣ 'ਤੇ ਪੀੜਤ ਦੇ ਮੂੰਹ ਵਿਚ ਕੁਝ ਨਾ ਪਾਓ।

ਪੀੜਤ ਦੀ ਗਰਦਨ ਕਿਸੇ ਤੰਗ ਕੱਪੜੇ ਨਾਲ ਕਸੀ ਹੈ ਤਾਂ ਉਸਨੂੰ ਖੋਲ੍ਹ ਦਿਓ ਅਤੇ ਸਿਰ ਥੱਲੇ ਸਿਰਹਾਣਾ ਰੱਖੋ।

ਡਾਕਟਰ ਦੀ ਸਲਾਹ ਅਨੁਸਾਰ ਪੀੜਤ ਨੂੰ ਦਵਾਈਆਂ ਦੇ ਸੇਵਨ ਲਈ ਯਾਦ ਕਰਵਾਉਂਦੇ ਰਹੋ।

### ਇਲਾਜ:

ਮਿਰਗੀ ਦੇ ਪੀੜਤਾਂ ਦੇ ਇਲਾਜ ਵਿਚ ਵੱਡੇ ਪੱਧਰ 'ਤੇ ਕਮੀ ਹੈ। ਮਿਰਗੀ ਲਾਇਲਾਜ ਬਿਮਾਰੀ ਹੈ, ਪ੍ਰੰਤੂ ਇਸਨੂੰ ਦਵਾਈਆਂ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਹਾਲ ਹੀ ਵਿਚ ਇਕ ਦਵਾਈ ਨਿਰਮਾਤਾ ਕੰਪਨੀ ਨੇ ਬਰਿਵਾਨੈਕਸਟ ਨਾਂ ਦੀ ਮਿਰਗੀ ਦੀ ਦਵਾਈ ਦਾ ਨਿਰਮਾਣ ਕੀਤਾ ਹੈ। ਇਹ ਦਵਾਈ ਦਿਮਾਗ ਵਿਚ ਬਿਜਲਈ ਗਤੀਵਿਧੀ ਨੂੰ ਘਟਾ ਕੇ ਮਿਰਗੀ ਦੇ ਦੌਰੇ ਨੂੰ ਘਟਾਉਣ ਵਿਚ ਸਹਾਈ ਹੈ। ਮਨੋਵਿਗਿਆਨਕ ਥੈਰੇਪੀ ਜਿਵੇਂ ਕਿ ਬੋਧਿਕ ਵਰਤਾਓ ਥੈਰੇਪੀ (ਕੋਗਨਿਟਿਵ ਬੀਹੇਵੀਅਰ ਥੈਰੇਪੀ), ਅਤੇ ਬਾਇਓਫੀਡਬੈਕ ਵੀ ਮਿਰਗੀ ਪੀੜਤਾਂ ਦੇ ਜੀਵਨ ਦੀ ਗੁਣਵੱਤਾ ਨੂੰ ਵਧਾਉਣ ਲਈ ਕਾਰਗਰ ਹੈ।

# ਭਾਰਤ-ਪਾਕਿਸਤਾਨ ਵਪਾਰ ਘਟਣ ਦਾ ਨੁਕਸਾਨ ਕਿਸ ਦਾ?

ਕੌਮਾਂਤਰੀ ਵਪਾਰ ਤੁਲਨਾਤਮਿਕ ਲਾਗਤ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਜਿਹੜੀ ਵਸਤੂ ਆਪਣੇ ਦੇਸ਼ ਵਿਚ ਸਸਤੀ ਬਣਦੀ ਹੈ, ਉਹ ਬਣਾ ਲਈ ਜਾਵੇ ਅਤੇ ਤੁਲਨਾਤਮਿਕ ਤੌਰ 'ਤੇ ਜਿਹੜੀ ਆਪਣੇ ਦੇਸ਼ ਵਿਚ ਮਹਿੰਗੀ ਬਣਦੀ ਹੈ ਪਰ ਵਿਦੇਸ਼ ਤੋਂ ਸਸਤੀ ਮਿਲ ਸਕਦੀ ਹੈ, ਉਸ ਨੂੰ ਵਿਦੇਸ਼ ਤੋਂ ਮੰਗਵਾ ਲਿਆ ਜਾਵੇ ਤਾਂ ਕਿ ਦੇਸ਼ ਦੇ ਸਾਧਨਾਂ ਦੀ ਚੰਗੀ ਤੋਂ ਚੰਗੀ ਵਰਤੋਂ ਹੋ ਸਕੇ। 1947 ਤੋਂ ਪਹਿਲਾਂ ਭਾਰਤ ਤੇ ਪਾਕਿਸਤਾਨ ਇਕ ਦੇਸ਼ ਸੀ, ਫਿਰ ਵੀ ਸਬਜ਼ੀਆਂ ਤੋਂ ਲੈ ਕੇ ਕੀਮਤੀ ਮਸ਼ੀਨਾਂ ਤੱਕ ਇਕ ਖੇਤਰ ਜਾਂ ਇਕ ਸ਼ਹਿਰ ਦਾ ਵਪਾਰ ਦੂਸਰੇ ਸ਼ਹਿਰ, ਜਿਵੇਂ ਬੰਬਈ

ਐਸ.ਐਸ. ਛੀਨਾ

ਤੋਂ ਵਸਤਾਂ ਪਿਸ਼ਾਵਰ ਜਾ ਰਹੀਆਂ ਸਨ ਅਤੇ ਕਰਾਚੀ ਤੋਂ ਕਲਕੱਤੇ ਪਹੁੰਚ ਰਹੀਆਂ ਸਨ। 1947 ਵਿਚ ਦੋਵਾਂ ਦੇਸ਼ਾਂ ਦੇ ਵੱਖ ਹੋਣ 'ਤੇ ਵੀ ਕੁਝ ਚਿਰ ਇਹ ਵਪਾਰ ਪਹਿਲਾਂ ਵਾਂਗ ਚਲਦਾ ਰਿਹਾ। ਜੇ ਇਹ ਵਪਾਰ ਉਸੇ ਤਰ੍ਹਾਂ ਹੀ ਚਲਦਾ ਰਹਿੰਦਾ ਤਾਂ ਦੋਵਾਂ ਦੇਸ਼ਾਂ ਨੂੰ ਇਕ-ਦੂਸਰੇ ਤੋਂ ਬਹੁਤ ਲਾਭ ਮਿਲ ਸਕਦੇ ਸਨ ਜਿਹੜੇ ਉਨ੍ਹਾਂ ਦੇਸ਼ਾਂ ਦੇ ਸ਼ਹਿਰੀਆਂ ਦੇ ਹਿਤ ਵਿਚ ਵੀ ਹੁੰਦੇ। 1948 ਤੱਕ ਦੋਵਾਂ ਦੇਸ਼ਾਂ ਦਾ 70 ਫ਼ੀਸਦੀ ਵਪਾਰ ਆਪਸ ਵਿਚ ਹੁੰਦਾ ਸੀ। ਪਾਕਿਸਤਾਨ ਭਾਰਤ ਤੋਂ 72 ਫ਼ੀਸਦੀ ਵਸਤਾਂ ਦੀ ਦਰਾਮਦ ਕਰਦਾ ਸੀ ਜਦੋਂ ਕਿ ਭਾਰਤ ਪਾਕਿਸਤਾਨ ਤੋਂ 63 ਫ਼ੀਸਦੀ ਵਸਤਾਂ ਦੀ ਦਰਾਮਦ ਕਰਦਾ ਸੀ। 1948-49 ਵਿਚ ਦੋਵਾਂ ਦੇਸ਼ਾਂ ਵਿਚ 184.06 ਕਰੋੜ ਰੁਪਏ ਦਾ ਵਪਾਰ ਹੋਇਆ ਪਰ ਉਸ ਤੋਂ ਬਾਅਦ ਲਗਾਤਾਰ ਹਰ ਸਾਲ ਹੀ ਘਟਦਾ ਗਿਆ ਅਤੇ 1960 ਵਿਚ ਸਿਰਫ਼ 10.53 ਕਰੋੜ ਦਾ ਵਪਾਰ ਦੋਵਾਂ ਦੇਸ਼ਾਂ ਵਿਚ ਹੋਇਆ।

1965 ਵਿਚ ਭਾਰਤ ਪਾਕਿਸਤਾਨ ਦੀ ਜੰਗ ਲੱਗ ਗਈ ਅਤੇ ਦੋਵਾਂ ਦੇਸ਼ਾਂ ਦਾ ਵਪਾਰ ਬਿਲਕੁਲ ਠੱਪ ਹੋ ਗਿਆ। 1974 ਵਿਚ ਫਿਰ ਸ਼ੁਰੂ ਕੀਤਾ ਗਿਆ ਪਰ ਵਪਾਰ ਵਿਚ ਕੋਈ ਤੇਜ਼ੀ ਨਾ ਆਈ। 1975-76 ਵਿਚ ਇਹ ਵਪਾਰ ਸਿਰਫ਼ 0.6 ਫ਼ੀਸਦੀ ਤੱਕ ਦੀ ਬਰਾਮਦ ਦਾ ਰਹਿ ਗਿਆ। 1985 ਵਿਚ ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚ 'ਸਾਰਕ' ਸਮਝੌਤਾ ਹੋਇਆ। ਇਹ ਸਮਝੌਤਾ ਯੂਰਪੀ ਯੂਨੀਅਨ ਦੀ ਤਰ੍ਹਾਂ ਸੀ ਜਿਸ ਦਾ ਮੁੱਖ ਉਦੇਸ਼ ਸੀ ਸੱਤ ਸਾਰਕ ਦੇਸ਼ਾਂ ਜਿਨਾਂ ਵਿਚੋਂ ਭਾਰਤ, ਪਾਕਿਸਤਾਨ, ਬੰਗਲਾਦੇਸ਼ ਮੁੱਖ ਸਨ, ਵਿਚ ਵੱਧ ਤੋਂ ਵੱਧ ਵਪਾਰ ਵਧ ਸਕੇ, ਜਿਹੜਾ ਇਨ੍ਹਾਂ ਦੇਸ਼ਾਂ ਦੀ ਵਸੋਂ ਦੇ ਹਿਤ ਵਿਚ ਹੋ ਸਕਦਾ ਸੀ ਅਤੇ ਵਿਕਾਸ ਵਿਚ ਤੇਜ਼ੀ ਲਿਆ ਸਕਦਾ ਸੀ। ਯੂਰਪੀ ਦੇਸ਼ਾਂ ਵਿਚ ਹੋਣ ਵਾਲੇ ਵਪਾਰ ਵਿਚ ਉਨ੍ਹਾਂ ਦੇਸ਼ਾਂ ਦਾ 70 ਫ਼ੀਸਦੀ ਵਪਾਰ ਸਿਰਫ਼ ਯੂਰਪੀ ਦੇਸ਼ਾਂ ਵਿਚ ਹੀ ਹੋ ਰਿਹਾ ਹੈ। ਉਨ੍ਹਾਂ ਦੇਸ਼ਾਂ ਵਿਚ ਇਕ ਹੀ ਵੀਜ਼ਾ ਲੈ ਕੇ ਸਾਰੇ 27 ਦੇਸ਼ਾਂ ਵਿਚ ਜਾਇਆ ਜਾ ਸਕਦਾ ਹੈ। ਇਕ ਵਾਰ ਹੀ ਟੈਕਸ ਦੇਣਾ ਪੈਂਦਾ ਹੈ ਅਤੇ ਉਨ੍ਹਾਂ ਦੇਸ਼ਾਂ ਨੇ ਇਕ ਸਾਂਝੀ ਕਰੰਸੀ 'ਯੂਰੋ' ਵੀ ਬਣਾਈ ਹੈ ਜਿਸ ਨੂੰ ਕਿਸੇ ਵੀ ਦੇਸ਼ ਵਿਚ ਕਿਸੇ ਵਟਾਂਦਰੇ ਤੋਂ ਬਗੈਰ ਭੁਗਤਾਨ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਯੂਨੀਅਨ ਨਾਲ ਉਨ੍ਹਾਂ ਦੇਸ਼ਾਂ ਦੀ ਅਰਥ-ਵਿਵਸਥਾ ਬਹੁਤ ਮਜ਼ਬੂਤ ਹੋਈ ਅਤੇ ਯੂਰੋ ਜੋ ਜਿਸ ਕਿਸੇ ਵੇਲੇ ਭਾਰਤ ਦੇ 7 ਰੁਪਏ ਦੇ ਬਰਾਬਰ ਹੁੰਦਾ ਸੀ, ਹੁਣ ਇੰਗਲੈਂਡ ਦੇ ਪੌਂਡ ਤੋਂ ਬਾਅਦ ਸਭ ਤੋਂ ਤਾਕਤਵਰ ਕਰੰਸੀ ਹੈ ਅਤੇ ਡਾਲਰ ਵਾਂਗ ਹੀ ਮਹਿੰਗੀ ਹੈ। ਇਹ ਸਭ ਕੁਝ ਯੂਰਪੀ ਯੂਨੀਅਨ ਦੇ ਦੇਸ਼ਾਂ ਦੇ ਆਪਸੀ ਵਪਾਰ ਦੀ ਵਜ੍ਹਾ ਕਰ ਕੇ ਹੋਇਆ ਹੈ ਪਰ 'ਸਾਰਕ' ਦੀ ਯੂਨੀਅਨ ਉਹ ਸਿੱਟੇ ਨਾ ਦੇ ਸਕੀ ਅਤੇ ਰਾਜਨੀਤਕ ਤਣਾਅ ਕਰ ਕੇ ਇਨ੍ਹਾਂ ਦੋਵਾਂ ਦੇਸ਼ਾਂ, ਭਾਰਤ ਤੇ ਪਾਕਿਸਤਾਨ ਦਾ ਵਪਾਰ ਬਜਾਇ ਵਧਣ ਦੇ, ਘਟਦਾ ਹੀ ਗਿਆ, ਭਾਵੇਂ ਸਾਰਕ ਵਿਚ ਭਾਰਤ ਪਾਕਿਸਤਾਨ ਦਾ ਖੇਤਰ ਅਤੇ ਵਸੋਂ 92 ਫ਼ੀਸਦੀ ਦੇ ਬਰਾਬਰ ਹੈ। ਸਾਰਕ ਦੇਸ਼ਾਂ ਵਿਚ ਵਪਾਰ ਵਧਾਉਣ ਲਈ 1995 ਵਿਚ ਇਕ ਹੋਰ ਸਮਝੌਤਾ ਕੀਤਾ ਗਿਆ ਜਿਸ ਨੂੰ 'ਸਾਫਟਾ' ਕਹਿੰਦੇ ਹਨ। ਇਸ ਸਮਝੌਤੇ ਅਨੁਸਾਰ ਸਾਰਕ ਦੇ ਮੈਂਬਰ ਦੇਸ਼ਾਂ ਨੇ ਇਕ ਦੂਜੇ ਦੇਸ਼ ਨੂੰ ਵਪਾਰ ਲਈ ਤਰਜੀਹੀ ਦਰਜਾ ਦੇਣਾ ਸੀ। ਭਾਰਤ ਨੇ ਪਾਕਿਸਤਾਨ ਨੂੰ ਇਕਦਮ ਇਹ ਦਰਜਾ ਦੇ ਦਿੱਤਾ ਪਰ ਪਾਕਿਸਤਾਨ ਨੇ ਲੰਮਾ ਸਮਾਂ ਭਾਰਤ ਵਾਸਤੇ ਤਰਜੀਹੀ ਦਰਜੇ ਦੀ ਵਿਵਸਥਾ ਨਾ ਦਿੱਤੀ। ਬਾਅਦ ਵਿਚ ਅਫ਼ਗਾਨਿਸਤਾਨ ਭਾਵੇਂ ਸਾਰਕ ਦੇਸ਼ਾਂ ਦੀ ਸੰਸਥਾ ਦਾ 8ਵਾਂ ਮੈਂਬਰ ਬਣ ਗਿਆ ਪਰ ਪਾਕਿਸਤਾਨ ਨੇ ਅਫ਼ਗਾਨਿਸਤਾਨ ਤੋਂ ਭਾਰਤ ਆਉਣ ਵਾਲੀਆਂ ਅਤੇ ਭਾਰਤ ਤੋਂ ਅਫ਼ਗਾਨਿਸਤਾਨ ਜਾਣ ਵਾਲੀਆਂ ਵਸਤਾਂ 'ਤੇ ਵੱਡੀਆਂ ਪਾਬੰਦੀਆਂ ਲਾਈਆਂ। ਭਾਰਤ ਤੋਂ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਕੇਂਦਰੀ




ਏਸ਼ੀਆ ਦੇ ਦੇਸ਼ਾਂ ਨਾਲ ਸੜਕੀ ਰਸਤੇ ਰਾਹੀਂ ਬੜੀ ਅਸਾਨੀ ਨਾਲ ਵਪਾਰ ਹੋ ਸਕਦਾ ਹੈ ਜਿਸ ਨਾਲ ਭਾਵੇਂ ਭਾਰਤ ਅਤੇ ਉਨ੍ਹਾਂ ਦੇਸ਼ਾਂ ਨੂੰ ਤਾਂ ਲਾਭ ਹੋਵੇਗਾ ਹੀ ਪਰ ਇਸ ਨਾਲ ਪਾਕਿਸਤਾਨ ਨੂੰ ਵੀ ਵੱਡਾ ਲਾਭ ਹੋ ਸਕਦਾ ਸੀ ਪਰ ਪਾਕਿਸਤਾਨ ਨੇ ਇਸ ਨੂੰ ਅਣਗੌਲਿਆਂ ਕਰਕੇ ਅਫ਼ਗਾਨਿਸਤਾਨ ਨੂੰ ਇਹ ਇਜਾਜ਼ਤ ਤਾਂ ਦੇ ਦਿੱਤੀ ਕਿ ਉਹ ਕੁਝ ਹੱਦ ਤੱਕ ਆਪਣੀਆਂ ਵਸਤੂਆਂ ਭਾਰਤ ਭੇਜ ਸਕਦਾ ਹੈ ਪਰ ਭਾਰਤ ਤੋਂ ਅਫ਼ਗਾਨਿਸਤਾਨ ਨੂੰ ਵਸਤਾਂ ਮੰਗਵਾਉਣ 'ਤੇ ਰੋਕਾਂ ਲਾ ਦਿੱਤੀਆਂ। ਕਿਸੇ ਵੇਲੇ ਭਾਰਤ ਅਫ਼ਗਾਨਿਸਤਾਨ ਦੇ ਵਪਾਰਕ ਦੂਤ ਦਾ ਦਫ਼ਤਰ ਹੁੰਦਾ ਸੀ ਤਾਂ ਕਿ ਵਪਾਰ ਵਿਚ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕੇ ਅਤੇ ਵਪਾਰ ਵਧਾਇਆ ਜਾਵੇ ਪਰ ਅਖੀਰ ਉਸ ਦਫ਼ਤਰ ਨੂੰ ਬੰਦ ਕਰ ਦਿੱਤਾ ਗਿਆ।

1995 ਵਿਚ ਵਿਸ਼ਵ ਵਪਾਰ ਸੰਸਥਾ ਬਣੀ ਜਿਸ ਦੇ ਦੁਨੀਆ ਦੇ ਜ਼ਿਆਦਾਤਰ ਦੇਸ਼ ਮੈਂਬਰ ਸਨ ਜਿਨ੍ਹਾਂ ਵਿਚ ਭਾਰਤ ਅਤੇ ਪਾਕਿਸਤਾਨ ਵੀ ਮੈਂਬਰ ਸਨ ਭਾਵੇਂ ਭਾਰਤ ਵਿਚ ਇਸ ਸੰਸਥਾ ਦੇ ਮੈਂਬਰ ਬਣਨ ਬਾਰੇ ਕਈ ਸ਼ੰਕੇ ਸਨ ਕਿ ਦੁਨੀਆ ਦੇ ਵਿਕਸਤ ਦੇਸ਼ਾਂ ਨੂੰ ਅਸਾਨੀ ਨਾਲ ਵਪਾਰ ਕਰਨ ਦੀ ਖੁੱਲ੍ਹ ਦੇਣ ਨਾਲ, ਵਿਕਾਸ ਕਰ ਰਹੇ ਦੇਸ਼ ਜਿਵੇਂ ਭਾਰਤ ਦੇ ਉਦਯੋਗਾਂ 'ਤੇ ਬੁਰਾ ਪ੍ਰਭਾਵ ਪਵੇਗਾ ਪਰ ਅਖੀਰ ਭਾਰਤ ਇਸ ਸੰਸਥਾ ਦਾ ਮੈਂਬਰ ਬਣ ਗਿਆ, ਕਿਉਂਕਿ ਜੇ ਉਹ ਮੈਂਬਰ ਨਾ ਬਣਦਾ ਤਾਂ ਦੁਨੀਆ ਦੇ 125 ਦੇ ਕਰੀਬ ਦੇਸ਼ਾਂ ਤੋਂ ਅਲੱਗ-ਥਲੱਗ ਹੋ ਜਾਂਦਾ ਪਰ ਬਾਅਦ ਵਿਚ ਇਹ ਗੱਲ ਸਾਬਤ ਹੋਈ ਕਿ ਭਾਰਤ ਨੂੰ ਦਰਾਮਦ-ਬਰਾਮਦ ਦੇ ਵੱਡੇ ਮੌਕੇ ਮਿਲੇ ਹਨ ਅਤੇ ਉਸ ਦੀ ਦਰਾਮਦ-ਬਰਾਮਦ ਦੋਵਾਂ ਵਿਚ ਹੀ ਵੱਡਾ ਵਾਧਾ ਹੋਇਆ ਹੈ। 1996 ਵਿਚ ਕੌਮਾਂਤਰੀ ਵਪਾਰ ਵਿਚ ਭਾਰਤ ਦਾ ਹਿੱਸਾ ਸਿਰਫ਼ 0.64 ਫ਼ੀਸਦੀ ਸੀ ਪਰ ਮੈਂਬਰ ਬਣਨ ਤੋਂ ਬਾਅਦ ਵਧਣ ਲੱਗ ਗਿਆ ਅਤੇ ਵਧਦਾ ਹੋਇਆ 2013 ਵਿਚ 2.06 ਫ਼ੀਸਦੀ ਹੋ ਗਿਆ। ਪਰ ਪਾਕਿਸਤਾਨ ਨੂੰ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨ 'ਤੇ ਉਹ ਲਾਭ ਨਾ ਮਿਲਿਆ। 1996 ਵਿਚ ਪਾਕਿਸਤਾਨ ਦਾ ਕੌਮਾਂਤਰੀ ਵਪਾਰ ਵਿਚ ਹਿੱਸਾ 0.1 ਫ਼ੀਸਦੀ ਸੀ ਪਰ 2013 ਵਿਚ ਦਰਾਮਦ ਘਟ ਕੇ 0.17 ਫ਼ੀਸਦੀ ਅਤੇ ਬਰਾਮਦ ਸਿਰਫ਼ 0.13 ਫ਼ੀਸਦੀ ਰਹਿ ਗਈ। ਇਸ ਤਰ੍ਹਾਂ ਜਿਵੇਂ ਪਾਕਿਸਤਾਨ ਦਾ ਕੌਮਾਂਤਰੀ ਵਪਾਰ ਘਟਿਆ ਉਥੇ ਉਸ ਦੀ ਕਰੰਸੀ ਦਾ ਕੌਮਾਂਤਰੀ ਮੁੱਲ ਵੀ ਬਹੁਤ ਘੱਟ ਗਿਆ। ਵਿਸ਼ਵ ਬੈਂਕ ਦੇ ਅੰਦਾਜ਼ੇ ਅਨੁਸਾਰ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਵਪਾਰ ਦੀ ਸਮਰੱਥਾ 37 ਅਰਬ ਡਾਲਰ ਦੇ ਬਰਾਬਰ ਹੈ, ਜਦੋਂ ਕਿ ਹੁਣ ਇਹ ਸਿਰਫ਼ 2 ਅਰਬ ਡਾਲਰ ਦੇ ਬਰਾਬਰ ਹੋ ਰਿਹਾ ਹੈ, ਪਰ ਇਸ ਦਾ ਇਕ ਦਿਲਚਸਪ ਤੱਥ ਇਹ ਹੈ ਕਿ ਅਪ੍ਰਤੱਖ ਤੌਰ 'ਤੇ ਦੁਬਈ, ਸਿੰਗਾਪੁਰ, ਯੂ.ਏ.ਈ. ਅਤੇ ਥਾਈਲੈਂਡ ਆਦਿ ਦੇਸ਼ਾਂ ਤੋਂ ਭਾਰਤ ਪਾਕਿਸਤਾਨ ਦੇ ਪ੍ਰਤੱਖ ਵਪਾਰ ਤੋਂ ਕਿਤੇ ਵੱਧ 3.9 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ ਅਤੇ ਇਸ ਤਰ੍ਹਾਂ ਢੁਆਈ ਅਤੇ ਹੋਰ ਲਾਗਤਾਂ ਦਾ ਵਾਧਾ ਖਰਚ ਉਨ੍ਹਾਂ ਦੇਸ਼ਾਂ ਦੇ ਉਪਭੋਗੀਆਂ 'ਤੇ ਪੈ ਰਿਹਾ ਹੈ। ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਇਕ ਵਾਰ ਇਕ ਬਿਆਨ ਦਿੱਤਾ ਸੀ ਕਿ ਪਾਕਿਸਤਾਨ ਭਾਰਤ ਤੋਂ ਖੰਡ ਨਹੀਂ ਮੰਗਵਾਏਗਾ। ਭਾਵੇਂ ਕਿ ਇਸ ਤਰ੍ਹਾਂ ਦੇ ਐਲਾਨ ਦਾ ਇਮਰਾਨ ਖ਼ਾਨ ਅਤੇ ਉਸ ਦੀ ਕੈਬਨਿਟ ਦੇ ਮੰਤਰੀਆਂ ਨੂੰ ਤਾਂ ਕੋਈ ਫ਼ਰਕ ਨਾ ਪਿਆ ਹੋਵੇ ਪਰ ਉਨ੍ਹਾਂ ਉਪਭੋਗੀਆਂ ਨੂੰ ਬਹੁਤ ਵੱਡਾ ਫ਼ਰਕ ਪਿਆ ਹੈ, ਜਿਨ੍ਹਾਂ ਨੂੰ ਜਿਹੜੀ ਖੰਡ 50 ਰੁਪਏ ਕਿਲੋ ਮਿਲ ਸਕਦੀ ਸੀ ਉਹ 100 ਰੁਪਏ ਕਿਲੋ ਖਰੀਦਣੀ ਪਈ। ਇਸ ਤਰ੍ਹਾਂ ਹੀ ਹੋਰ ਵਸਤਾਂ ਦਾ ਹਾਲ ਹੈ, ਜਿਨ੍ਹਾਂ ਵਿਚ ਰੋਜ਼ਾਨਾ ਵਰਤੋਂ ਦੀਆਂ ਸਬਜ਼ੀਆਂ ਤੱਕ ਦੀਆਂ ਵਸਤਾਂ ਆ ਜਾਂਦੀਆਂ ਹਨ।

ਜੇ ਭਾਰਤ ਪਾਕਿਸਤਾਨ ਦੋਵੇਂ ਸਾਰਕ ਸੰਸਥਾ ਦੇ ਮੈਂਬਰ ਹੋਣ ਨਾਤੇ ਯੂਰਪੀ ਦੇਸ਼ਾਂ ਵਰਗਾ ਵਿਵਹਾਰ ਰੱਖਣ ਤਾਂ ਇਸ ਨਾਲ ਦੋਵਾਂ ਦੇਸ਼ਾਂ ਦੇ ਵਿਕਾਸ ਦੀ ਗਤੀ ਵਿਚ ਤੇਜ਼ੀ ਆ ਸਕਦੀ ਹੈ। ਉਨ੍ਹਾਂ ਯੂਰਪੀ ਯੂਨੀਅਨ ਦੇ ਕਈ ਦੇਸ਼ਾਂ ਵਿਚ ਵੀ ਭਾਵੇਂ ਰਾਜਨੀਤਕ ਤਣਾਅ ਹਨ, ਚੀਨ ਅਤੇ ਅਮਰੀਕਾ ਵਿਚ ਵੀ ਬਹੁਤ ਵੱਡੇ ਰਾਜਨੀਤਕ ਤਣਾਅ ਹਨ ਪਰ ਇਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਦੀ ਮਾਤਰਾ ਬਾਕੀ ਦੇਸ਼ਾਂ ਤੋਂ ਕਿਤੇ ਵੱਧ ਹੈ। ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਪਛੜੇ ਦੇਸ਼ ਹਨ, ਖਾਸਕਰ ਉਦਯੋਗਿਕ ਵਿਕਾਸ ਵਿਚ ਬਹੁਤ ਪਿੱਛੇ ਹਨ। ਦੋਵਾਂ ਦੇਸ਼ਾਂ ਵਿਚ ਮਿਲਣ ਵਾਲੇ ਕੱਚੇ ਮਾਲ ਜਿਵੇਂ ਭਾਰਤ ਤੋਂ ਪਾਕਿਸਤਾਨ ਜਾਣ ਵਾਲੀ ਕਪਾਹ ਨਾਲ ਨਾ ਸਿਰਫ਼ ਪਾਕਿਸਤਾਨ ਦੇ ਕਈ ਕਾਰਖਾਨੇ ਚਲ ਸਕਦੇ ਹਨ ਸਗੋਂ ਪਾਕਿਸਤਾਨ ਦੇ ਲੱਖਾਂ ਲੋਕਾਂ ਨੂੰ ਰੁਜ਼ਗਾਰ, ਆਮਦਨ ਅਤੇ ਖਰੀਦ ਸ਼ਕਤੀ ਮਿਲ ਸਕਦੀ ਹੈ ਜੋ ਖੁਸ਼ਹਾਲੀ ਅਤੇ ਵਿਕਾਸ ਦਾ ਅਧਾਰ ਬਣ ਸਕਦੀ ਹੈ। ਇਸ ਤਰ੍ਹਾਂ ਹੀ ਭਾਰਤ ਵਿਚ ਪਾਕਿਸਤਾਨ ਤੋਂ ਮਿਲਣ ਵਾਲਾ ਕੱਚਾ ਮਾਲ ਬਾਕੀ ਦੇਸ਼ਾਂ ਤੋਂ ਅਸਾਨ ਅਤੇ ਘੱਟੋ-ਘੱਟ ਸਮੇਂ ਵਿਚ ਮਿਲ ਸਕਦਾ ਹੈ। ਕਿਸੇ ਦੇਸ਼ ਦੀ ਕਰੰਸੀ ਦਾ ਕੌਮਾਂਤਰੀ ਮੁੱਲ ਉਸ ਦੇਸ਼ ਦੀ ਆਰਥਿਕਤਾ ਦਾ ਪ੍ਰਤੀਕ ਹੁੰਦਾ ਹੈ ਜਿਹੜਾ ਭਾਰਤ ਦੀ ਕਰੰਸੀ ਵੀ ਡਾਲਰ ਦੇ ਮੁਕਾਬਲੇ 'ਤੇ ਘੱਟ ਹੈ ਪਰ ਪਾਕਿਸਤਾਨ ਦੀ ਕਰੰਸੀ ਦਾ ਮੁਲ ਭਾਰਤ ਦੀ ਕਰੰਸੀ ਤੋਂ ਵੀ ਕਿਤੇ ਥੱਲੇ ਹੈ ਜਿਹੜਾ ਸਿਰਫ਼ ਵਪਾਰ ਨਾਲ ਵਧ ਸਕਦਾ ਹੈ ਜਿਸ ਲਈ ਦੋਵਾਂ ਦੇਸ਼ਾਂ ਵਿਚ ਵੱਡੇ ਮੌਕੇ ਹਨ।

# ਡਿਜੀਟਲ ਮੁਦਰਾ ਦਾ ਫੰਡਾ

ਪਹਿਲੀ ਨਵੰਬਰ, 2022 ਨੂੰ ਭਾਰਤੀ ਰਿਜ਼ਰਵ ਬੈਂਕ ਨੇ ਥੋਕ ਖੰਡ ਵਿਚ ਡਿਜੀਟਲ ਰੁਪਏ ਦੀ ਸ਼ੁਰੂਆਤ ਕੀਤੀ ਹੈ। ਡਿਜੀਟਲ ਰੁਪਏ ਦਾ ਅਰਥ ਹੈ ਕਿ ਰੁਪਇਆ ਆਪਣੇ ਠੋਸ ਰੂਪ ਦੀ ਥਾਂ ਇਲੈਕਟ੍ਰੌਨਿਕ ਰੂਪ ਵਿਚ ਵਰਤੋਂ 'ਚ ਆਵੇਗਾ। ਅਜ਼ਮਾਇਸ਼ ਦੇ ਤੌਰ 'ਤੇ ਡਿਜੀਟਲ ਰੁਪਏ ਦੀ ਵਰਤੋਂ ਲਈ ਕੇਵਲ 9 ਬੈਂਕਾਂ- ਬੈਂਕ ਆਫ ਬੜੌਦਾ, ਸਟੇਟ ਬੈਂਕ ਆਫ ਇੰਡੀਆ, ਯੂਨੀਅਨ ਬੈਂਕ ਆਫ ਇੰਡੀਆ, ਐਚ.ਡੀ.ਐਫ.ਸੀ. ਬੈਂਕ,

ਡਾ. ਰਾਜੀਵ ਖੋਸਲਾ
ਫੋਨ: +91-79860-36776

ਆਈ.ਸੀ.ਆਈ.ਸੀ.ਆਈ. ਬੈਂਕ, ਕੋਟਕ ਮਹਿੰਦਰਾ ਬੈਂਕ, ਯੈੱਸ ਬੈਂਕ, ਆਈ.ਡੀ.ਐੱਫ.ਸੀ. ਫਸਟ ਬੈਂਕ, ਅਤੇ ਐੱਚ.ਐੱਸ.ਬੀ.ਸੀ., ਨੂੰ ਹੀ ਸਰਕਾਰੀ ਸਕਿਉਰਿਟੀਜ਼ ਖਰੀਦਣ ਅਤੇ ਵੇਚਣ ਦੀ ਇਜਾਜ਼ਤ ਦਿੱਤੀ ਗਈ ਹੈ।

ਅਜਿਹਾ ਨਹੀਂ ਕਿ ਭਾਰਤ ਕੋਈ ਪਹਿਲਾ ਮੁਲਕ ਹੈ ਜਿੱਥੇ ਡਿਜੀਟਲ ਮੁਦਰਾ ਦੀ ਵਰਤੋਂ ਹੋਵੇਗੀ ਬਲਕਿ ਵਾਸ਼ਿੰਗਟਨ ਡੀ.ਸੀ. ਦੀ ਸੁਤੰਤਰ ਸੰਸਥਾ ਅਟਲਾਂਟਿਕ ਕੌਂਸਲ ਅਨੁਸਾਰ ਮਾਰਚ 2022 ਤਕ 87 ਦੇਸ਼ ਡਿਜੀਟਲ ਮੁਦਰਾ ਜਾਰੀ ਕਰਨ ਬਾਰੇ ਵਿਚਾਰ ਕਰ ਰਹੇ ਸਨ। 9 ਦੇਸ਼- ਬਹਾਮਾਸ, ਨਾਈਜੀਰੀਆ ਅਤੇ ਪੂਰਬੀ ਕੈਰੇਬੀਅਨ ਯੂਨੀਅਨ ਦੇ 7 ਦੇਸ਼, ਪਹਿਲਾਂ ਹੀ ਕੇਂਦਰੀ ਬੈਂਕ ਦੇ ਕੰਟਰੋਲ ਵਾਲੀ ਇਹ ਡਿਜੀਟਲ ਮੁਦਰਾ ਜਾਰੀ ਕਰ ਚੁੱਕੇ ਹਨ। ਥੋਕ ਖੰਡ ਵਿਚ ਡਿਜੀਟਲ ਮੁਦਰਾ ਦੀ ਵਰਤੋਂ ਨੂੰ ਇਜਾਜ਼ਤ ਦੇ ਕੇ ਭਾਰਤ ਨੇ ਆਪਣਾ ਨਾਮ ਅਜਿਹੇ ਪਹਿਲੇ ਵੱਡੇ ਦੇਸ਼ਾਂ ਵਿਚ ਦਰਜ ਕਰਵਾਇਆ ਹੈ ਜੋ ਡਿਜੀਟਲ ਮੁਦਰਾ ਬਾਰੇ ਸਰਵੇਖਣ ਕਰ ਰਹੇ ਹਨ। ਹੁਣ ਤਕ ਵੱਡੇ ਦੇਸ਼ਾਂ ਵਿਚ ਚੀਨ ਡਿਜੀਟਲ ਮੁਦਰਾ (ਯੂਆਨ) ਵਿਕਸਤ ਕਰਨ 'ਚ ਮੋਹਰੀ ਰਿਹਾ ਹੈ।

ਹੁਣ ਤਕ ਅਸੀਂ ਮੁਦਰਾ ਦੀ ਦੋ ਪੱਧਰੀ ਪ੍ਰਣਾਲੀ ਦੀ ਵਰਤੋਂ ਕਰ ਰਹੇ ਹਾਂ। ਪਹਿਲੇ ਪੜਾਅ ਵਿਚ ਕੇਂਦਰੀ ਬੈਂਕ ਜਿਸ ਕੋਲ ਮੁਦਰਾ ਛਾਪਣ ਦੀ ਸ਼ਕਤੀ ਹੈ, ਬੈਂਕਾਂ ਰਾਹੀਂ ਮੁਦਰਾ ਦਾ ਵਹਾਅ ਘਟਾਉਂਦਾ ਜਾਂ ਵਧਾਉਂਦਾ ਹੈ। ਦੂਜੇ ਪੜਾਅ ਵਿਚ ਵੱਖੋ-ਵੱਖ ਬੈਂਕ ਆਪਣੇ ਖਾਤਾ ਧਾਰਕਾਂ ਨੂੰ ਪੈਸੇ ਦੀ ਜਮ੍ਹਾਂ ਅਤੇ ਨਿਕਾਸੀ ਦੀ ਸਹੂਲਤ ਦਿੰਦੇ ਹਨ। ਕੁਝ ਵਰ੍ਹਿਆਂ ਦੌਰਾਨ ਅਸੀਂ ਪੈਸੇ ਦੇ ਭੁਗਤਾਨ ਦੇ ਬਹੁਤ ਸਾਰੇ ਨਵੇਂ ਸਰੋਤ ਦੇਖੇ ਹਨ; ਜਿਵੇਂ ਡੈਬਿਟ ਤੇ ਕ੍ਰੈਡਿਟ ਕਾਰਡ, ਆਨਲਾਈਨ, ਯੂ.ਪੀ.ਆਈ. ਭੁਗਤਾਨ ਆਦਿ ਪਰ ਇਹ ਸਾਰੀਆਂ ਸਹੂਲਤਾਂ ਸਾਨੂੰ ਬੈਂਕਾਂ ਜਾਂ ਵਿੱਤੀ ਤਕਨੀਕੀ ਕੰਪਨੀਆਂ (ਪੇ.ਟੀ.ਐੱਮ., ਫੋਨ ਪੇ, ਗੂਗਲ ਪੇ ਆਦਿ) ਦੁਆਰਾ ਦਿੱਤੀਆਂ ਗਈਆਂ ਹਨ। ਇਹਨਾਂ ਭੁਗਤਾਨਾਂ ਦੇ ਪਿੱਛੇ ਸਾਡੀ ਜਮ੍ਹਾਂ ਕੀਤੀ ਰਕਮ ਖਾਤੇ ਵਿਚ ਦਰਜ ਹੈ ਜਿਸ ਨੂੰ ਭਾਵੇਂ ਅਸੀਂ ਬੈਂਕ ਕੋਲੋਂ ਕਢਵਾ ਕੇ ਠੋਸ ਰੂਪ ਵਿਚ ਖਰਚ ਕਰ ਸਕਦੇ ਹਾਂ ਜਾਂ ਬੈਂਕਾਂ ਦੁਆਰਾ ਦਿੱਤੀਆਂ ਇਹਨਾਂ ਸਹੂਲਤਾਂ ਰਾਹੀਂ ਖਰਚ ਕਰ ਸਕਦੇ ਹਾਂ ਪਰ ਡਿਜੀਟਲ ਰੁਪਏ ਦਾ ਖਾਤਾਧਾਰਕਾਂ ਕੋਲ ਪੈਸੇ ਨੂੰ ਠੋਸ ਰੂਪ ਵਿਚ ਖਰਚ ਕਰਨ ਵਾਲਾ ਬਦਲ ਮੌਜੂਦ ਨਹੀਂ ਹੋਵੇਗਾ। ਭੁਗਤਾਨ ਕਰਨ ਲਈ ਕਿਸੇ ਇਲੈਕਟ੍ਰੌਨਿਕ ਜੰਤਰ (ਜਿਵੇਂ ਮੋਬਾਈਲ ਫੋਨ) ਰਾਹੀਂ ਬਾਰਕੋਡ ਸਕੈਨ ਕਰਨਾ ਪਵੇਗਾ ਜਾਂ ਫਿਰ ਮੋਬਾਈਲ ਐਪ ਦਾ ਸਹਾਰਾ ਲੈਣਾ ਪਵੇਗਾ।

ਕੇਂਦਰੀ ਬੈਂਕ ਡਿਜੀਟਲ ਮੁਦਰਾ ਦੇ ਪੱਖ 'ਤੇ ਬੜੀ ਬੇਬਾਕੀ ਨਾਲ ਖੜ੍ਹੇ ਹੁੰਦੇ ਦਿਸਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਡਿਜੀਟਲ ਮੁਦਰਾ ਦੀ ਵਰਤੋਂ ਵਧਣ ਨਾਲ ਬਹੁ-ਪੱਖੀ ਲਾਭ ਪ੍ਰਾਪਤ ਹੋਣਗੇ। ਇਹਨਾਂ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ ਬਿਮਾਰੀ ਸਬੰਧੀ ਸਮੱਸਿਆਵਾਂ ਤੋਂ ਛੁਟਕਾਰਾ ਕਿਉਂਕਿ ਮੌਜੂਦਾ ਹਾਲਾਤ ਵਿਚ ਨੋਟਾਂ ਦੇ ਇਕ ਹੱਥ ਤੋਂ ਦੂਜੇ ਹੱਥ ਤਬਦੀਲ ਹੋਣ ਕਾਰਨ ਕਈ ਕਿਸਮ ਦੀਆਂ ਬਿਮਾਰੀਆਂ ਵੀ ਤਬਦੀਲ ਹੁੰਦੀਆਂ ਹਨ। ਇਸ ਦੇ ਨਾਲ ਹੀ ਨੋਟ ਫਟਣ ਦਾ ਵੀ ਕੋਈ ਡਰ ਨਹੀਂ ਹੋਵੇਗਾ। ਪ੍ਰਾਈਵੇਟ ਕੰਪਨੀਆਂ ਜਿਵੇਂ ਪੇ.ਟੀ.ਐੱਮ., ਫੋਨ ਪੇ, ਗੂਗਲ ਪੇ ਆਦਿ ਜੋ ਤਕਨੀਕ ਆਧਾਰਿਤ ਹਨ, ਉੱਤੇ ਵੀ ਲੋਕਾਂ ਦੀ ਨਿਰਭਰਤਾ ਘਟਾਈ ਜਾ ਸਕੇਗੀ। ਨਕਲੀ ਮੁਦਰਾ ਦੇ ਪ੍ਰਵਾਹ ਉੱਤੇ ਰੋਕ ਲੱਗੇਗੀ ਤੇ ਛਪਾਈ ਦੇ ਖਰਚ ਤੋਂ ਵੀ ਵੱਡੇ ਪੱਧਰ 'ਤੇ ਛੁਟਕਾਰਾ ਮਿਲੇਗਾ। 2021-22 'ਚ ਭਾਰਤੀ ਰਿਜ਼ਰਵ ਬੈਂਕ ਨੇ ਲਗਭਗ 4985 ਕਰੋੜ ਰੁਪਏ ਕੇਵਲ ਨੋਟਾਂ ਦੀ ਛਪਾਈ ਉੱਤੇ ਹੀ ਖਰਚੇ ਹਨ। ਛਪਾਈ ਦੀ ਲਾਗਤ 2016-17 ਵਿਚ ਨੋਟਬੰਦੀ ਤੋਂ ਬਾਅਦ 7965 ਕਰੋੜ ਰੁਪਏ ਤੱਕ ਜਾ ਪੁੱਜੀ ਸੀ।

ਬੈਂਕਾਂ ਦੇ ਰਵਾਇਤੀ ਮਾਡਲ (ਦੋ ਸਦੀਆਂ ਪੁਰਾਣਾ) ਅਨੁਸਾਰ, ਬੈਂਕ ਜਮ੍ਹਾਂ ਕਰਤਾਵਾਂ ਦਾ ਪੈਸਾ ਉਧਾਰ ਲੈਣ ਵਾਲਿਆਂ ਨੂੰ ਮੁਹੱਈਆ ਕਰਵਾ ਕੇ ਵਿਚੋਲੇ ਦਾ ਕੰਮ ਕਰਦਾ ਹੈ। ਜਮ੍ਹਾਂ ਕਰਤਾਵਾਂ ਨੂੰ ਅਦਾ ਕੀਤੇ ਵਿਆਜ ਅਤੇ ਉਧਾਰ ਲੈਣ ਵਾਲਿਆਂ ਤੋਂ ਪ੍ਰਾਪਤ ਹੋਣ ਵਾਲੇ ਵਿਆਜ ਵਿਚਕਾਰ ਅੰਤਰ ਤੋਂ ਬੈਂਕ ਮੁਨਾਫਾ ਕਮਾਉਂਦੇ ਹਨ। ਸਮੁੱਚੀ ਬੈਂਕਿੰਗ ਪ੍ਰਣਾਲੀ ਕਰਜ਼ੇ ਦਾ ਪੱਧਰ ਵਧਾ ਦਿੰਦੀ ਹੈ। ਮਿਸਾਲ ਦੇ ਤੌਰ 'ਤੇ ਜਦੋਂ ਕੋਈ ਬੈਂਕ ਕਰਜ਼ਾ ਦਿੰਦਾ ਹੈ ਤਾਂ ਕਰਜ਼ਾ ਲੈਣ ਵਾਲਾ ਉਹ ਰਕਮ ਆਪਣੇ ਖਾਤੇ ਵਿਚ ਜਮ੍ਹਾਂ ਕਰਦਾ ਹੈ ਜਿਸ ਨੂੰ ਫਿਰ ਨਵੀਂ ਜਮ੍ਹਾਂ ਰਕਮ ਮੰਨਿਆ ਜਾਂਦਾ ਹੈ ਅਤੇ ਰਿਜ਼ਰਵ ਘਟਾ ਕੇ ਉਸ ਵਿਚੋਂ ਮੁੜ ਉਧਾਰ ਦਿੱਤਾ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਕਈ ਵਾਰ ਦੁਹਰਾਇਆ ਜਾਂਦਾ ਹੈ; ਇਸ ਦਾ ਅਰਥ ਹੈ- 100 ਕਰੋੜ ਰੁਪਏ ਦੀ ਜਮ੍ਹਾਂ ਰਕਮ ਕਰਜ਼ਿਆਂ ਦੇ 10 ਦੌਰ ਦੌਰਾਨ 1000 ਕਰੋੜ ਰੁਪਏ ਦੇ ਕਰਜ਼ੇ ਦੇਣ ਲਈ ਵੀ ਸਮਰੱਥ ਹੈ। ਇਹ ਗਣਕ ਪ੍ਰਭਾਵ ਭਾਵੇਂ ਆਰਥਿਕ ਵਿਕਾਸ ਵਧਾਉਂਦਾ ਹੈ ਪਰ ਪੈਦਾ ਹੋਈ ਨਵੀਂ ਪੈਸੇ ਦੀ ਸਪਲਾਈ ਜੋਖ਼ਿਮ ਭਰੇ ਕਰਜ਼ਿਆਂ ਦਾ ਰੂਪ ਲੈਂਦੀ ਹੈ ਜੋ ਕਰਜ਼ਿਆਂ ਦੇ 10 ਦੌਰ ਦੌਰਾਨ ਕਿਸੇ ਵੀ ਪੜਾਅ 'ਤੇ, ਕਿਸੇ ਵੀ ਕਿਸਮ ਦੀ ਨਾ ਅਦਾਇਗੀ ਕਾਰਨ ਆਰਥਿਕਤਾ ਦੀ ਭਿਆਨਕ ਗਿਰਾਵਟ ਦਾ ਕਾਰਨ ਬਣਦੀ ਹੈ। ਸੰਕਟ ਦੇ ਇਹਨਾਂ ਹਾਲਾਤ ਵਿਚ ਕਲਿਆਣਕਾਰੀ ਸਰਕਾਰਾਂ ਜਾਂ ਕੇਂਦਰੀ ਬੈਂਕ ਆਮ ਬੈਂਕਾਂ ਨੂੰ ਸਹਾਰਾ ਦਿੰਦੇ ਹਨ।

ਹੁਣ ਜੇ ਡਿਜੀਟਲ ਮੁਦਰਾ ਜਾਰੀ ਹੋਵੇਗੀ ਤਾਂ ਜਮ੍ਹਾਂ ਕਰਤਾਵਾਂ ਲਈ ਬੈਂਕਾਂ ਦੀ ਭੂਮਿਕਾ ਘਟ ਜਾਵੇਗੀ ਕਿਉਂਕਿ ਡਿਜੀਟਲ ਮੁਦਰਾ ਤਾਂ ਸਿੱਧੇ ਤੌਰ 'ਤੇ ਕੇਂਦਰੀ ਬੈਂਕ ਜਾਰੀ ਕਰੇਗਾ। ਇਸ ਨਾਲ ਨਾ ਸਿਰਫ ਕਿਸੇ ਵੀ ਮੁਲਕ ਵਿਚ ਬੈਂਕਾਂ ਰਾਹੀਂ ਕਰਜ਼ੇ ਦੇਣ ਕਾਰਨ ਹੋਣ ਵਾਲੇ ਆਰਥਿਕ ਜੋਖ਼ਿਮ ਘਟਣਗੇ ਬਲਕਿ ਵੱਡੇ ਤੌਰ 'ਤੇ ਤਕਨੀਕ ਆਧਾਰਿਤ ਹੋਣ ਕਰ ਕੇ ਹਰ ਨਾਗਰਿਕ ਦੀ ਰਕਮ ਦਾ ਹਿਸਾਬ ਕੇਂਦਰੀ ਬੈਂਕ ਕੋਲ ਹੋਣ ਦੇ ਆਸਾਰ ਵੀ ਹਨ। ਅੱਗੇ ਕੇਂਦਰੀ ਬੈਂਕ ਦੀ ਬੈਂਕਿੰਗ ਖੇਤਰ ਵਿਚ ਏਕਾਧਿਕਾਰ ਸ਼ਕਤੀ ਹੋਣ ਕਰ ਕੇ ਭਵਿੱਖ ਵਿਚ ਜਮ੍ਹਾਂ ਕਰਤਾਵਾਂ ਨੂੰ ਉਹਨਾਂ ਦੀ ਜਮ੍ਹਾਂ ਰਕਮ ਤੇ ਵਿਆਜ ਦੇ ਭੁਗਤਾਨ ਤੋਂ ਵੀ ਨਾਂਹ ਕਰਨ ਦਾ ਖ਼ਦਸ਼ਾ ਹੈ। ਇਸ ਪ੍ਰਕਾਰ ਡਿਜੀਟਲ ਰੁਪਿਆ ਜਾਰੀ ਕਰ ਕੇ ਸਰਕਾਰ ਅਤੇ ਕੇਂਦਰੀ ਬੈਂਕ ਆਪਣੇ ਖਰਚਿਆਂ ਨੂੰ ਘਟਾ ਸਕਦੇ ਹਨ।

ਸਪੱਸ਼ਟ ਹੈ ਕਿ ਬੈਂਕ ਕਰਜ਼ੇ ਦੇ ਕੇ ਜਾਰੀ ਹੋਈ ਨਿਯਮਤ ਮੁਦਰਾ ਅਤੇ ਕੇਂਦਰੀ ਬੈਂਕ ਦੁਆਰਾ ਜਾਰੀ ਡਿਜੀਟਲ ਮੁਦਰਾ, ਦੋਨਾਂ ਵਿਚ ਵੱਡਾ ਫਰਕ ਹੋਵੇਗਾ। ਕੇਂਦਰੀ ਬੈਂਕ ਦੁਆਰਾ ਜਾਰੀ ਡਿਜੀਟਲ ਮੁਦਰਾ ਦੀ ਵਿਲੱਖਣ ਅਤੇ ਨਾ ਬਦਲਣ ਵਾਲੀ ਡਿਜੀਟਲ ਪਛਾਣ ਹੋਵੇਗੀ ਤੇ ਇਹ ਕੇਂਦਰੀ ਬੈਂਕ ਦੀ ਸਿੱਧੀ ਦੇਣਦਾਰੀ ਵੀ ਹੋਵੇਗੀ। ਡਿਜੀਟਲ ਮੁਦਰਾ ਦੇ ਵਿਸਥਾਰ ਨਾਲ ਨਵੀਆਂ ਵਿੱਤੀ ਤਕਨੀਕੀ ਕੰਪਨੀਆਂ ਹੋਰ ਵੀ ਜ਼ੋਰ ਸ਼ੋਰ ਨਾਲ ਅਤੇ ਨਵੀਨਤਮ ਸਕੀਮਾਂ ਲੈ ਕੇ ਬੱਚਤ ਕਰਨ ਵਾਲਿਆਂ ਅਤੇ ਕਰਜ਼ਦਾਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਨਗੀਆਂ। ਮੌਜੂਦਾ ਮਾਡਲ ਜਿਸ ਵਿਚ ਬੈਂਕਾਂ ਨੂੰ ਨਕਦੀ ਦੀ ਜਮ੍ਹਾਂ ਸੁਰੱਖਿਆ ਕਾਰਨਾਂ ਜਾਂ ਵਿਆਜ ਕਮਾਉਣ ਦੇ ਮਾਧਿਅਮ ਵਜੋਂ ਜਾਣਿਆ ਜਾਂਦਾ ਸੀ, ਯਕੀਨਨ ਆਪਣੀ ਹੋਂਦ ਗੁਆ ਲਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਡਿਜੀਟਲ ਮੁਦਰਾ ਵੀ ਉਸੇ ਬਲੌਕਚੇਨ ਤਕਨੀਕ ਦੀ ਵਰਤੋਂ ਕਰੇਗੀ ਜਿਸ 'ਤੇ ਕ੍ਰਿਪਟੋ ਕੰਮ ਕਰਦੀ ਹੈ ਪਰ ਡਿਜੀਟਲ ਮੁਦਰਾ ਅਤੇ ਕ੍ਰਿਪਟੋ ਵਿਚ ਵੱਡਾ ਫ਼ਰਕ ਹੈ। ਜਿੱਥੇ ਡਿਜੀਟਲ ਰੁਪਿਆ ਕੇਂਦਰੀਕ੍ਰਿਤ ਹੈ, ਭਾਵ ਕੇਂਦਰੀ ਬੈਂਕ ਦੁਆਰਾ ਕੰਟਰੋਲ ਹੈ, ਉੱਥੇ ਕ੍ਰਿਪਟੋ ਉੱਤੇ ਕਿਸੇ ਵੀ ਸਰਕਾਰ ਜਾਂ ਬੈਂਕ ਦਾ ਕੰਟਰੋਲ ਨਹੀਂ। ਇਹ ਪ੍ਰਾਈਵੇਟ ਕੰਪਨੀਆਂ ਦੇ ਜਾਰੀ ਕੀਤੇ ਉਹ ਗੈਰ-ਪਾਰਦਰਸ਼ੀ ਟੋਕਨ ਹਨ ਜਿਹਨਾਂ ਨੂੰ ਜਾਂ ਤਾਂ ਸੱਟੇਬਾਜ਼ੀ ਜਾਂ ਕਾਲਾ ਧਨ ਲੁਕੋਣ ਲਈ ਵਰਤਿਆ ਜਾਂਦਾ ਹੈ ਕਿਉਂਕਿ ਇਹਨਾਂ ਬਾਰੇ ਭੁਗਤਾਨ ਦੀ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕੀਤੀ ਜਾਂਦੀ। ਡਿਜੀਟਲ ਮੁਦਰਾ ਕਾਨੂੰਨੀ ਮੁਦਰਾ ਹੈ ਜਿਸ ਨੂੰ ਬੈਂਕ ਖਾਤਿਆਂ ਵਿਚ ਰੱਖਿਆ ਜਾ ਸਕੇਗਾ, ਕ੍ਰਿਪਟੋ ਨੂੰ ਲੁਕੋ ਕੇ ਡਿਜੀਟਲ ਵਾਲਿਟ ਵਿਚ ਰੱਖਣ ਦੀ ਲੋੜ ਪੈਂਦੀ ਹੈ।

ਸਪੱਸ਼ਟ ਹੈ ਕਿ ਡਿਜੀਟਲ ਰੁਪਿਆ ਭਵਿੱਖ ਦੀ ਮੁਦਰਾ ਹੈ ਅਤੇ ਇਹ ਵਿੱਤੀ ਖੇਤਰ ਵਿਚ ਕ੍ਰਾਂਤੀ ਦੀ ਸ਼ੁਰੂਆਤ ਹੈ। ਉਂਝ, ਅੱਜ ਦੀ ਤਾਰੀਖ਼ ਤਕ ਇਹ ਵੀ ਜੋਖ਼ਿਮ ਮੁਕਤ ਨਹੀਂ। ਸਭ ਤੋਂ ਪਹਿਲਾ ਜੋਖ਼ਿਮ ਤਾਂ ਨਿੱਜਤਾ ਬਾਰੇ ਹੈ। ਕੀ ਸਾਡੀ ਤਕਨੀਕ ਇੱਥੋਂ ਤਕ ਵਿਕਸਿਤ ਹੈ ਕਿ ਉਹ ਇਹ ਯਕੀਨੀ ਬਣਾ ਸਕਣ ਕਿ ਡਿਜੀਟਲ ਮੁਦਰਾ ਦੇ ਵਰਤੋਂ ਕਰਨ ਵਾਲੇ ਦੀ ਨਿੱਜੀ ਜਾਣਕਾਰੀ ਦੀ ਉਲੰਘਣਾ ਨਹੀਂ ਹੋ ਸਕੇਗੀ? ਕੇਂਦਰੀ ਬੈਂਕ ਜੋ ਬੈਂਕਾਂ ਦਾ ਆਖਰੀ ਸਹਾਰਾ ਹੁੰਦੇ ਸਨ, ਪਹਿਲੇ ਸਹਾਰੇ ਦੇ ਤੌਰ 'ਤੇ ਪ੍ਰਚੂਨ ਮੁਦਰਾ ਜਾਰੀ ਕਰਨਗੇ। ਇਹ ਕੌਣ ਯਕੀਨੀ ਬਣਾਏਗਾ ਕਿ ਕੇਂਦਰੀ ਬੈਂਕ ਜਨਤਕ ਜਾਂ ਪ੍ਰਾਈਵੇਟ ਖੇਤਰ ਦੇ ਬੈਂਕਾਂ ਅਤੇ ਵਿੱਤੀ ਤਕਨਾਲੋਜੀ ਆਧਾਰਿਤ ਕੰਪਨੀਆਂ ਲਈ ਪੱਖਪਾਤੀ ਨਹੀਂ ਹੋਣਗੇ? ਜੇ ਕੇਂਦਰੀ ਬੈਂਕ ਹੀ ਹੈਕ ਹੋ ਜਾਂਦਾ ਹੈ ਤਾਂ ਕੀ ਸਾਰਾ ਅਰਥਚਾਰਾ ਤਬਾਹ ਹੋ ਜਾਵੇਗਾ? ਜਦੋਂ ਤਕ ਡਿਜੀਟਲ ਮੁਦਰਾ ਸੰਚਾਲਿਤ ਕਰਨ ਵਾਲੇ ਯੰਤਰ ਹਰ ਕਿਸੇ ਤਕ ਨਹੀਂ ਪਹੁੰਚ ਜਾਂਦੇ, ਕੀ ਦੇਸ਼ ਵਿਚ ਤਕਨੀਕਾਂ ਤੋਂ ਹੋਣ ਵਾਲੇ ਭੁਗਤਾਨ ਗਰੀਬਾਂ ਅਤੇ ਅਮੀਰਾਂ ਦਾ ਪਾੜਾ ਵਧਾਉਣਾ ਜਾਰੀ ਰੱਖਣਗੇ? ਇਹ ਅਜਿਹੇ ਸਵਾਲ ਹਨ ਜਿਹਨਾਂ ਦਾ ਜਵਾਬ ਦਿੱਤੇ ਬਿਨਾ ਡਿਜੀਟਲ ਰੁਪਏ ਨੂੰ ਆਮ ਲੋਕਾਂ ਤਕ ਪਹੁੰਚਾਉਣਾ ਅਸਫ਼ਲ ਪ੍ਰਯੋਗ ਰਹਿ ਸਕਦਾ ਹੈ।

# ਗੋਦਾਰਦ: ਇਕ ਸ਼ਖਸ ਜੋ ਅਮਰ ਹੋ ਗਿਆ

***ਸੰਸਾਰ ਸਿਨੇਮਾ ਵਿਚ ਫਰਾਂਸੀਸੀ ਫਿਲਮਸਾਜ਼ ਗੋਦਾਰਦ (3 ਦਸੰਬਰ 1930-13 ਸਤੰਬਰ 2022) ਦਾ ਆਪਣਾ ਮੁਕਾਮ ਹੈ। ਨੌਜਵਾਨ ਪੰਜਾਬੀ ਫਿਲਮਸਾਜ਼ ਅਮਨਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਗੋਦਾਰਦੀ ਸਿਨੇਮਾ ਦੀ ਖਸੂਸੀਅਤ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ ਜਿਸ ਵਿਚੋਂ ਗੋਦਾਰਦ ਦੀ ਜ਼ਿੰਦਗੀ ਅਤੇ ਸਿਨੇਮਾ ਦਾ ਨਿਆਰਾਪਣ ਝਾਤੀਆਂ ਮਾਰਦਾ ਹੈ।***

ਗੋਦਾਰਦ ਲਈ ਲਿਖੀ ਕੋਈ ਵੀ ਸ਼ਰਧਾਂਜਲੀ ਕਲਾ ਦੇ ਗੋਦਾਰਦੀ ਤਰੀਕਿਆਂ ਤੋਂ ਬਿਨਾ ਕਿਵੇਂ ਲਿਖੀ ਜਾ ਸਕਦੀ ਹੈ? ਫਲਸਫੇ ਵਿਚੋਂ ਟੂਕਾਂ, ਮਾਰਕਸਵਾਦ, ਸਿਆਸਤ, ਕਵਿਤਾ, ਸਿਨੇਮਾ 'ਚੋਂ ਹਵਾਲੇ, ਦ੍ਰਿਸ਼ਾਂ ਦੀ ਆਪਸੀ ਜੁਗਲਬੰਦੀ, ਉਹਨਾਂ ਬੇਜਾਨ ਵਸਤੂਆਂ ਦਾ ਆਪਸ ਵਿਚ ਰਲਗੱਡ ਹੋਣਾ ਜਿਹੜਾ ਯਥਾਰਥ ਵਿਚ ਸੋਚਿਆ ਵੀ ਨਹੀਂ ਜਾ ਸਕਦਾ, ਦ੍ਰਿਸ਼ ਕੱਟਣ ਦੀ ਅੱਚਵੀਂ ਵਿਚਕਾਰ ਹੀ ਲਏ ਗਏ ਲੰਬੇ ਸ਼ਾਟ ਅਤੇ ਜਿੱਥੇ ਰਵਾਇਤੀ ਸਿਨੇਮਈ ਭਾਸ਼ਾ ਦ੍ਰਿਸ਼ ਦੇ ਨਿਰੰਤਰ ਵਹਾਅ ਦੀ ਮੰਗ ਕਰਦੀ ਹੋਵੇ, ਉੱਥੇ ਜੰਪ ਕੱਟਾਂ ਦੀ ਬੇਦਰਦ ਵਰਤੋਂ... ਜੇ ਇੱਕ ਫਿਕਰੇ ਵਿਚ ਲਿਖਾਂ ਤਾਂ ਗੋਦਾਰਦ ਨੂੰ ਸ਼ਰਧਾਂਜਲੀ ਉਸ ਦੀਆਂ ਫਿਲਮਾਂ ਦੇ ਪੱਧਰ ਦੀ



ਲਿਖਤ ਦੀ ਮੰਗ ਕਰਦੀ ਹੈ। ਸਿਨੇਮਾ ਦੇ ਰੱਬ ਮੰਨੇ ਜਾਂਦੇ ਗੋਦਾਰਦ ਨੂੰ ਪੇਪਰ 'ਤੇ ਵਾਹੁਣਾ ਨਾ-ਮੁਕੰਮਲ ਕਾਰਜ ਹੈ। ਕਈ ਵਾਰ ਭਾਸਦਾ ਹੈ ਕਿ ਗੋਦਾਰਦ ਸ਼ਰਧਾਂਜਲੀ ਵਜੋਂ

**ਅਮਨਿੰਦਰ ਸਿੰਘ**
ਫੋਨ: +91-78883-47714

ਫਿਲਮ ਦਾ ਹੱਕਦਾਰ ਹੈ ਕਿਉਂਕਿ ਉਸ ਨੇ ਜਿਸ ਤਰ੍ਹਾਂ ਸਮੇਂ, ਸਪੇਸ ਤੇ ਮੈਟਰ ਦੇ ਹੱਦ-ਬੰਨੇ ਭੰਨ ਕੇ ਦੁਬਾਰਾ ਘੜੇ, ਉਸ ਨੂੰ ਸਮੇਟਣਾ ਕਾਗਜ਼ ਦੇ ਵੱਸ ਦੀ ਗੱਲ ਨਹੀਂ। ਸਿਰਫ ਸਿਨੇਮਾ ਹੀ ਉਸ ਨੂੰ ਝੱਲ ਸਕਦਾ ਸੀ।

ਸਿਨੇਮਾ ਦਾ ਆਖਰੀ ਉਸਤਾਦ 13 ਸਤੰਬਰ 2022 ਨੂੰ ਫੌਤ ਹੋ ਗਿਆ। ਉਸ ਨੇ ਮਰਨ ਲਈ ਸਵਿਟਜ਼ਰਲੈਂਡ ਵਿਚ ਮਨਸੂਈ ਤੇ ਮਨਚਾਹੀ ਮੌਤ ਚੁਣੀ ਅਤੇ ਇੰਦਾਂ ਫਰੈਂਚ ਨਿਊ ਵੇਵ ਸਿਨੇਮਾ ਦੀ ਆਖਰੀ ਹਸਤੀ ਕਿਰ ਗਈ। ਗੋਦਾਰਦ ਦਾ ਹਰੇ ਤਖਤਿਆਂ ਅਤੇ ਬਾਹਰ ਰੱਖੇ ਹਰੇ ਬੈਂਚ ਵਾਲਾ ਘਰ ਤੇਰਾਂ ਸਤੰਬਰ ਨੂੰ ਉਸ ਦੀ ਖਿੜਕੀ 'ਤੇ ਟਿਕੀ ਐਸ਼-ਟ੍ਰੇਅ ਅਤੇ ਚਾਹ ਦੀ ਕੇਤਲੀ ਸਣੇ ਖਾਮੋਸ਼ੀ ਵਿਚ ਡੁੱਬ ਗਿਆ। ਉਹ ਕਈ ਦਹਾਕਿਆਂ ਤੋਂ ਰੋਲਜ਼ ਨਾਮੀ ਸਵਿੱਸ ਪਿੰਡ ਵਿਚ ਏਕਾਂਤਵਾਸ ਸੀ।

ਉਸ ਦੀ ਪਹਿਲੀ ਫਿਲਮ 'ਬ੍ਰੈਥਲੈੱਸ' ਵਿਚ ਪੈਟ੍ਰੀਸ਼ੀਆ ਫ੍ਰੈਂਚਨੀ ਪਰਵੂਲੈਸਕੋ ਨੂੰ ਪੁੱਛਦੀ ਹੈ, "ਤੇਰੀ ਜ਼ਿੰਦਗੀ ਦੀ ਮਹਾਨਤਮ ਇੱਛਾ ਕੀ ਹੈ?" ਜਵਾਬ ਵਿਚ ਪਰਵੂਲੈਸਕੋ ਆਖਦਾ ਹੈ, "ਅਮਰ ਹੋ ਜਾਣਾ... ਤੇ ਫਿਰ ਮਰ ਜਾਣਾ।" ਸਿਨੇਮਾ ਨੇ ਗੋਦਾਰਦ ਨੂੰ ਅਮਰ ਕਰ ਦਿੱਤਾ ਤੇ ਫਿਰ ਉਸ ਨੇ ਮੌਤ ਚੁਣ ਲਈ; ਬਸ ਇਸ ਲਈ ਕਿਉਂਕਿ ਉਹ 'ਥੱਕ ਚੁੱਕਾ ਸੀ'। ਪਿਛਲੇ ਸਾਲ ਕੇਰਲ ਦੇ ਕੌਮਾਂਤਰੀ ਫਿਲਮ ਮੇਲੇ ਨਾਲ ਵਰਚੂਅਲ ਗੱਲਬਾਤ ਦੌਰਾਨ ਉਸ ਨੇ ਤਸਦੀਕ ਕੀਤਾ ਸੀ ਕਿ ਅਗਲੀਆਂ ਦੋ ਫਿਲਮਾਂ ਬਣਾਉਣ ਤੋਂ ਬਾਅਦ ਮੈਂ 'ਰਿਟਾਇਰ' ਹੋਣ ਬਾਰੇ ਸੋਚ ਰਿਹਾ ਹਾਂ, "ਹਾਂ, ਮੈਂ ਫਿਲਮਸਾਜ਼ ਵਜੋਂ ਆਪਣੀ ਫਿਲਮੀ ਜ਼ਿੰਦਗੀ ਦਾ ਅੰਤ ਕਰ ਰਿਹਾ... ਦੋ ਆਖਰੀ ਪਟਕਥਾਵਾਂ 'ਤੇ ਕੰਮ ਨਿਪਟਾ ਕੇ, ਉਸ ਤੋਂ ਬਾਅਦ 'ਗੁੱਡ-ਬਾਏ ਸਿਨੇਮਾ'।" ਪਰ ਉਹ ਤੇ ਉਸ ਦਾ ਸਿਨੇਮਾ ਇੱਕ ਸਨ। ਉਸ ਦੀ ਜ਼ਿੰਦਗੀ ਸਿਨੇਮੇ ਵਿਚ ਇੰਨੀ ਜ਼ਿਆਦਾ ਗੜੁੱਚ ਸੀ ਕਿ ਉਸ ਨੂੰ ਸਿਨੇਮੇ ਤੋਂ ਵੱਖਰਾ ਕਰਨਾ ਨਾ-ਮੁਮਕਿਨ ਸੀ। ਗੋਦਾਰਦ ਦਾ ਸਿਨੇਮੇ ਨੂੰ ਅਲਵਿਦਾ ਕਹਿਣਾ ਜਿਵੇਂ ਖੁਦ ਨੂੰ ਹੀ ਅਲਵਿਦਾ ਕਹਿਣ ਦੇ ਬਰਾਬਰ ਸੀ।

ਗੋਦਾਰਦ ਲਈ 'ਹੋਣਾ ਜਾਂ ਨਾ ਹੋਣਾ' ਸਵਾਲ ਕਦੇ ਵੀ ਅਹਿਮ ਨਹੀਂ ਰਿਹਾ; ਉਸ ਅਨੁਸਾਰ 'ਜਿਹੜਾ ਖਲਾਅ ਵਿਚ ਕੁੱਦਦਾ ਹੈ, ਉਹ ਉਹਨਾਂ ਲਈ ਕਿਉਂ ਜਵਾਬਦੇਹ ਹੋਵੇ ਜਿਹੜੇ ਕਿਨਾਰਿਆ 'ਤੇ ਖੜ੍ਹੇ ਹੋਣ ਅਤੇ ਤਮਾਸ਼ਾ ਦੇਖਣ।' ਉਹ 'ਖਲਾਅ' ਵਿਚ, ਉਸ 'ਵਰਜਿਤ' ਖੇਤਰ ਵਿਚ, ਆਪਣੀ ਪਹਿਲੀ ਹੀ ਫਿਲਮ ਨਾਲ ਰਵਾਇਤੀ ਸਿਨੇਮਾ ਦੀ ਰੂਲ-ਬੁੱਕ ਦੁਆਰਾ ਖਿੱਚੇ ਦਾਇਰਿਆਂ ਤੋਂ ਬਾਹਰ ਕੁੱਦਿਆ। ਉਸ ਦੀ ਫਿਲਮ 'ਬ੍ਰੈਥਲੈੱਸ' ਦੇ ਪ੍ਰਸਿੱਧ ਜੰਪ ਕੱਟ ਜਿਹੜੇ ਸਿਨੇਮੇ ਵਿਚ ਮਿੱਥ ਬਣ ਚੁੱਕੇ ਹਨ, ਬਾਰੇ ਅਨੇਕਾਂ ਕਹਾਣੀਆਂ ਪ੍ਰਚੱਲਿਤ ਹਨ। ਕਿਸੇ ਨੇ ਕਿਹਾ ਕਿ ਉਸ ਕੋਲ ਰੀਲ ਮੁੱਕ ਗਈ ਸੀ, ਕਿਸੇ ਅਨੁਸਾਰ ਫਿਲਮ ਜ਼ਿਆਦਾ ਲੰਮੀ ਹੋ ਚੁੱਕੀ ਸੀ ਤੇ ਇਸ ਵਿਚ ਇਹ ਬੇਰਹਿਮ ਕੱਟ ਲੱਗਣਾ ਹੀ ਲੱਗਣਾ ਸੀ; ਬੇਸ਼ੱਕ ਜਿਵੇਂ ਮਰਜ਼ੀ ਹੋਇਆ ਹੋਵੇ ਪਰ ਇਸ ਨਾਲ ਗੋਦਾਰਦ ਸਿਖਰ 'ਤੇ ਪਹੁੰਚ ਗਿਆ। ਕਿਸੇ ਬੁੱਤਸਾਜ਼ ਵਾਂਗ ਉਹ ਜਾਣਦਾ ਸੀ ਕਿ ਇਸ ਵਿਚੋਂ ਕਿੱਥੋਂ, ਕੀ ਛਾਂਗਣਾ ਹੈ ਤਾਂ ਕਿ ਇਸ ਦਾ ਖਾਕਾ ਤੇ ਖਾਸਾ ਮੁਕੰਮਲ ਤੇ ਕਾਇਮ ਰਹੇ। ਫਿਲਮ 'ਬ੍ਰੈਥਲੈੱਸ' ਵਿਚ ਇੱਕ ਛੋਟੇ-ਮੋਟੇ ਚੋਰ ਮਾਈਕਲ ਦਾ ਆਪਣੀ ਪ੍ਰੇਮਿਕਾ ਪੈਟ੍ਰੀਸ਼ੀਆ ਨਾਲ ਕਾਰ ਵਿਚ ਸਫਰ ਕਰਨ ਦਾ ਲੰਮਾ ਦ੍ਰਿਸ਼ ਹੈ ਜਿਸ ਵਿਚ ਬਹੁਤ ਸਾਰੇ ਪੈਟ੍ਰੀਸ਼ੀਆ ਦੇ ਸਿਰ ਪਿੱਛਿਉਂ ਲਏ ਗਏ ਕੱਟ ਹਨ ਜਿਹੜੇ ਉਹਨਾਂ ਦੀ ਆਪਸੀ ਗੱਲਬਾਤ ਦੇ ਨਾਲ-ਨਾਲ ਵਧਦੇ ਜਾਂਦੇ ਹਨ। ਇਹ ਦਰਸ਼ਕਾਂ ਲਈ ਦਰ-ਬਦਰੀ ਦੀ ਭਾਵਨਾ ਸਿਰਜਦੇ ਹਨ, ਉਹਨਾਂ ਦੇ ਦਿਮਾਗਾਂ ਵਿਚ ਹੱਲਚਲ ਮਚਾਈ ਰੱਖਦੇ ਹਨ ਅਤੇ 'ਫਿਲਮ ਦੇ ਪਲਾਟ' ਵਿਚ ਗੁੰਮਣ ਤੋਂ ਬਚਾਈ ਰੱਖਦੇ ਹਨ ਤੇ ਉਹਨਾਂ ਨੂੰ ਸਾਹਿਤਕ ਕ੍ਰਿਤ ਵਾਂਗ ਅਣਲਿਖਿਆ ਪੜ੍ਹਨ ਲਈ ਮਜਬੂਰ ਕਰਦੇ ਹਨ।

ਦੂਜੇ ਪਾਸੇ, ਉਹ ਨਾ ਸਿਰਫ ਦਰਸ਼ਕਾਂ ਦੀ ਤਥਾਕਥਿਤ 'ਸਮੇਂ' ਅੰਦਰ ਹਾਜ਼ਰ ਰਹਿ ਕੇ ਸਾਦਾ-ਸਪਸ਼ਟ ਕੱਟ ਦੇਖਣ ਦੀ ਇੱਛਾ ਨੂੰ ਚਣੌਤੀ ਦਿੰਦਾ ਹੈ ਸਗੋਂ ਉਹਨਾਂ ਨੂੰ 'ਕੱਟ ਦੇਖਣ' ਦੀ ਇੱਛਾ ਦੇ ਸਿਖਰ 'ਤੇ ਲਿਜਾ ਕੇ ਕੱਟ ਮਾਰਨ ਤੋਂ ਇਨਕਾਰੀ ਹੋ ਜਾਂਦਾ ਹੈ। ਇਸ ਨੂੰ ਸਮਝਣ ਲਈ 1967 ਵਿਚ ਰਿਲੀਜ਼ ਹੋਈ ਫਿਲਮ 'ਵੀਕ-ਐਂਡ' ਦਾ ਪ੍ਰਸਿੱਧ ਲਾਂਗ ਸ਼ਾਟ ਦੇਖੋ ਜਿਹੜਾ ਪੂੰਜੀਵਾਦ ਦੇ ਬੇਤੁਕੇਪਣ, ਬੇਰਹਿਮੀ, ਕਰੂਪਤਾ ਅਤੇ ਹਿੰਸਾ ਨੂੰ ਵਿਆਹੇ ਜੋੜੇ ਦੇ ਟਰੈਫਿਕ ਜਾਮ ਵਿਚ ਰੀਂਘਣ ਦੇ ਦ੍ਰਿਸ਼ ਰਾਹੀਂ ਫਿਟਕਾਰਦਾ ਹੈ।

ਇਹ ਉਸ ਦਾ ਦਰਸ਼ਕ ਦੀ ਬੇਗਾਨਗੀ ਲਈ ਵਰਤਿਆ ਤਰੀਕਾ ਹੈ ਜਿਸ ਨੂੰ ਬਹੁਤ ਵਾਰ ਬਰਤੋਲਤ ਬਰੈਖਤ ਦੀ ਵਿਧੀ ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ ਉਹ ਪੂਰੀ ਉਮਰ ਸਤਿਕਾਰਦਾ ਰਿਹਾ। ਉਸ ਨੇ ਆਪਣੇ ਕਥਨ 'ਸਿਆਸਤ ਚੱਲਦੇ-ਫਿਰਦੇ ਸ਼ਾਟ ਵਾਂਗ ਹੈ' ਨੂੰ ਮਿਸਾਲ ਬਣਾ ਦਿੱਤਾ। ਜਿੰਨਾ ਲੰਮਾ ਉਹ ਕੋਈ 'ਟੇਕ' ਲੈਂਦਾ ਹੈ, ਓਨੀ ਹੀ ਜ਼ਿਆਦਾ ਉਹ ਇਸ ਵਿਚ ਆਪਣੀ ਸਿਆਸਤ ਬੁਣਦਾ ਹੈ ਅਤੇ ਦਰਸ਼ਕਾਂ ਨੂੰ ਆਪਣੇ ਦਿਲਾਂ ਦੀ ਥਾਂ ਦਿਮਾਗਾਂ ਦੀ ਵਰਤੋਂ ਕਰਨ ਲਈ ਮਜਬੂਰ ਕਰ ਦਿੰਦਾ ਹੈ।

ਉਸ ਨੇ ਕਈ ਤਰਤੀਬਾਂ ਈਜਾਦ ਕੀਤੀਆਂ ਅਤੇ ਬਹੁਤੀਆਂ ਨੂੰ ਉਧਾਰ ਲੈ ਕੇ ਆਪਣਾ ਬਣਾ ਲਿਆ- "ਇਸ ਨਾਲ ਕੀ ਫਰਕ ਪੈਂਦਾ ਹੈ ਕਿ ਤੁਸੀਂ ਕਿਥੋਂ ਕੀ ਸਿੱਖਿਆ... ਤੁਸੀਂ ਇਸ ਨੂੰ ਕਿੱਥੇ ਪਹੁੰਚਾਇਆ, ਇਹ ਵੱਧ ਅਹਿਮ ਹੈ।" ਉਸ ਨੇ ਵੱਖ-ਵੱਖ ਤਰ੍ਹਾਂ ਦੇ ਵਿਸ਼ਿਆਂ ਲਈ ਵੱਖੋ-ਵੱਖ ਤਕਨੀਕਾਂ ਦੀ ਵਰਤੋਂ ਕੀਤੀ। ਜਿਹੜਾ ਤਹਾਨੂੰ ਫੂਹੜ ਲੱਗ ਰਿਹਾ ਹੈ, ਉਹ ਅਸਲ ਵਿਚ ਬੇਤੁਕੇਪਣ ਨਾਲ ਭਰਿਆ ਹੋਇਆ ਹੈ; ਕਿਸੇ ਦ੍ਰਿਸ਼ ਵਿਚ ਜੋ ਤਹਾਨੂੰ ਬੋਰ ਕਰ ਰਿਹਾ ਹੈ, ਦਰਅਸਲ ਉਹ ਨਾ-ਸਹਿਣਯੋਗ ਅਸਲੀਅਤ ਹੈ।

ਗੋਦਾਰਦ ਸਮੇਤ ਫ੍ਰੈਂਚ ਨਿਊ ਵੇਵ ਨਾਲ ਜੁੜੇ ਫਿਲਮਸਾਜ਼ ਆਪਣੀਆਂ ਪਹਿਲੀਆਂ ਹੀ ਫਿਲਮਾਂ ਰਿਲੀਜ਼ ਹੋਣ ਤੋਂ ਬਾਅਦ ਨਿੱਜੀ ਅਤੇ ਅੰਤ-ਰੰਗ ਰਿਸ਼ਤਿਆਂ ਦੇ ਫਿਲਮਾਂਕਣ ਕਾਰਨ ਖੱਬੇ ਪੱਖੀ ਬੁੱਧੀਜੀਵੀਆਂ ਦੇ ਨਿਸ਼ਾਨੇ 'ਤੇ ਰਹੇ। ਗੋਦਾਰਦ, ਟਰੂਫੋ ਅਤੇ ਸ਼ਬਰੋਲ ਦੀ ਸੱਜੇ ਪੱਖੀ ਵਿਚਾਰਕਾਂ ਜਿਵੇਂ ਲੂਸੀਅਨ ਰਬਿਟੈਟ ਅਤੇ ਪਾਲ ਗੈਗਾਓਫ ਨਾਲ ਦੋਸਤੀ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਅਤੇ ਉਹਨਾਂ 'ਤੇ ਸੱਜੇ ਪੱਖੀ ਹੋਣ ਦਾ ਇਲਜ਼ਾਮ ਲੱਗਿਆ। ਇੱਕ ਆਲੋਚਕ ਨੇ ਗੋਦਾਰਦ ਦੀ ਫਿਲਮ 'ਬ੍ਰੈਥਲੈੱਸ' ਨੂੰ ਫਾਸ਼ੀਵਾਦੀ ਹੰਕਾਰ ਕਹਿ ਫਟਕਾਰਿਆ। ਗੋਦਾਰਦ ਨੇ ਇਸ ਇਲਜ਼ਾਮ ਨੂੰ ਦਿਲ 'ਤੇ ਲਿਆ ਅਤੇ ਫਰਾਂਸ ਦੀ ਅਲਜ਼ੀਰੀਆ(ਜਿਹੜਾ ਫਰਾਂਸ ਦੀ ਬਸਤੀ ਸੀ) ਨਾਲ ਲੱਗੀ ਜੰਗ ਬਾਰੇ ਆਪਣੀ ਦੂਜੀ ਫਿਲਮ 'ਦੀ ਲਿਟਲ ਸੋਲਜ਼ਰ' ਨਾਲ ਸਿਆਸੀ ਫਿਲਮਸਾਜ਼ੀ ਵਿਚ ਕਦਮ ਰੱਖਿਆ। ਇਸ ਦਾ ਮੁੱਖ ਕਿਰਦਾਰ ਬਰੂਨੋ ਫੋਰਸਟੀਅਰ ਸੱਜੇ ਪੱਖੀ ਜਥੇਬੰਦੀ 'ਓ.ਏ.ਐਸ.' ਦਾ ਸਮਰਥਕ ਸੀ ਅਤੇ ਜਾਨ ਬਚਾ ਕੇ ਸਵਿਟਜ਼ਰਲੈਂਡ ਵਿਚ ਗੁਪਤ ਜੰਗ ਲੜ ਰਿਹਾ ਸੀ। ਇਸ ਫਿਲਮ ਵਿਚ ਅੰਨਾ ਕਰੀਨਾ ਨੇ ਅਲਜ਼ੀਅਰੀ ਸਮਰਥੱਕ ਵਰੋਨਿਕਾ ਡ੍ਰੇਯਰ ਦੀ ਭੂਮਿਕਾ ਅਦਾ ਕੀਤੀ ਜਿਹੜੀ ਬਰੂਨੋ ਨੂੰ ਮੁਹੱਬਤ ਕਰਦੀ ਹੈ। ਬਰੂਨੋ



ਨੂੰ ਇੱਕ ਸਿਆਸੀ ਕਤਲ ਲਈ ਉਕਸਾਇਆ ਜਾਂਦਾ ਹੈ ਪਰ ਉਸ ਦੇ ਵਾਰਦਾਤ ਕਰਨ ਤੋਂ ਪਹਿਲਾ ਹੀ ਉਸ ਨੂੰ ਅਲਜ਼ੀਰੀਆਈ ਖਾੜਕੂ ਫੜ ਲੈਂਦੇ ਹਨ ਤੇ ਤਸੀਹੇ ਦਿੰਦੇ ਹਨ।

ਫਿਲਮ ਦੀ ਸ਼ੂਟਿੰਗ ਖਤਮ ਹੋਣ ਤੋਂ ਬਾਅਦ ਗੋਦਾਰਦ ਤੇ ਅੰਨਾ ਕਰੀਨਾ ਇਕੱਠੇ ਰਹਿਣ ਲੱਗ ਪਏ; ਇਸ ਤਰ੍ਹਾਂ ਗੋਦਾਰਦ ਦਾ ਸਿਨੇਮਾ ਤੇ ਗੋਦਾਰਦ ਦੀ ਨਿੱਜੀ ਜ਼ਿੰਦਗੀ ਇੱਕ-ਦੂਜੇ ਨਾਲ ਰਲਣੇ ਸ਼ੁਰੂ ਹੋ ਗਏ। ਫਿਲਮ 'ਬ੍ਰੈਥਲੈੱਸ' (ਜੁਰਮ ਆਧਾਰਿਤ ਫਿਲਮ) ਅਤੇ ਫਿਲਮ 'ਦਿ ਲਿਟਲ ਸੋਲਜ਼ਰ' (ਜਸੂਸੀ ਫਿਲਮ) ਤੋਂ ਬਾਅਦ ਗੋਦਾਰਦ ਨੇ ਵੱਖਰੀ ਤਰ੍ਹਾਂ ਦੀ ਫਿਲਮ 'ਏ ਵਿਮੈਨ ਇਜ਼ ਏ ਵਿਮੈਨ' ਬਣਾਈ ਜਿਹੜੀ ਸੰਗੀਤਕ ਕਾਮੇਡੀ ਸੀ, ਇਹ ਯਥਾਰਥਕ ਸੀ ਅਤੇ ਅਜਿਹੀ ਨਾਚੀ ਦੇ ਜੀਵਨ 'ਤੇ ਆਧਾਰਿਤ ਸੀ ਜਿਹੜੀ ਬੱਚਾ ਪੈਦਾ ਕਰਨ ਦੀ ਇਛੁੱਕ ਹੈ ਅਤੇ ਜੋ ਆਪਣੇ ਪ੍ਰੇਮੀ ਨੂੰ ਵਿਆਹ ਅਤੇ ਬੱਚੇ ਲਈ ਬਲੈਕਮੇਲ ਕਰਨ ਲਈ ਪ੍ਰੇਮੀ ਦੇ ਦੋਸਤ ਨਾਲ ਚੱਕਰ ਚਲਾਉਂਦੀ ਹੈ। ਇਸ ਫਿਲਮ ਦੇ ਕਿਰਦਾਰਾਂ ਦੀ ਗੋਦਾਰਦ ਅਤੇ ਕਰੀਨਾ ਦੇ ਸੰਕਟ-ਗ੍ਰਸਤ ਰਿਸ਼ਤੇ ਨਾਲ ਤੁਲਨਾ ਉਦੋਂ ਹੋਰ ਵੀ ਜ਼ੋਰ ਫੜ ਗਈ ਜਦੋਂ ਅੰਨਾ ਕਰੀਨਾ ਗਰਭਵਤੀ ਹੋ ਗਈ। ਉਹ ਇੱਕ-ਦੂਜੇ ਨਾਲ ਲੜਦੇ, ਬਹਿਸਦੇ, ਇੱਕ-ਦੂਜੇ ਨੂੰ ਪਿਆਰਦੇ ਤੇ ਰੱਜ ਕੇ ਨਫਰਤ ਕਰਦੇ, ਇੱਕ-ਦੂਜੇ 'ਤੇ ਚੀਕਦੇ। ਇਸ ਫਿਲਮ ਦੀ ਰੂਪ-ਰੇਖਾ ਗੋਦਾਰਦ ਨੇ ਅੰਨਾ ਕਰੀਨਾ ਦੇ ਉਸ ਦੀ ਜ਼ਿੰਦਗੀ ਵਿਚ ਆਉਣ ਤੋਂ ਬਹੁਤ ਪਹਿਲਾਂ ਦੀ ਉਲੀਕੀ ਹੋਈ ਸੀ ਤੇ ਉਹ ਇਸ ਨੂੰ ਹਲਕੀ-ਫੁਲਕੀ ਕਮੇਡੀ ਦੇ ਰੂਪ ਵਿਚ ਚਿਤਵ ਰਿਹਾ ਸੀ ਪਰ ਫਿਲਮ ਬਣਨ ਦੌਰਾਨ ਹੋਣ ਵਾਲੀਆਂ ਨਿੱਜੀ ਘਟਨਾਵਾਂ ਕਾਰਨ ਫਿਲਮ ਉਹਨਾਂ ਦੇ ਰਿਸ਼ਤੇ ਦੀ ਵਿਆਖਿਆ ਵਿਚ ਤਬਦੀਲ ਹੁੰਦੀ ਗਈ। ਅੰਤ ਨੂੰ ਇਹ ਰਿਸ਼ਤਾ ਖਤਮ ਹੋ ਗਿਆ ਕਿਉਂਕਿ ਗੋਦਾਰਦ ਦਾ ਸਿਨੇਮੇ ਨਾਲ ਰਿਸ਼ਤਾ ਇੰਨਾ ਪੀਡਾ ਸੀ ਕਿ ਇਸ ਵਿਚ ਅੰਨਾ ਕਰੀਨਾ ਦੇ ਮੋਹ ਲਈ ਵੀ ਕੋਈ ਸਪੇਸ ਨਹੀਂ ਸੀ।

1966 ਵਿਚ ਗੋਦਾਰਦ ਰਾਬਟ ਬ੍ਰੇਸਾਂ ਦੀ ਫਿਲਮ 'ਓ ਹਸਦ ਬਲਥਜ਼ਰ' ਦੀ ਨਾਇਕਾ ਐਨਾ ਵੈਜ਼ਿਮਸਕੀ ਦੇ ਸੰਪਰਕ ਵਿਚ ਆਇਆ ਅਤੇ ਉਹ ਪ੍ਰੇਮੀਆਂ ਵਾਂਗ ਵਿਚਰਨ ਲੱਗੇ। ਐਨਾ ਰਾਹੀਂ ਉਸ ਨੂੰ ਨਵੇਂ ਅਤੇ ਜੁਝਾਰੂ ਵਿਦਿਆਰਥੀਆਂ ਨਾਲ ਮਿਲਣ ਦਾ ਮੌਕਾ ਮਿਲਿਆ ਜਿਹੜੇ ਉਹਨਾਂ ਦਿਨਾਂ ਵਿਚ ਮਾਉ-ਜੇ-ਤੁੰਗ ਦੀਆਂ ਰਚਨਾਵਾਂ ਤੋਂ ਪ੍ਰੇਰਿਤ ਸਨ ਅਤੇ ਚੀਨ ਵਿਚ ਹੋਈ ਸੱਭਿਆਚਾਰਕ ਕ੍ਰਾਂਤੀ ਨੂੰ ਸੋਵੀਅਤ ਯੂਨੀਅਨ ਦੀ ਅਫਸ਼ਰਸ਼ਾਹੀ ਆਧਾਰਿਤ ਸੱਤਾ ਨਾਲੋਂ ਮਾਰਕਸਵਾਦ-ਲੈਨਿਨਵਾਦ ਦੇ ਵੱਧ ਨਜ਼ਦੀਕ ਮੰਨਦੇ ਸਨ। ਇਸ ਸਮੇਂ ਤੱਕ ਗੋਦਾਰਦ ਖੱਬੇ ਪੱਖੀ ਕਲਾ ਜਗਤ ਦਾ ਸਨਮਾਨਿਤ ਨਾਮ ਸੀ ਅਤੇ ਉਸ ਦੀ ਫਿਲਮ 'ਲਾ ਚਿਨੂਅਜ਼' (1967) ਸੰਪੂਰਨ ਰੂਪ ਵਿਚ ਸਿਆਸੀ ਫਿਲਮਸਾਜ਼ੀ ਵੱਲ ਪੁੱਟਿਆ ਦਲੇਰਾਨਾ ਕਦਮ ਸੀ ਜਿਸ ਨੇ ਇੱਕੋ ਟੱਕ ਵਿਚ 'ਪੂੰਜੀਵਾਦੀ' ਬਿਰਤਾਂਤਕ ਫਿਲਮਸਾਜ਼ੀ ਨੂੰ ਰੱਦ ਕਰ ਦਿੱਤਾ। ਇਹ ਯੂਨੀਵਰਸਿਟੀ ਦੇ ਪੰਜ ਵਿਦਿਆਰਥੀਆਂ ਦੀ ਕਹਾਣੀ ਹੈ ਜਿਹੜੇ ਗਰਮੀ ਦੀਆਂ ਛੁੱਟੀਆਂ ਵਿਚ ਆਪਣੇ ਇੱਕ ਅਮੀਰ ਦੋਸਤ ਦੇ ਪਿਤਾ ਦੇ ਖਾਲੀ ਅਪਾਰਟਮੈਂਟ ਵਿਚ ਠਹਿਰੇ ਹੋਏ ਹਨ। ਉਹ ਸਿਆਸੀ ਲਿਖਤਾਂ ਪੜ੍ਹ ਰਹੇ ਹਨ, ਇੱਕ-ਦੂਜੇ ਨੂੰ ਭਾਸ਼ਣ ਦੇ ਰਹੇ ਹਨ ਤੇ ਇਸ ਮੁੱਦੇ 'ਤੇ ਚਰਚਾ ਕਰ ਰਹੇ ਹਨ ਕਿ ਮਾਉ-ਜੇ-ਤੁੰਗ ਦੀ ਵਿਚਾਰਧਾਰਾ ਨੂੰ ਅਮਲ ਵਿਚ ਕਿਵੇਂ ਲਿਆਂਦਾ ਜਾ ਸਕਦਾ ਹੈ। ਅੰਤ ਵਿਚ ਹਿੰਸਾ ਦੀ ਇਨਕਲਾਬ ਦੇ ਸਾਧਨ ਵਜੋਂ ਵਰਤੋਂ 'ਤੇ ਸਹਿਮਤ ਹੋਣ ਤੋਂ ਬਾਅਦ ਗਰੁੱਪ ਸਿਆਸੀ ਕਤਲ ਕਰਨ ਦਾ ਇਰਾਦਾ ਕਰਦਾ ਹੈ। ਮਈ 1968 ਦੀਆਂ ਘਟਨਾਵਾਂ ਦੀ ਰੌਸ਼ਨੀ ਵਿਚ ਇਸ ਫਿਲਮ ਨੂੰ ਦੇਖਦਿਆਂ ਮੰਨਣਾ ਪੈਂਦਾ ਹੈ ਕਿ 'ਸਿਨੇਮਾ ਇੱਕ ਸੈਕਿੰਡ ਵਿਚ ਚੌਵੀ ਵਾਰ ਦੁਹਰਾਇਆ ਸੱਚ ਹੈ'।

ਸਾਫ ਨਜ਼ਰੀ ਪੈਂਦਾ ਹੈ ਕਿ ਗੋਦਾਰਦ ਇਹਨਾਂ ਘਟਨਾਵਾਂ ਪਿਛਲੇ ਲਾਵੇ 'ਤੇ ਤਿੱਖੀ ਨਜ਼ਰ ਰੱਖ ਰਿਹਾ ਸੀ। ਫਿਲਮ 'ਲਾ ਚਿਨੂਅਜ਼' ਨੇ ਮੱਧ-ਵਰਗੀ ਵਿਦਿਆਰਥੀਆਂ ਦਾ ਚਿਤਰਨ ਕੀਤਾ ਜਿਹੜੇ ਪੂੰਜੀਵਾਦੀ ਸਮਾਜ ਤੋਂ ਅੱਕੇ ਤੇ ਉਕਤਾਏ ਹੋਏ ਹਨ ਤੇ ਸਿਆਸੀ ਗਤੀਵਿਧੀਆਂ ਵਿਚ ਰਸਤਾ ਤਲਾਸ਼ ਰਹੇ ਹਨ। ਫਿਲਮ ਗੋਦਾਰਦ ਦੇ ਹਿਸਾਬ ਨਾਲ ਵੀ ਆਪਹੁਦਰੇ ਢੰਗ ਨਾਲ ਸ਼ੂਟ ਕੀਤੀ ਗਈ ਸੀ। ਇੱਕ ਇੰਟਰਵਿਊ ਵਿਚ ਗੋਦਾਰਦ ਦੱਸਦਾ ਹੈ, "ਮੈਂ ਖੁਦਮੁਖਤਾਰ ਸੀਕੁਐਂਸ ਸ਼ੂਟ ਕੀਤੇ, ਕਿਸੇ ਕ੍ਰਮ ਤੋਂ ਬਗੈਰ ਦ੍ਰਿਸ਼ ਫਿਲਮਾਏ ਤੇ ਉਹਨਾਂ ਨੂੰ ਬਾਅਦ ਵਿਚ ਜੋੜਿਆ।" ਉਸ ਨੇ ਇੱਕ ਵਾਰ ਫਿਰ ਸਿੱਧ ਕੀਤਾ ਕਿ ਉਸ ਨੂੰ ਵਿਸ਼ੇ ਮੁਤਾਬਿਕ ਰੂਪ (ਫਾਰਮ) ਦੀ ਭਾਲ ਕਰਨੀ ਆਉਂਦੀ ਹੈ।



*ਫਿਲਮ ਬਣਾਉਂਦਿਆਂ ਯੌਨ ਲੁਕ ਗੋਦਾਰਦ।*

ਉਸ ਦੀ ਅਗਲੀ ਫਿਲਮ 'ਵੀਕ-ਐਂਡ' ਪੂੰਜੀਵਾਦੀ ਸਮਾਜ ਦੇ ਕਾਲਖੀ ਨਜ਼ਰੀਏ ਦਾ ਚਿਤਰਨ ਹੈ ਜਿਸ ਵਿਚ ਲੋਕਾਂ ਦੀ ਸੰਵੇਦਨਾ ਇੱਕ-ਦੂਜੇ ਦੀ ਥਾਂ ਚੀਜ਼ਾਂ ਨਾਲ ਹੁੰਦੀ ਹੈ। ਇਸ ਵਿਚ ਮੀਲਾਂ ਲੰਮੇ ਟਰੈਫਿਕ ਜਾਮ, ਬਲਾਤਕਾਰ, ਕਤਲ, ਬਰਬਰਤਾ ਤੇ ਇੱਕ-ਦੂਜੇ ਦਾ ਮਾਸ ਚਰੂੰਡਣਾ ਇੰਨਾ ਆਮ ਹੈ ਕਿ ਲੋਕਾਂ ਦੇ ਜ਼ਿਹਨ 'ਤੇ ਇਹਨਾਂ ਦਾ ਅਸਰ ਹੋਣਾ ਹੀ ਬੰਦ ਹੋ ਚੁੱਕਾ ਹੈ: 'ਚੀਜ਼ਾਂ ਮੌਜੂਦ ਹਨ, ਤੇ ਜੇ ਉਹਨਾਂ ਨੂੰ ਲੋਕਾਂ ਤੋਂ ਵੱਧ ਤਰਜੀਹ ਮਿਲ ਰਹੀ ਹੈ ਤਾਂ ਲਿਹਾਜ਼ਾ ਉਹ ਵੱਧ ਮਾਇਨੇ ਰੱਖਦੀਆਂ ਹਨ। ਮਰੀਆਂ ਚੀਜ਼ਾਂ ਵੀ ਜ਼ਿੰਦਾ ਹਨ ਜਦਕਿ ਜ਼ਿੰਦਾ ਲੋਕ ਮਰ ਚੁੱਕੇ ਹਨ।' ਗੋਦਾਰਦ ਇਸ ਨੂੰ ਫਿਲਮ ਨਾਲੋਂ 'ਚੀਕ' ਵੱਧ ਮੰਨਦਾ ਹੈ। ਫਿਲਮ 'ਵੀਕ-ਐਂਡ' ਇਹਨਾਂ ਵਾਕਾਂ ਨਾਲ ਸਮਾਪਤ ਹੁੰਦੀ ਹੈ. 'ਕਹਾਣੀ ਦਾ ਅੰਤ' ਤੇ 'ਸਿਨੇਮੇ ਦਾ ਅੰਤ'। ਇਸ ਫਿਲਮ ਦੀ ਸ਼ੂਟਿੰਗ ਖਤਮ ਹੋਣ ਤੋਂ ਬਾਅਦ ਉਸ ਨੇ ਆਪਣੀ ਫਿਲਮ ਟੀਮ ਨੂੰ ਇਕੱਠਾ ਕੀਤਾ ਅਤੇ ਕੋਈ ਹੋਰ ਕੰਮ ਲੱਭਣ ਲਈ ਕਿਹਾ ਕਿਉਂਕਿ ਹੁਣ ਉਸ ਵਿਚ ਕੁਝ ਸਮੇਂ ਲਈ ਹੋਰ ਫਿਲਮ ਕਰਨ ਦੀ ਹਿੰਮਤ ਨਹੀਂ ਬਚੀ।

ਉਸ ਨੇ ਜਿਸ ਨੂੰ ਨਕਾਰਿਆ, ਉਹ ਸਿਨੇਮਾ ਨਹੀਂ ਸਗੋਂ ਸਿਨੇਮਾ ਬਣਾਉਣ ਦੀ ਪੂੰਜੀਵਾਦੀ ਬਿਰਤਾਂਤਕ ਫਿਲਮਸਾਜ਼ੀ ਸੀ ਕਿਉਂਕਿ ਕਮਰਸ਼ੀਅਲ ਫਿਲਮ ਬਣਾਉਣ ਦਾ ਕਾਰੋਬਾਰ ਪੂੰਜੀਵਾਦੀ ਵਿਵਸਥਾ ਦਾ ਹਿੱਸਾ ਸੀ ਜਿਸ ਵਿਚ ਉਹ ਕੋਈ ਯੋਗਦਾਨ ਪਾਉਣ ਲਈ ਤਿਆਰ ਨਹੀਂ ਸੀ। ਉਸ ਨੇ ਸਗੋਂ ਹੋਰ ਵੀ ਵੱਧ ਊਰਜਾ ਨਾਲ ਸਿਆਸੀ ਫਿਲਮਾਂ ਬਣਾਈਆ। ਉਸ ਨੇ ਹੋਰ ਸਿਆਸੀ ਫਿਲਮਸਾਜ਼ਾਂ ਜਿਵੇਂ ਕਿ ਯੌਨਪੀਯਰ ਗੌਰਿਨ ਨਾਲ ਮਿਲ ਕੇ 'ਜ਼ੀਗਾ ਵਰਤੋਵ ਗਰੁੱਪ' ਬਣਾਇਆ ਜਿਹੜਾ 1920-1930 ਦੇ ਸੋਵੀਅਤ ਫਿਲਮਸਾਜ਼ 'ਜ਼ੀਗਾ ਵਰਤੋਵ' ਨੂੰ ਸਮਰਪਿਤ ਸੀ। ਇਸ ਗਰੁੱਪ ਨਾਲ ਮਿਲ ਕੇ ਬਣਾਈਆਂ ਫਿਲਮਾਂ ਵਿਚ ਬ੍ਰੈਖਤੀਅਨ ਤਰੀਕੇ, ਮਾਰਕਸਵਾਦੀ ਸੋਚ ਦਾ ਬੋਲਬਾਲਾ ਸੀ ਪਰ ਕਿਸੇ ਇਕ ਦੀ ਮਾਲਕੀ ਨਹੀਂ ਸੀ। ਉਸਦੀ ਯੌਨਪੀਯਰ ਗੌਰਿਨ ਨਾਲ ਮਿਲ ਕੇ ਬਣਾਈ ਫਿਲਮ 'ਵਿੰਡ ਫਰਾਮ ਦੀ ਈਸਟ' ਵਿਚ ਬਾਕਾਇਦਾ ਗੁਰੀਲਿਆਂ ਨੂੰ ਹਥਿਆਰ ਖਰੀਦਣ ਅਤੇ ਘਰੇਲੂ ਪੱਧਰ 'ਤੇ ਬੰਬ ਬਣਾਉਣ ਦੀ ਸਿਖਲਾਈ ਹੁੰਦੀ ਦਿਖਾਈ ਹੈ। ਉਸ ਨੇ ਸਿਨੇਮੇ ਨੂੰ ਹਥਿਆਰ ਵਜੋਂ ਵਰਤਿਆ ਅਤੇ ਆਪਣੇ ਉਸ ਕਥਨ ਨੂੰ ਪੁਖਤਾ ਕੀਤਾ ਕਿ 'ਮੇਰਾ ਸੁਹਜ ਛੱਤ 'ਤੇ ਬੈਠੇ ਨਿਸ਼ਾਨਚੀ ਵਾਲਾ ਹੈ।'

ਜ਼ੀਗਾ ਵਰਤੋਵ ਗਰੁੱਪ ਦੇ ਬੈਨਰ ਹੇਠ ਉਸ ਨੇ ਕਈ ਫਿਲਮਾਂ ਬਣਾਈਆ। ਫਿਰ ਉਸ ਦਾ ਰੁਝਾਨ ਟੀ.ਵੀ. ਅਤੇ ਵੀਡੀਓ ਵੱਲ ਹੋ ਗਿਆ ਤੇ ਉਸ ਨੇ ਸਿਨੇਮਾ ਦਾ ਇਤਿਹਾਸ ਸਾਂਭਣ ਲਈ ਅੱਠ ਭਾਗਾਂ ਵਿਚ ਵੀਡੀਓ ਪ੍ਰੋਜੈਕਟ 'ਹਿਸਟਰੀ(ਜ਼) ਡੂ ਸਿਨੇਮਾ' ਬਣਾਇਆ। ਇਸ ਵਿਚ ਉਸ ਨੇ ਵੀਹਵੀ ਸਦੀ ਦੌਰਾਨ ਬਣੀਆਂ ਮਹੱਤਵਪੂਰਨ ਫਿਲਮਾਂ ਸ਼ਾਮਿਲ ਕੀਤੀਆਂ; ਖਾਸ ਤੌਰ 'ਤੇ ਹੌਲੋਕਾਸਟ ਅਤੇ ਦੂਜੀ ਵਿਸ਼ਵ ਜੰਗ ਨਾਲ ਸਬੰਧਿਤ ਇਤਿਹਾਸਕ ਫਿਲਮਾਂ ਨੂੰ ਤਵੱਜੋ ਦਿੱਤੀ। ਉਸ ਅਨੁਸਾਰ: ਉਦੋਂ ਸਾਰਾ ਕੁਝ (ਸਿਨੇਮਾ) ਰੁਕ ਗਿਆ ਸੀ। ਅਜਿਹਾ ਇਸ ਲਈ ਹੋਇਆ ਕਿਉਂਕਿ ਕਿਸੇ ਨੇ ਵੀ ਨਾਜ਼ੀ ਕੈਂਪ ਫਿਲਮਾਉਣ ਦੀ ਹਿੰਮਤ ਨਹੀਂ ਕੀਤੀ। ਕੋਈ ਵੀ ਉਹਨਾਂ ਨੂੰ ਦੇਖਣਾ ਜਾਂ ਦਿਖਾਉਣਾ ਨਹੀਂ ਚਾਹੁੰਦਾ ਸੀ। ਇਸ ਨਾਲ ਯੂਰਪੀ ਸਿਨੇਮਾ ਮਰ ਗਿਆ ਤੇ ਅਮਰੀਕਨ ਸਿਨੇਮਾ 'ਜਿੱਤ' ਗਿਆ। ਹਾਲੀਵੁੱਡ ਦਾ ਦੈਂਤ ਦਸਤਾਵੇਜ਼ੀ ਯਥਾਰਥ ਅਤੇ ਇਤਿਹਾਸ ਦੀਆਂ ਪਰਤਾਂ, ਦੋਹਾਂ ਨੂੰ ਨਿਗਲ ਗਿਆ।

ਗੋਦਾਰਦ ਅਤੇ ਸਿਨੇਮੇ ਨੂੰ ਇੱਕ-ਦੂਜੇ ਤੋਂ ਨਿਖੇੜਨਾ ਅਸੰਭਵ ਸੀ ਅਤੇ ਉਹ ਵਾਰ-ਵਾਰ ਆਪਣੀ ਪ੍ਰਯੋਗਮਈ ਅਦਭੁਤਤਾ ਨਾਲ ਸਿਨੇਮਾ ਵੱਲ ਪਰਤਦਾ ਰਿਹਾ। ਉਸ ਨੇ ਖੁਦ ਬਾਰੇ ਫਿਲਮੀ ਚਿੱਤਰ ਰਚਿਆ ਜਿਹੜਾ ਉਸ ਦੇ ਘਰ ਵਿਚ ਫਿਲਮਾਇਆ ਗਿਆ। ਇਸ ਵਿਚ ਤੁਸੀਂ ਉਸ ਨੂੰ ਫਿਲਮਾਂ ਦੇਖਦੇ, ਪੜ੍ਹਦੇ, ਲਿਖਦੇ, ਬਿਜ਼ਨਸ ਬਾਰੇ ਗੱਲਬਾਤ ਕਰਦਿਆਂ, ਟੈਨਿਸ ਖੇਡਦਿਆਂ ਅਤੇ ਦੁਨੀਆ ਤੇ ਸਿਨੇਮਾ ਦੇ ਮੁੱਦਿਆਂ 'ਤੇ ਚਰਚਾ ਕਰਦੇ ਦੇਖ ਸਕਦੇ ਹੋ।

ਗੋਦਾਰਦ ਸੱਚਮੁੱਚ ਹੀ ਸਿਨੇਮੇ ਦੀ ਦਿਓ-ਕੱਦ ਪ੍ਰਤਿਭਾ ਸੀ। ਉਸ ਦੇ ਅਸਰ ਤੋਂ ਬਚਿਆ ਨਹੀਂ ਜਾ ਸਕਦਾ। ਜਦੋਂ ਕਦੇ ਸਿਨੇਮੇ ਦਾ ਅੰਤ ਹੋ ਜਾਵੇਗਾ, ਉਸ ਦੀਆਂ ਫਿਲਮਾਂ ਉਦੋਂ ਵੀ ਜਿਉਂਦੀਆਂ ਰਹਿਣਗੀਆਂ। ਮੈਂ ਗੋਦਾਰਦ ਨੂੰ ਸਜਦਾ ਕਰਨ ਲਈ ਆਪਣੇ ਸਾਧਾਰਨ ਸ਼ਬਦਾਂ ਵਿਚ ਕੁਝ ਅਦਭੁਤ ਮਿਲਾਉਣ ਲਈ ਫਰਾਂਸ ਦੇ ਇੱਕ ਹੋਰ ਫਿਲਮਸਾਜ਼ ਯੌਨ ਰਿਨੋਆ ਤੋਂ ਕੁਝ ਸ਼ਬਦ ਉਧਾਰ ਲੈਂਦਾ ਹਾਂ, 'ਸਭਿਅਤਾ ਛਾਨਣੀ ਵਾਂਗ ਹੈ ਜਿਸ ਦੇ ਛੇਕਾਂ ਵਿਚੋਂ ਫਾਲਤੂ ਕਿਰਦਾ ਜਾਂਦਾ ਹੈ ਅਤੇ ਜ਼ਰੂਰੀ ਰਹਿ ਜਾਂਦਾ ਹੈ' ਅਤੇ ਗੋਦਾਰਦ ਹਮੇਸ਼ਾ ਰਹੇਗਾ।


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com